Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@LOW COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Hardeep S.Rai
ਇੰਮੀਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 36, September 3, 2011
20451 N Plum Grove Rd. Palatine, IL 60074
Ph:847-359-0746, Fax:847-705-9388

# ਕੇਂਦਰ ਸਰਕਾਰ ਵਲੋਂ ਅਨੰਦ ਕਾਰਜ ਐਕਟ ਵਿਚ ਸੋਧ ਦੀ ਮੰਗ ਫਿਰ ਦਰਕਿਨਾਰ

## ਸਿੱਖ ਭਾਈਚਾਰੇ ਵੱਲੋਂ ਤਿੱਖਾ ਰੋਸ ਜ਼ਾਹਿਰ
## ਸ਼੍ਰੋਮਣੀ ਕਮੇਟੀ ਚੋਣਾਂ 'ਤੇ ਪਵੇਗਾ ਅਸਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕੇਂਦਰ ਸਰਕਾਰ ਨੇ ਅਨੰਦ ਕਾਰਜ ਐਕਟ ਬਾਰੇ ਸਿੱਖਾਂ ਦੀ ਅਹਿਮ ਮੰਗ ਇਕ ਵਾਰ ਫਿਰ ਦਰਕਿਨਾਰ ਕਰ ਦਿੱਤੀ ਹੈ। ਸਿੱਖ ਭਾਈਚਾਰੇ ਨੇ ਸਰਕਾਰ ਦੇ ਇਸ ਫੈਸਲੇ ਖਿਲਾਫ ਡਾਢਾ ਰੋਸ ਜ਼ਾਹਿਰ ਕਰਦਿਆਂ ਕੇਂਦਰ ਖਿਲਾਫ ਬੇਹੱਦ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ। ਇਹ ਮੁੱਦਾ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਭਖਣ ਦੇ ਆਸਾਰ ਵੀ ਬਣ ਗਏ ਹਨ।


ਯਾਦ ਰਹੇ ਕਿ ਸਿੱਖਾਂ ਦੀ ਵਿਲੱਖਣ ਹਸਤੀ ਦੀ ਗਵਾਹੀ ਭਰਨ ਵਾਲੇ ਇਸ ਐਕਟ ਨੂੰ ਲਾਗੂ ਕਰਾਉਣ ਲਈ ਸਿੱਖ ਲੰਮੇ ਸਮੇਂ ਤੋਂ ਕੇਂਦਰ ਕੋਲ ਆਵਾਜ਼ ਉਠਾਉਂਦੇ ਆ ਰਹੇ ਹਨ ਪਰ ਸਰਕਾਰ ਅਜੇ ਵੀ ਇਸ ਮੰਗ ਨੂੰ ਪੂਰਾ ਕਰਨ ਦੇ ਰੌਂਅ 'ਚ ਨਹੀਂ ਹੈ। ਸਿੱਖਾਂ ਦੀ ਮੰਗ ਹੈ ਕਿ ਉਹ ਵਿਆਹ ਦੀ ਰਜਿਸਟਰੇਸ਼ਨ 'ਵਿਸ਼ੇਸ਼ ਵਿਆਹ ਕਾਨੂੰਨ 1954' ਜਾਂ 'ਹਿੰਦੂ ਵਿਆਹ ਕਾਨੂੰਨ 1955' ਅਧੀਨ ਕਿਉਂ ਕਰਾਉਣ; ਜਦਕਿ ਮੁਸਲਮਾਨਾਂ, ਪਾਰਸੀਆਂ ਤੇ ਯਹੂਦੀਆਂ ਦੇ ਵੀ ਆਪੋ-ਆਪਣੇ ਕਾਨੂੰਨ ਹਨ। ਸਰਕਾਰ ਨੇ ਸਿੱਖਾਂ ਦੀਆਂ ਸਾਰੀਆਂ ਦਲੀਲਾਂ ਨੂੰ ਇਕ ਪਾਸੇ ਰੱਖਦਿਆਂ ਅਨੰਦ ਕਾਰਜ ਕਾਨੂੰਨ 1909 ਵਿਚ ਤਰਮੀਮ ਦੀ ਤਜਵੀਜ਼ ਛੱਡ ਦਿੱਤੀ ਹੈ ਤੇ ਕਿਹਾ ਹੈ ਕਿ ਸਿੱਖ ਭਾਈਚਾਰੇ ਅੰਦਰ ਵਿਆਹ ਦੀਆਂ ਰਸਮਾਂ ਬਾਬਤ ਕਿਸੇ ਵੱਖਰੇ ਵਿਆਪਕ ਕਾਨੂੰਨ ਦੀ ਲੋੜ ਨਹੀਂ। ਹੋਰ ਤਾਂ ਹੋਰ ਕੇਂਦਰ ਨੇ ਇਹ ਫੈਸਲਾ ਕਰਨ ਵੇਲੇ ਸਾਂਝੀ ਸੰਸਦੀ ਕਮੇਟੀ ਵੱਲੋਂ 2007 ਵਿਚ ਆਮ ਸਹਿਮਤੀ ਨਾਲ ਕੀਤੀ ਗਈ ਸਿਫਾਰਸ਼ ਨੂੰ ਵੀ ਕੋਈ ਅਹਿਮੀਅਤ ਨਹੀਂ ਦਿੱਤੀ। ਜਨਤਕ ਸ਼ਿਕਾਇਤਾਂ ਤੇ ਕਾਨੂੰਨ ਤੇ ਨਿਆਂ ਬਾਰੇ ਸਥਾਈ ਸੰਸਦੀ ਕਮੇਟੀ ਨੇ 4 ਦਸੰਬਰ 2007 'ਚ ਆਮ ਸਹਿਮਤੀ ਨਾਲ ਸਰਕਾਰ ਨੂੰ ਸਿਫਾਰਸ਼ ਕੀਤੀ ਸੀ ਕਿ ਅਨੰਦ ਕਾਰਜ ਕਾਨੂੰਨ 1909 ਵਿਚ ਸਾਧਾਰਨ ਸੋਧ ਕਰਕੇ ਇਸ ਨੂੰ ਅਮਲੀਜਾਮਾ ਪਹਿਨਾਇਆ ਜਾਵੇ ਤਾਂ ਕਿ ਸਿੱਖਾਂ ਦੇ ਵਿਆਹ ਉਸ ਤਹਿਤ ਰਜਿਸਟਰ ਕਰਾਏ ਜਾ ਸਕਣ। ਇਸ ਤੋਂ ਇਲਾਵਾ ਦੋ ਸਾਬਕਾ ਕਾਨੂੰਨ ਮੰਤਰੀਆਂ-ਐਚ.ਆਰ. ਭਾਰਦਵਾਜ ਅਤੇ ਐਮ. ਵੀਰੱਪਾ ਮੋਇਲੀ ਨੇ ਰਾਜ ਸਭਾ ਵਿਚ ਇਹ ਸੋਧ ਬਿੱਲ ਲੈ ਕੇ ਆਉਣ ਦਾ ਭਰੋਸਾ ਦਿੱਤਾ ਸੀ।

ਸੂਤਰਾਂ ਅਨੁਸਾਰ ਕਾਂਗਰਸੀ ਸੰਸਦ

*(ਬਾਕੀ ਸਫਾ 6 'ਤੇ)*

# ਆਇਰੀਨ ਨੇ ਮਚਾਈ ਵਿਆਪਕ ਤਬਾਹੀ

**ਨਿਊ ਯਾਰਕ:** ਅਮਰੀਕਾ ਦੇ ਪੂਰਬੀ ਤਟ 'ਤੇ ਪਿਛਲੇ ਹਫਤੇ ਆਏ ਤੂਫਾਨ ਆਇਰੀਨ ਨੇ ਦੇਸ਼ ਨੂੰ ਝੰਜੋੜ ਸੁੱਟਿਆ ਹੈ। ਇਸ ਤੂਫਾਨ ਨਾਲ ਤਕਰੀਬਨ ਸੱਤ ਅਰਬ ਅਮਰੀਕੀ ਡਾਲਰ ਦਾ ਨੁਕਸਾਨ ਹੋਇਆ ਹੈ ਅਤੇ ਮੌਤਾਂ ਦੀ ਗਿਣਤੀ 23 'ਤੇ ਪਹੁੰਚ ਗਈ ਹੈ। ਇਹ ਗੱਲ ਵੱਖਰੀ ਹੈ ਕਿ ਓਬਾਮਾ ਪ੍ਰਸ਼ਾਸਨ ਵੱਲੋਂ ਮੌਕੇ 'ਤੇ ਵਰਤੀ ਚੌਕਸੀ ਨੇ ਨਾ ਸਿਰਫ਼ ਹਜ਼ਾਰਾਂ ਮਨੁੱਖੀ ਜਾਨਾਂ ਬਚਾ ਲਈਆਂ ਸਗੋਂ ਅਰਬਾਂ ਦਾ ਨੁਕਸਾਨ ਹੋਣ ਤੋਂ ਵੀ ਦੇਸ਼ ਨੂੰ ਬਚਾ ਲਿਆ। ਉਧਰ, ਕਾਇਨੈਟਿਕ ਅਨੈਲਸਿਸ ਕਾਰਪੋਰੇਸ਼ਨ ਵੱਲੋਂ ਲਾਏ ਅਨੁਮਾਨ ਅਨੁਸਾਰ ਆਇਰੀਨ ਨਾਲ ਹੋਏ ਨੁਕਸਾਨ ਦੀ



ਕੁੱਲ ਲਾਗਤ ਆਉਂਦੇ ਦਿਨਾਂ ਵਿਚ ਸੱਤ ਅਰਬ ਅਮਰੀਕੀ ਡਾਲਰ ਹੋਣ ਦਾ ਖਦਸ਼ਾ ਹੈ। ਜ਼ਿਆਦਾਤਰ ਨੁਕਸਾਨ ਨਿਊ ਯਾਰਕ ਅਤੇ ਨਿਊ ਜਰਸੀ ਵਿਚ ਹੋਇਆ ਹੈ। ਆਇਰੀਨ ਕਾਰਨ ਹੋਏ ਨੁਕਸਾਨ ਵਿਚੋਂ ਦੋ ਤੋਂ ਤਿੰਨ ਅਰਬ ਡਾਲਰ ਦੀ ਭਰਪਾਈ ਬੀਮੇ ਦੇ ਮੁਆਵਜ਼ੇ ਰਾਹੀਂ ਹੋ ਜਾਵੇਗੀ।

ਕਾਇਨੈਟਿਕ ਕਾਰਪੋਰੇਸ਼ਨ ਦੇ ਖੋਜ ਤੇ ਵਿਕਾਸ ਵਿਭਾਗ ਦੇ ਨਿਰਦੇਸ਼ਕ ਚੱਕ ਵਾਟਸਨ ਨੇ ਦੱਸਿਆ ਕਿ ਆਇਰੀਨ ਕਾਰਨ ਹੋਇਆ ਨੁਕਸਾਨ ਪਹਿਲਾਂ ਲਾਏ ਗਏ ਅਨੁਮਾਨ ਨਾਲੋਂ

*(ਬਾਕੀ ਸਫਾ 7 'ਤੇ)*

# ਅੰਨਾ ਹਜ਼ਾਰੇ ਦੀ ਅੜੀ ਨੇ ਫਿਰ ਝੁਕਾਈ ਸਰਕਾਰ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਗਾਂਧੀਵਾਦੀ ਨੇਤਾ ਅੰਨਾ ਹਜ਼ਾਰੇ ਵੱਲੋਂ ਭ੍ਰਿਸ਼ਟਾਚਾਰ ਖ਼ਿਲਾਫ਼ ਵਿੱਢਿਆ ਸੰਘਰਸ਼ ਦਿਨਾਂ 'ਚ ਹੀ 'ਲੋਕ ਲਹਿਰ' ਦਾ ਰੂਪ ਧਾਰਨ ਕਰਕੇ ਕੇਂਦਰ ਵਿਚਲੀ ਯੂ.ਪੀ.ਏ. ਸਰਕਾਰ ਇਕ ਵਾਰ ਫਿਰ ਝੁਕਣ ਲਈ ਮਜਬੂਰ ਹੋ ਗਈ। ਅੰਨਾ ਨੂੰ ਦੇਸ਼ ਭਰ 'ਚ ਮਿਲੀ ਹਮਾਇਤ ਨੇ ਸਭ ਸਿਆਸੀ ਧਿਰਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਜਨਤਾ ਭ੍ਰਿਸ਼ਟਾਚਾਰ ਦੇ



*ਸਿਮਰਨ ਤੇ ਇਰਕਾ ਕੋਲੋਂ ਸ਼ਹਿਦ ਵਾਲਾ ਨਾਰੀਅਲ ਪਾਣੀ ਪੀ ਕੇ ਵਰਤ ਖੋਲ੍ਹ ਰਹੇ ਅੰਨਾ ਹਜ਼ਾਰੇ*

ਕੋਹੜ ਨਾਲ ਗਲ-ਸੜ ਚੁੱਕੇ ਨਿਜ਼ਾਮ ਤੋਂ ਬੇਹੱਦ ਖਫ਼ਾ ਹੈ ਅਤੇ ਲੋਕਾਂ ਦੇ ਇਸ ਰੋਹ ਨੂੰ ਸਹੀ ਦਿਸ਼ਾ ਮਿਲਦਿਆਂ ਹੀ ਗੁੱਸੇ ਦੀ ਇਹ ਅੱਗ ਪੂਰੇ ਪ੍ਰਬੰਧ ਨੂੰ ਖਾਕ ਕਰ ਦੇਵੇਗੀ। ਐਮਰਜੈਂਸੀ ਤੋਂ ਬਾਅਦ ਪਹਿਲੀ ਵਾਰ ਦੇਸ਼ ਦੇ ਕੋਨੇ-ਕੋਨੇ ਤੋਂ ਲੋਕਾਂ ਨੇ ਇਕ ਸੁਰ ਹੋ ਕੇ ਨਾਅਰਾ ਮਾਰਿਆ ਹੈ ਜਿਸ ਨੇ 'ਦਿੱਲੀ ਦਾ ਤਖ਼ਤ' ਵੀ ਹਿੱਲਦਾ ਨਜ਼ਰ ਆਇਆ। ਇਸ ਸਾਰੇ ਮਾਮਲੇ 'ਚ ਕਾਂਗਰਸ ਨੂੰ ਵੱਡਾ ਨੁਕਸਾਨ ਉਠਾਉਣਾ ਪਿਆ।

ਪਹਿਲਾਂ ਹੀ ਭ੍ਰਿਸ਼ਟਾਚਾਰ ਅਤੇ ਘੁਟਾਲਿਆਂ ਦੇ ਮਾਮਲਿਆਂ 'ਚ ਘਿਰੀ ਹੋਈ ਯੂ.ਪੀ.ਏ. ਸਰਕਾਰ ਦੇ ਅਕਸ ਨੂੰ ਹੋਰ ਧੱਕਾ ਲੱਗਾ ਹੈ ਅਤੇ ਨਾਲ ਹੀ ਅੰਨਾ ਦੀ ਅੜੀ ਤੇ ਲੋਕਾਂ ਦੇ ਰੋਹ ਅੱਗੇ ਝੁਕਦਿਆਂ ਮਜ਼ਬੂਤ ਲੋਕਪਾਲ ਬਿੱਲ ਲਿਆਉਣ ਲਈ ਸਹਿਮਤ ਹੋਣਾ ਪਿਆ ਹੈ ਜਿਸ ਦੇ ਦਾਇਰੇ 'ਚ ਪ੍ਰਧਾਨ ਮੰਤਰੀ ਦਾ ਅਹੁਦਾ ਵੀ ਹੋਵੇਗਾ। ਅੰਨਾ ਨੇ 13ਵੇਂ ਦਿਨ ਆਪਣਾ ਵਰਤ ਤੋੜਦਿਆਂ ਕਿਹਾ ਹੈ ਕਿ ਹੁਣ ਦੇਸ਼ ਦੀ ਚੋਣ ਪ੍ਰਣਾਲੀ ਤੇ ਸਿੱਖਿਆ ਵਿਚ ਸੁਧਾਰਾਂ, ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ

*(ਬਾਕੀ ਸਫਾ 6 'ਤੇ)*

REAL ESTATE & HOME LOANS
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ ਤੇ ਸਿਰਫ Shortsale Certified ਅਤੇ ਤਜਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA • SFR • CDPE
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Home Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# Bankruptcy *Divorce *Personal Injury *Evictions

*Bankruptcy (Ch 7) ਬੈਂਕਰਪਸੀ (ਚੈਪਟਰ 7)
> Wipe Out Credit Card Debt
> Stop Creditor Phone Calls
*Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
*Family Law (Divorce, Child Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)
> Child/Spousal Support > Guardianships
> Grandparents's Rights
*Evictions
> Landloard-Teant > Unlawful Detainer

New Location in Sacramento

*Free Consultation*

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

Notary Services Available



*Kirandeep K Sihota Esq. and Lance V Friel, Esq.*

## Pacific Coast Law Firm P.C.

**(916)443-1190**
9245 Laguna Springs Dr., Ste. 200,
Elk Grove, CA 95758

**Now Serving Two Locations**
www.pacificcoastlawfirm.com

**(209) 475-6001**
2351 W. March Lane Suite A,
Stockton, CA 95207



# ਨਿਊਰੋਪੈਥੀ? ਤਿੱਖਾ ਦਰਦ? ਸੁੰਨ ਹੋਣਾ?...

## ਕਾਰਨ ਸੁਕੜੇਵਾਂ, ਚੂਲੇ ਦਾ ਦਰਦ, ਹਰਨੀਆ ਡਿਸਕ ਅਤੇ ਇਥੋਂ ਤੱਕ ਕਿ ਸ਼ੂਗਰ ਰੋਗ ਵੀ ਹੋ ਸਕਦਾ ਹੈ

ਸ਼ੁਰੂ ਵਿਚ ਇਹ ਕਦੇ ਕਦਾਈਂ ਦੀ ਹਲਕੀ ਜਿਹੀ ਝੁਣਝੁਣੀ ਹੁੰਦੀ ਹੈ ਜੋ ਨੀਂਦ ਉਖੇੜ ਦਿੰਦੀ ਹੈ, ਬਾਂਹ ਜਾਂ ਲੱਤ ਨੂੰ ਬੇਜਾਨ ਜਿਹਾ ਬਣਾ ਦਿੰਦੀ ਹੈ। ਹੋ ਸਕਦਾ ਹੈ ਤੁਸੀਂ ਹੋਰ ਡਾਕਟਰਾਂ ਕੋਲ ਜਾ ਆਏ ਹੋ ਜਿਨ੍ਹਾਂ ਦੱਸਿਆ ਹੋਵੇ ਕਿ ਤੁਹਾਡੇ ਟੈਸਟ ਠੀਕ ਹਨ ਅਤੇ ਕੋਈ ਫਿਕਰ ਵਾਲੀ ਗੱਲ ਨਹੀਂ।

### ਹੋਰ ਗੋਲੀਆਂ ਖਾਣਾ ਇਲਾਜ ਨਹੀਂ

ਨਾੜੀਆਂ ਨਾਲ ਸਬੰਧਤ ਸਮੱਸਿਆਵਾਂ ਦਾ ਆਮ ਇਲਾਜ ਦਵਾਈਆਂ ਅਤੇ ਟੀਕੇ ਹੀ ਹਨ। ਜਦੋਂਕਿ ਸਖਤ ਦਰਦ ਤੋਂ ਆਰਜੀ ਛੁਟਕਾਰੇ ਲਈ ਇਹ ਜ਼ਰੂਰੀ ਹੋ ਸਕਦੀਆਂ ਹਨ ਪਰ ਇਨ੍ਹਾਂ ਦੀ ਲੰਮੇ ਸਮੇਂ ਤੱਕ ਵਰਤੋਂ ਚੰਗੀ ਨਹੀਂ। ਜੋ ਦਵਾਈਆਂ ਆਮ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ 'ਚ ਦਰਦ ਨਿਵਾਰਕ ਗੋਲੀਆਂ, ਦੌਰੇ ਰੋਕਣ ਦੀਆਂ ਅਤੇ ਐਂਟੀ ਡਿਪਰੈਸ਼ਨ ਦਵਾਈਆਂ ਸ਼ਾਮਲ ਹਨ-ਪਰ ਇਹ ਸਭ ਸਮੱਸਿਆ ਦਾ ਸਹੀ ਹੱਲ ਨਹੀਂ।

### ਤੁਹਾਡੀ ਦਰਦ ਦਾ ਸੰਭਾਵੀ ਕਾਰਨ

ਨਿਊਰੋਪੈਥੀ ਦਾ ਇਕ ਆਮ ਕਾਰਨ ਸੁੰਗੜੀਆਂ ਡਿਸਕਾਂ (ਮਣਕੇ) ਹਨ ਜੋ ਨਾੜਾਂ ਦੀਆਂ ਜੜ੍ਹਾਂ ਨੂੰ ਦਬਾਉਣ ਲਗਦੇ ਹਨ। ਇਹ ਦਰਦ ਕੰਗਰੋੜ ਦੇ ਮਣਕਿਆਂ ਵਿਚ ਕਿਧਰੇ ਵੀ ਹੋ ਸਕਦੀ ਹੈ-ਉਪਰ ਧੌਣ ਤੋਂ ਲੈ ਕੇ ਹੇਠਾਂ ਪੂਛ ਵਾਲੀ ਹੱਡੀ ਤੱਕ। ਤੰਤੂ ਰੋਗ ਯਾਨਿ ਨਿਊਰੋਪੈਥੀ ਦਾ ਕਾਰਨ ਕੁਝ ਵੀ ਹੋ ਸਕਦਾ ਹੈ ਜਿਵੇਂ ਕਾਰਪਲ ਟਨਲ ਸਿੰਡਰੋਮ ਜਿਸ ਨਾਲ ਹੱਥਾਂ 'ਤੇ ਅਸਰ ਪੈਂਦਾ ਹੈ। ਝਰਨਾਟਾਂ ਛੱਡਦੀ ਪੀੜ ਅਤੇ ਸਿਥਲਤਾ ਕਰਕੇ ਲੱਤਾਂ ਅਤੇ ਪੈਰਾਂ ਵਿਚ ਖੂਨ ਦਾ ਦੌਰਾ ਘਟ ਜਾਂਦਾ ਹੈ ਜਿਸ ਨਾਲ ਲੱਤਾਂ ਬੇਜਾਨ ਹੋਈਆਂ ਲੱਗਦੀਆਂ ਹਨ।

ਮੈਂ ਪਿਛਲੇ ਕਈ ਸਾਲਾਂ ਤੋਂ ਸਖਤ ਦਰਦ ਅਤੇ ਨਾੜੀ ਰੋਗਾਂ ਦੇ ਸਤਾਏ ਲੋਕਾਂ ਦਾ ਇਲਾਜ ਕਰਦਾ ਆ ਰਿਹਾ ਹਾਂ। ਨਾੜੀ ਰੋਗ ਦੇ ਬਹੁਤੇ ਮਰੀਜ ਅਸਹਿ ਪੀੜ, ਝੁਣਝੁਣੀ, ਛੁਰੀਆਂ ਵੱਜਣ ਜਿਹੀ ਦਰਦ, ਬਾਹਾਂ, ਲੱਤਾਂ, ਪੈਰਾਂ ਜਾਂ ਹੱਥਾਂ ਦੇ ਸੁੰਨ ਹੋਣ, ਬਿਜਲੀ ਦੇ ਕਰੰਟ ਜਿਹੇ ਦਰਦ ਤੇ ਕਈ ਵਾਰ ਪੈਰਾਂ 'ਚ ਜਲਣ ਹੋਣ ਦੇ ਸਤਾਏ ਹੁੰਦੇ ਹਨ।

ਖੁਸ਼ਖਬਰੀ ਇਹ ਹੈ ਕਿ ਮੇਰੇ ਸਰਜਰੀ ਰਹਿਤ ਅਤੇ ਵਿਸ਼ੇਸ਼ ਤਰੀਕੇ ਦੇ ਇਲਾਜ ਨਾਲ ਰੀੜ੍ਹ ਦੀ ਹੱਡੀ ਦੇ ਮਣਕਿਆਂ ਉਤੇ ਅਤੇ ਨਾੜੀਆਂ ਦੀਆਂ ਜੜ੍ਹਾਂ 'ਤੇ ਪੈਂਦੇ ਦਬਾਅ ਕਰਕੇ ਹੁੰਦੀ ਸਖਤ ਦਰਦ ਤੋਂ ਛੁਟਕਾਰਾ ਪਾਉਣ ਵਿਚ ਕਾਫੀ ਹੱਦ ਤੱਕ ਮਦਦ ਮਿਲੀ ਹੈ। ਇਸ ਤਰ੍ਹਾਂ ਨੁਕਸ ਵਾਲੇ ਮਣਕਿਆਂ, ਨਾੜੀਆਂ ਅਤੇ ਤੰਤੂਆਂ ਨੂੰ ਰਾਜੀ ਕਰਨ ਲਈ ਰਾਹ ਪੱਧਰ ਹੋ ਜਾਂਦਾ ਹੈ। ਕਈ ਕੇਸਾਂ ਵਿਚ ਤੰਤੂ ਰੋਗ ਅਤੇ ਨਾੜੀਆਂ ਦੀ ਦਰਦ ਦਾ ਕਾਰਨ ਸ਼ੂਗਰ ਰੋਗ, ਵਿਟਾਮਿਨਾਂ ਦੀ ਕਮੀ ਜਾਂ ਕੋਲੈਸਟਰੋਲ ਉਤੇ ਕੰਟਰੋਲ ਕਰਨ ਲਈ ਵਰਤੀਆਂ ਜਾਂਦੀਆਂ ਦਵਾਈਆਂ ਵੀ ਹੋ ਸਕਦੀਆਂ ਹਨ। ਸਖਤ ਦਰਦ ਦੇ ਸਤਾਏ, ਟਾਈਪ-2 ਡਾਇਬਟੀਜ਼ ਅਤੇ ਹੋਰ ਕਈ ਤਰ੍ਹਾਂ ਦੇ ਰੋਗਾਂ ਦੇ ਮਰੀਜਾਂ ਪ੍ਰਤੀ ਮੇਰੀ ਕੁਦਰਤੀ ਅਤੇ ਦਵਾ ਰਹਿਤ ਪਹੁੰਚ ਤੇ ਮੇਰੀ ਵਿਸ਼ੇਸ਼ ਇਲਾਜ ਤਕਨਾਲੋਜੀ ਨਾਲ ਉਨ੍ਹਾਂ ਨੂੰ ਦਰਦ ਤੋਂ ਛੁਟਕਾਰਾ ਮਿਲਿਆ ਹੈ, ਬਲੱਡ ਸ਼ੂਗਰ ਘਟੀ ਹੈ, ਹੱਡ ਤੇ ਜੋੜ ਮਜ਼ਬੂਤ ਹੋਏ ਹਨ ਜਿਸ ਨਾਲ ਸਿਹਤ ਬਿਹਤਰ ਹੋ ਕੇ ਜ਼ਿੰਦਗੀ ਦੀ ਕੁਆਲਿਟੀ ਵਿਚ ਸੁਧਾਰ ਆਇਆ ਹੈ।

ਇਸ ਸਭ ਦਾ ਮਤਲਬ ਹੈ ਕਿ ਜਾਨ ਕੱਢਦੀ ਦਰਦ, ਸਿਥਲਤਾ, ਝੁਣਝੁਣੀ ਅਤੇ ਨਾੜਾਂ ਨਾਲ ਸਬੰਧਤ ਸਮੱਸਿਆਵਾਂ ਤੋਂ ਖਹਿੜਾ ਛੁਡਾ ਕੇ ਜ਼ਿੰਦਗੀ ਦਾ ਅਨੰਦ ਮਾਣਿਆ ਜਾ ਸਕਦਾ ਹੈ। ਅਗਲੇ ਸਿਰਫ ਦਸ ਦਿਨ ਤੁਸੀਂ ਮੇਰੀ ਕਲੀਨਿਕ ਵਿਚ ਆ ਕੇ ਮੇਰੇ ਨਾਲ ਨਿੱਜੀ ਮਸ਼ਵਰਾ ਬਿਲਕੁਲ ਮੁਫਤ ਹਾਸਲ ਕਰ ਸਕਦੇ ਹੋ ਅਤੇ ਆਪਣੀ ਸਰੀਰਿਕ ਹਾਲਤ ਬਾਰੇ ਮੇਰੇ ਨਾਲ ਵਿਚਾਰ ਕਰ ਸਕਦੇ ਹੋ। ਇਸ ਪੇਸ਼ਕਸ਼ ਵਿਚ ਉਹ ਸਭ ਕੁਝ ਸ਼ਾਮਲ ਹੈ ਜਿਸ ਦੀ ਇਹ ਪਤਾ ਲਾਉਣ ਲਈ ਲੋੜ ਪਵੇਗੀ ਕਿ ਕੀ ਤੁਹਾਡੇ ਰੋਗਾਂ ਦਾ ਇਲਾਜ ਹੋ ਸਕਦਾ ਹੈ? (ਆਮ ਕਰਕੇ ਇਸ ਸਭ ਦੀ ਫੀਸ 277 ਡਾਲਰ ਹੈ)

*ਮੈਂ ਤੁਹਾਡੇ ਪੱਠਿਆਂ ਅਤੇ ਤੁਹਾਡੀਆਂ ਨਾੜੀਆਂ, ਤੁਹਾਡੇ ਹਿੱਲਣ-ਜੁੱਲਣ ਦੀ ਰੇਂਜ, ਤੁਹਾਡੇ ਬੈਠਣ-ਉਠਣ, ਤਵਾਜ਼ਨ ਅਤੇ ਮਣਕਿਆਂ ਤੇ ਸਰੀਰ ਦੇ ਪਿੰਜਰ ਦਾ ਮੁਆਇਨਾ ਕਰਾਂਗਾ।

*ਮੈਂ ਤੁਹਾਡੇ ਸਾਰੇ ਸਵਾਲਾਂ ਦਾ ਜਵਾਬ ਦਿਆਂਗਾ ਅਤੇ ਦੱਸਾਂਗਾ ਕਿ ਕੀ ਮੇਰੀ ਇਲਾਜ ਪ੍ਰਣਾਲੀ ਨਾਲ ਤੁਹਾਡਾ ਇਲਾਜ ਸੰਭਵ ਹੈ ਅਤੇ ਕੀ ਸਾਡੀ ਕਲੀਨਿਕ ਤੋਂ ਬਾਹਰ ਤੁਹਾਡੇ ਲਈ ਕੋਈ ਹੋਰ ਰਾਹ ਬਚਦੇ ਹਨ?

ਇਹ ਪੇਸ਼ਕਸ਼ ਸ਼ੁੱਕਰਵਾਰ 9 ਸਤੰਬਰ 2011 ਸ਼ਾਮ 6 ਵਜੇ ਤੱਕ ਲਈ ਹੈ। ਬਿਨਾ ਫੀਸ, ਬਿਨਾ ਕਿਸੇ ਬੰਦਿਸ਼ ਦੀ ਇਸ ਪੇਸ਼ਕਸ਼ ਦਾ ਲਾਭ ਉਠਾਉਣ ਲਈ ਫੌਰੀ ਕਾਲ ਕਰੋ।



ਮੈਨੂੰ ਪਿਛਲੇ ਤਿੰਨ ਸਾਲ ਤੋਂ ਕਮਰ ਦਰਦ ਸੀ ਅਤੇ ਮੈਂ ਹਰ ਤਰ੍ਹਾਂ ਦੀ ਦਵਾਈ, ਕਾਇਰੋਪ੍ਰੈਕਟਿਕ ਇਲਾਜ ਅਤੇ ਹੋਰ ਸੌ ਢੰਗ ਅਪਨਾ ਹਟੀ ਸਾਂ। ਕਸਰਤ, ਆਈਸਪੈਕ, ਫਿਜ਼ੀਓਥੈਰਪੀ ਸਮੇਤ ਟੀ ਵੀ 'ਤੇ ਆਉਂਦੀਆਂ ਸਾਰੀਆਂ ਮਸ਼ਹੂਰੀਆਂ ਵੀ ਅਪਨਾ ਵੇਖੀਆਂ ਪਰ ਕਮਰ ਦਰਦ ਜਿਉਂ ਦੀ ਤਿਉਂ ਰਹੀ। ਮੈਂ ਬੱਸ ਢੇਰੀ ਢਾਹ ਹੀ ਬੈਠੀ ਸਾਂ ਕਿ ਹੁਣ ਤਾਂ ਇਹ ਦਰਦ ਨਾਲ ਹੀ ਜਾਵੇਗੀ। ਮੇਰੀ ਦਰਦ ਇੰਨੀ ਸਖਤ ਸੀ ਕਿ ਖੜ੍ਹੇ ਹੋਣਾ ਮੁਹਾਲ ਹੋ ਜਾਂਦਾ। ਫਿਰ ਮੈਂ ਅਖਬਾਰ ਵਿਚ ਡਾ. ਸਿਹੋਤਾ ਦੇ ਸਖਤ ਡਿਸਕ ਦਰਦ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਸੋਚਿਆ, ਚੱਲ ਇਹ ਵੀ ਅਜ਼ਮਾ ਵੇਖਾਂ। ਅੱਜ ਮੈਂ ਖੁਸ਼ ਹਾਂ ਕਿ ਮੈਂ ਇੰਜ ਕੀਤਾ। ਮੈਨੂੰ ਕੋਈ ਦਰਦ ਨਹੀਂ ਰਹੀ ਅਤੇ ਮੇਰੇ ਹਿੱਲਣ ਜੁੱਲਣ ਦੀ ਰੇਂਜ ਸੌ ਫੀਸਦ ਵਾਪਸ ਆ ਗਈ ਹੈ। ਡਾ. ਸਿਹੋਤਾ ਜੋ ਕੁਝ ਤੁਸਾਂ ਮੇਰੇ ਲਈ ਕੀਤਾ ਤੁਹਾਡਾ ਲੱਖ ਲੱਖ ਸ਼ੁਕਰੀਆ। ਪਰਮਾਤਮਾ ਲੰਮੀ ਉਮਰ ਬਖ਼ਸ਼ੇ। ਜਿਸ ਕਿਸੇ ਨੂੰ ਵੀ ਕਮਰ ਦਰਦ ਹੈ, ਮੈਂ ਕਹਾਂਗੀ ਕਿ ਡਾ. ਸਿਹੋਤਾ ਦਾ ਇਹ ਪ੍ਰੋਗਰਾਮ ਅਜ਼ਮਾ ਵੇਖੋ। ***-ਬਲਵੰਤ ਕੌਰ (ਘਰੇਲੂ ਸੁਆਣੀ)***

---



ਮੈਨੂੰ ਇੰਨੀ ਸਖਤ ਦਰਦ ਸੀ ਕਿ ਮੈਨੂੰ ਲੱਗਦਾ ਹੀ ਨਹੀਂ ਸੀ ਕਿ ਇਸ ਤੋਂ ਕਦੇ ਛੁਟਕਾਰਾ ਵੀ ਪਾਇਆ ਜਾ ਸਕਦਾ ਹੈ। ਮੈਂ ਡਾਕਟਰਾਂ ਕੋਲ ਗਿਆ ਅਤੇ ਵੱਖ ਵੱਖ ਦਵਾਈਆਂ ਵਰਤੀਆਂ। ਕੋਈ ਫਾਇਦਾ ਨਹੀਂ ਹੋਇਆ। ਮੈਂ ਨਿਰਾਸ਼ ਹੋ ਗਿਆ ਅਤੇ ਪਿਛਲੇ ਕਈ ਮਹੀਨੇ ਤੋਂ ਕੰਮ ਵੀ ਨਹੀਂ ਸੀ ਕੀਤਾ। ਫਿਰ ਮੈਂ ਅਖਬਾਰ ਵਿਚ ਡਾ. ਸਿਹੋਤਾ ਦੇ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਸੋਚਿਆ, ਚਲੋ ਇਹ ਵੀ ਅਜ਼ਮਾ ਵੇਖਾਂ। ਮੈਂ ਇਮਾਨਦਾਰੀ ਨਾਲ ਕਹਿ ਸਕਦਾ ਹਾਂ ਕਿ ਕੁਝ ਹੀ ਦਿਨਾਂ ਵਿਚ ਮੈਨੂੰ 85% ਆਰਾਮ ਮਿਲ ਗਿਆ। ਹੁਣ ਮੈਂ ਬਿਨਾ ਦਰਦ ਕੰਮ-ਧੰਦੇ ਕਰ ਸਕਦਾ ਹਾਂ ਅਤੇ ਮੈਨੂੰ ਇਹ ਚਮਤਕਾਰ ਤੋਂ ਘੱਟ ਨਹੀਂ ਲਗਦਾ। ਸ਼ੁਕਰੀਆ ਡਾ. ਸਿਹੋਤਾ। ***-ਨਰਿੰਦਰ ਐਚ. (ਟਰੱਕ ਡਰਾਈਵਰ, ਉਮਰ 51 ਸਾਲ)***

## ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ

## 209-464-7738, 916-564-5551

### *ਹੁਣ ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ*

***Northern California*** ਕਲੀਨਿਕ 2531 N. California Street (North California St. & Ellis St.) ਵਿਖੇ ਹੈ, ਹਾਰਡਿੰਗ ਵੇਅ ਤੇ ਅਲਪਾਈਨ ਐਵਨਿਊ ਵਿਚਾਲੇ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ।


***New location***
**Sacramento**
1600 Sacramento Inn Way Suite 122, next to Arden Fair Mall

Copyright © 2009 CMC, LLC

# ਬੇਈਮਾਨ ਕੌਣ, ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ (ਰਿਸੀਵਰ ਕਮੇਟੀ) ਜਾਂ ਗੁਰੂ ਕੀਆਂ ਸੰਗਤਾਂ?

ਬਹੁਤ ਸਾਰੀਆਂ ਸੰਗਤਾਂ ਨੂੰ ਇਸ ਗੱਲ ਦਾ ਸ਼ਾਇਦ ਨਹੀਂ ਪਤਾ ਕਿ ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਗਤਾਂ ਨਾਲ ਕਿਵੇਂ ਧੋਖਾ ਕੀਤਾ ਅਤੇ ਗੁਰਦੁਆਰਾ ਸੁਧਾਰ ਕਮੇਟੀ ਨੂੰ ਗੁਰੂ ਕੀਆਂ ਸੰਗਤਾਂ ਦੇ ਹੱਕ ਵਿਚ ਕਿਉਂ ਆਵਾਜ਼ ਉਠਾਉਣੀ ਪਈ? ਅਸੀਂ ਦੋ ਹਫਤੇ ਪਹਿਲਾਂ ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਕੁਝ ਸੁਆਲ ਪੁਛੇ ਸਨ ਅਤੇ ਇਹ ਉਮੀਦ ਰੱਖਦੇ ਸਾਂ ਕਿ ਕਮੇਟੀ ਉਨ੍ਹਾਂ ਗੱਲਾਂ ਦਾ ਈਮਾਨਦਾਰੀ ਅਤੇ ਸੰਜੀਦਗੀ ਨਾਲ ਜੁਆਬ ਦੇਵੇਗੀ। ਪਰ ਸਾਨੂੰ ਬਹੁਤ ਅਫਸੋਸ ਹੈ ਕਿ ਕਮੇਟੀ ਨੇ ਕਿਸੇ ਵੀ ਗੱਲ ਦਾ ਜੁਆਬ ਦੇਣ ਦੀ ਕੋਸ਼ਿਸ ਨਹੀਂ ਕੀਤੀ ਸਗੋਂ ਊਲ-ਜਲੂਲ ਗੱਲਾਂ ਕਰ ਕੇ ਸੰਗਤ ਦੇ ਹਿਤਾਂ ਲਈ ਜੂਝਣ ਵਾਲੀ ਗੁਰਦੁਆਰਾ ਸੁਧਾਰ ਕਮੇਟੀ ਦੇ ਸੇਵਾਦਾਰਾਂ ਅਤੇ ਖਾਸ ਤੌਰ 'ਤੇ ਪੰਥ ਸੇਵਕ ਅਤੇ ਵਿਦਵਾਨ ਡਾ. ਤਰਲੋਚਨ ਸਿੰਘ ਨਾਹਲ ਅਤੇ ਭਾਈ ਗੁਰਮੇਲ ਸਿੰਘ ਖਾਲਸਾ, ਜੋ ਇਸ ਮੁਹਿੰਮ ਦੀ ਅਗਵਾਈ ਕਰ ਰਹੇ ਹਨ, ਦੀ ਸ਼ਾਨ ਦੇ ਖਿਲਾਫ ਅਪਸ਼ਬਦ ਵਰਤੇ ਹਨ ਅਤੇ ਬਿਲਕੁਲ ਝੂਠਾ ਪ੍ਰਚਾਰ ਕੀਤਾ ਹੈ। ਅਸੀਂ ਇਨ੍ਹਾਂ ਗੱਲਾਂ ਦਾ ਸਖਤ ਨੋਟਿਸ ਲੈਂਦੇ ਹਾਂ ਅਤੇ ਵਾਜਿਬ ਕਾਰਵਾਈ ਢੁਕਵੇਂ ਸਮੇਂ ਕਰਾਂਗੇ।

7 ਅਪਰੈਲ 2009 ਨੂੰ ਕਮੇਟੀ ਨੇ ਵਿਚਾਰ ਉਪਰੰਤ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਕਿ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਚੋਣ 13 ਮਾਰਚ 2010 ਐਤਵਾਰ ਜਾਂ ਇਸ ਦੇ ਲਾਗੇ-ਛਾਗੇ ਹੋਵੇਗੀ। ਇਸ ਉਪਰ ਬਾਬ ਢਿੱਲੋਂ ਸਮੇਤ ਕਮੇਟੀ ਦੇ 12 ਮੈਂਬਰਾਂ ਦੇ ਦਸਤਖਤ ਹੋਏ ਹਨ। ਇਹ ਚੋਣ ਅੱਜ ਤਕ ਨਹੀਂ ਹੋਈ। ਇਹ ਸੰਗਤਾਂ ਨਾਲ ਕੀਤੇ ਵਾਅਦੇ ਅਤੇ ਦਗੇ ਦਾ ਪ੍ਰਤੱਖ ਨਮੂਨਾ ਹੈ।


3. After discussion it was unanimously
agreed to hold election of
Parbandhak Committee members
on or about Sunday March 13, 2010.
End of Meeting

ਕੀ ਇਸ ਕਮੇਟੀ ਨੇ ਇਸ ਮਤੇ ਮੁਤਾਬਕ ਕਦੇ ਚੋਣਾਂ ਕਰਵਾਈਆਂ ਹਨ? ਇਸ ਦੇ ਉਲਟ ਇਕ ਸਾਲ ਬਾਅਦ ਸੰਗਤਾਂ ਨੂੰ ਠੁੱਠ ਵਿਖਾ ਕੇ 4-4 ਦੇ ਚੱਕਰ ਵਿਚ ਪਾ ਦਿੱਤਾ।

ਅਜ ਅਸੀਂ ਸੰਗਤਾਂ ਦੇ ਸਨਮੁਖ ਹੋ ਕੇ ਇਸ ਕਾਬਜ "ਰਿਸੀਵਰ ਕਮੇਟੀ" ਬਾਰੇ ਕੁਝ ਗੱਲਾਂ ਆਪ ਜੀ ਨਾਲ ਸਾਂਝੀਆਂ ਕਰਨਾ ਚਾਹੁੰਦੇ ਹਾਂ ਤਾਂ ਕਿ ਸੱਚਾਈ ਦਾ ਸੰਗਤਾਂ ਨੂੰ ਪਤਾ ਲੱਗ ਜਾਏ। 27 ਅਗਸਤ 2011 ਨੂੰ ਪੰਜਾਬ ਟਾਈਮਜ਼ ਵਿਚ ਇਕ ਇਸ਼ਤਿਹਾਰ ਦੇ ਕੇ ਕਮੇਟੀ ਨੇ ਇਕ ਸਵਾਲ ਪੁਛਿਆ ਹੈ ਕਿ "ਪੁਛਣਾ ਚਾਹੁੰਦੇ ਹਾਂ ਕਿ ਪਿਛਲੇ ਢਾਈ ਦਹਾਕਿਆਂ (25 ਸਾਲ) ਤੋਂ ਸੰਗਤ ਦੀ ਸੇਵਾ ਕਰ ਰਹੇ ਸੇਵਾਦਾਰ ਰਾਤੋ-ਰਾਤ ਜੱਫਾ-ਮਾਰ ਕਿਵੇਂ ਹੋ ਗਏ?"

ਗੁਰੂ ਪਿਆਰੀ ਸਾਧ ਸੰਗਤ ਜੀ, ਇਸ ਸੁਆਲ ਦਾ ਜੁਆਬ ਕਮੇਟੀ ਨੇ ਆਪ ਹੀ ਦੇ ਦਿੱਤਾ ਹੈ! ਗੁਰਦੁਆਰਾ ਸਾਹਿਬ ਦੇ ਸੰਵਿਧਾਨ ਮੁਤਾਬਿਕ ਕਮੇਟੀ ਦਾ ਸੇਵਾਦਾਰ ਸਿਰਫ ਦੋ ਸਾਲ ਹੀ ਸੇਵਾ ਕਰ ਸਕਦਾ ਹੈ ਪਰ ਇਹ ਕਮੇਟੀ ਆਪੇ ਹੀ ਦਸ ਰਹੀ ਹੈ ਕਿ ਇਹ ਰਾਤੋ-ਰਾਤ ਜੱਫਾ-ਮਾਰ ਨਹੀਂ ਹੋਈ ਸਗੋਂ ਢਾਈ ਦਹਾਕੇ (25 ਸਾਲ) ਤੋਂ ਅਹੁਦਿਆਂ ਨੂੰ ਜੱਫਾ ਮਾਰ ਕੇ ਬੈਠੀ ਹੈ ਪਰ ਅਜੇ ਵੀ ਇਸ ਕਮੇਟੀ ਦੀ ਸੰਤੁਸ਼ਟੀ ਨਹੀਂ ਹੋਈ। ਕੀ ਇਹ "ਕਬਜ਼ਾ ਕਮੇਟੀ" ਦੱਸ ਸਕਦੀ ਹੈ ਕਿ ਇਨ੍ਹਾਂ ਨੂੰ ਕਿਸ ਨੇ ਚੁਣਿਆ ਸੀ? ਇਸ ਕਮੇਟੀ ਨੇ 17 ਅਪਰੈਲ 2011 ਨੂੰ ਗੈਰ-ਕਾਨੂੰਨੀ ਢੰਗ ਨਾਲ ਉਮਰ ਭਰ ਟਿਕੇ ਰਹਿਣ ਦੀ ਲਾਲਸਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਸੰਵਿਧਾਨ ਵਿਚ ਮਨ ਮਰਜੀ ਦੀਆਂ ਤਬਦੀਲੀਆਂ ਕੀਤੀਆ ਅਤੇ ਆਪਣੇ ਆਪ ਨੂੰ ਪੰਜਾਂ ਸਾਲਾਂ ਲਈ ਜਨਰਲ ਬਾਡੀ ਦੀਆਂ ਵੋਟਾਂ ਪਵਾਉਣ ਤੋਂ ਬਿਨਾ ਹੀ ਚੁਣ ਲਿਆ ਅਤੇ "ਸਵੈ-ਇਛਾ ਰਿਟਾਇਰਮੈਂਟ ਯੋਜਨਾ" ਬਣਾ ਲਈ, ਚਾਰ ਚਾਰ ਮੈਂਬਰਾਂ ਦੇ ਹਰ ਸਾਲ ਰਿਟਾਇਰ ਹੋਣ ਦਾ ਸ਼ੋਸ਼ਾ ਛਡਿਆ ਅਤੇ ਗੁਰੂ ਕੀਆਂ ਸੰਗਤਾਂ ਨੂੰ ਖੂੰਜੇ ਲਾ ਰਖਿਆ। ਹੇਠਾਂ ਦੇਖੋ:

4. a. Search/Nomination Committee: Parbandhak Committee shall appoint a three member Search/Nomination Committee prior to each selection/election. Termed out committee members will participate in appointment of the committee and one of the termed out member may also serve on the Search/Nomination committee.
b. Nominations ~~of the positions for the Parbandhak Committee will be made from and by the selected members.~~ for all vacant positions at the time and termed out positions for the Parbandhak Committee shall be made by the three member search/nomination committee. Additional nominations can be made from the floor of the General Body meeting and majority vote will decide the selection/election of the Parbandhak Committee members.

ਗੁਰਦੁਆਰਾ ਸੁਧਾਰ ਕਮੇਟੀ ਨੇ ਆਪਣੇ ਕੋਲੋਂ ਪੈਸੇ ਖਰਚ ਕੇ ਅਤੇ ਬਹੁਤ ਹੀ ਜਬਰਦਸਤ ਕਾਨੂੰਨੀ ਲੜਾਈ ਲੜ ਕੇ ਸੰਗਤਾਂ ਦੇ ਹੱਕਾਂ ਨੂੰ ਬਹਾਲ ਕੀਤਾ।

ਮਾਣਯੋਗ ਅਦਾਲਤ ਨੇ ਹੁਕਮ ਕੀਤਾ ਸੀ ਕਿ ਗੁਰਦੁਆਰਾ ਸੁਧਾਰ ਕਮੇਟੀ ਨੂੰ 22 ਜੁਲਾਈ 2011 ਤਕ ਵੋਟਰ ਲਿਸਟ ਦਿੱਤੀ ਜਾਵੇ ਪਰ ਉਸ ਤੋਂ ਕੁਝ ਹੀ ਦਿਨ ਪਹਿਲਾਂ ਇਕ ਧਿਰ ਨੇ "ਦਖਲ ਦੇ ਕੇ" ਗੁਰਦੁਆਰਾ ਸਾਹਿਬ 'ਤੇ ਕੇਸ ਕਰ ਦਿੱਤਾ ਕਿ ਗੁਰਦੁਆਰਾ ਸੁਧਾਰ ਕਮੇਟੀ ਨੂੰ ਵੋਟਰ ਲਿਸਟ ਨਾ ਦਿੱਤੀ ਜਾਵੇ। ਅਸੀਂ ਕਮੇਟੀ ਨੂੰ ਪਹਿਲਾਂ ਵੀ ਪੁਛਿਆ ਸੀ ਅਤੇ ਹੁਣ ਫਿਰ ਪੁਛ ਰਹੇ ਹਾਂ ਕਿ ਕੀ ਇਹ ਸਾਰਾ ਕੁਝ ਕਮੇਟੀ ਦੀ ਮਿਲੀਭੁਗਤ ਨਾਲ ਹੀ ਤਾਂ ਨਹੀਂ ਹੋ ਰਿਹਾ? ਕਮੇਟੀ ਇਸ ਬਾਰੇ ਕਿਉਂ ਚੁਪ ਹੈ? ਕੀ ਉਸ ਕੇਸ ਨਾਲ ਨਜਿਠਣ ਦਾ ਖਰਚਾ ਗੋਲਕ ਵਿਚੋਂ ਨਹੀਂ ਹੋ ਰਿਹਾ? ਕੀ ਇਹ ਸੰਗਤਾਂ ਦੇ ਹਿਤ ਵਿਚ ਹੈ ਜਾਂ ਕਮੇਟੀ ਦੇ?

ਅਸੀਂ ਸਿਰਫ ਇਲੈਕਸ਼ਨ ਦੇ ਦੌਰਾਨ ਹੀ ਸਪੈਸ਼ਲ ਮਾਸਟਰ ਜਾਂ ਰਿਸੀਵਰ ਦੀ ਮੰਗ ਕੀਤੀ ਸੀ ਤਾਂ ਕਿ ਚੋਣਾਂ ਨਿਰਪੱਖ ਹੋ ਸਕਣ। ਅਸੀਂ ਕਦੇ ਵੀ ਰੈਗੂਲਰ ਰਿਸੀਵਰ ਦੀ ਮੰਗ ਨਹੀਂ ਕੀਤੀ। ਕਮੇਟੀ ਇਸ ਸਬੰਧੀ ਸੰਗਤਾਂ ਨੂੰ ਗੁਮਰਾਹ ਕਰ ਰਹੀ ਹੈ।

"appoint a receiver or special master to supervise and carry out the judgment of the court as prayed for here, and specifically, to supervise and carry out all election related activities."(emphasis added)

ਜੇ ਕਮੇਟੀ ਵਾਲਿਆਂ ਨੂੰ ਇਸ ਦੀ ਸਮਝ ਨਹੀਂ ਪੈ ਰਹੀ ਤਾਂ ਸਾਡਾ ਇਸ ਵਿਚ ਕੋਈ ਕਸੂਰ ਨਹੀਂ ਹੈ। ਚੋਣਾਂ ਨਿਰਪੱਖ ਹੋਈਆਂ ਹੀ ਨਹੀਂ ਕਿਉਂਕਿ ਉਸ ਦਿਨ ਸਵੇਰ ਨੂੰ ਹੀ ਵੋਟਾਂ ਦਾ ਥੱਬਾ ਚੋਰੀ ਹੋ ਗਿਆ ਸੀ ਜਿਸ ਦਾ ਪ੍ਰਗਟਾਵਾ ਚੋਣ ਕੰਪਨੀ ਦੀ ਮੁਖੀ ਕੈਥਰੀਨ ਬਰਕਹਾਰਟ ਨੇ ਇਨ੍ਹਾਂ ਦੇ ਅਤੇ ਸਾਡੇ ਸਾਹਮਣੇ ਕੀਤਾ ਸੀ।

## ਨਿਰਪੱਖ ਚੋਣਾਂ ਲਈ ਸੁਝਾਅ

ਸੱਚਾਈ ਇਹ ਹੈ ਕਿ ਕੋਰਟ ਦੇ ਆਰਡਰ ਮੁਤਾਬਿਕ ਸਾਡੀਆਂ ਇਸ ਕਮੇਟੀ ਨਾਲ ਪਿਛਲੇ ਤਕਰੀਬਨ ਇਕ ਮਹੀਨੇ ਵਿਚ ਤਿੰਨ ਮੀਟਿੰਗਾਂ ਇਲੈਕਸ਼ਨ ਦੇ ਢੰਗ ਤਰੀਕੇ ਬਾਰੇ ਹੋਈਆਂ ਪਰ ਵਾਰੇ ਜਾਈਏ ਇਸ ਕਮੇਟੀ ਦੇ ਜਿਹੜੀ ਨਾ ਤਾਂ ਮੈਂਬਰਾਂ ਦੀ ਰਜਿਸਟ੍ਰੇਸ਼ਨ ਖੋਲ੍ਹਣ ਬਾਰੇ, ਨਾ ਹੀ ਸਾਂਝੀ ਇਲੈਕਸ਼ਨ ਕਮੇਟੀ (ਜਿਸ ਵਿਚ ਦੋਹਾਂ ਧਿਰਾਂ ਦੇ ਤਿੰਨ-ਤਿੰਨ ਮੈਂਬਰ ਲਏ ਜਾਣੇ ਸਨ) ਬਾਰੇ ਅਤੇ ਨਾ ਹੀ ਇਲੈਕਸ਼ਨ ਦੀ ਮਿਤੀ 'ਤੇ ਸਹਿਮਤ ਹੋਈ। ਤਾਂ ਫਿਰ ਸਾਡੇ ਖਿਲਾਫ ਝੂਠਾ ਪ੍ਰਚਾਰ ਕਿਉਂ?

ਅਸੀਂ ਕੋਰਟ ਦੀ ਛਤਰ ਛਾਇਆ ਹੇਠ ਸਾਂਝੀ ਇਲੈਕਸ਼ਨ ਕਮੇਟੀ ਦੀ ਮੰਗ ਕਰਦੇ ਹਾਂ ਤਾਂ ਕਿ ਚੋਣਾਂ ਨਿਰਪੱਖ ਹੋ ਸਕਣ। ਇਹ ਮੰਗ ਬਹੁਤ ਜਾਇਜ਼ ਹੈ। ਅਗਰ ਇਲੈਕਸ਼ਨ ਵਾਲੇ ਦਿਨ, ਕੋਰਟ ਕਿਸੇ ਸਪੈਸ਼ਲ ਮਾਸਟਰ ਨੂੰ ਨਿਯੁਕਤ ਕਰਦੀ ਹੈ ਤਾਂ ਉਸ ਦੇ ਬਣਦੇ ਹਿੱਸੇ ਦਾ ਖਰਚਾ ਗੁਰਦੁਆਰਾ ਸੁਧਾਰ ਕਮੇਟੀ ਕਰੇਗੀ। ਫਿਰ ਅਸੀਂ ਵਾਅਦਾ ਕਰਦੇ ਹਾਂ ਕਿ ਸਾਡੇ ਵਲੋਂ ਰਿਸੀਵਰ ਦੀ ਵੀ ਮੰਗ ਨਹੀਂ ਹੋਵੇਗੀ।

ਕਮੇਟੀ ਨੇ ਲਿਖਿਆ ਹੈ, "ਜੇ ਤੁਹਾਡੇ ਦਿਲ ਵਿਚ ਨਿਰਪੱਖ ਚੋਣਾਂ ਦੀ ਗੱਲ ਹੁੰਦੀ ਤਾਂ ਤੁਸੀਂ ਅਦਾਲਤ ਦੀ ਨਿਗਰਾਨੀ ਹੇਠ ਚੋਣਾਂ ਦੀ ਮੰਗ ਕਰ ਸਕਦੇ ਸੀ, ਪਰ ਨਹੀਂ ਤੁਸੀਂ ਇੰਜ ਨਹੀਂ ਕੀਤਾ।"

ਭਲਿਉ ਪੁਰਸ਼ੋ! ਇਹੀ ਤਾਂ ਅਸੀਂ ਕੀਤਾ! ਤਦੇ ਤਾਂ ਅਸੀਂ ਚੋਣਾਂ ਦੌਰਾਨ ਸਪੈਸ਼ਲ ਮਾਸਟਰ ਜਾਂ ਰਿਸੀਵਰ ਦੀ ਮੰਗ ਕੀਤੀ ਸੀ। ਸਾਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਇਸ ਵਿਸ਼ੇ 'ਤੇ ਤੁਹਾਡੇ ਵਿਚਾਰ ਸਾਡੇ ਨਾਲ ਮਿਲਦੇ ਹਨ ਪਰ ਦੂਸਰਿਆਂ ਨੂੰ ਬਦਨਾਮ ਕਰਨ ਦੀ ਤੁਹਾਡੀ ਪੱਕੀ ਆਦਤ ਬਣ ਚੁਕੀ ਹੈ।

ਅਸੀਂ ਦੁਬਾਰਾ ਕਮੇਟੀ ਤੋਂ ਪੁਛ ਰਹੇ ਹਾਂ ਕਿ ਗੁਰਦੁਆਰਾ ਸਾਹਿਬ ਦੀ ਕਮੇਟੀ ਕਿਤਨੇ ਕਾਨੂੰਨੀ ਕੇਸਾਂ ਵਿਚ ਉਲਝੀ ਹੋਈ ਹੈ? ਕਮੇਟੀ ਸਿਰਫ ਇੰਨਾ ਕਹਿ ਕੇ ਹੀ ਪੱਲਾ ਝਾੜਨਾ ਚਾਹੁੰਦੀ ਹੈ ਕਿ ਕੇਸ ਇੰਨੇ ਨਹੀਂ ਜਿੰਨੇ ਅਸੀਂ ਕਹਿ ਰਹੇ ਹਾਂ! ਜੇ ਇੰਨੇ ਨਹੀਂ ਤਾਂ ਕਿੰਨੇ ਹਨ? ਕੇਸਾਂ ਦੀ ਗਿਣਤੀ ਕਰ ਕੇ ਕਮੇਟੀ ਦੱਸੇ ਅਤੇ ਇਹ ਵੀ ਸੰਗਤ ਨੂੰ ਸਪਸ਼ਟ ਕਰੇ ਕਿ ਇੰਨੇ ਕੇਸਾਂ ਵਿਚ ਉਲਝਣ ਦਾ ਕਾਰਨ ਕੀ ਹੈ?

## ਚੋਣਾਂ ਦੇ ਖਰਚੇ ਦੀ ਗੱਲ

ਕੋਰਟ ਨੇ ਫੈਸਲਾ ਦਿੱਤਾ ਹੈ:

10. Each side is to bear their own attorneys' fees and costs.

ਭਾਵ ਹਰੇਕ ਧਿਰ ਆਪਣੇ ਵਕੀਲ ਦੀ ਫੀਸ ਅਤੇ ਖਰਚਾ ਆਪ ਦੇਵੇ।

ਅਸੀ ਸੰਗਤਾਂ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਇਸ ਕੇਸ ਵਿਚ ਜੋ ਵੀ ਖਰਚਾ ਆਇਆ ਹੈ ਉਹ ਗੁਰਦੁਆਰਾ ਸੁਧਾਰ ਕਮੇਟੀ ਨੇ ਆਪਣੀ ਜੇਬ ਵਿਚੋਂ ਹੀ ਕੀਤਾ ਹੈ। ਗੁਰਦੁਆਰਾ ਕਮੇਟੀ ਮੈਂਬਰਾਂ ਨੂੰ ਵੀ ਚਾਹੀਦਾ ਸੀ ਕਿ ਉਹ ਆਪਣਾ ਕਾਨੂੰਨੀ ਖਰਚਾ ਆਪਣੀਆਂ ਜੇਬਾਂ ਵਿਚੋਂ ਕਰਦੇ ਪਰ ਇਨ੍ਹਾਂ ਨੇ ਸਾਰਾ ਖਰਚਾ ਗੁਰੂ ਕੀ ਗੋਲਕ ਵਿਚੋਂ ਕੀਤਾ। ਕਮੇਟੀ ਖਰਚਾ ਆਪਣੀਆਂ ਜੇਬਾਂ ਵਿਚੋਂ ਕਰਨ ਤੋਂ ਕਿਉਂ ਕੰਨੀ ਕਤਰਾ ਰਹੀ ਹੈ? ਕੀ ਇਹ ਕਮੇਟੀ "ਰਿਸੀਵਰ ਕਮੇਟੀ" ਤੋਂ ਘੱਟ ਹੈ ਜਿਹੜੀ ਸੰਗਤ ਦੇ ਗੁਰੂ ਅੱਗੇ ਚੜ੍ਹਾਏ ਚੜ੍ਹਾਵੇ ਨੂੰ "ਰਿਸੀਵ" ਕਰ ਕੇ ਵਕੀਲਾਂ ਅਤੇ ਅਦਾਲਤਾਂ ਨੂੰ ਦੇ ਰਹੀ ਹੈ?

ਗੁਰਦੁਆਰਾ ਸਾਹਿਬ ਦੇ ਸੰਵਿਧਾਨ ਮੁਤਾਬਿਕ $50,000 ਤੋਂ ਵੱਧ ਖਰਚਾ ਕਰਨ ਲਈ ਜਨਰਲ ਬਾਡੀ ਦੀ ਮਨਜ਼ੂਰੀ ਲੈਣੀ ਜਰੂਰੀ ਹੈ। ਸਾਡੇ ਅੰਦਾਜ਼ੇ ਮੁਤਾਬਿਕ ਕਮੇਟੀ ਸਤੰਬਰ 2008 ਤੋਂ ਲੈ ਕੇ ਹੁਣ ਤਕ ਗੁਰੂ ਦੀ ਗੋਲਕ ਵਿਚੋਂ ਘੱਟੋ ਘੱਟ $150,000 ਬੇਲੋੜੇ ਕਾਨੂੰਨੀ ਝਗੜਿਆਂ 'ਤੇ ਖਰਚ ਕਰ ਚੁਕੀ ਹੈ। ਜੇ ਸਾਡਾ ਅੰਦਾਜ਼ਾ ਸਹੀ ਨਹੀਂ ਹੈ ਤਾਂ ਕਮੇਟੀ ਕਿਉਂ ਨਹੀਂ ਦੱਸ ਰਹੀ ਕਿ ਅਸਲੀ ਖਰਚਾ ਕਿੰਨਾ ਹੋ ਚੁੱਕਾ ਹੈ? ਅਸੀਂ ਕਮੇਟੀ ਤੋਂ ਮੰਗ ਕਰਦੇ ਹਾਂ ਇਹ 2008 ਤੋਂ ਲੈ ਕੇ ਹੁਣ ਤਕ ਜਿੰਨਾ ਵੀ ਖਰਚਾ ਕਾਨੂੰਨੀ ਝਗੜਿਆਂ 'ਤੇ ਹੋ ਚੁੱਕਾ ਹੈ ਉਸ ਦਾ ਪੂਰਾ ਹਿਸਾਬ ਲਿਖਤੀ ਤੌਰ 'ਤੇ ਦੇਵੇ ਅਤੇ ਇਹ ਵੀ ਦੱਸੇ ਕਿ ਕੀ ਇਹ ਖਰਚਾ ਕਰਨ ਲਈ ਇਸ ਨੇ ਜਨਰਲ ਬਾਡੀ ਤੋਂ ਮਨਜ਼ੂਰੀ ਮੰਗੀ ਹੈ? ਜੇ ਜਨਰਲ ਬਾਡੀ ਨੇ ਕਦੇ ਵੀ ਅਜਿਹੀ ਮਨਜ਼ੂਰੀ ਦਿੱਤੀ ਹੈ ਤਾਂ ਕਮੇਟੀ ਉਸ ਦਾ ਸਬੂਤ ਪੇਸ਼ ਕਰੇ। ਜੇ ਨਹੀਂ ਤਾਂ ਕਮੇਟੀ ਸੰਗਤਾਂ ਦੇ ਫਤਵੇ ਲਈ ਤਿਆਰ ਰਹੇ।

ਬਾਬ ਢਿੱਲੋਂ ਦੀ ਕਮੇਟੀ ਨੇ ਪਹਿਲਾਂ 17 ਅਪਰੈਲ 2011 ਦੀ ਗੈਰ-ਕਾਨੂੰਨੀ ਅਤੇ ਮਨਹੂਸ ਕਾਰਵਾਈ ਕੀਤੀ ਅਤੇ ਬਾਅਦ ਵਿਚ 3 ਜੁਲਾਈ 2011 ਨੂੰ ਉਸ ਕਾਰਵਾਈ ਨੂੰ ਅਮਲੀ ਜਾਮਾ ਦੇਣ ਵਾਸਤੇ ਚੋਣ ਦਾ ਡਰਾਮਾ ਕੀਤਾ ਜੋ ਕਿ ਸੰਗਤ ਦੀ ਮੰਗ ਹੀ ਨਹੀਂ ਸੀ। ਬਾਬ ਢਿੱਲੋਂ ਦੀ ਕਮੇਟੀ ਨੇ ਇਹ ਸਾਰਾ ਕੁਝ ਆਪਣਾ ਕਬਜ਼ਾ ਪੱਕਾ ਕਰਨ ਲਈ ਕੀਤਾ ਸੀ। ਕਮੇਟੀ ਦੇ ਦੱਸਣ ਮੁਤਾਬਿਕ ਚੋਣਾਂ ਵਿਚ ਗੁਰਦੁਆਰਾ ਸਾਹਿਬ ਦਾ $40,000 ਖਰਚਾ ਆਇਆ ਹੈ। ਇਨ੍ਹਾਂ ਚੋਣਾਂ ਦਾ ਖਰਚਾ ਅਤੇ ਕੋਰਟ ਦੇ ਕੇਸਾਂ ਦਾ ਜਿੰਨਾ ਵੀ ਖਰਚਾ ਗੁਰੂ ਦੀ ਗੋਲਕ ਵਿਚੋਂ ਹੋਇਆ ਹੈ, ਸਾਰੇ ਕਮੇਟੀ ਮੈਂਬਰ ਇਹ ਖਰਚਾ ਗੁਰੂ ਕੀ ਗੋਲਕ ਵਿਚ ਆਪਣੀਆਂ ਜੇਬਾਂ ਵਿਚੋਂ ਜਮਾ ਕਰਾਉਣ ਕਿਉਂਕਿ ਉਹ ਪੈਸਾ ਗੁਰੂ ਦੀਆਂ ਸੰਗਤਾਂ ਦੀ ਸ਼ਰਧਾ ਦੀ ਭੇਟਾ ਹੈ ਅਤੇ ਗੁਰੂ ਦੇ ਕੰਮਾਂ ਅਤੇ ਪੰਥਕ ਕਾਰਜਾਂ ਵਾਸਤੇ ਹੀ ਖਰਚ ਹੋਣਾ ਚਾਹੀਦਾ ਹੈ। ਭਵਿੱਖ ਵਿਚ ਵੀ ਅਜਿਹਾ ਬੇਲੋੜਾ ਖਰਚਾ ਕਮੇਟੀ ਮੈਂਬਰ ਆਪਣੀਆਂ ਜੇਬਾਂ ਵਿਚੋਂ ਹੀ ਕਰਨ। ਅਗਰ ਕਮੇਟੀ ਇਹ ਗੱਲਾਂ ਮੰਨਣ ਨੂੰ ਤਿਆਰ ਹੈ ਤਾਂ ਹੋਣ ਵਾਲੀਆਂ ਚੋਣਾਂ ਵਿਚ ਅਸੀਂ ਆਪਣਾ ਬਣਦਾ ਹਿੱਸਾ ਦੇਣ ਲਈ ਵਚਨਬਧ ਹਾਂ।

**ਜਾਰੀ ਕਰਤਾ: ਗੁਰਦੁਆਰਾ ਸੁਧਾਰ ਕਮੇਟੀ, ਸੈਨ ਹੋਜ਼ੇ**
**(408) 629-1958; (408) 509-1082**

*Paid Advertisement*

# ਸੈਨ ਹੋਜ਼ੇ ਗੁਰਦੁਆਰਾ ਕਮੇਟੀ ਡਾ. ਨਾਹਲ ਬਾਰੇ ਕੂੜ ਪ੍ਰਚਾਰ ਬੰਦ ਕਰੇ-ਗੁਰਦੁਆਰਾ ਸੁਧਾਰ ਕਮੇਟੀ

**ਸੈਨ ਹੋਜ਼ੇ (ਬਿਊਰੋ):** ਪੰਜਾਬ ਟਾਈਮਜ਼ ਦੇ 27 ਅਗਸਤ 2011 ਦੇ ਅੰਕ ਵਿਚ ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਇਸ਼ਤਿਹਾਰ ਦੇ ਕੇ (ਜਿਸ ਨੂੰ ਬਾਬ ਢਿੱਲੋਂ) ਨੇ ਆਪਣੇ ਕੋਲੋਂ ਪੈਸੇ ਦੇ ਕੇ ਛਪਵਾਇਆ ਹੈ, ਪੰਥ ਸੇਵਕ ਅਤੇ ਅੰਤਰਰਾਸ਼ਟਰੀ ਪੱਧਰ ਦੇ ਇਤਿਹਾਸਕਾਰ ਅਤੇ ਵਿਦਵਾਨ ਡਾ. ਤਰਲੋਚਨ ਸਿੰਘ ਨਾਹਲ ਦੇ ਖਿਲਾਫ ਬੇਹੂਦਾ, ਗੈਰ-ਜ਼ਿਮੇਦਾਰਾਨਾ ਅਤੇ ਨਿੰਦਾ ਭਰੇ ਬਿਆਨ ਦਿੱਤੇ ਹਨ। ਸੈਨ ਹੋਜ਼ੇ ਗੁਰੂ ਘਰ ਦੇ ਮਾਮਲੇ ਨੂੰ ਲੈ ਕੇ ਹੋਂਦ ਵਿਚ ਆਈ ਗੁਰਦੁਆਰਾ ਸੁਧਾਰ ਕਮੇਟੀ ਨੇ ਇਥੇ ਜਾਰੀ ਇਕ ਬਿਆਨ ਵਿਚ ਇਹ ਦੋਸ਼ ਲਾਉਂਦਿਆਂ ਕਿਹਾ ਹੈ ਕਿ ਇਹੋ ਜਿਹੀ ਘਟੀਆ ਲਿਖਤ ਪਿਛੇ ਇਕ ਧਾਰਮਿਕ ਸੰਸਥਾ ਦੀ ਪ੍ਰਤੀਨਿਧ ਕਮੇਟੀ ਦੀ ਸੋਚ ਨਹੀਂ ਹੋ ਸਕਦੀ ਸਗੋਂ, ਬਹੁਤ ਹੀ ਕਮੀਨੀ ਅਤੇ ਪੰਥ ਵਿਰੋਧੀ ਸੋਚ ਹੀ ਹੋ ਸਕਦੀ ਹੈ।

ਭਾਈ ਗੁਰਮੇਲ ਸਿੰਘ ਖਾਲਸਾ, ਭਾਈ ਭੁਪਿੰਦਰ ਸਿੰਘ ਚੀਮਾ, ਭਾਈ ਬਲਬੀਰ ਸਿੰਘ ਢਿੱਲੋਂ, ਭਾਈ ਤੇਜਬੀਰ ਸਿੰਘ, ਭਾਈ ਗੁਰਿੰਦਰ ਸਿੰਘ ਢਿੱਲੋਂ, ਭਾਈ ਉਂਕਾਰ ਸਿੰਘ ਅਤੇ ਭਾਈ ਦਵਿੰਦਰ ਸਿੰਘ ਵਲੋਂ ਸਾਂਝੇ ਤੌਰ 'ਤੇ ਜਾਰੀ ਇਕ ਬਿਆਨ ਵਿਚ ਗੁਰਬਾਣੀ ਦੇ ਕਥਨ 'ਕੂੜ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ॥' ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਡਾ. ਨਾਹਲ ਗੁਰਦੁਆਰਾ ਸੈਨ ਹੋਜ਼ੇ ਦੇ ਮੋਢੀ ਮੈਂਬਰਾਂ ਵਿਚੋਂ ਹਨ, ਜਿਨ੍ਹਾਂ ਨੇ 25 ਸਾਲਾਂ ਤੋਂ ਨਿਸ਼ਕਾਮ ਸੇਵਾ ਕਰ ਕੇ ਇਸ ਗੁਰੂ ਘਰ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ ਹੈ। ਇਹ ਉਹ ਹੀ ਡਾ. ਨਾਹਲ ਹੈ ਜਿਸ ਨੂੰ ਕਮੇਟੀ ਨੇ 10 ਅਪਰੈਲ 2011 ਨੂੰ ਗੁਰੂ ਘਰ ਪ੍ਰਤੀ ਸੇਵਾਵਾਂ ਵਾਸਤੇ "ਸਿਰਕੱਢਵੀਂ ਸੇਵਾ" ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਸੀ ਅਤੇ ਸਿਰੋਪਾਉ ਦੀ ਬਖਸ਼ਿਸ ਕੀਤੀ ਸੀ।

ਬਿਆਨ ਅਨੁਸਾਰ, ਸੱਚਾਈ ਇਹ ਹੈ ਕਿ ਇਹ ਡਾ. ਨਾਹਲ ਹੀ ਹੈ ਜਿਸ ਨੇ ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 17 ਅਪਰੈਲ 2011 ਦੀ ਗੈਰ-ਕਾਨੂੰਨੀ ਅਤੇ "ਮਨਹੂਸ ਕਾਰਵਾਈ" ਦਾ ਪਰਦਾ ਫਾਸ਼ ਕੀਤਾ। ਸੰਗਤਾਂ ਦੀ ਅਗਵਾਈ ਕਰ ਕੇ ਅਤੇ ਗੁਰਦੁਆਰਾ ਸੁਧਾਰ ਕਮੇਟੀ ਦੀ ਸਥਾਪਨਾ ਕਰ ਕੇ ਇਸ ਕਮੇਟੀ ਦੇ ਪੰਥ ਅਤੇ ਸੰਗਤ ਵਿਰੋਧੀ ਮਨਸੂਬਿਆਂ 'ਤੇ ਪਾਣੀ ਫੇਰਿਆ, ਅਦਾਲਤ ਵਿਚ ਫਤਿਹ ਪ੍ਰਾਪਤ ਕੀਤੀ ਅਤੇ ਕਮੇਟੀ ਵਲੋਂ ਸੰਗਤਾਂ ਦੇ ਖੋਹੇ ਹੋਏ ਹੱਕ ਮੁੜ ਕੇ ਦੁਆਏ। ਦਾਅਵਾ ਕੀਤਾ ਗਿਆ ਹੈ ਕਿ ਇਹੀ ਵਜ੍ਹਾ ਹੈ ਕਿ ਡਾ. ਨਾਹਲ ਨੂੰ ਇਸ ਕਮੇਟੀ ਦੀ ਕਰੋਪੀ ਅਤੇ ਝੂਠ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।

ਉਪਰੋਕਤ ਆਗੂਆਂ ਨੇ ਕਿਹਾ ਹੈ ਕਿ ਕਮੇਟੀ ਨੇ ਡਾ. ਨਾਹਲ ਦੀ ਡਾਕਟਰੀ ਬਾਰੇ ਪ੍ਰਸ਼ਨ ਉਠਾਇਆ ਹੈ ਅਤੇ ਕਿਹਾ ਹੈ ਕਿ "ਅਸੀਂ ਸੁਣਿਆ ਹੈ ਤੁਸੀਂ ਡਾਕਟਰੀ ਦੀ ਡਿਗਰੀ ਉਸ ਹਰਬੰਸ ਲਾਲ ਪਾਸੋਂ ਪੰਜਾਬੀ ਦਾ ਕੋਈ ਥੀਸਿਸ ਲਿਖ ਕੇ ਲਈ ਹੈ ਜਿਸ ਹਰਬੰਸ ਲਾਲ ਨੂੰ ਸਿਮਰਨਜੀਤ ਸਿੰਘ ਮਾਨ ਆਰ. ਐਸ. ਐਸ. ਦਾ ਬੰਦਾ ਕਹਿੰਦੇ ਹਨ।"

ਸਾਨੂੰ ਅਜਿਹੇ ਬੰਦਿਆਂ ਦੀ ਘਟੀਆ ਸੋਚ 'ਤੇ ਬਹੁਤ ਅਫਸੋਸ ਹੈ, ਖਾਸ ਕਰਕੇ ਉਨ੍ਹਾਂ 'ਤੇ ਜਿਨ੍ਹਾਂ ਨੇ ਕਦੇ ਡਾ. ਨਾਹਲ ਦੇ ਜਾਂ ਕਿਸੇ ਹੋਰ ਦੇ ਪੀ. ਐਚ.ਡੀ. ਥੀਸਿਸ ਦੇ ਦਰਸ਼ਨ ਹੀ ਨਹੀਂ ਕੀਤੇ ਜਾਂ ਫਿਰ ਉਨ੍ਹਾਂ ਦੇ ਆਪਣੇ ਮਨ ਵਿਚ ਈਰਖਾ ਅਤੇ ਘਟੀਆਪਨ ਦਾ ਅਹਿਸਾਸ ਹੀ ਇੰਨਾ ਹੈ ਕਿ ਉਹ ਊਲ ਜਲੂਲ ਗੱਲਾਂ ਕਰ ਕੇ ਇਕ ਉਚ ਕੋਟੀ ਦੇ ਪੰਥਕ ਵਿਦਵਾਨ 'ਤੇ ਚਿਕੜ ਸੁਟ ਰਹੇ ਹਨ।

ਬਿਆਨ ਅਨੁਸਾਰ ਇਥੇ ਸਿਰਫ ਸੰਗਤਾਂ ਦੀ ਜਾਣਕਾਰੀ ਵਾਸਤੇ ਹੀ ਦਸਿਆ ਜਾ ਰਿਹਾ ਹੈ ਕਿ ਡਾ. ਨਾਹਲ ਦਾ ਪੀ. ਐਚ.ਡੀ. ਦਾ ਗਾਈਡ ਜਗਤ ਪ੍ਰਸਿਧ ਸਕਾਲਰ, ਤੁਲਨਾਤਮਿਕ ਧਰਮਾਂ ਦਾ ਪ੍ਰੋਫੈਸਰ ਅਤੇ ਹਿਸਟੋਰੀਅਨ ਸਵਰਗੀ ਡਾ. ਨੋਇਲ ਕਿਊ. ਕਿੰਗ ਸੀ ਜੋ ਕਿ ਇੰਗਲੈਂਡ ਦੀ ਜਗਤ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ ਅਤੇ ਨਾਟਿੰਗਮ ਯੂਨੀਵਰਸਿਟੀ ਦਾ ਗਰੈਜੂਏਟ ਸੀ। ਉਸ ਨੇ ਤਕਰੀਬਨ ਅੱਧੀ ਸਦੀ ਇੰਗਲੈਂਡ, ਅਮਰੀਕਾ, ਪੰਜਾਬ, ਅਫਰੀਕਾ, ਅਤੇ ਦੁਨੀਆਂ ਦੀਆਂ ਮੰਨੀਆਂ ਪ੍ਰਮੰਨੀਆਂ ਯੂਨੀਵਰਸਿਟੀਆਂ ਵਿਚ ਪੜ੍ਹਾਇਆ। ਉਹ ਖਾਲਸਾ ਪੰਥ ਦਾ ਬਹੁਤ ਵੱਡਾ ਹਿਤੈਸ਼ੀ ਸੀ ਅਤੇ ਉਸ ਦਾ ਨਾਂ ਦੁਨੀਆਂ ਦੇ ਸਿੱਖ ਧਰਮ ਦੇ ਮਾਹਰਾਂ ਵਿਚ ਸਤਿਕਾਰ ਵਜੋਂ ਗਿਣਿਆ ਜਾਂਦਾ ਹੈ। ਡਾ. ਨਾਹਲ ਦਾ ਪੀ. ਐਚ.ਡੀ. ਦਾ 400 ਤੋਂ ਵੱਧ ਸਫੇ ਦਾ ਥੀਸਿਸ ਮੀਰੀ-ਪੀਰੀ ਅਤੇ ਸਿੱਖ ਸੰਘਰਸ਼ ਬਾਰੇ ਅੰਗਰੇਜ਼ੀ ਵਿਚ ਹੈ ਜਿਸ ਨੂੰ ਕੋਈ ਕਾਫੀ ਪੜ੍ਹਿਆ ਲਿਖਿਆ ਸ਼ਖਸ ਹੀ ਸਮਝ ਸਕਦਾ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਡਾ. ਨਾਹਲ ਵਲੋਂ ਖੁਲਾ ਸੱਦਾ ਹੈ ਕਿ ਗੁਰਦੁਆਰਾ ਕਮੇਟੀ ਦਾ ਕੋਈ ਵੀ ਮੈਂਬਰ ਜੋ ਘਟ ਤੋਂ ਘਟ ਐਮ. ਏ. ਇੰਗਲਿਸ਼ ਜਾਂ ਪੀ. ਐਚ.ਡੀ. ਹੋਵੇ, ਉਨ੍ਹਾਂ ਦੇ ਘਰ ਆ ਕੇ ਜਦੋਂ ਮਰਜ਼ੀ ਇਹ ਥੀਸਿਸ ਪੜ੍ਹ ਸਕਦਾ ਹੈ। ਗੁਰਦੁਆਰਾ ਕਮੇਟੀ ਨੂੰ ਬੇਨਤੀ ਹੈ ਕਿ ਅਜਿਹੀਆਂ ਘਟੀਆ ਬਿਆਨਬਾਜ਼ੀ ਤੋਂ ਪਰਹੇਜ ਕਰੇ।



*ਡਾ. ਨਾਹਲ ਆਪਣੇ ਪੀ.ਐਚ.ਡੀ. ਥੀਸਿਸ ਦੀ ਅਸਲੀ ਕਾਪੀ ਦਿਖਾਉਂਦੇ ਹੋਏ। ਨਾਲ ਖੜ੍ਹੇ ਹਨ ਭੁਪਿੰਦਰ ਸਿੰਘ ਚੀਮਾ, ਸੁਖਵਿੰਦਰ ਸਿੰਘ ਅਤੇ ਕੁਲਵੰਤ ਸਿੰਘ*

## ਬਾਠ ਦੇ ਬਿਆਨ ਵਿਚ ਕੋਈ ਸੱਚਾਈ ਨਹੀ:ਦੁਸਾਂਝ

ਸੈਨ ਹੋਜ਼ੇ (ਬਿਊਰੋ): ਗੁਰਦੁਆਰਾ ਸੈਨ ਹੋਜੇ ਦੇ ਮਾਮਲੇ ਨੂੰ ਲੈ ਕੇ ਬਣੀ ਗੁਰਦੁਆਰਾ ਸੁਧਾਰ ਕਮੇਟੀ ਦੇ ਇਕ ਆਗੂ ਭਾਈ ਗੁਰਮੇਲ ਸਿੰਘ ਬਾਠ ਵਲੋਂ ਇਕ ਸਥਾਨਕ ਅਖਬਾਰ ਨੂੰ ਦਿਤੇ ਇਕ ਬਿਆਨ ਉਤੇ ਤਿੱਖੀ ਪ੍ਰਤੀਕ੍ਰਿਆ ਦਿੰਦਿਆਂ ਗੁਰਦੁਆਰਾ ਸੈਨ ਹੋਜ਼ੇ ਵਿਚ ਰੋਜ਼ਾਨਾ ਹਾਜ਼ਰੀ ਭਰਨ ਵਾਲੇ ਗੁਰਸਿੱਖ ਭਾਈ ਰਛਪਾਲ ਸਿੰਘ ਦੁਸਾਂਝ ਨੇ ਇੱਕ ਬਿਆਨ ਵਿਚ ਕਿਹਾ ਹੈ ਕਿ ਭਾਈ ਬਾਠ ਦੀ ਗੱਲ ਵਿਚ ਕੋਈ ਸੱਚਾਈ ਨਹੀ ਹੈ ਜਦੋਂ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੇਰੇ ਨਾਲ ਵਾਪਰੀ ਘਟਨਾ ਬਾਰੇ ਜੋ ਲਿਖਿਆ ਸੀ ਉਹ ਬਿਲਕੁਲ ਸੱਚ ਹੈ।

ਪੰਜਾਬ ਟਾਈਮਜ਼ ਨੂੰ ਭੇਜੇ ਇਕ ਬਿਆਨ ਵਿਚ ਭਾਈ ਦੁਸਾਂਝ ਨੇ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਮੇਰੀ ਸਰਜਰੀ ਹੋਈ ਸੀ ਅਤੇ ਮੇਰੇ ਕੋਲੋਂ ਹੇਠਾਂ ਨਹੀਂ ਸੀ ਬੈਠਿਆ ਜਾਂਦਾ, ਇਸ ਲਈ ਮੈਂ ਕੁਰਸੀ ਤੇ ਬੈਠ ਕੇ ਲੰਗਰ ਛੱਕ ਰਿਹਾ ਸੀ ਤਾਂ ਅਚਾਨਕ ਗੁਰਮੇਲ ਸਿੰਘ ਬਾਠ ਨੇ ਮੈਨੂੰ ਬੁਲਾ ਕੇ ਪੂਰੇ ਗੁਸੇ ਵਿਚ ਹੇਠਾਂ ਬੈਠ ਕੇ ਲੰਗਰ ਛਕਣ ਲਈ ਕਿਹਾ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮੈਂ ਇੱਕ ਅੰਮ੍ਰਿਤਧਾਰੀ ਗੁਰਸਿੱਖ ਹਾਂ ਅਤੇ ਮੈਨੂੰ ਸਿੱਖ ਰਹਿਤ ਮਰਿਯਾਦਾ ਬਾਰੇ ਪੂਰੀ ਜਾਣਕਾਰੀ ਹੈ ਪਰ ਮੇਰੀ ਸਰਜਰੀ ਹੋਣ ਕਰਕੇ ਮੇਰੀ ਮਜ਼ਬੂਰੀ ਹੈ। ਇਸ ਲਈ ਮੈ ਕੁਰਸੀ ਤੇ ਬੈਠ ਕੇ ਲੰਗਰ ਛੱਕ ਰਿਹਾ ਹਾਂ ਪਰ ਗੁਰਮੇਲ ਸਿੰਘ ਬਾਠ ਮੇਰੇ ਨਾਲ ਐਵੇਂ ਫਜ਼ੂਲ ਬਹਿਸ ਕਰਦਾ ਰਿਹਾ। ਇਸ ਤੋਂ ਬਾਅਦ ਮੈ ਕਮੇਟੀ ਕੋਲ ਸ਼ਿਕਾਇਤ ਕੀਤੀ ਤਾਂ ਕਮੇਟੀ ਮੈਂਬਰਾਂ ਦੇ ਸਾਹਮਣੇ ਵੀ ਗੁਰਮੇਲ ਸਿੰਘ ਬਾਠ ਦਾ ਵਤੀਰਾ ਉਹੀ ਸੀ ਜਦੋ ਕਿ ਕਮੇਟੀ ਮੈਂਬਰਾ ਦਾ ਵਤੀਰਾ ਮੇਰੇ ਨਾਲ ਹਮਦਰਦੀ ਵਾਲਾ ਸੀ।

# ਜੈਨਕੋ ਦਾ ਚੌਥਾ ਗੌਲ਼ਫ ਟੂਰਨਾਮੈਂਟ ਪਹਿਲੀ ਅਕਤੂਬਰ ਨੂੰ

**ਫਰੀਮਾਂਟ:** ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਦੇ ਪੁਰਾਣੇ ਵਿਦਿਆਰਥੀਆਂ ਦੀ ਸੰਸਥਾ ਜੈਨਕੋ ਵੱਲੋਂ ਆਪਣਾ 2011 ਦਾ ਸਾਲਾਨਾ ਗੌਲ਼ਫ ਟੂਰਨਾਮੈਂਟ 1 ਅਕਤੂਬਰ ਨੂੰ ਸੂਨੋਲ ਵੈਲੀ ਗੌਲ਼ਫ ਕਲੱਬ, ਸੂਨੋਲ ਸਿਟੀ ਵਿਚ ਕਰਵਾਇਆ ਜਾ ਰਿਹਾ ਹੈ। ਜੈਨਕੋ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸਾਲ ਟੂਰਨਾਮੈਂਟ ਲਈ 100 ਤੋਂ ਵੱਧ ਖਿਡਾਰੀ ਹਿੱਸਾ ਲੈਣਗੇ। ਪਿਛਲੇ ਸਾਲ ਇਸ ਟੂਰਨਾਮੈਂਟ ਵਿਚ 70 ਖਿਡਾਰੀਆਂ ਨੇ ਹਿੱਸਾ ਲਿਆ ਸੀ। ਇਹ ਸਾਰੇ ਪੰਜਾਬੀ ਮੂਲ ਦੇ ਜਾਂ ਪੰਜਾਬੀਅਤ ਨਾਲ ਪਿਆਰ ਕਰਨ ਵਾਲੇ ਖਿਡਾਰੀ ਸਨ ਅਤੇ ਇਨ੍ਹਾਂ ਦੀ ਉਮਰ 14 ਤੋਂ 70 ਸਾਲ ਸੀ।

ਪ੍ਰਬੰਧਕਾਂ ਮੁਤਾਬਕ 1 ਅਕਤੂਬਰ ਨੂੰ ਟੂਰਨਾਮੈਂਟ ਦੀ ਸ਼ੁਰੂਆਤ ਸ਼ੌਟਗਨ ਸਟਾਇਲ ਵਿਚ ਦੁਪਹਿਰ 1 ਵਜੇ ਹੋਵੇਗੀ। ਟੂਰਨਾਮੈਂਟ ਵਿਚ ਹਿੱਸਾ ਲੈਣ ਲਈ 19 ਸਤੰਬਰ ਤੱਕ ਰਜਿਸਟਰ ਹੋਣਾ ਜ਼ਰੂਰੀ ਹੈ। ਟੂਰਨਾਮੈਂਟ ਤੋਂ ਪਹਿਲਾਂ ਪੇਂਟਿੰਗ ਮੁਕਾਬਲੇ ਕਰਵਾਏ ਜਾਣਗੇ। ਸ਼ਾਮ ਨੂੰ ਇਨਾਮ ਵੰਡ ਸਮਾਗਮ ਅਤੇ ਖਾਣੇ ਦਾ ਪ੍ਰਬੰਧ ਗੌਲਫ ਕੋਰਸ ਦੇ ਕਲੱਬ ਹਾਊਸ ਵਿਚ ਹੋਵੇਗਾ। ਹੋਰ ਜਾਣਕਾਰੀ ਲਈ ਜੈਨਕੋ ਪ੍ਰਬੰਧਕਾਂ-ਮਨਿੰਦਰ ਸਿੰਘ ਹਰੀ (510-364-4938), ਕੁਲਦੀਪ ਸਿੰਘ ਸਿੱਧੂ (925-786-3310) ਜਾਂ ਸਤਿੰਦਰ ਸਿੰਘ ਗਰੇਵਾਲ (510-579-4359) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬੀ ਮੀਡੀਆ 'ਚ ਅਨੋਖੀ ਕਾਢ ਦੇਸੀ ਵਰਲਡ ਰੇਡੀਓ

**ਸੈਕਰਾਮੈਂਟੋ (ਬਿਊਰੋ):** ਦੇਸੀ ਵਰਲਡ ਰੇਡੀਓ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ ਹੈ ਜਿਸ ਰਾਹੀਂ ਨਾ ਸਿਰਫ ਪੰਜਾਬੀ ਸਗੋਂ ਹਿੰਦੀ ਤੇ ਹੋ ਭਾਸ਼ਾਵਾਂ ਦੇ ਦੁਨੀਆਂ ਭਰ ਦੇ 500 ਦੇ ਕਰੀਬ ਸਟੇਸ਼ਨ ਸੁਣੇ ਜਾ ਸਕਦੇ ਹਨ।

ਦੇਸੀ ਵਰਲਡ ਰੇਡੀਓ ਵਲੋਂ ਜਾਰੀ ਇਕ ਬਿਆਨ ਅਨੁਸਾਰ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ, ਨਿਊਜੀਲੈਂਡ, ਫਿਜ਼ੀ, ਭਾਰਤ, ਸਿੰਗਾਪੁਰ ਅਤੇ ਵੈਸਟ ਇੰਡੀਜ ਤਕ ਦੇ ਲੋਕਪ੍ਰਿਅ ਰੇਡੀਓ ਸਟੇਸ਼ਨ ਇਸ ਵਿਚ ਉਪਲਬਧ ਹਨ। ਇਸ ਅਨੋਖੇ ਰੇਡੀਓ ਦਾ ਸਿਹਰਾ ਪਰਵਿੰਦਰ ਸਿੰਘ ਸੰਧੂ ਨੂੰ ਜਾਂਦਾ ਹੈ ਜਿਸ ਨੇ ਦਿਨ ਰਾਤ ਮਿਹਨਤ ਕਰਕੇ ਇਹ ਰੇਡੀਓ ਲੋਕਾਂ ਸਾਹਮਣੇ ਪੇਸ਼ ਕੀਤਾ ਹੈ। ਇਸ ਰੇਡੀਓ ਦੀ ਖਾਸ ਗੱਲ ਇਹ ਹੈ ਕਿ ਇਹ ਦੇਖਣ ਨੂੰ ਇਕ ਆਮ ਜਿਹਾ ਰੇਡੀਓ ਲੱਗਦਾ ਹੈ ਪਰ ਹੈ ਇਕ ਖਾਸ ਕਿਸਮ ਦਾ ਇਲਕਟ੍ਰੌਨਿਕ ਜੰਤਰ ਜੋ ਇੰਟਰਨੈਟ ਰਾਹੀਂ ਚਲਦਾ ਹੈ। ਇਹ ਉਸੇ ਤਰ੍ਹਾਂ ਹੀ ਕੰਮ ਕਰਦਾ ਹੈ ਜਿਵੇਂ ਆਮ ਰੇਡੀਓ। ਇਸ ਨਾਲ ਇਕ ਰੀਮੋਟ ਵੀ ਹੈ। ਆਵਾਜ਼ ਵੀ ਇਕ ਦਮ ਤੁਣਕਵੀਂ ਹੈ। ਇਸ ਰੇਡੀਓ ਵਿਚ ਪੰਜਾਬੀ ਦੇ ਕਰੀਬ 125 ਸਟੇਸ਼ਨ ਹਨ ਅਤੇ ਹਰਿਮੰਦਰ ਸਾਹਿਬ ਤੋ ਸਿੱਧਾ ਪਰਸਾਰਣ ਸੁਣਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਇਸ ਵਿਚ 27 ਹੋਰ ਧਾਰਮਕ ਸਟੇਸ਼ਨ ਵੀ ਹਨ ਜਿਨ੍ਹਾਂ ਰਾਹੀਂ ਸ਼ਬਦ ਕੀਰਤਨ ਸੁਣਿਆ ਜਾ ਸਕਦਾ ਹੈ।


**Restaurant For Sale**

**Elegant Indian Restaurant for sale in Indianapolis, Indiana**

**High Traffic Area *Good Customer Base *Plenty of Parking *Open Since 1993 *Beer/Wine License *55 Seat*

**Monthly Sales $45,000-50,000**
**Price: $125,000.00**

**ਇੰਡੀਅਨਐਪੋਲਿਸ (ਇੰਡੀਆਨਾ) 'ਚ ਵਧੀਆ ਚਲਦਾ**
**ਇੰਡੀਅਨ ਰੈਸਟੋਰੈਂਟ ਵਿਕਾਊ ਹੈ**

> 55 ਬੰਦਿਆਂ ਦੇ ਬੈਠਣ ਲਈ ਟੇਬਲ
> ਬੀਅਰ ਅਤੇ ਵਾਈਨ ਦਾ ਲਾਇਸੈਂਸ
>ਵਧੀਆ ਪਾਰਕਿੰਗ >1993 ਤੋਂ ਵਧੀਆ ਚਲਦਾ

**Call (317) 513-8510**



ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.


ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com






ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

**ਜਸਪ੍ਰੀਤ ਸਿੰਘ**
**ਅਟਾਰਨੀ ਐਟ ਲਾਅ**

**ਰਿਫਿਊਜੀ ਸਟੇਅ *ਵਿਆਹ ਦੇ ਕੇਸ*
**ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ*
**ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ*
**ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ*

*ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ*



*Attorny At Law*

*Law Offices Of Jaspreet Singh*

*4491 W. Shaw Ave., Suite 300 B (Near Costco) Fresno, CA 93722*
*Ph: 559-271-5511*

*44790 S. Grimmer Blvd. #204 Fremont CA-94538*
*Ph:510-657-6444*
*Fax: 510-657-6443*

*2945 W. Capitol Ave, Sacramento CA-95691*
*Ph: 916-372-4448*
*Fax: 916-372-4440*



Amardeep Singh
**Ph:916-712-2735**
DRE#01357217

# Buy a Home With Zero Cash! No Money Down!

**For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Fireplace. **FREE INFO: 1-888-450-6603**, ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood. **FREE INFO: 1-888-450-6603**, ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful. **FREE INFO: 1-888-450-6603**, ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home. **FREE INFO: 1-888-450-6603**, ID#4234



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms. **FREE INFO: 1-888-450-6603**, ID#4242



**$99,000**
**Sacramento – $405 Payment**
Safe Neighborhood. Investor dream. Access to highway. Great School. Open floor plan. RV access., **FREE INFO: 1-888-450-6603**, ID#4247



**$189,000**
**Elk Grove – $765 Payment**
Separate family living room. Desirable location. Great Area. Beautiful. Tree lined streets. **FREE INFO: 1-888-450-6603**, ID#4240



**$120,000**
**Sacramento – $479 Payment**
Nice 4 bedroom 2 bath house. Clean. Family room. Desirable location. Private back yard. **FREE INFO: 1-888-450-6603**, ID#4244



**I am making over $1000**

We live in Bay area and was nervous to invest in Sacramento. With the help of Statewide Team, we are proud owner of two rentals in Sacramento. Each month I am making over $1000 after expenses. Statewide not only educated me but helped me in preparing the properties and finding good tenants. Great investment for my kids education.

*-Shilpa and Naveen Reddy*

**Get Free list of Homes at www.statewideteam.net**

---

ਅੱਜ ਹੀ ਸਾਨੂੰ ਕਾਲ ਕਰੋ!

**1.888.888.9914**

oraa

WE WORK IN ALL 50 STATES & CANADA

## ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?

ਹਜ਼ਾਰਾਂ ਡਾਲਰ ਘਟਾਓ ਅਤੇ ਜਾਨ ਸੁਖੀ ਕਰੋ

**ਤੁਸੀ ਆਪਣੀ ਰਹਿੰਦੀ ਪੇਮੈਂਟ 70% ਤੱਕ ਘਟਾ ਸਕਦੇ ਹੋ**
**ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ**

## ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ!




**WE CAN HELP YOU TO RESOLVE YOUR IRS TAX DEBT TODAY**

- #1 Ranked By Numerous Organizations
- Achieve Financial Peace of Mind
- Get The Fastest Possible Solution
- 100% Confidential
- Help Stop Wage Garnishments And Bank Levies
- Help You Have Peace Of Mind

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961
Gurbarinder Singh Raja
916-533-2678

**Honorary Directors Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
**ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।**

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਨੰਦ ਕਾਰਜ ਐਕਟ ਵਿਚ ਸੋਧ ਦੀ ਮੰਗ ਫਿਰ ਦਰਕਿਨਾਰ

ਮੈਂਬਰ ਈ.ਐਮ. ਸੁਦਰਸ਼ਨ ਨਚੀਅੱਪਨ ਨੇ ਦਸੰਬਰ 2007 ਦੌਰਾਨ ਆਪਣੀ ਮੀਟਿੰਗ ਵਿਚ ਕਾਨੂੰਨ ਸਕੱਤਰ ਕੇ.ਐਨ. ਚਤੁਰਵੇਦੀ ਨੂੰ ਇਸ ਗੱਲ ਲਈ ਕਾਇਲ ਕੀਤਾ ਸੀ ਕਿ ਸੁਪਰੀਮ ਕੋਰਟ ਵੱਲੋਂ ਸਾਰੇ ਰਾਜਾਂ ਤੇ ਕੇਂਦਰ ਸ਼ਾਸਤ ਇਕਾਈਆਂ ਨੂੰ ਵਿਆਹਾਂ ਦੀ ਲਾਜ਼ਮੀ ਰਜਿਸਟਰੇਸ਼ਨ ਲਈ 2006 ਵਿਚ ਦਿੱਤੀਆਂ ਹਦਾਇਤਾਂ ਦੇ ਮੱਦੇਨਜ਼ਰ ਇਹ ਕਦਮ ਚੁੱਕਣਾ ਹੋਰ ਵੀ ਜ਼ਰੂਰੀ ਹੈ।

ਸਾਬਕਾ ਰਾਜ ਸਭਾ ਮੈਂਬਰ ਤੇ ਉਸ ਕਮੇਟੀ ਦੇ ਮੈਂਬਰ ਰਹੇ ਤਰਲੋਚਨ ਸਿੰਘ ਨੇ ਕਿਹਾ ਕਿ ਕਮੇਟੀ ਦੀ ਰਿਪੋਰਟ ਬਹੁਤ ਹਾਂਦਰੂ ਸੀ ਅਤੇ ਸਿੱਖ ਭਾਈਚਾਰੇ ਦੀ ਚਿਰੋਕਣੀ ਮੰਗ ਦੀ ਪ੍ਰੋੜਤਾ ਕਰਦੀ ਸੀ। ਜ਼ਿਕਰਯੋਗ ਹੈ ਕਿ ਸਿੱਖ ਪਿਛਲੇ ਕਾਫੀ ਸਾਲਾਂ ਤੋਂ ਅਨੰਦ ਕਾਰਜ ਕਾਨੂੰਨ 1909 ਵਿਚ ਤਰਮੀਮ ਕਰਕੇ ਇਸ ਨੂੰ ਅਮਲ 'ਚ ਲਿਆਉਣ ਦੀ ਮੰਗ ਉਠਾਉਂਦੇ ਆ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸਾਬਕਾ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਨੇ ਉਨ੍ਹਾਂ ਨੂੰ ਸੰਕੇਤ ਦਿੱਤਾ ਸੀ ਕਿ ਅਨੰਦ ਕਾਰਜ ਕਾਨੂੰਨ ਬਾਰੇ ਖਰੜਾ ਬਿੱਲ ਤਿਆਰ ਹੈ ਅਤੇ ਇਸ ਨੂੰ ਸੰਸਦ 'ਚ ਪੇਸ਼ ਕਰਨ ਲਈ ਛੇਤੀ ਕੈਬਨਿਟ ਦੀ ਪ੍ਰਵਾਨਗੀ ਲਈ ਭੇਜਿਆ ਜਾਵੇਗਾ। ਉਹ ਸਰਕਾਰ ਦੇ ਮੌਜੂਦਾ ਰੁਖ਼ ਤੋਂ ਹੈਰਾਨ ਹਨ ਤੇ ਇਹ ਮੁੱਦਾ ਪ੍ਰਧਾਨ ਮੰਤਰੀ ਕੋਲ ਫੇਰ ਉਠਾਇਆ ਜਾਵੇਗਾ।

ਸ. ਢੀਂਡਸਾ ਦੇ ਸੁਆਲ 'ਤੇ ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਨੇ ਰਾਜ ਸਭਾ ਵਿਚ ਦੱਸਿਆ ਕਿ ਅਨੰਦ ਕਾਰਜ ਕਾਨੂੰਨ 1909 ਬਾਬਤ ਬਹੁਤ ਸਾਰੀਆਂ ਨੁਮਾਇੰਦਗੀਆਂ ਮਿਲਣ ਤੋਂ ਬਾਅਦ ਸਰਕਾਰ ਨੇ ਇਹ ਤਜਵੀਜ਼ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਇਸ ਵੇਲੇ ਸਿੱਖਾਂ, ਜੈਨੀਆਂ ਤੇ ਬੋਧੀਆਂ ਅੰਦਰ ਵਿਆਹ ਦੀਆਂ ਰਸਮਾਂ ਹਿੰਦੂ ਮੈਰਿਜ ਐਕਟ 1955 ਅਧੀਨ ਹੀ ਦਰਜ ਕੀਤੀਆਂ ਜਾਂਦੀਆਂ ਹਨ। ਸਰਕਾਰ ਨੇ ਦਲੀਲ ਦਿੱਤੀ ਹੈ ਕਿ ਜੇ ਸਿੱਖਾਂ ਲਈ ਵੱਖਰਾ ਕਾਨੂੰਨ ਬਣਾਉਣ ਦੀ ਮੰਗ ਮੰਨ ਲਈ ਜਾਂਦੀ ਹੈ ਤਾਂ ਹੋਰ ਭਾਈਚਾਰਿਆਂ ਵੱਲੋਂ ਵੀ ਅਜਿਹੀ ਮੰਗ ਕੀਤੀ ਜਾ ਸਕਦੀ ਹੈ। ਕਾਨੂੰਨ ਮੰਤਰੀ ਨੇ ਕਿਹਾ ਕਿ ਅਨੰਦ ਕਾਰਜ ਕਾਨੂੰਨ 1909 ਤਹਿਤ ਵਿਆਹ ਦੀਆਂ ਰਸਮਾਂ ਸੀਮਤ ਹਨ ਤੇ ਸਿੱਖ ਭਾਈਚਾਰੇ ਅੰਦਰ ਹੋਣ ਵਾਲੇ ਸਾਰੇ ਵਿਆਹਾਂ ਦੀਆਂ ਰਸਮਾਂ ਇਸ ਅਧੀਨ ਨਹੀਂ ਆਉਂਦੀਆਂ। ਇਸ ਤੋਂ ਇਲਾਵਾ ਸਿੱਖਾਂ ਨੂੰ ਉਪਰ ਬਿਆਨੇ ਧਾਰਮਿਕ ਵਰਗਾਂ ਤੋਂ ਵੱਖ ਕਰਨ ਦੀ ਕੋਈ ਤੁਕ ਨਹੀਂ ਬਣਦੀ। ਉਂਜ ਵੀ ਇਹ ਕਾਰਵਾਈ ਸੰਵਿਧਾਨ ਦੀ ਧਾਰਾ 44 ਦੀ ਉਲੰਘਣਾ ਹੋਵੇਗੀ ਜਿਸ ਤਹਿਤ ਦੇਸ਼ ਦੇ ਸਾਰੇ ਨਾਗਰਿਕਾਂ ਲਈ ਸਾਂਝਾ ਸਿਵਲ ਕੋਡ ਬਣਾਉਣ ਦੀ ਗੱਲ ਕਹੀ ਗਈ ਹੈ।

ਅਨੰਦ ਕਾਰਜ ਕਾਨੂੰਨ ਨੂੰ ਲਾਗੂ ਕਰਨ ਦੀ ਮੰਗ 2006 ਵਿਚ ਉਦੋਂ ਨਵੇਂ ਸਿਰੇ ਤੋਂ ਉਭਰੀ ਸੀ ਜਦੋਂ ਸੁਪਰੀਮ ਕੋਰਟ ਵੱਲੋਂ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਤ ਇਕਾਈਆਂ ਨੂੰ ਵਿਆਹਾਂ ਦੀ ਰਜਿਸਟਰੇਸ਼ਨ ਲਾਜ਼ਮੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ। ਇਸ ਬਾਰੇ ਵੱਖ-ਵੱਖ ਪਾਰਟੀਆਂ ਦੇ ਸਿੱਖ ਸੰਸਦ ਮੈਂਬਰਾਂ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮੰਗ ਪੱਤਰ ਦਿੱਤਾ ਸੀ। ਸ. ਢੀਂਡਸਾ ਦਾ ਕਹਿਣਾ ਹੈ ਕਿ ਉਹ ਵੱਖਰੇ ਕਾਨੂੰਨ ਦੀ ਮੰਗ ਇਸ ਲਈ ਕਰ ਰਹੇ ਹਨ ਤਾਂ ਕਿ ਪਰਵਾਸੀ ਲਾੜਿਆਂ ਵੱਲੋਂ ਆਪਣੀਆਂ ਪਤਨੀਆਂ ਨੂੰ ਛੱਡਣ ਦੇ ਰੁਝਾਨ ਨੂੰ ਠੱਲ੍ਹ ਪਾਈ ਜਾ ਸਕੇ। ਇਹ ਤਾਂ ਹੀ ਹੋ ਸਕਦਾ ਹੈ ਜੇ ਸਿੱਖ ਵਿਆਹਾਂ ਨੂੰ ਰਜਿਸਟਰ ਕਰਨ ਲਈ ਅਨੰਦ ਕਾਰਜ ਕਾਨੂੰਨ ਨੂੰ ਸੋਧ ਕੇ ਲਾਗੂ ਕੀਤਾ ਜਾਵੇ।

ਉਧਰ, ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਅਨੰਦ ਕਾਰਜ ਐਕਟ ਲਾਗੂ ਨਾ ਕਰਨ ਦੇ ਫੈਸਲੇ 'ਤੇ ਸਰਕਾਰ ਮੁੜ ਗੌਰ ਕਰੇ ਤੇ ਇਸ ਐਕਟ ਨੂੰ ਤੁਰੰਤ ਲਾਗੂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਵਿਚ ਹਿੰਦੂ ਤੇ ਮੁਸਲਿਮ ਭਾਈਚਾਰਿਆਂ ਦੇ ਵਿਆਹਾਂ ਵਾਸਤੇ ਵੱਖੋ-ਵੱਖਰੇ ਕਾਨੂੰਨ ਹਨ ਤਾਂ ਸਿੱਖ ਭਾਈਚਾਰੇ ਲਈ ਵੱਖਰਾ ਕਾਨੂੰਨ ਕਿਉਂ ਨਹੀਂ ਹੋ ਸਕਦਾ? ਸਿੱਖ ਧਰਮ, ਵੱਖਰਾ ਧਰਮ ਹੈ। ਅਨੰਦ ਕਾਰਜ ਐਕਟ ਨੂੰ ਅੰਗਰੇਜ਼ਾਂ ਨੇ ਵੀ ਮਾਨਤਾ ਦਿੱਤੀ ਸੀ ਤੇ ਪਾਕਿਸਤਾਨ ਵਿਚ ਵੀ ਇਹ ਕਾਨੂੰਨ ਲਾਗੂ ਹੈ। ਅਜਿਹੇ ਹਾਲਾਤ ਵਿਚ ਸਿੱਖਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਕੇਂਦਰ ਸਰਕਾਰ ਇਸ ਕਾਨੂੰਨ ਨੂੰ ਲਾਗੂ ਕਰੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਸਿੱਖ ਧਰਮ ਦੀ ਮਰਿਆਦਾ ਵੱਖਰੀ ਹੈ, ਸਭਿਆਚਾਰ ਵੱਖਰਾ ਹੈ ਤੇ ਪਛਾਣ ਵੱਖਰੀ ਹੈ। ਅਨੰਦ ਕਾਰਜ ਦੀਆਂ ਰਸਮਾਂ ਵੀ ਹਿੰਦੂ ਮੱਤ ਦੇ ਵਿਆਹਾਂ ਤੋਂ ਵੱਖਰੀਆਂ ਹਨ ਪਰ ਹੁਣ ਸਰਕਾਰ ਇਸ ਨੂੰ ਲਾਗੂ ਕਰਨ ਵਿਚ ਬੇਲੋੜੇ ਅੜਿੱਕੇ ਖੜ੍ਹੇ ਕਰ ਰਹੀ ਹੈ। ਸਰਕਾਰ ਦੇ ਇਸ ਰਵੱਈਏ ਨੂੰ ਉਨ੍ਹਾਂ ਨੇ ਸਿੱਖਾਂ ਨਾਲ ਵਿਤਕਰਾ ਅਤੇ ਧੱਕਾ ਕਰਾਰ ਦਿੱਤਾ। ਸਰਕਾਰ ਦੇ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦੇਣ ਬਾਰੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਬਾਰੇ ਕਾਨੂੰਨਦਾਨਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ।

ਸੁਪਰੀਮ ਕੋਰਟ ਦੇ ਸਿੱਖ ਵਕੀਲ ਐਚ.ਐਸ. ਫੂਲਕਾ ਨੇ ਕਾਨੂੰਨ ਮੰਤਰੀ ਦੇ ਬਿਆਨ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਜਦੋਂ ਹੋਰ ਧਰਮਾਂ ਦੇ ਵੱਖਰੇ ਕਾਨੂੰਨ ਬਣੇ ਹੋਏ ਹਨ ਤਾਂ ਫਿਰ ਸਿੱਖ ਭਾਈਚਾਰੇ ਲਈ ਵੱਖਰਾ ਕਾਨੂੰਨ ਕਿਉਂ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਇਹ ਮੁੱਦਾ ਸਿੱਖਾਂ ਦੀ ਦਸਤਾਰ ਦੇ ਮੁੱਦੇ ਸਮੇਤ ਹੋਰ ਕਈ ਸਮੱਸਿਆਵਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰੇ। ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਸਰਕਾਰ ਨੇ ਇਸ ਫੈਸਲੇ ਰਾਹੀਂ ਸਿੱਖਾਂ ਦੀ ਵੱਖਰੀ ਪਛਾਣ ਨੂੰ ਰੱਦ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਅਜਿਹਾ ਸੋਚੀ ਸਮਝੀ ਸਾਜ਼ਿਸ਼ ਤਹਿਤ ਕੀਤਾ ਹੈ ਤਾਂ ਜੋ ਸਿੱਖਾਂ ਨੂੰ ਹਿੰਦੂ ਭਾਈਚਾਰੇ ਦਾ ਹਿਸਾ ਦਰਸਾਇਆ ਜਾ ਸਕੇ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਕੇਂਦਰ ਸਰਕਾਰ ਅਨੰਦ ਕਾਰਜ ਐਕਟ ਲਾਗੂ ਕਰਨ ਦੀ ਤਜਵੀਜ਼ ਨੂੰ ਰੱਦ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਇਸ ਤਜਵੀਜ਼ ਨੂੰ ਜਲਦੀ ਹੀ ਕੈਬਨਿਟ ਵਿਚ ਰੱਖਿਆ ਜਾ ਰਿਹਾ ਹੈ। ਜੇ ਇਸ ਵਿਚ ਕੋਈ ਅੜਿੱਕਾ ਸਾਹਮਣੇ ਆਇਆ ਤਾਂ ਉਹ ਇਸ ਨੂੰ ਲਾਗੂ ਕਰਵਾਉਣ ਲਈ ਅਦਾਲਤੀ ਰਾਹ ਅਖ਼ਤਿਆਰ ਕਰਨਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਸ ਮਾਮਲੇ ਵਿਚ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣਾ ਚਾਹੀਦਾ ਹੈ ਤੇ ਇਸ ਕਾਨੂੰਨ ਨੂੰ ਲਾਗੂ ਕਰਾਉਣ ਲਈ ਹੋਰ ਹੰਭਲਾ ਮਾਰਨਾ ਚਾਹੀਦਾ ਹੈ।

ਦਲ ਖਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਤੇ ਸਿਆਸੀ ਸਕੱਤਰ ਕੰਵਰਪਾਲ ਸਿੰਘ ਨੇ ਕਿਹਾ ਕਿ ਅਨੰਦ ਕਾਰਜ ਐਕਟ 1909 ਵਿਚ ਲਾਗੂ ਹੋਇਆ ਸੀ ਪਰ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਇਸ ਕਾਨੂੰਨ ਨੂੰ ਬੇਅਸਰ ਕਰ ਦਿੱਤਾ ਹੈ। ਉਨ੍ਹਾਂ ਕਾਨੂੰਨ ਮੰਤਰੀ ਦੇ ਸੁਝਾਅ ਨੂੰ ਮੁੱਢੋਂ ਰੱਦ ਕਰਦਿਆਂ ਕਿਹਾ ਕਿ ਸਿੱਖ, ਹਿੰਦੂ ਨਹੀਂ ਹਨ। ਸਿੱਖਾਂ ਦੀ ਵੱਖਰੀ ਹੋਂਦ ਹਸਤੀ ਹੈ। ਉਨ੍ਹਾਂ ਨੇ ਸਰਕਾਰ ਦੇ ਇਸ ਫੈਸਲੇ ਨੂੰ ਘੱਟ ਗਿਣਤੀਆਂ ਨੂੰ ਦਬਾਉਣ ਦਾ ਰੁਝਾਨ ਕਰਾਰ ਦਿੱਤਾ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਯੂ.ਪੀ.ਏ. ਸਰਕਾਰ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਉਸ ਨੇ ਅਨੰਦ ਕਾਰਜ ਐਕਟ ਵਿਚ ਤਰਮੀਮ ਦੀ ਤਜਵੀਜ਼ ਨੂੰ ਰੱਦ ਕਰਕੇ ਸਿੱਖ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਮੁੱਚੀ ਸਿੱਖ ਕੌਮ ਤੇ ਸ਼੍ਰੋਮਣੀ ਅਕਾਲੀ ਦਲ, ਅਨੰਦ ਕਾਰਜ ਐਕਟ ਵਿਚ ਸੋਧ ਕਰਕੇ ਵੱਖਰਾ ਕਾਨੂੰਨ ਛੇਤੀ ਬਣਾਉਣ ਦੀ ਮੰਗ ਕਰਦੀ ਆ ਰਹੀ ਹੈ। ਇਸ ਕਾਨੂੰਨ ਸਬੰਧੀ ਤਜਵੀਜ਼ ਨੂੰ ਇਕਦਮ ਵਾਪਸ ਲੈ ਕੇ ਕੇਂਦਰ ਸਰਕਾਰ ਨੇ ਸਿੱਖਾਂ ਦੇ ਭਰੋਸੇ ਨੂੰ ਤੋੜਿਆ ਹੈ। ਉਨ੍ਹਾਂ ਕਿਹਾ ਕਿ ਅਨੰਦ ਕਾਰਜ ਐਕਟ 1909 ਨੂੰ ਸੋਧ ਕੇ ਵੱਖਰਾ ਸਿੱਖ ਮੈਰਿਜ ਐਕਟ ਬਣਨ ਨਾਲ ਸਿੱਖ ਭਾਈਚਾਰੇ ਦੀਆਂ ਧੀਆਂ ਨਾਲ ਕੀਤੇ ਜਾਂਦੇ ਫਰੇਬ ਨੂੰ ਰੋਕਿਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਇਸ ਸਮਾਜਕ ਮਹੱਤਤਾ ਵਾਲੇ ਮਸਲੇ ਨੂੰ ਬਰਤਾਨੀਆ, ਅਮਰੀਕਾ, ਕੈਨੇਡਾ ਅਤੇ ਇਟਲੀ ਦੇ ਸਫ਼ੀਰਾਂ ਨੇ ਵੀ ਪੰਜਾਬ ਸਰਕਾਰ ਕੋਲ ਕਈ ਵਾਰ ਉਠਾ ਕੇ ਵਿਦੇਸ਼ੀ ਧਰਤੀ 'ਤੇ ਧੀਆਂ ਦੀ ਹੁੰਦੀ ਖੱਜਲ ਖੁਆਰੀ ਨੂੰ ਰੋਕਣ ਦਾ ਸਥਾਈ ਹੱਲ ਕੱਢਣ ਲਈ ਕਿਹਾ ਸੀ।

# ਚੋਣ ਕਮਿਸ਼ਨ ਨੇ ਗੁਰੂ ਤੇ ਗਿੱਲ ਖ਼ਿਲਾਫ਼ ਹੋਰ ਸ਼ਿਕੰਜਾ ਕੱਸਿਆ

**ਚੰਡੀਗੜ੍ਹ:** ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ ਤੇ ਪੰਜਾਬ ਪੁਲਿਸ ਦੇ ਮੁਖੀ ਪਰਮਦੀਪ ਸਿੰਘ ਗਿੱਲ ਦੀਆਂ ਸਿਆਸੀ ਸਰਗਰਮੀਆਂ ਬਾਰੇ ਚੋਣ ਕਮਿਸ਼ਨ ਦਾ ਰਵੱਈਆ ਸਖ਼ਤ ਹੁੰਦਾ ਜਾ ਰਿਹਾ ਹੈ। ਮੁੱਖ ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਰਾਜ ਦੀ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਕੁਸੁਮਜੀਤ ਸਿੱਧੂ ਨੇ ਦੋਵਾਂ ਅਧਿਕਾਰੀਆਂ ਵੱਲੋਂ ਪਿਛਲੇ ਸਮੇਂ ਦੌਰਾਨ ਪੰਜਾਬ ਵਿਚ ਕੀਤੇ ਦੌਰਿਆਂ ਦੀ ਜਾਣਕਾਰੀ ਮੰਗੀ ਹੈ। ਚੋਣ ਕਮਿਸ਼ਨ ਨੇ ਭਾਵੇਂ ਇਹ ਜਾਣਕਾਰੀ ਤੁਰੰਤ ਮੰਗੀ ਸੀ ਪਰ ਸਰਕਾਰ ਵੱਲੋਂ ਅਜੇ ਤੱਕ ਇਨ੍ਹਾਂ ਅਧਿਕਾਰੀਆਂ ਦੇ ਦੌਰਿਆਂ ਬਾਰੇ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ।

ਸੂਤਰਾਂ ਮੁਤਾਬਕ ਮੁੱਖ ਚੋਣ ਅਧਿਕਾਰੀ ਕੁਸੁਮਜੀਤ ਸਿੱਧੂ ਨੇ ਬਰਨਾਲਾ ਦੇ ਡਿਪਟੀ ਕਮਿਸ਼ਨਰ ਪਰਮਜੀਤ ਸਿੰਘ ਨੂੰ ਨਿਰਦੇਸ਼ ਦਿੱਤੇ ਹਨ ਕਿ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਦੀਆਂ ਬਰਨਾਲਾ ਜ਼ਿਲ੍ਹੇ ਦੀਆਂ ਫੇਰੀਆਂ ਬਾਰੇ ਚੋਣ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ।

ਸੂਤਰਾਂ ਮੁਤਾਬਕ ਸੀ.ਈ.ਓ. ਨੇ ਬਰਨਾਲਾ ਦੇ ਡੀ.ਸੀ. ਨੂੰ ਕਿਹਾ ਹੈ ਕਿ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਵੱਲੋਂ ਪਿਛਲੇ ਦੋ ਮਹੀਨਿਆਂ ਦੇ ਸਮੇਂ ਦੌਰਾਨ ਬਰਨਾਲਾ ਜ਼ਿਲ੍ਹੇ ਵਿਚ ਕਿੰਨੇ ਦੌਰੇ ਕੀਤੇ ਗਏ ਤੇ ਇਨ੍ਹਾਂ ਦੌਰਿਆਂ ਦੌਰਾਨ ਕਿਸ ਤਰ੍ਹਾਂ ਦੀਆਂ ਸਰਗਰਮੀਆਂ ਹੋਈਆਂ, ਇਸ ਬਾਰੇ ਜਾਣਕਾਰੀ ਭੇਜੀ ਜਾਵੇ। ਉਂਜ ਚੋਣ ਕਮਿਸ਼ਨ ਦੇ ਸਰਗਰਮ ਹੋਣ ਤੋਂ ਬਾਅਦ ਦੋਵਾਂ ਅਧਿਕਾਰੀਆਂ ਨੇ ਆਪਣੇ ਜੱਦੀ ਇਲਾਕਿਆਂ ਵਿਚ ਦੌਰੇ ਘਟਾ ਦਿੱਤੇ ਹਨ ਪਰ ਚੋਣ ਕਮਿਸ਼ਨ ਵੱਲੋਂ ਪੁਰਾਣਾ ਰਿਕਾਰਡ ਮੰਗਿਆ ਜਾ ਰਿਹਾ ਹੈ। 1980 ਬੈਚ ਦੇ ਆਈ.ਏ.ਐਸ. ਅਧਿਕਾਰੀ ਦਰਬਾਰਾ ਸਿੰਘ ਗੁਰੂ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਭਦੌੜ (ਰਾਖਵੇਂ) ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜਨ ਦੀ ਚਰਚਾ ਹੈ ਜਦੋਂਕਿ ਪੰਜਾਬ ਪੁਲਿਸ ਮੁਖੀ ਪਰਮਦੀਪ ਸਿੰਘ ਗਿੱਲ ਦੇ ਹਾਕਮ ਪਾਰਟੀ ਦੀ ਹੀ ਟਿਕਟ 'ਤੇ ਮੋਗਾ ਹਲਕੇ ਤੋਂ ਚੋਣ ਲੜਨ ਦੇ ਆਸਾਰ ਹਨ।

ਡੀ.ਜੀ.ਪੀ. ਨੇ ਅਗਲੇ ਮਹੀਨੇ 30 ਸਤੰਬਰ ਨੂੰ ਸੇਵਾ ਮੁਕਤ ਹੋ ਜਾਣਾ ਹੈ। ਸ. ਗੁਰੂ ਦੀ ਸੇਵਾ ਮੁਕਤੀ ਤਾਂ 31 ਮਈ 2012 ਵਿਚ ਹੋਣੀ ਹੈ ਪਰ ਉਨ੍ਹਾਂ ਦੇ ਅਕਤੂਬਰ ਜਾਂ ਨਵੰਬਰ ਮਹੀਨੇ ਵਿਚ ਸੇਵਾ ਮੁਕਤੀ ਲੈਣ ਦੇ ਚਰਚੇ ਹਨ। ਇਨ੍ਹਾਂ ਦੋਵਾਂ ਅਧਿਕਾਰੀਆਂ ਦੀਆਂ ਸਰਗਰਮੀਆਂ ਕਾਰਨ ਹੀ ਵਿਰੋਧੀ ਪਾਰਟੀਆਂ ਵੱਲੋਂ ਮੁੱਖ ਚੋਣ ਅਧਿਕਾਰੀ ਨੂੰ ਸ਼ਿਕਾਇਤ ਕੀਤੀ ਗਈ ਸੀ।

# ਅੰਨਾ ਹਜ਼ਾਰੇ ਦੀ ਅੜੀ ਨੇ ਫਿਰ ਝੁਕਾਈ ਸਰਕਾਰ

*(ਸਫਾ ਇਕ ਦੀ ਬਾਕੀ)*

ਬੁਲਾਉਣ ਤੇ ਰੱਦ ਕਰਨ ਦੇ ਹੱਕ ਹਾਸਲ ਕਰਨਾ, ਉਨ੍ਹਾਂ ਦਾ ਅਗਲਾ ਨਿਸ਼ਾਨਾ ਹੈ ਜਿਸ ਲਈ ਸੰਘਰਸ਼ ਕੀਤਾ ਜਾਵੇਗਾ। ਅੰਨਾ ਅਨੁਸਾਰ ਅਜੇ ਅੱਧੀ ਲੜਾਈ ਜਿੱਤੀ ਹੈ ਤੇ ਪੂਰੀ ਲੜਾਈ ਜਿੱਤਣ ਲਈ ਸੰਘਰਸ਼ ਜਾਰੀ ਰਹੇਗਾ ਪਰ ਪਰਿਵਰਤਨ ਸੰਵਿਧਾਨ ਦੇ ਘੇਰੇ ਵਿਚ ਰਹਿ ਕੇ ਹੀ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਸੁਧਾਰਾਂ ਤੇ ਪਰਿਵਰਤਨ ਲਈ ਦੇਸ਼ ਦਾ ਦੌਰਾ ਕਰਨਗੇ। ਗਾਂਧੀਵਾਦੀ ਨੇਤਾ ਦਾ 288 ਘੰਟਿਆਂ ਬਾਅਦ ਵਰਤ ਦੋ ਬਾਲੜੀਆਂ ਸਿਮਰਨ ਤੇ ਇਰਕਾ ਨੇ ਸ਼ਹਿਦ ਵਾਲਾ ਨਾਰੀਅਲ ਪਾਣੀ ਪਿਆ ਕੇ ਤੁੜਵਾਇਆ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਲੋਕਪਾਲ ਦੇ ਦਾਇਰੇ ਲਾਉਣ ਦੇ ਮੁੱਦੇ ਨੂੰ ਲੈ ਕੇ ਸਰਕਾਰ ਅਤੇ ਅੰਨਾ ਆਹਮੋ-ਸਾਹਮਣੇ ਹੋ ਗਏ ਸਨ। ਸਰਕਾਰ ਕਿਸੇ ਵੀ ਕੀਮਤ 'ਤੇ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਲੋਕਪਾਲ ਦੇ ਦਾਇਰੇ 'ਚ ਲਿਆਉਣ ਲਈ ਰਾਜ਼ੀ ਨਹੀਂ ਸੀ ਜਿਸ ਨੂੰ ਲੈ ਕੇ ਅੰਨਾ ਨੇ ਮੁੜ ਸੰਘਰਸ਼ ਵਿੱਢ ਦਿੱਤਾ। ਸ਼ੁਰੂ 'ਚ ਸਰਕਾਰ ਨੇ ਇਸ ਸੰਘਰਸ਼ ਨੂੰ ਸਖ਼ਤੀ ਨਾਲ ਕੁਚਲਣ ਦੀ ਕੋਸ਼ਿਸ਼ ਕੀਤੀ ਪਰ ਭ੍ਰਿਸ਼ਟਾਚਾਰ ਤੋਂ ਅੱਕੇ ਲੋਕਾਂ ਦਾ ਰੋਹ ਅੰਨਾ ਲਈ ਢਾਲ ਬਣ ਗਈ ਤੇ ਸਰਕਾਰ ਦਾ ਹਰ ਵਾਰ ਅਸਫਲ ਹੋ ਗਿਆ। ਅੰਨਾ ਦੀ 13 ਦਿਨਾਂ ਦੀ ਭੁੱਖ ਹੜਤਾਲ ਦੌਰਾਨ ਦੇਸ਼ ਦੇ ਹਰ ਕੋਨੇ ਤੋਂ ਲੋਕ ਖੁੱਲ੍ਹ ਕੇ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਸੜਕਾਂ 'ਤੇ ਆ ਗਏ। ਅੰਨਾ ਲੋਕਾਂ ਦਾ ਨਾਇਕ ਬਣ ਗਿਆ ਤੇ ਸਰਕਾਰ ਦੀ ਹਾਲਤ ਕਸੂਤੀ ਬਣ ਗਈ। ਆਖ਼ਰ 'ਚ ਸਰਕਾਰ ਨੂੰ ਇਕ ਪਾਸੇ ਅੰਨਾ ਦੀਆਂ ਸਾਰੀਆਂ ਮੰਗਾਂ ਮੰਨਣੀਆਂ ਪਈਆਂ।

ਰਾਮ ਲੀਲ੍ਹਾ ਮੈਦਾਨ ਵਿਚ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਅੰਨਾ ਨੇ ਕਿਹਾ ਕਿ ਦੇਸ਼ ਦੀ ਸੰਸਦ ਦੇ ਮੁਕਾਬਲੇ ਜਨ ਸੰਸਦ ਜ਼ਿਆਦਾ ਸ਼ਕਤੀਸ਼ਾਲੀ ਸਾਬਤ ਹੋਈ ਹੈ ਜਿਸ ਨੇ ਸਰਕਾਰ ਨੂੰ ਜਨ ਲੋਕਪਾਲ ਬਿਲ ਦੀਆਂ ਤਿੰਨ ਮੁੱਖ ਮੰਗਾਂ ਮੰਨਣ ਲਈ ਮਜਬੂਰ ਕੀਤਾ ਹੈ। ਪਾਰਲੀਮੈਂਟ ਵੱਲੋਂ ਤਿੰਨੇ ਮੰਗਾਂ ਮੰਨਣ ਲਈ ਦੇਸ਼ ਦੇ ਲੋਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਸਦਕਾ ਹੀ ਜਿੱਤ ਮਿਲੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣਾ ਵਰਤ ਮੁਲਤਵੀ ਕੀਤਾ ਹੈ, ਖਤਮ ਨਹੀਂ ਕੀਤਾ। ਭ੍ਰਿਸ਼ਟਾਚਾਰ ਖਤਮ ਕਰਨ ਤੇ ਹੇਠਲੇ ਪੱਧਰ ਤੱਕ ਲੋਕਸ਼ਾਹੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਸੱਤਾ ਦੇ ਕੇਂਦਰੀਕਰਨ ਕਰਕੇ ਹੀ ਭ੍ਰਿਸ਼ਟਾਚਾਰ ਫੈਲਿਆ ਹੈ। ਇਸ ਲਈ ਸੱਤਾ ਦੇ ਵਿਕੇਂਦਰੀਕਰਨ ਦੀ ਲੋੜ ਹੈ। ਮੰਤਰਾਲਿਆਂ ਤੋਂ ਸੱਤਾ ਹੇਠਲੇ ਪੱਧਰ ਪੰਚਾਇਤ ਤੱਕ ਪਹੁੰਚਣੀ ਚਾਹੀਦੀ ਹੈ। ਪਿੰਡਾਂ ਵਿਚ ਪੰਚਾਇਤਾਂ ਤੇ ਗਰਾਮ ਸਭਾਵਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਜੇਕਰ ਪੰਚਾਇਤ ਕੋਈ ਗੜਬੜ ਕਰੇ ਤਾਂ ਗਰਾਮ ਸਭਾਵਾਂ, ਪੰਚਾਇਤਾਂ ਨੂੰ ਬਰਤਰਫ ਕਰ ਸਕਣ।

ਚੋਣ ਸੁਧਾਰਾਂ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਚੋਣ ਪ੍ਰਣਾਲੀ ਵਿਚ ਇਸ ਗੱਲ ਦੀ ਵਿਵਸਥਾ ਹੋਣੀ ਚਾਹੀਦੀ ਹੈ ਕਿ ਜੇਕਰ ਕਿਸੇ ਹਲਕੇ ਵਿਚ ਜ਼ਿਆਦਾ ਵੋਟਰ ਉਮੀਦਵਾਰਾਂ ਦੇ ਖਿਲਾਫ ਵੋਟ ਪਾਉਣ ਤਾਂ ਉਸ ਹਲਕੇ ਦੀ ਚੋਣ ਰੱਦ ਹੋ ਜਾਵੇ। ਜੇਕਰ ਦਸ ਕਰੋੜ ਖਰਚ ਕਰਨ ਵਾਲੇ ਉਮੀਦਵਾਰ ਦੀ ਇਕ ਵਾਰ ਚੋਣ ਰੱਦ ਹੋ ਜਾਂਦੀ ਹੈ ਤਾਂ ਉਹ ਅਗਲੀ ਵਾਰ ਚੋਣ ਲੜਨ ਬਾਰੇ ਜ਼ਰੂਰ ਸੋਚੇਗਾ। ਇਸੇ ਤਰ੍ਹਾਂ ਉਮੀਦਵਾਰਾਂ ਨੂੰ ਵਾਪਸ ਬੁਲਾਉਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਉਧਰ, ਕੇਂਦਰੀ ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਨੇ ਕਿਹਾ ਹੈ ਕਿ ਕਾਂਗਰਸ ਕੋਲੋਂ ਗਲਤੀਆਂ ਹੋ ਗਈਆਂ ਹਨ ਪਰ ਇਹ ਜਾਣਬੁੱਝ ਕੇ ਨਹੀਂ ਕੀਤੀਆਂ। ਅਜਿਹਾ ਕਸੂਤੀ ਹਾਲਤ 'ਚ ਫਸੇ ਹੋਣ ਕਾਰਨ ਹੋ ਗਿਆ ਹੈ। ਭ੍ਰਿਸ਼ਟਾਚਾਰ ਸਮੇਤ ਹੋਰ ਅਹਿਮ ਮੁੱਦਿਆਂ 'ਤੇ ਕਾਨੂੰਨ ਬਣਾਉਣ ਸਮੇਂ ਸਰਕਾਰ, ਸਿਵਲ ਸੁਸਾਇਟੀ ਗਰੁੱਪਾਂ ਦੀ ਰਾਏ ਲੈਂਦੀ ਰਹੇਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਆਇਰੀਨ ਨੇ ਮਚਾਈ ਵਿਆਪਕ ਤਬਾਹੀ

*(ਸਫਾ ਇਕ ਦੀ ਬਾਕੀ)*

ਬਹੁਤ ਘੱਟ ਹੈ। ਇਸ ਦਾ ਕਾਰਨ ਇਹ ਤੂਫਾਨ ਹਫ਼ਤੇ ਦੇ ਅਖੀਰ (ਛੁੱਟੀ ਵਾਲੇ ਦਿਨਾਂ) ਵਿਚ ਆਉਣਾ ਹੈ ਜਿਸ ਕਰਕੇ ਵਪਾਰ ਦਾ ਨੁਕਸਾਨ ਘੱਟ ਹੋਇਆ ਹੈ। ਵਾਟਸਨ ਨੇ ਦੱਸਿਆ ਕਿ ਜੇਕਰ ਆਇਰੀਨ ਨਿਊ ਯਾਰਕ ਸਿਟੀ ਤਕ ਪਹੁੰਚਣ ‘ਤੇ ਵੀ ਤੇਜ਼ ਹੁੰਦਾ ਤਾਂ ਨੁਕਸਾਨ 30 ਅਰਬ ਅਮਰੀਕੀ ਡਾਲਰ ਦੇ ਆਸਪਾਸ ਹੋਣਾ ਸੀ। ਲੱਖਾਂ ਲੋਕ ਬਿਜਲੀ ਸਪਲਾਈ ਤੋਂ ਵਾਂਝੇ ਹੋ ਗਏ। ਨਾਰਥ ਕੈਰੋਲਾਈਨਾ ਤੋਂ ਬੋਸਟਨ ਤਕ ਚੱਲੀਆਂ ਤੇਜ਼ ਹਵਾਵਾਂ ਅਤੇ ਭਾਰੀ ਮੀਂਹ ਨਾਲ ਇਹ ਨੁਕਸਾਨ ਹੋਇਆ।

ਰਾਸ਼ਟਰਪਤੀ ਬਰਾਕ ਓਬਾਮਾ ਨੇ ਲੋਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਇਹ ਕੁਦਰਤੀ ਕਰੋਪੀ ਹਾਲੇ ਖਤਮ ਨਹੀਂ ਹੋਈ ਕਿਉਂਕਿ ਤੂਫਾਨ ਆਇਰੀਨ ਕਾਰਨ ਹੋਈ ਤਬਾਹੀ ਤੋਂ ਉਭਰਣ ਨੂੰ ਹਾਲੇ ਕਈ ਹਫ਼ਤੇ ਲੱਗ ਸਕਦੇ ਹਨ। ਜ਼ਿਕਰਯੋਗ ਹੈ ਕਿ ਓਬਾਮਾ ਨੇ ਤੂਫਾਨ ਕਾਰਨ ਆਪਣੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਕੁਝ ਖੇਤਰਾਂ ਵਿਚ ਅਗਲੇ ਕੁਝ ਦਿਨਾਂ ਲਈ ਬਿਜਲੀ ਸਪਲਾਈ ਬੰਦ ਰਹੇਗੀ ਤੇ ਦੇਸ਼ ਵਾਸੀਆਂ ਦੀ ਹਰ ਸੰਭਵ ਤਰੀਕੇ ਨਾਲ ਮਦਦ ਕੀਤੀ ਜਾਵੇਗੀ।

ਇਥੇ ਇਹ ਜ਼ਿਕਰਯੋਗ ਹੈ ਕਿ ਭਿਆਨਕ ਸਮੁੰਦਰੀ ਤੂਫਾਨ ਦੇ ਮੱਦੇਨਜ਼ਰ ਰਾਸ਼ਟਰਪਤੀ ਓਬਾਮਾ ਨੇ ਦੇਸ਼ ਦੇ ਚਾਰ ਰਾਜਾਂ ਨਿਊ ਯਾਰਕ, ਵਰਜੀਨੀਆ, ਮੈਸਾਚੂਸੈਟਸ ਤੇ ਉਤਰੀ ਕੈਰੋਲਾਈਨਾ ਵਿਚ ਐਮਰਜੈਂਸੀ ਐਲਾਨ ਦਿੱਤੀ ਸੀ। ਮੋਹਲੇਧਾਰ ਮੀਂਹ ਤੇ ਤੇਜ਼ ਹਵਾਵਾਂ ਨਾਲ 100 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਆਉਣ ਵਾਲੇ ਤੂਫਾਨ ਨੇ ਇਕ ਵਾਰ ਤਰਥੱਲੀ ਮਚਾ ਦਿੱਤੀ ਪਰ ਸਖ਼ਤ ਸੁਰੱਖਿਆ ਪ੍ਰਬੰਧਾਂ ਤੇ ਮੌਕੇ ‘ਤੇ ਵਰਤੀ ਗਈ ਚੌਕਸੀ ਨਾਲ ਵੱਡਾ ਨੁਕਸਾਨ ਹੋਣ ਤੋਂ ਬਚਾ ਲਿਆ ਗਿਆ ਹੈ। ਰਾਸ਼ਟਰਪਤੀ ਓਬਾਮਾ ਦੀਆਂ ਸਖ਼ਤ ਹਦਾਇਤਾਂ ਦੇ ਮੱਦੇਨਜ਼ਰ ਨਿਊ ਯਾਰਕ ਦੇ ਅਧਿਕਾਰੀਆਂ ਨੇ ਪਹਿਲਾਂ ਹੀ ਚੌਕਸੀ ਵਰਤਦਿਆਂ ਢਾਈ ਲੱਖ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਂਵਾਂ ‘ਤੇ ਪਹੁੰਚਾ ਦਿੱਤਾ ਤੇ ਸਰਕਾਰੀ ਆਵਾਜਾਈ ਬੰਦ ਕਰ ਦਿੱਤੀ।

ਸੁਰੱਖਿਆ ਇੰਤਜ਼ਾਮਾਂ ਤਹਿਤ ਬੈਲਕਹਾਕ ਤੇ ਚਿਨੂਕ ਹੈਲੀਕਾਪਟਰਾਂ ਨੂੰ ਤਾਇਨਾਤ ਕਰ ਦਿੱਤਾ ਗਿਆ। ਤੂਫਾਨ ਨਾਲ ਨਜਿੱਠਣ ਲਈ ਨਿਊ ਯਾਰਕ ਦੇ ਗਵਰਨਰ ਐਂਡਰਿਊ ਕੌਮੋ ਦੇ ਇਲਾਕੇ ਮੈਨਹਟਨ, ਬਰੁਕਲਿਨ ਤੇ ਕਵੀਨਜ਼ ਦੇ ਹੇਠਲੇ ਇਲਾਕਿਆਂ ਵਿਚੋਂ ਢਾਈ ਲੱਖ ਲੋਕਾਂ ਨੂੰ ਸੁਰੱਖਿਅਤ ਥਾਂਵਾਂ ‘ਤੇ ਪਹੁੰਚਾਇਆ ਗਿਆ। ਨੇੜਲੇ ਨਿਊ ਜਰਸੀ ਵਿਚ ਕੇਪ ਮੇ ਇਲਾਕੇ ਦੇ ਸਾਢੇ ਸੱਤ ਲੱਖ ਲੋਕਾਂ ਨੂੰ ਸੁਰੱਖਿਅਤ ਥਾਂਵਾਂ ‘ਤੇ ਪਹੁੰਚਾਇਆ ਗਿਆ। ਆਪਣੀ ਤਰ੍ਹਾਂ ਦੇ ਪਹਿਲੇ ਫੈਸਲੇ ਵਿਚ ਅਧਿਕਾਰੀਆਂ ਨੇ ਪੂਰੀ ਆਵਾਜਾਈ ਪ੍ਰਣਾਲੀ ਨੂੰ ਬੰਦ ਕਰਨ ਦੇ ਹੁਕਮ ਦਿੱਤੇ। ਇਨ੍ਹਾਂ ਵਿਚ ਕੁੱਲ 468 ਸਬਵੇਅ ਸਟੇਸ਼ਨ, 840 ਮੀਲ ਰੇਲ ਮਾਰਗ, ਬੱਸ ਤੇ ਯਾਤਰੀ ਰੇਲ ਗੱਡੀਆਂ ਸ਼ਾਮਲ ਸਨ। ਨਿਊ ਯਾਰਕ ਦੀ ਸਰਕਾਰੀ ਆਵਾਜਾਈ ਪ੍ਰਣਾਲੀ ਰੋਜ਼ਾਨਾ ਕੰਮਕਾਜ ਵਾਲੇ ਦਿਨ 85 ਲੱਖ ਯਾਤਰੀਆਂ ਨੂੰ ਇਧਰੋਂ ਉਧਰ ਲੈ ਕੇ ਜਾਂਦੀ ਹੈ।

## ਵਿਸ਼ਵ ਪੰਜਾਬੀ ਸਾਹਿਤ ਅਕਾਡਮੀ ਦਾ ਸਲਾਨਾ ਸਮਾਗਮ 4 ਨੂੰ

**ਫਰੀਮਾਂਟ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਡਮੀ ਦਾ ਸਾਲਾਨਾ ਪ੍ਰੋਗਰਾਮ ਆਉਂਦੀ 4 ਸਤੰਬਰ ਐਤਵਾਰ ਨੂੰ ਨਿਊਆਰਕ ਦੇ ਚਾਂਦਨੀ ਰੈਸਟੋਰੈਂਟ (ਫੋਨ: 510-668-1051) ਵਿਖੇ 1 ਵਜੇ ਤੋਂ ਸ਼ਾਮ ਦੇ 5 ਵਜੇ ਤਕ ਹੋਵੇਗਾ।

ਇਹ ਜਾਣਕਾਰੀ ਦਿੰਦਿਆਂ ਸਭਾ ਦੇ ਬੁਲਾਰੇ ਸੁਖਵਿੰਦਰ ਕੰਬੋਜ਼ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਭਾਰਤ ਤੋਂ ਉਚੇਚੇ ਤੌਰ ਤੇ ਪਹੁੰਚੇ ਪ੍ਰਸਿਧ ਗ਼ਜ਼ਲਗੋ ਤੇ ਆਲੋਚਕ ਪ੍ਰੋ ਸੁਰਜੀਤ ਜੱਜ ਹੋਣਗੇ ਜੋ “ਅਮਰੀਕੀ ਪੰਜਾਬੀ ਕਵਿਤਾ:ਸੀਮਾ ਅਤੇ ਸੰਭਾਵਨਾ” ਦੇ ਵਿਸ਼ੇ ’ਤੇ ਪੇਪਰ ਪੜ੍ਹਨਗੇ। ਭਾਰਤ ਤੋਂ ਹੀ ਆਏ ਡਾ ਤੇਜਵੰਤ ਗਿੱਲ ਪ੍ਰਗਤੀਵਾਦੀ ਸਾਹਿਤ ਅਤੇ ਲਹਿਰ ਬਾਰੇ ਆਪਣੇ ਵਿਚਾਰ ਰੱਖਣਗੇ। ਇਸ ਪ੍ਰੋਗਰਾਮ ਵਿਚ ਪ੍ਰਗਤੀਵਾਦੀ ਸਾਹਿਤ ਦੀ 75ਵੀਂ ਵਰੇਗੰਢ ਨੂੰ ਸਮਰਪਿਤ ਇਕ ਪੇਪਰ ਵੀ ਪੇਸ਼ ਕੀਤਾ ਜਾਏਗਾ। ਕਨੈਡਾ ਤੋਂ ਆਏ ਸੁਰਜੀਤ ਕਲਸੀ ਨਾਰੀ ਸਾਹਿਤ ਬਾਰੇ ਪਰਚਾ ਪੜ੍ਹਨਗੇ।

ਗਾਇਕ ਸੁਖਦੇਵ ਸਾਹਿਲ ਅਤੇ ਪ੍ਰੋ ਸੁਰਜੀਤ ਜੱਜ ਦਾ ਉਨ੍ਹਾਂ ਦੀਆਂ ਸਮੁੱਚੀਆਂ ਸਾਹਿਤਕ ਸੇਵਾਵਾਂ ਲਈ ਸਨਮਾਨ ਕੀਤਾ ਜਾਵੇਗਾ। ਕੈਲੀਫ਼ੋਰਨੀਆਂ ਦੇ ਲੇਖਕਾਂ ਹਰਜਿੰਦਰ ਕੰਗ ਦੀ ਗੀਤਾਂ ਦੀ ਪੁਸਤਕ, “ਅਸੀਂ ਦੋਵੇਂ ਰੁੱਸ ਬੈਠੇ”, ਕਰਮ ਸਿੰਘ ਮਾਨ ਦਾ ਨਵਾਂ ਕਹਾਣੀ ਸੰਗ੍ਰਿਹ “ਫਲਾਈ ਓਵਰ”, ਜਸ ਫ਼ਿਜ਼ਾ ਦੀ “ਰਾਤ ਕੀ ਆਖੇਗੀ” ਅਤੇ ਸੁਰਜੀਤ ਕਲਸੀ ਦੀ ਅੰਗ੍ਰੇਜ਼ੀ ਪੁਸਤਕ ਦੀ ਮੂੰਹ ਦਿਖਾਈ ਕੀਤੀ ਜਾਏਗੀ। ਗੀਤ ਸੰਗੀਤ ਤੋਂ ਇਲਾਵਾ ਕੈਲੀਫ਼ੋਰਨੀਆ, ਨਿਊ ਯਾਰਕ, ਵਰਜੀਨੀਆਂ, ਕੈਨੇਡਾ ਅਤੇ ਭਾਰਤ ਤੋਂ ਪਹੁੰਚੇ ਕਵੀ, ਕਵੀ ਦਰਬਾਰ ਵਿਚ ਹਿੱਸਾ ਲੈਣਗੇ। ਹੋਰ ਜਾਣਕਾਰੀ ਲਈ ਸੁਖਵਿੰਦਰ ਕੰਬੋਜ ਫੋਨ 209-417-7960 ਜਾਂ ਕੁਲਵਿੰਦਰ ਫੋਨ 510-367-2090 ਨਾਲ ਸੰਪਰਕ ਕੀਤਾ ਜਾ ਸਕਦਾ ਹੈ।







ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ ’ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



Short Sale Specialist

We Can Sell Your Home in Short Sale at No Cost to You



For Buying & Selling Residential And For Loans

*Call: Sohanpreet ‘Sam’ Chahal*
@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਮਨਪ੍ਰੀਤ ਬਾਦਲ ਤੇ ਖੱਬੀਆਂ ਧਿਰਾਂ ਵਿਚਾਲੇ ਚੋਣ ਗੱਠਜੋੜ ਤੈਅ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ 'ਚ ਨਵੀਂ ਪਾਰਟੀ ਬਣਾ ਕੇ ਲੋਕਾਂ ਨੂੰ ਨਿਰੋਏ ਸਮਾਜ ਦੇ ਸੁਪਨੇ ਵਿਖਾਉਣ ਵਾਲੇ ਮਨਪ੍ਰੀਤ ਸਿੰਘ ਬਾਦਲ ਵੱਲੋਂ ਅਗਲੀਆਂ ਵਿਧਾਨ ਸਭਾ ਚੋਣਾਂ ਖੱਬੀਆਂ ਧਿਰਾਂ ਨਾਲ ਰਲ ਕੇ ਲੜਣਾ ਤਕਰੀਬਨ ਤੈਅ ਹੋ ਗਿਆ ਹੈ ਤੇ ਜੇਕਰ ਕੋਈ ਅੜਿੱਕਾ ਨਾ ਪਿਆ ਤਾਂ ਜਲਦ ਹੀ ਦੋਵਾਂ ਧਿਰਾਂ ਵਿਚਾਲੇ ਚੋਣ ਗੱਠਜੋੜ ਸਿਰੇ ਚੜ੍ਹ ਜਾਵੇਗਾ। ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਬਾਦਲ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਵਿਚ ਸੀ.ਪੀ.ਆਈ. ਤੇ ਸੀ.ਪੀ.ਐਮ ਨਾਲ ਰਲ ਕੇ ਵਿਧਾਨ ਸਭਾ ਚੋਣਾਂ ਲੜਨ ਦੀ ਇੱਛਾ ਰੱਖਦੀ ਹੈ ਤੇ ਇਸ ਬਾਰੇ ਇਨ੍ਹਾਂ ਪਾਰਟੀਆਂ ਨਾਲ ਬਾਕਾਇਦਾ ਗੱਲਬਾਤ ਚੱਲ ਰਹੀ ਹੈ। ਉਧਰ ਮਨਪ੍ਰੀਤ ਬਾਦਲ ਦੇ ਇਸ ਐਲਾਨ ਨੂੰ ਸ਼ੁਭ ਸੰਕੇਤ ਦਿੰਦਿਆਂ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦੇ ਨੈਸ਼ਨਲ ਕੌਂਸਲ ਦੇ ਮੈਂਬਰ ਡਾ. ਜੋਗਿੰਦਰ ਦਿਆਲ ਨੇ ਕਿਹਾ ਹੈ ਕਿ ਆਗਾਮੀ ਵਿਧਾਨ ਸਭਾ ਚੋਣਾਂ ਪੀਪਲਜ਼ ਪਾਰਟੀ ਆਫ ਪੰਜਾਬ ਨਾਲ ਮਿਲ ਕੇ ਲੜੀਆਂ ਜਾਣਗੀਆਂ।

ਸ. ਮਨਪ੍ਰੀਤ ਬਾਦਲ ਦਾ ਕਹਿਣਾ ਹੈ ਕਿ ਪੰਜਾਬ ਵਿਚ ਲੋਕ ਭਲਾਈ ਪਾਰਟੀ ਜਾਂ ਬਾਦਲ ਵਿਰੋਧੀ ਅਕਾਲੀ ਗਰੁੱਪਾਂ ਨਾਲ ਰਲ ਕੇ ਚੋਣ ਨਹੀਂ ਲੜੀ ਜਾਵੇਗੀ। ਉਨ੍ਹਾਂ ਸਿਮਰਨਜੀਤ ਸਿੰਘ ਮਾਨ ਨਾਲ ਵੀ ਚੋਣ ਸਮਝੌਤੇ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਮਨਪ੍ਰੀਤ ਬਾਦਲ ਮੰਨਦੇ ਹਨ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਪੀਪਲਜ਼ ਪਾਰਟੀ ਦਾ ਮੁਕਾਬਲਾ ਕਾਂਗਰਸ ਨਾਲ ਹੋਵੇਗਾ। ਉਨ੍ਹਾਂ ਅਨੁਸਾਰ ਅਕਾਲੀ ਦਲ 90 ਦਿਨਾਂ ਬਾਅਦ ਪੰਜਾਬ ਵਿਚ ਭਾਲਿਆਂ ਵੀ ਨਹੀਂ ਲੱਭਣਾ। ਉਨ੍ਹਾਂ ਕਿਹਾ ਕਿ ਇਕ ਲੱਖ ਪਰਵਾਸੀ ਪੰਜਾਬੀ ਵਿਧਾਨ ਸਭਾ ਚੋਣਾਂ ਦੌਰਾਨ ਪੀਪਲਜ਼ ਪਾਰਟੀ ਲਈ ਪ੍ਰਚਾਰ ਕਰਨਗੇ ਤੇ ਪੰਜਾਬ ਦੇ 65 ਸਾਲਾਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਵੇਗਾ। ਪਾਰਟੀ ਪ੍ਰਧਾਨ ਨੇ ਦੋਸ਼ ਲਾਇਆ ਕਿ ਪੰਜਾਬ ਪੁਲਿਸ ਦੇ ਅਧਿਕਾਰੀ ਅਕਾਲੀ ਪਾਰਟੀ ਦੇ ਏਜੰਟ ਬਣ ਕੇ ਪੀਪਲਜ਼ ਪਾਰਟੀ ਦੇ ਵਰਕਰਾਂ 'ਤੇ ਝੂਠੇ ਮਾਮਲੇ ਦਰਜ ਕਰਵਾ ਰਹੇ ਹਨ ਤੇ ਉਨ੍ਹਾਂ ਨੂੰ ਧਮਕਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਦੇ ਜ਼ੋਰ 'ਤੇ ਸਰਕਾਰ ਨਹੀਂ ਚਲਾਈ ਜਾ ਸਕਦੀ ਤੇ ਸਰਕਾਰ ਪੁਲਿਸ ਰਾਹੀਂ ਜਿੰਨਾ ਮਰਜ਼ੀ ਤਸ਼ੱਦਦ ਕਰ ਲਵੇ ਪਰ ਚੋਣਾਂ ਦੌਰਾਨ ਅਕਾਲੀਆਂ ਦੀਆਂ ਜ਼ਮਾਨਤਾਂ ਜ਼ਬਤ ਕਰਵਾ ਦੇਣਗੇ।



## ਸੀ.ਪੀ.ਆਈ. ਵੱਲੋਂ ਮਨਪ੍ਰੀਤ ਨਾਲ ਰਲ ਕੇ ਚੋਣਾਂ ਲੜਨ ਦਾ ਐਲਾਨ

ਅੰਮ੍ਰਿਤਸਰ: ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦੇ ਨੈਸ਼ਨਲ ਕੌਂਸਲ ਦੇ ਮੈਂਬਰ ਡਾ. ਜੋਗਿੰਦਰ ਦਿਆਲ ਨੇ ਕਿਹਾ ਕਿ ਆਗਾਮੀ ਵਿਧਾਨ ਸਭਾ ਚੋਣਾਂ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਾਲੀ ਪੀਪਲਜ਼ ਪਾਰਟੀ ਆਫ ਪੰਜਾਬ ਨਾਲ ਮਿਲ ਕੇ ਲੜੀਆਂ ਜਾਣਗੀਆਂ। ਡਾ. ਦਿਆਲ ਨੇ ਕਿਹਾ ਕਿ ਦੋਵੇਂ ਪਾਰਟੀਆਂ ਚੋਣ ਗਠਜੋੜ ਦੇ ਮੁੱਦੇ 'ਤੇ ਸਹਿਮਤ ਹੋ ਗਈਆਂ ਹਨ ਤੇ ਛੇਤੀ ਹੀ ਦੋਵੇਂ ਪਾਰਟੀਆਂ ਸਾਂਝੀਆਂ ਰੈਲੀਆਂ ਸ਼ੁਰੂ ਕਰਨਗੀਆਂ। ਉਨ੍ਹਾਂ ਕਿਹਾ ਕਿ ਸੀ.ਪੀ.ਆਈ., ਸੀ.ਪੀ.ਐਮ. ਤੇ ਪੀਪਲਜ਼ ਪਾਰਟੀ ਆਫ ਪੰਜਾਬ ਹਮ-ਖਿਆਲੀ ਪਾਰਟੀਆਂ ਨਾਲ ਗਠਜੋੜ ਕਰਕੇ ਪੰਜਾਬ ਦੇ ਲੋਕਾਂ ਨੂੰ ਤੀਜਾ ਫਰੰਟ ਦੇਣਗੀਆਂ ਤਾਂ ਜੋ ਨਿਰਪੱਖ ਤੇ ਭ੍ਰਿਸ਼ਟਾਚਾਰ ਮੁਕਤ ਸਰਕਾਰ ਦੀ ਕਾਇਮੀ ਲਈ ਆਪਣੀਆਂ ਵੋਟਾਂ ਪਾ ਸਕਣ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਪਾਰਟੀ ਕਿਸੇ ਵੀ ਅਕਾਲੀ ਪਾਰਟੀ ਨੂੰ ਤੀਜੇ ਫਰੰਟ ਵਿਚ ਸ਼ਾਮਲ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਤੀਜਾ ਫਰੰਟ ਸੂਬੇ ਵਿਚ ਅਗਲੀ ਸਰਕਾਰ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਏਗਾ। ਉਨ੍ਹਾਂ ਕਿਹਾ ਕਿ ਕੇਂਦਰ ਵਿਚ ਯੂ.ਪੀ.ਏ. ਸਰਕਾਰ ਦੀ ਵੱਡੀ ਪੱਧਰ 'ਤੇ ਹੋ ਰਹੀ ਆਲੋਚਨਾ, ਭ੍ਰਿਸ਼ਟਾਚਾਰ ਦੇ ਲੱਗ ਰਹੇ ਦੋਸ਼ਾਂ ਤੇ ਅਕਾਲੀ-ਭਾਜਪਾ ਸਰਕਾਰ ਦੇ ਸਾਢੇ ਚਾਰ ਸਾਲਾਂ ਦੀ ਮਾੜੀ ਕਾਰਗੁਜ਼ਾਰੀ ਕਾਰਨ ਅਕਾਲੀ ਤੇ ਕਾਂਗਰਸ ਪਾਰਟੀਆਂ ਆਉਣ ਵਾਲੀਆਂ ਚੋਣਾਂ ਵਿਚ ਬਹੁ-ਗਿਣਤੀ ਪ੍ਰਾਪਤ ਨਹੀਂ ਕਰ ਸਕਣਗੀਆਂ। ਇਸ ਲਈ ਇਸ ਹਾਲਤ ਵਿਚ ਤੀਜਾ ਫਰੰਟ ਰਾਜ ਵਿਚ ਸਰਕਾਰ ਬਣਾਉਣ ਦੇ ਸਮਰੱਥ ਹੋਵੇਗਾ।

# ਬਾਦਲ ਸਰਕਾਰ ਕੇਂਦਰੀ ਫੰਡਾਂ ਦਾ ਲਾਹਾ ਲੈਣ 'ਚ ਨਾਕਾਮ

## ਪੰਜ ਹਜ਼ਾਰ ਕਰੋੜ 'ਚੋਂ ਸਿਰਫ਼ 526 ਕਰੋੜ ਵਰਤੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮਹਾਤਮਾ ਗਾਂਧੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ (ਮਨਰੇਗਾ) ਤਹਿਤ ਪੰਜਾਬ ਸਰਕਾਰ ਕੇਂਦਰ ਤੋਂ ਹਰ ਸਾਲ 1200 ਤੋਂ 1400 ਕਰੋੜ ਰੁਪਏ ਲੈ ਕੇ ਪਿੰਡਾਂ ਦੇ ਗ਼ਰੀਬ ਪਰਵਾਰਾਂ ਨੂੰ ਕੰਮ ਦੇ ਸਕਦੀ ਸੀ ਪਰ ਸਰਕਾਰੀ ਨਾਲਾਇਕੀ ਕਾਰਨ ਇਸ ਦਾ ਦਸਵਾਂ ਹਿੱਸਾ ਹੀ ਹਾਸਲ ਕੀਤਾ ਜਾ ਸਕਿਆ ਹੈ। ਚਾਰ ਸਾਲਾਂ 'ਚ ਪੰਜਾਬ ਦੇ ਗ਼ਰੀਬ ਪਰਵਾਰਾਂ ਨੂੰ ਮਨਰੇਗਾ ਅਧੀਨ ਮਜ਼ਦੂਰੀ ਬਦਲੇ ਤਕਰੀਬਨ 5000 ਕਰੋੜ ਰੁਪਏ ਮਿਲਣੇ ਸਨ ਪਰ ਇਸ ਦੀ ਥਾਂ ਸਰਕਾਰ ਨੇ ਸਿਰਫ਼ 526 ਕਰੋੜ ਰੁਪਏ ਹਾਸਲ ਕੀਤੇ ਤੇ ਇਸ ਵਿਚੋਂ 385 ਕਰੋੜ ਰੁਪਏ ਖ਼ਰਚ ਕੀਤੇ ਗਏ ਜਿਨ੍ਹਾਂ ਵਿਚੋਂ 35 ਫ਼ੀਸਦੀ ਰਕਮ ਸਾਮਾਨ ਖ਼ਰੀਦਣ 'ਤੇ ਖ਼ਰਚ ਹੋਈ।

ਗ਼ਰੀਬਾਂ ਦੀ ਭਲਾਈ ਤੇ ਪਿੰਡਾਂ ਦੇ ਵਿਕਾਸ ਲਈ ਕੇਂਦਰ ਸਰਕਾਰ ਵੱਲੋਂ ਅਰੰਭੀਆਂ ਸਕੀਮਾਂ ਦਾ ਪੰਜਾਬ ਸਰਕਾਰ ਵੱਲੋਂ ਲਾਭ ਨਾ ਉਠਾਉਣ ਦਾ ਪਰਦਾਫ਼ਾਸ਼ ਕਰਨ ਲਈ ਪੰਜਾਬ ਕਾਂਗਰਸ ਨੇ 20 ਮੈਂਬਰੀ ਕਮੇਟੀ ਬਣਾਈ ਹੈ ਜਿਸ ਦੀ ਦੂਜੀ ਮੀਟਿੰਗ ਕਮੇਟੀ ਦੇ ਚੇਅਰਮੈਨ ਤੇ ਵਿਧਾਇਕ ਸੁਨੀਲ ਜਾਖੜ ਦੀ ਪ੍ਰਧਾਨਗੀ ਹੇਠ ਪਿਛਲੇ ਦਿਨੀਂ ਹੋਈ। ਮੀਟਿੰਗ 'ਚ ਇਹ ਗੱਲ ਸਾਹਮਣੇ ਆਈ ਕਿ ਹਰ ਕਾਰਡ ਵਾਲੇ ਪਰਵਾਰ ਨੂੰ ਸਾਲ 'ਚ ਸੌ ਦਿਨਾਂ ਦਾ ਰੁਜ਼ਗਾਰ ਮਿਲਣਾ ਸੀ। ਸੌ ਦਿਨਾਂ ਦੇ ਰੁਜ਼ਗਾਰ ਦੀ ਰਕਮ ਤਕਰੀਬਨ 13 ਹਜ਼ਾਰ ਰੁਪਏ (12,324 ਰੁਪਏ) ਬਣਦੀ ਹੈ ਤੇ ਪੰਜਾਬ 'ਚ ਕਾਰਡ ਵਾਲੇ ਪਰਿਵਾਰਾਂ ਦੀ ਗਿਣਤੀ 6.95 ਲੱਖ ਹੈ।

ਇਸ ਤਰ੍ਹਾਂ ਜੇ ਪੰਜਾਬ ਸਰਕਾਰ ਸਮੇਂ ਸਿਰ ਸਕੀਮਾਂ ਬਣਾ ਕੇ ਕੇਂਦਰ ਸਰਕਾਰ ਤੋਂ ਪੂਰੇ ਫ਼ੰਡ ਹਾਸਲ ਕਰਦੀ ਤਾਂ ਗ਼ਰੀਬ ਪਰਿਵਾਰਾਂ ਨੂੰ ਹਰ ਸਾਲ ਤਕਰੀਬਨ 1200 ਤੋਂ 1400 ਕਰੋੜ ਰੁਪਏ ਮਿਲਣੇ ਸਨ ਪਰ ਪੰਜਾਬ ਸਰਕਾਰ ਦੀ ਨਾਲਾਇਕੀ ਕਾਰਨ 2008-09 'ਚ ਸਿਰਫ਼ 114.85 ਕਰੋੜ ਰੁਪਏ ਦੇ ਫ਼ੰਡ ਹਾਸਲ ਕੀਤੇ ਤੇ ਇਸ ਵਿਚੋਂ ਵੀ ਸਿਰਫ਼ 72.36 ਕਰੋੜ ਖ਼ਰਚ ਕੀਤੇ ਜਿਨ੍ਹਾਂ ਵਿਚੋਂ 44.54 ਕਰੋੜ ਮਜ਼ਦੂਰੀ ਦੀ ਅਦਾਇਗੀ ਤੇ 20.66 ਕਰੋੜ ਰੁਪਏ ਕਹੀਆਂ ਤਸਲੇ ਤੇ ਹੋਰ ਸਾਮਾਨ ਉਪਰ ਖ਼ਰਚ ਕੀਤੇ ਗਏ।

ਇਸੇ ਤਰ੍ਹਾਂ 2009-10 'ਚ ਵੀ ਕੰਮ ਮੰਗ ਰਹੇ ਪਰਵਾਰਾਂ ਦੀ ਗਿਣਤੀ 7.50 ਲੱਖ ਸੀ। ਇਸ ਸਾਲ ਵੀ ਤਕਰੀਬਨ 1300 ਕਰੋੜ ਰੁਪਏ ਇਸ ਸਕੀਮ ਅਧੀਨ ਕੇਂਦਰ ਤੋਂ ਲਏ ਜਾ ਸਕਦੇ ਸਨ ਪਰ ਪੰਜਾਬ ਸਰਕਾਰ ਨੇ 209.16 ਕਰੋੜ ਰੁਪਏ ਹੀ ਹਾਸਲ ਕੀਤੇ ਤੇ ਇਨ੍ਹਾਂ ਵਿਚੋਂ 150 ਕਰੋੜ ਰੁਪਏ ਖ਼ਰਚ ਕੀਤੇ। ਖ਼ਰਚ ਕੀਤੀ ਰਕਮ 'ਚੋਂ ਵੀ ਤਕਰੀਬਨ 44 ਕਰੋੜ ਰੁਪਏ ਤਾਂ ਸਾਮਾਨ ਖ਼ਰੀਦਣ 'ਤੇ ਹੀ ਖ਼ਰਚ ਹੋ ਗਏ ਤੇ 106 ਕਰੋੜ ਰੁਪਏ ਮਜ਼ਦੂਰੀ ਵਜੋਂ ਦਿੱਤੇ ਗਏ। ਅਕਾਲੀ-ਭਾਜਪਾ ਸਰਕਾਰ ਦੇ ਚਾਰੇ ਸਾਲਾਂ 'ਚ ਕੇਂਦਰ ਤੋਂ ਫ਼ੰਡ ਲੈਣ ਦੇ ਮਾਮਲੇ 'ਚ ਇਹੀ ਹਾਲ ਰਿਹਾ। ਪੰਜਾਬ ਕਾਂਗਰਸ ਵੱਲੋਂ ਗਠਤ ਕਮੇਟੀ ਦੀ ਮੀਟਿੰਗ 'ਚ ਹਰ ਕੇਂਦਰੀ ਸਕੀਮ ਬਾਰੇ ਅੰਕੜੇ ਪੇਸ਼ ਕੀਤੇ ਗਏ ਤੇ ਹੈਰਾਨੀ ਪ੍ਰਗਟ ਕੀਤੀ ਗਈ ਕਿ ਪੰਜਾਬ ਨੇ ਕੇਂਦਰ ਤੋਂ ਮਿਲਣ ਵਾਲੀ ਹਜ਼ਾਰਾਂ ਕਰੋੜ ਰੁਪਏ ਦੀ ਸਹਾਇਤਾ ਪ੍ਰਾਪਤ ਨਾ ਕਰ ਕੇ ਸੂਬੇ ਦਾ ਵੱਡਾ ਨੁਕਸਾਨ ਕੀਤਾ ਹੈ।

ਕਾਂਗਰਸੀ ਆਗੂਆਂ ਅਨੁਸਾਰ ਕੇਂਦਰ ਦੀਆਂ ਤਕਰੀਬਨ 30-32 ਸਕੀਮਾਂ ਹਨ ਜਿਨ੍ਹਾਂ ਅਧੀਨ ਰਾਜ ਸਰਕਾਰ ਲੋਕਾਂ ਦੀ ਭਲਾਈ ਲਈ ਮੋਟੀਆਂ ਰਕਮਾਂ ਹਾਸਲ ਕਰ ਕੇ ਵਿਕਾਸ ਕਰ ਸਕਦੀ ਸੀ। ਪੰਜਾਬ ਸਰਕਾਰ ਹਮੇਸ਼ਾ ਕੇਂਦਰ ਨੂੰ ਕੋਸਦੀ ਹੈ ਕਿ ਰਾਜ ਨੂੰ ਸਹਾਇਤਾ ਨਹੀਂ ਮਿਲ ਰਹੀ ਪਰ ਅਸਲੀਅਤ ਇਹ ਹੈ ਕਿ ਪੰਜਾਬ ਸਰਕਾਰ ਕੇਂਦਰੀ ਸਕੀਮਾਂ ਦਾ ਲਾਹਾ ਲੈਣ 'ਚ ਪੂਰੀ ਤਰ੍ਹਾਂ ਅਸਫ਼ਲ ਰਹੀ ਹੈ।



## ਬਾਦਲ ਵੱਲੋਂ ਦਿੱਲੀ ਦਰਬਾਰ ਕੋਲ ਹੋਰ ਫੰਡ ਦੇਣ ਦੀ ਫਰਿਆਦ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ-ਪਹਿਲਾਂ ਕੁਝ ਹੱਥ ਪੱਲਾ ਮਾਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਿਛਲੇ ਦਿਨੀਂ ਉਹ ਚੁੱਪ ਚਪੀਤੇ ਦਿੱਲੀ ਦਰਬਾਰ ਪੁੱਜੇ ਤੇ ਕਈ ਮੰਤਰੀਆਂ ਨਾਲ ਮਿਲ ਕੇ ਫੰਡ ਜਾਰੀ ਕਰਨ ਦੀ ਫਰਿਆਦ ਕੀਤੀ। ਉਨ੍ਹਾਂ ਨੇ ਰੁਕੇ ਹੋਏ ਵਿਕਾਸ ਕੰਮਾਂ ਨੂੰ ਚਾਲੂ ਕਰਨ ਲਈ ਦਿੱਲੀ ਦਰਬਾਰ ਤੋਂ ਫੰਡਾਂ ਦੀ ਮੰਗ ਕੀਤੀ। ਸ. ਬਾਦਲ ਨੇ ਮੰਗ ਕੀਤੀ ਹੈ ਕਿ ਸੂਬੇ ਦੇ ਚਾਰ ਸੌ ਕਰੋੜ ਰੁਪਏ ਜਲਦ ਜਾਰੀ ਕੀਤੇ ਜਾਣ। ਉਨ੍ਹਾਂ ਨਾਲ ਹੀ ਮੰਗ ਕੀਤੀ ਕਿ ਸ਼ਹਿਰਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਹਡਕੋ ਤੋਂ 750 ਕਰੋੜ ਰੁਪਏ ਦਾ ਕਰਜ਼ਾ ਜਲਦੀ ਦਿਵਾਇਆ ਜਾਵੇ ਤੇ ਸੂਬੇ ਦੇ ਬਕਾਇਆ ਮਾਮਲਿਆਂ 'ਤੇ ਜਲਦੀ ਕਾਰਵਾਈ ਕੀਤੀ ਜਾਵੇ।

ਮੁੱਖ ਮੰਤਰੀ ਸਭ ਤੋਂ ਪਹਿਲਾਂ ਯੋਜਨਾ ਕਮਿਸ਼ਨ ਦੇ ਵਾਈਸ ਚੇਅਰਮੈਨ ਮੌਨਟੇਕ ਸਿੰਘ ਆਹਲੂਵਾਲੀਆ ਨੂੰ ਮਿਲੇ ਤੇ ਸੂਬੇ ਦੀ ਬਕਾਇਆ ਗਰਾਂਟ ਜਾਰੀ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਯੋਜਨਾ ਕਮਿਸ਼ਨ ਸੂਬੇ ਨੂੰ ਪਹਿਲਾਂ ਪ੍ਰਵਾਨ ਕੀਤੇ ਚਾਰ ਸੌ ਕਰੋੜ ਰੁਪਏ ਜਾਰੀ ਕਰੇ। ਕਮਿਸ਼ਨ ਨੇ ਸੂਬੇ ਦੀਆਂ ਯੋਜਨਾਵਾਂ ਲਈ 110 ਕਰੋੜ ਰੁਪਏ ਪ੍ਰਵਾਨ ਨਹੀਂ ਕੀਤੇ।

ਮੁੱਖ ਮੰਤਰੀ ਨੇ ਕਿਹਾ ਕਿ ਮਾਰਚ 2011 ਵਿਚ ਕਰਜ਼ਾ ਮਨਜ਼ੂਰ ਕਰ ਕੇ ਜੂਨ ਮਹੀਨੇ ਪੱਤਰ ਜਾਰੀ ਕਰ ਦਿੱਤਾ ਸੀ। ਇਸ ਤੋਂ ਬਾਅਦ ਰਾਜ ਸਰਕਾਰ ਨੇ ਜ਼ਾਮਨੀ ਦੇ ਦਿੱਤੀ ਸੀ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਇਸ ਲਈ ਕਈ ਵਾਰ ਸੰਪਰਕ ਕੀਤਾ ਹੈ ਪਰ ਅਜੇ ਤਕ ਕਰਜ਼ਾ ਜਾਰੀ ਨਹੀਂ ਕੀਤਾ ਗਿਆ। ਇਸ ਤੋਂ ਬਾਅਦ ਉਹ ਪਾਰਲੀਮਾਨੀ ਮਾਮਲੇ ਤੇ ਪਾਣੀ ਵਸੀਲਾ ਮੰਤਰੀ ਪਵਨ ਕੁਮਾਰ ਬਾਂਸਲ ਨੂੰ ਮਿਲੇ ਤੇ ਸੂਬੇ ਦੇ ਵੱਖ-ਵੱਖ ਪ੍ਰਾਜੈਕਟਾਂ ਲਈ 163 ਕਰੋੜ ਰੁਪਏ ਜਾਰੀ ਕਰਨ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਹਿਰਾਂ ਤੇ ਪਾਣੀ ਦੇ ਭੰਡਾਰਨ ਲਈ 3769.35 ਕਰੋੜ ਰੁਪਏ ਦੀ ਗਰਾਂਟ ਕੇਂਦਰ ਕੋਲੋਂ ਮੰਗੀ ਹੈ ਤਾਂ ਕਿ ਖੇਤੀ ਦੀ ਵਿਕਾਸ ਦਰ ਬਰਕਰਾਰ ਰੱਖੀ ਜਾ ਸਕੇ। ਮੁੱਖ ਮੰਤਰੀ ਨੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਬਰਕਰਾਰ ਰੱਖਣ ਲਈ 3498.40 ਕਰੋੜ ਰੁਪਏ ਦੀ ਯੋਜਨਾ ਨੂੰ ਜਲਦੀ ਪ੍ਰਵਾਨਗੀ ਦੇਣ ਦੀ ਮੰਗ ਕੀਤੀ। ਸ੍ਰੀ ਬਾਂਸਲ ਨੇ ਮੁੱਖ ਮੰਤਰੀ ਨੂੰ ਭਰੋਸਾ ਦਿੱਤਾ ਕਿ ਉਹ ਸੀਨੀਅਰ ਅਧਿਕਾਰੀਆਂ ਦੀ ਜਲਦੀ ਮੀਟਿੰਗ ਸੱਦਣਗੇ ਤੇ ਪ੍ਰਾਜੈਕਟਾਂ ਨੂੰ ਪ੍ਰਵਾਨਗੀ ਦੇਣਗੇ।

## ਗਦਾਫੀ ਅਲਜੀਰੀਆ ਵੱਲ ਦੌੜਿਆ

**ਤ੍ਰਿਪੋਲੀ:** ਲੀਬੀਆ ਦੇ ਬਾਗੀਆਂ ਨੇ ਤਾਨਾਸ਼ਾਹ ਮੁਅੱਮਰ ਗਦਾਫੀ ਦੇ ਗੜ੍ਹ ਨੂੰ ਤੋੜਦਿਆਂ ਐਲਾਨ ਕੀਤਾ ਹੈ ਕਿ ਉਹ ਤ੍ਰਿਪੋਲੀ ਤੋਂ ਦੇਸ਼ ਦਾ ਸ਼ਾਸਨ ਚਲਾਉਣਗੇ। ਬਾਗੀਆਂ ਨੇ ਗਦਾਫੀ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਚਾਰ ਦਿਨਾਂ ਦੇ ਅੰਦਰ-ਅੰਦਰ ਆਤਮ ਸਮਰਪਣ ਕਰ ਦੇਵੇ। ਨੈਸ਼ਨਲ ਟ੍ਰਾਂਸਿਸ਼ਨਲ ਕੌਂਸਲ ਦੇ ਚੇਅਰਮੈਨ ਮੁਸਤਫ਼ਾ ਅਬਦਲ ਜਲੀਲ ਨੇ ਕਿਹਾ ਹੈ ਕਿ ਲੀਬੀਆਈ ਫੌਜਾਂ ਕੇਂਦਰੀ ਤੇ ਦੱਖਣੀ ਲੀਬੀਆ ਤੇ ਗੱਦਾਫ਼ੀ ਦੇ ਜੱਦੀ ਸ਼ਹਿਰ ਸਿਰਤੇ 'ਤੇ ਕਬਜ਼ਾ ਕਰਨਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਜੇ ਸਨਿਚਰਵਾਰ ਤੱਕ ਸ਼ਾਂਤਮਈ ਤਰੀਕੇ ਨਾਲ ਅਜਿਹਾ ਨਹੀਂ ਹੋਇਆ ਤਾਂ ਫੌਜੀ ਕਾਰਵਾਈ ਕੀਤੀ ਜਾਵੇਗੀ।

ਮੀਡੀਆ ਰਿਪੋਰਟਾਂ ਅਨੁਸਾਰ ਗਦਾਫੀ ਦੀ ਪਤਨੀ ਸਾਫੀਆ, ਬੇਟੀ ਆਇਸ਼ਾ ਤੇ ਉਸ ਦੇ ਦੋ ਪੁੱਤਰ ਹਾਨੀਬਲ ਤੇ ਮੁਹੰਮਦ ਅਲਜੀਰੀਆ ਪਹੁੰਚ ਗਏ ਹਨ। ਅਲਜੀਰੀਆ ਦੀ ਸਰਕਾਰ ਨੇ ਸੰਯੁਕਤ ਰਾਸ਼ਟਰ ਤੇ ਲੀਬੀਆ ਦੇ ਵਿਰੋਹੀਆਂ ਨੂੰ ਇਹ ਜਾਣਕਾਰੀ ਦੇ ਦਿੱਤੀ ਹੈ। ਇਥੇ ਗਦਾਫੀ ਦੀ ਬੇਟੀ ਆਇਸ਼ਾ ਨੇ ਅਲਜੀਰੀਆ ਵਿਚ ਇਕ ਲੜਕੀ ਨੂੰ ਜਨਮ ਦਿੱਤਾ ਹੈ। ਇਸੇ ਦੌਰਾਨ ਗਦਾਫੀ ਦਾ ਸਭ ਤੋਂ ਛੋਟਾ ਪੁੱਤਰ ਖਾਮਿਸ ਤ੍ਰਿਪੋਲੀ ਨੇੜੇ ਵਿਰੋਹੀਆਂ ਨਾਲ ਲੜਾਈ ਵਿਚ ਮਾਰਿਆ ਗਿਆ। ਗਦਾਫੀ ਨੇ ਆਪਣੇ ਵਫਾਦਾਰਾਂ ਨੂੰ ਬਾਗੀਆਂ ਵਿਰੁੱਧ ਮਰ ਮਿਟਣ ਲਈ ਕਿਹਾ ਹੈ।

ਉਂਜ ਗਦਾਫੀ ਦਾ ਕਿਲ੍ਹਾ ਨਾਟੋ ਵੱਲੋਂ ਕੀਤੀ ਗਈ ਬੰਬਾਰੀ ਵਿਚ ਢਹਿਢੇਰੀ ਹੋਣ ਤੋਂ ਬਾਅਦ ਵੀ ਛੇ ਮਹੀਨੇ ਤੋਂ ਲੜੀ ਜਾ ਰਹੀ ਲੜਾਈ ਵਫਾਦਾਰ ਫੋਰਸਾਂ ਦੀਆਂ ਜਵਾਬੀ ਕਾਰਵਾਈਆਂ ਕਾਰਨ ਅਜੇ ਖਤਮ ਹੁੰਦੀ ਨਜ਼ਰ ਨਹੀਂ ਆ ਰਹੀ। ਵਫਾਦਾਰ ਰਾਜਧਾਨੀ ਤੋਂ ਬਾਹਰ ਗਦਾਫੀ ਦੇ ਤੱਟੀ ਜੱਦੀ ਸ਼ਹਿਰ ਤੇ ਦੂਰ ਦਰਾਜ ਮਾਰੂਥਲ ਖੇਤਰ ਵਿਚ ਸਰਗਰਮ ਹਨ ਜਿਸ ਕਾਰਨ ਹਿੰਸਾ ਕੁਝ ਸਮਾਂ ਜਾਰੀ ਰਹਿ ਸਕਦੀ ਹੈ।

# ਡਾ. ਗੁਮਟਾਲਾ ਦਾ ਪੰਜਾਬੀ ਸਾਹਿਤ ਸਭਾ ਵਲੋਂ ਸਨਮਾਨ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਵੈਬਸਾਈਟ punjabisahitsabhacalifornia.com ਦਾ ਉਦਘਾਟਨ ਪੱਤਰਕਾਰ ਤੇ ਲੇਖਕ ਡਾ ਚਰਨਜੀਤ ਸਿੰਘ ਗੁਮਟਾਲਾ ਨੇ ਕੀਤਾ। ਸਭਾ ਦੇ ਅਹੁਦੇਦਾਰ ਦਲਵੀਰ ਦਿਲ ਨਿਜਰ ਦੇ ਗ੍ਰਹਿ ਇਕ ਖਾਸ ਬੈਠਕ ਵਿਚ ਉਨ੍ਹਾਂ ਨੂੰ ਸਭਾ ਵਲੋਂ ਸਨਮਾਨ ਪੱਤਰ ਅਤੇ ਸਭਾ ਦਾ "ਸੋਵੀਨਾਰ 2010", ਸਭਾ ਦੇ ਸਵਰਗੀਏ ਮੈਂਬਰ, ਤੇਜਿੰਦਰ ਬਿੰਦ ਦੀ ਪੁਸਤਕ, "ਮਸ਼ਾਲ ਗਜ਼ਲਾਂ ਦੀ" ਤੇ ਹਰਬੰਸ ਜਗਿਆਸੂ ਦੀ "ਜਗਿਆਸਾ" ਭੇਟ ਕੀਤੀਆਂ ਗਈਆਂ। ਡਾ ਗੁਮਟਾਲਾ ਨੇ ਵੈਬਸਾਈਟ ਬਣਾਏ ਜਾਣ ਦੀ ਸ਼ਲਾਘਾ ਕਰਦਿਆਂ ਆਪਣੇ ਮਾਣ-ਸਨਮਾਨ ਲਈ ਸਭਾ ਦਾ ਧੰਨਵਾਦ ਕੀਤਾ।

ਬੈਠਕ ਵਿਚ ਚਰਨਜੀਤ ਸਿੰਘ ਪਨੂੰ ਦੀ 12ਵੀਂ ਪੁਸਤਕ, ਸਖ਼ੀਰਾ (ਕਹਾਣੀ ਸੰਗ੍ਰਿਹ) ਤੇ ਵੀ ਚਰਚਾ ਹੋਈ। ਸਭਾ ਦੇ ਜਨਰਲ ਸਕੱਤਰ ਜਿਉਤੀ ਸਿੰਘ ਨੇ ਤਜਿੰਦਰ ਕੌਰ ਦੀ ਕਹਾਣੀ ਨਾਲ ਕਹਾਣੀ ਸ਼ੈਸ਼ਨ ਦਾ ਆਰੰਭ ਕੀਤਾ। ਉਸ ਤੋਂ ਬਾਦ ਮੁਹਿੰਦਰ ਸਿੰਘ ਘੱਗ ਤੇ ਜਸਵੰਤ ਸਿੰਘ ਜੱਸੀ ਨੇ ਕਹਾਣੀਆਂ ਪੜ੍ਹੀਆਂ। ਕਵੀ ਦਰਬਾਰ ਵਿਚ ਜੀਵਨ, ਜਸਵੰਤ ਜੱਸੀ, ਡਾ ਗੁਰਦੇਵ ਸਿੰਘ ਘਣਗਸ, ਬਲਜਿੰਦਰ ਕੌਰ, ਡਾ ਪਰਗਟ ਸਿੰਘ, ਕਮਲ ਬੰਗਾ, ਗੁਰਬਚਨ ਚੋਪੜਾ, ਗੁਰਬਚਨ ਸਿੰਘ ਭਾਟੀਆ, ਦਲਵੀਰ ਦਿਲ ਨਿਜਰ, ਦਲਜੀਤ ਸੂਦ, ਮੁਹਿੰਦਰ ਸਿੰਘ ਘੱਗ, ਰਾਠੀ ਸੁਰਾਪੁਰੀ, ਮੱਖਣ ਲੁਹਾਰ, ਪ੍ਰਿੰਸੀਪਲ ਹਰਜਿੰਦਰ ਸਿੰਘ ਮਟੂ, ਤਰਲੋਕ ਸਿੰਘ, ਕਮਲ ਤੇ ਹਰਬੰਸ ਸਿੰਘ ਜਗਿਆਸੂ ਨੇ ਕਵਿਤਾਵਾਂ ਪੜ੍ਹੀਆਂ।

ਸਭਾ ਵਿਚ ਹੋਰਨਾਂ ਤੋਂ ਇਲਾਵਾ ਪੱਤਰਕਾਰ ਗੁਰਜਤਿੰਦਰ ਸਿੰਘ ਰੰਧਾਵਾ, ਨਰਿੰਦਰਪਾਲ ਸਿੰਘ ਹੁੰਦਲ, ਜਗਦੇਵ ਸਿੰਘ ਭੰਡਾਲ, ਮੁਖਤਾਰ ਸਿੰਘ ਗਿੱਲ ਤੇ ਉਨ੍ਹਾਂ ਦੇ ਸਾਥੀ, ਗੁਰਦੇਵ ਸਿੰਘ ਸਮਰਾ, ਸ੍ਰੀ ਪ੍ਰੀਤਮ ਦਾਸ, ਮਲਵਿੰਦਰ ਸਿੰਘ ਸੰਧੂ, ਜੋਹਨ ਸਿੰਘ ਬੰਗਾ, ਇੰਦਰ ਸਿੰਘ ਗਰੇਵਾਲ, ਤਰਲੋਚਨ ਸਿੰਘ ਭਾਟੀਆ, ਜਸਇੰਦਰ ਸਿੰਘ (ਕੈਨੀ ਵਿਰਕ), ਸ੍ਰੀ ਬੌਬੀ ਗੋਸਲ, ਨਬਿੰਦਰ ਭੰਡਾਲ, ਨੇਕਵੀਰ ਭੰਡਾਲ, ਕਸ਼ਮੀਰ ਸਿੰਘ ਬਾਂਦੀ, ਬਲਹਾਰ ਸਿੰਘ ਸਰਪੰਚ, ਸ੍ਰੀ ਕਸ਼ਮੀਰ ਸਿੰਘ ਇੰਡੀਆ ਮਾਰਟ, ਗੁਰਪਾਲ ਸਿੰਘ ਭਾਟੀਆ ਤੇ ਬੌਬੀ ਭਾਟੀਆ, ਮਨਮੋਹਨ ਸਿੰਘ ਪੁਰੇਵਾਲ ਨੇ ਹਾਜ਼ਰੀ ਵੀ ਲਵਾਈ।



# ਹਾਂਸੀ-ਬੁਟਾਣਾ: ਕੇਂਦਰੀ ਜਲ ਕਮਿਸ਼ਨ ਵੀ ਹਰਿਆਣਾ ਦੇ ਹੱਕ 'ਚ ਭੁਗਤਿਆ

**ਚੰਡੀਗੜ੍ਹ:** ਸੁਪਰੀਮ ਕੋਰਟ ਵਿਚ ਪੰਜਾਬ ਨੂੰ ਉਸ ਵੇਲੇ ਝਟਕਾ ਲੱਗਾ ਜਦੋਂ ਕੇਂਦਰੀ ਜਲ ਕਮਿਸ਼ਨ ਨੇ ਹਰਿਆਣਾ ਦਾ ਪੱਖ ਪੂਰਦਿਆਂ ਆਖ ਦਿੱਤਾ ਕਿ ਹਾਂਸੀ-ਬੁਟਾਣਾ ਨਹਿਰ ਨਾਲ ਉਸਾਰੀ ਜਾ ਰਹੀ ਕੰਧ ਕਾਰਨ ਨਾ ਤਾਂ ਮੀਂਹ ਦੇ ਪਾਣੀ ਦੇ ਵਹਾਅ ਵਿਚ ਰੁਕਾਵਟ ਆਵੇਗੀ ਤੇ ਨਾ ਹੀ ਪੰਜਾਬ ਵਿਚ ਹੜ੍ਹ ਆਉਣਗੇ। ਇਸੇ ਨਾਲ ਅਦਾਲਤ ਨੇ ਕੰਧ ਦੀ ਉਸਾਰੀ ਦੇ ਕੰਮ ਉਪਰ ਰੋਕ ਲਾਉਣ ਤੋਂ ਵੀ ਨਾ ਕਰ ਦਿੱਤੀ।

ਸੁਪਰੀਮ ਕੋਰਟ ਵਿਚ ਪੇਸ਼ ਰਿਪੋਰਟ ਵਿਚ ਕਮਿਸ਼ਨ ਨੇ ਦੱਸਿਆ ਹੈ ਕਿ ਕੰਧ ਦੀ ਉਚਾਈ ਏਨੀ ਨਹੀਂ ਹੈ ਜਿਸ ਨਾਲ ਪਾਣੀ ਦਾ ਵਹਾਅ ਰੁਕੇ ਤੇ ਹੜ੍ਹ ਆ ਜਾਵੇ। ਕਮਿਸ਼ਨ ਕੇਂਦਰੀ ਜਲ ਵਸੀਲਿਆਂ ਬਾਰੇ ਮੰਤਰਾਲੇ ਦੇ ਤਹਿਤ ਹੈ। ਜਸਟਿਸ ਜੇ. ਐਮ. ਪੰਚਾਲ ਤੇ ਐਚ.ਐਲ. ਗੋਖਲੇ ਦੇ ਬੈਂਚ ਕੋਲ ਕੇਂਦਰ ਵੱਲੋਂ ਪੇਸ਼ ਹੋਏ ਅਡੀਸ਼ਨਲ ਸਾਲਿਸਟਰ ਜਨਰਲ ਮੋਹਨ ਜੈਨ ਨੇ ਦੱਸਿਆ ਕਿ ਕਮਿਸ਼ਨ ਨੇ ਇਹ ਰਿਪੋਰਟ ਮੌਕੇ ਦਾ ਦੌਰਾ ਕਰਨ ਤੋਂ ਬਾਅਦ ਤਿਆਰ ਕੀਤੀ ਹੈ। ਦੂਜੇ ਪਾਸੇ ਪੰਜਾਬ ਵੱਲੋਂ ਪੇਸ਼ ਸੀਨੀਅਰ ਵਕੀਲ ਹਰੀਸ਼ ਸਾਲਵੇ ਨੇ ਕਮਿਸ਼ਨ ਦੀ ਰਿਪੋਰਟ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ। ਕਮਿਸ਼ਨ ਨੇ ਸਾਲ 2008 ਵਿਚ ਪੇਸ਼ ਕੀਤੀ ਰਿਪੋਰਟ ਵਿਚ ਕਿਹਾ ਸੀ ਕਿ ਨਹਿਰ ਨਾਲ ਉਸਾਰੀ ਜਾ ਰਹੀ 10 ਫੁੱਟ ਉੱਚੀ ਕੰਧ ਨਾਲ ਪੰਜਾਬ ਵਿਚ ਹੜ੍ਹ ਨਹੀਂ ਆਉਣਗੇ ਪਰ 2010 ਵਿਚ ਰਾਜ ਅੰਦਰ ਹੜ੍ਹ ਆਉਣ ਕਾਰਨ ਕਮਿਸ਼ਨ ਦਾ ਦਾਅਵਾ ਖੋਖਲਾ ਸਾਬਤ ਹੋ ਗਿਆ। ਇਸ ਤੋਂ ਇਲਾਵਾ ਹਰਿਆਣਾ ਦੇ ਵੀ ਕਈ ਪਿੰਡ ਪਾਣੀ ਵਿਚ ਡੁੱਬ ਗਏ ਸਨ।

ਕੇਂਦਰ ਜਲ ਕਮਿਸ਼ਨ ਦੀ ਰਿਪੋਰਟ ਚੰਡੀਗੜ੍ਹ ਸਥਿਤ ਇੰਡਸ ਬੇਸਿਨ ਆਰਗੇਨਾਈਜ਼ੇਸ਼ਨ ਦੇ ਡਾਇਰੈਕਟਰ ਨੇ ਇਸ ਸਾਲ 6 ਜੁਲਾਈ ਨੂੰ ਨਹਿਰ ਦਾ ਦੌਰਾ ਕਰਨ ਮਗਰੋਂ ਤਿਆਰ ਕੀਤੀ ਹੈ। ਉਨ੍ਹਾਂ ਨਾਲ ਦੌਰੇ ਵੇਲੇ ਹਰਿਆਣਾ ਦੇ ਸਿੰਜਾਈ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਐਨ.ਕੇ. ਗਰਗ ਤੋਂ ਇਲਾਵਾ ਹੋਰ ਕਈ ਅਧਿਕਾਰੀ ਵੀ ਸਨ। ਜਲ ਕਮਿਸ਼ਨ ਦੀ ਰਿਪੋਰਟ ਉਪਰ ਜਵਾਬ ਦਾਖਲ ਕਰਨ ਲਈ ਪੰਜਾਬ ਤੇ ਹਰਿਆਣਾ ਨੇ ਅਦਾਲਤ ਕੋਲੋਂ ਸਮਾਂ ਮੰਗਿਆ ਹੈ। ਦੋਵਾਂ ਰਾਜਾਂ ਦੇ ਮਾਹਰਾਂ ਵੱਲੋਂ ਜਵਾਬ ਤਿਆਰ ਕੀਤੇ ਜਾਣਗੇ। ਬੈਂਚ ਨੇ ਮਾਮਲੇ ਦੀ ਸੁਣਵਾਈ 8 ਸਤੰਬਰ ਤੱਕ ਟਾਲ ਦਿੱਤੀ ਹੈ। ਪੰਜਾਬ ਵੱਲੋਂ ਪੇਸ਼ ਹੋਏ ਇਕ ਹੋਰ ਸੀਨੀਅਰ ਵਕੀਲ ਰਾਜੀਵ ਧਵਨ ਨੇ ਕੰਧ ਦੀ ਉਸਾਰੀ ਦੇ ਕੰਮ ਉਪਰ ਅੰਤ੍ਰਿਮ ਰੋਕ ਲਾਉਣ ਦੀ ਮੰਗ ਕੀਤੀ ਪਰ ਬੈਂਚ ਨੇ ਅਜਿਹਾ ਕਰਨ ਤੋਂ ਨਾ ਕਰ ਦਿੱਤੀ।

## ਕੈਪਟਨ ਵੱਲੋਂ ਜਲ ਕਮਿਸ਼ਨ ਦੀ ਰਿਪੋਰਟ ਨੂੰ ਚੁਣੌਤੀ



**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਹਾਂਸੀ-ਬੁਟਾਣਾ ਨਹਿਰ ਮਾਮਲੇ 'ਤੇ ਕੇਂਦਰੀ ਜਲ ਕਮਿਸ਼ਨ (ਸੀ.ਡਬਲਿਊ.ਸੀ.) ਦੇ ਬਦਲਦੇ ਰੁਖ਼ 'ਤੇ ਸਵਾਲ ਖੜੇ ਕਰਦਿਆਂ ਕਿਹਾ ਹੈ ਕਿ ਕਮਿਸ਼ਨ ਵੱਲੋਂ ਹੁਣ ਸੁਪਰੀਮ ਕੋਰਟ ਦੇ ਸਾਹਮਣੇ ਪੇਸ਼ਕਸ਼ ਕੀਤਾ ਨਜ਼ਰੀਆ ਸਾਲ 2006 ਦੇ ਵਿਚਾਰਾਂ ਦੇ ਉਲਟ ਹੈ।

ਸੀ.ਡਬਲਿਊ.ਸੀ. ਦੇ ਚੇਅਰਮੈਨ ਏ.ਕੇ. ਬਜਾਜ ਨੂੰ ਭੇਜੇ ਪੱਤਰ ਵਿਚ ਕੈਪਟਨ ਨੇ ਸ੍ਰੀ ਬਜਾਜ ਵੱਲੋਂ ਸਾਲ 2006 'ਚ ਤਿਆਰ ਕੀਤੀ ਗਈ ਰਿਪੋਰਟ ਦਾ ਵਰਨਣ ਕੀਤਾ ਹੈ। ਉਦੋਂ ਉਹ ਚੰਡੀਗੜ੍ਹ 'ਚ ਸੀ.ਡਬਲਿਯੂ.ਸੀ ਇੰਡਸ ਬੇਸਿਨ ਦੇ ਮੁੱਖ ਇੰਜਨੀਅਰ ਸਨ ਤੇ ਉਨ੍ਹਾਂ ਨੇ ਉਦੋਂ ਹਰਿਆਣਾ ਸਰਕਾਰ ਦੇ ਅਜਿਹੇ ਵਿਚਾਰਾਂ ਨੂੰ ਝੁਠਲਾਇਆ ਸੀ। ਸ੍ਰੀ ਬਜਾਜ ਵੱਲੋਂ 25 ਜਨਵਰੀ 2007 'ਚ ਤਿਆਰ ਕੀਤੀ ਰਿਪੋਰਟ ਦਾ ਹਵਾਲਾ ਦਿੰਦਿਆਂ ਕੈਪਟਨ ਨੇ ਕਿਹਾ ਕਿ ਉਸੇ ਦੌਰਾਨ ਉਨ੍ਹਾਂ ਨੇ ਮੰਨਿਆ ਸੀ ਕਿ ਹੜ੍ਹ ਦੀ ਸ਼ੰਕਾ ਸਾਈਫਨਜ਼ ਦੀ ਸਮਰੱਥਾ ਨਾਲ ਜੁੜੀ ਹੋਈ ਨਹੀਂ ਹੈ। ਇਹ ਪਹਿਲੀ ਦਸੰਬਰ, 2006 'ਚ ਸਾਈਟ ਦੇ ਦੌਰੇ ਦੌਰਾਨ ਕਾਫੀ ਸਪੱਸ਼ਟ ਸੀ ਤੇ ਇਸ ਦੌਰਾਨ ਉਨ੍ਹਾਂ ਦੇ ਨਾਲ ਹਰਿਆਣਾ ਸਰਕਾਰ ਦੇ ਅਧਿਕਾਰੀਆਂ ਨੇ ਵੀ ਇਸ ਨੂੰ ਮੰਨਿਆ ਸੀ। ਕੈਪਟਨ ਨੇ ਕਿਹਾ ਹੈ ਕਿ ਸ੍ਰੀ ਬਜਾਜ ਨੇ ਜਿਹੜੇ ਵਿਚਾਰ ਸਾਲ 2006 'ਚ ਰੱਖੇ ਸਨ, ਉਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਨਹਿਰ ਦੇ ਲਾਈਨ ਦੇ ਨਾਲ ਸਾਈਫਨਜ਼ ਤੇ ਜਲ ਨਿਕਾਸੀ 'ਤੇ ਕੰਮ ਕਰਨ ਦੀ ਜ਼ਰੂਰਤ ਹੈ ਜਦਕਿ ਹਰਿਆਣਾ ਸਰਕਾਰ ਨੇ ਸਾਈਫਨਜ਼ ਬਣਾਉਣ ਤੇ ਕ੍ਰਾਸ ਜਲ ਨਿਕਾਸੀ ਚੈਨਲਾਂ ਦਾ ਨਿਰਮਾਣ ਕਰਨ ਦੀ ਥਾਂ ਨਹਿਰ ਦੇ ਨਾਲ ਸਿਰਫ ਕੰਧ ਦਾ ਨਿਰਮਾਣ ਕੀਤਾ ਹੈ ਜਿਹੜੀ ਘੱਗਰ ਦੇ ਪਾਣੀ ਨੂੰ ਪੂਰੀ ਤਰ੍ਹਾਂ ਰੋਕ ਦੇਵੇਗੀ ਤੇ ਪਟਿਆਲਾ, ਮਾਨਸਾ ਤੇ ਸੰਗਰੂਰ ਜ਼ਿਲ੍ਹਿਆਂ ਦੇ ਹਿੱਸਿਆਂ 'ਚ ਵਿਨਾਸ਼ਕਾਰੀ ਹੜ੍ਹ ਦਾ ਕਾਰਨ ਬਣੇਗੀ।

# ਹਰਿਆਣਾ 'ਚ ਪੰਜਾਬੀ ਦੇ ਮਾਣ-ਸਤਿਕਾਰ ਲਈ ਪਹਿਲਕਦਮੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਸਰਕਾਰ ਨੇ ਭਾਵੇਂ ਅਜੇ ਤੱਕ ਸਿੱਖਾਂ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਮੰਗ ਪੂਰੀ ਨਹੀਂ ਕੀਤੀ ਪਰ ਪੰਜਾਬੀ ਭਾਸ਼ਾ ਨੂੰ ਸੂਬੇ 'ਚ ਬਣਦਾ ਮਾਣ-ਸਤਿਕਾਰ ਦੇ ਕੇ ਸਿੱਖਾਂ ਨੂੰ ਖੁਸ਼ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਯਤਨਾਂ ਤਹਿਤ ਹੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਪੰਜਾਬੀ ਭਾਸ਼ਾ ਨੂੰ ਮਾਣ ਦੇਣ ਦਾ ਕੰਮ ਖ਼ੁਦ ਸ਼ੁਰੂ ਕਰਦਿਆਂ ਸਕੱਤਰੇਤ ਸਥਿਤ ਆਪਣੇ ਦਫਤਰ ਵਿਚ ਆਪਣੇ ਨਾਂ ਦੀ ਤਖ਼ਤੀ ਪੰਜਾਬੀ ਵਿਚ ਲਾ ਲਈ ਹੈ। ਹਰਿਆਣਾ ਦੇ ਵਿੱਤ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਨੇ ਆਪਣੇ ਨਾਂ ਦੀ ਤਖ਼ਤੀ ਪਹਿਲਾਂ ਹੀ ਪੰਜਾਬੀ ਵਿਚ ਲਾ ਲਾਈ ਗਈ ਸੀ।

ਗ਼ੌਰਤਲਬ ਹੈ ਕਿ ਹਰਿਆਣਾ ਸਰਕਾਰ ਨੇ ਪੰਦਰਾਂ ਦਿਨ ਪਹਿਲਾਂ ਇਕ ਪੱਤਰ ਜਾਰੀ ਕਰ ਕੇ ਹਰਿਆਣਾ ਦੇ ਚੰਡੀਗੜ੍ਹ ਤੇ ਪੰਚਕੂਲਾ ਸਥਿਤ ਸਾਰੇ ਦਫਤਰਾਂ ਵਿਚ ਅਫਸਰਾਂ ਦੇ ਨਾਵਾਂ ਦੀਆਂ ਤਖ਼ਤੀਆਂ ਅੰਗਰੇਜ਼ੀ ਤੇ ਹਿੰਦੀ ਦੇ ਨਾਲ ਪੰਜਾਬੀ ਵਿਚ ਵੀ ਕਰਨ ਦੇ ਹੁਕਮ ਦਿੱਤੇ ਸਨ। ਇਨ੍ਹਾਂ ਹੁਕਮਾਂ ਦਾ ਸ਼ੁਭ ਆਰੰਭ ਸ੍ਰੀ ਹੁੱਡਾ ਨੇ ਸਭ ਤੋਂ ਪਹਿਲਾਂ ਆਪਣੇ ਸਰਕਾਰੀ ਦਫਤਰ ਵਿਚ ਆਪਣੇ ਨਾਂ ਦੀ ਤਖ਼ਤੀ ਉਤੇ ਪੰਜਾਬੀ ਲਿਖ ਕੇ ਕੀਤਾ। ਹਰਿਆਣਾ ਸਰਕਾਰ ਨੇ ਇਸ ਫੈਸਲੇ ਦੀ ਜਾਣਕਾਰੀ ਪ੍ਰਮੁੱਖ ਸਕੱਤਰਾਂ, ਪ੍ਰਸ਼ਾਸਕੀ ਸਕੱਤਰਾਂ, ਮੰਡਲ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਤੇ ਹੋਰ ਅਧਿਕਾਰੀਆਂ ਸਮੇਤ ਯੂਨੀਵਰਸਿਟੀਆਂ ਦੇ ਉਪ ਕੁਲਪਤੀਆਂ ਨੂੰ ਦਿੱਤੀ ਸੀ। ਸੂਚਨਾ ਮੁਤਾਬਕ ਹਾਲੇ ਇਸ ਫੈਸਲੇ ਨੂੰ ਦੋਹਾਂ ਸ਼ਹਿਰਾਂ ਦੇ ਦਫਤਰਾਂ ਵਿਚ ਅਮਲੀ ਰੂਪ ਮਿਲਣਾ ਸ਼ੁਰੂ ਨਹੀਂ ਹੋਇਆ।



ਹਰਿਆਣਾ ਦੇ ਇਕੋ-ਇਕ ਸਿੱਖ ਕੈਬਨਿਟ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਵਲੋਂ ਪਹਿਲਾਂ ਹੀ ਆਪਣੀ ਇੱਛਾ ਮੁਤਾਬਕ ਸਰਕਾਰੀ ਦਫਤਰ ਵਿਚ ਆਪਣੇ ਨਾਂ ਦੀ ਤਖ਼ਤੀ ਪੰਜਾਬੀ ਵਿਚ ਲਾ ਲਈ ਲਈ ਗਈ ਸੀ। ਉਨ੍ਹਾਂ ਮੰਤਰੀ ਵਜੋਂ ਸਹੁੰ ਵੀ ਪੰਜਾਬੀ ਵਿਚ ਚੁੱਕੀ ਸੀ।"ਉਨ੍ਹਾਂ ਸਦਨ ਵਿਚ ਆਪਣਾ ਪਲੇਠਾ ਭਾਸ਼ਣ ਵੀ ਪੰਜਾਬੀ ਵਿਚ ਹੀ ਦਿੱਤਾ ਸੀ। ਇਸ ਤੋਂ ਪਹਿਲਾਂ 2004 ਵਿਚ ਜਦੋਂ ਉਹ ਕੈਬਨਿਟ ਮੰਤਰੀ ਬਣੇ ਸਨ, ਉਦੋਂ ਵੀ ਉਨ੍ਹਾਂ ਸਹੁੰ ਪੰਜਾਬੀ ਵਿਚ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਉਹ ਜਦੋਂ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਸਨ ਤਾਂ ਉਨ੍ਹਾਂ ਸਦਨ ਦੀ ਪਲੇਠੀ ਕਾਰਵਾਈ ਪੰਜਾਬੀ ਵਿਚ ਚਲਾ ਕੇ ਵਿਲੱਖਣ ਪਿਰਤ ਪਾਈ ਸੀ।

ਹਰਿਆਣਾ ਸਰਕਾਰ ਵੱਲੋਂ ਪੰਜਾਬੀ ਨੂੰ ਪਹਿਲਾਂ ਹੀ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਜਾ ਚੁੱਕਾ ਹੈ। ਹਰਿਆਣਾ ਦੀ ਹੁੱਡਾ ਸਰਕਾਰ ਵੱਲੋਂ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਵਿੱਤੀ ਫੰਡ ਵਿਚ ਵੀ ਵੱਡਾ ਵਾਧਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸਰਕਾਰ ਨੇ ਰਾਜ ਵਿਚ ਪੰਜਾਬੀ ਲੇਖਕਾਂ ਸਮੇਤ ਦੂਜੀਆਂ ਪੰਜਾਬੀ ਸ਼ਖ਼ਸੀਅਤਾਂ ਲਈ ਵੱਖ-ਵੱਖ ਇਨਾਮਾਂ ਦੀ ਗਿਣਤੀ ਹੀ ਨਹੀਂ ਵਧਾਈ ਸਗੋਂ ਇਨ੍ਹਾਂ ਇਨਾਮਾਂ ਦੀ ਰਕਮ ਵਿਚ ਵੀ ਡੇਢ ਤੋਂ ਦੋ ਗੁਣਾ ਵਾਧਾ ਕੀਤਾ ਹੈ। ਹਰਿਆਣਾ ਦੇ ਰਾਜ ਮਾਰਗਾਂ ਸਮੇਤ ਅੰਦਰਲੀਆਂ ਸੜਕਾਂ ਦੇ ਮੀਲ ਪੱਥਰਾਂ ਉਤੇ ਵੀ ਹਿੰਦੀ ਦੇ ਨਾਲ ਪੰਜਾਬੀ ਲਿਖਣ ਦੀ ਯੋਜਨਾ ਬਣਾਈ ਜਾ ਰਹੀ ਹੈ। ਸਰਕਾਰ ਦਾ ਕਹਿਣਾ ਹੈ ਕਿ ਸਰਕਾਰੀ ਅਫਸਰਾਂ ਦੇ ਨਾਵਾਂ ਤੇ ਰਾਜ ਮਾਰਗਾਂ ਸਮੇਤ ਦੂਜੀਆਂ ਸੜਕਾਂ 'ਤੇ ਲੱਗੇ ਹੋਰਡਿੰਗਾਂ 'ਤੇ ਪੰਜਾਬੀ ਲਿਖਣ ਦਾ ਮਕਸਦ ਲੋਕਾਂ ਨੂੰ ਥਾਂ-ਟਿਕਾਣਾ ਲੱਭਣ ਵਿਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਦੂਰ ਕਰਨਾ ਹੈ। ਮੁੱਖ ਮੰਤਰੀ ਦੇ ਇਸ ਫੈਸਲੇ ਨੂੰ ਸਿਆਸਤ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ਪਰ ਮੁੱਖ ਮੰਤਰੀ ਦੀ ਖੁੱਲ੍ਹਦਿਲੀ ਦੀ ਪ੍ਰਸੰਸਾ ਕਰਨ ਵਾਲਿਆਂ ਦੀ ਵੀ ਘਾਟ ਨਹੀਂ ਹੈ। ਸ੍ਰੀ ਹੁੱਡਾ ਦਾ ਕਹਿਣਾ ਹੈ ਕਿ ਚੰਗੇ ਕੰਮ ਦੀ ਸ਼ੁਰੂਆਤ ਲਈ ਪਹਿਲ ਕਰਨੀ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ ਤੇ ਇਹ ਦੂਜਿਆਂ ਲਈ ਵੀ ਮਾਰਗ ਦਰਸ਼ਕ ਸਿੱਧ ਹੋਵੇਗੀ।

FARMERS INSURANCE GROUP
Symbol of Superior Service
FARMERS®

Now at new location: 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business
*Workers Compensation

Call for consultation
Ph: 408-771-2438
408-580-6063, 408-687-7566
Fax: 408-273-6001
SSINGH6@FARMERSAGENT.COM

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੀ ਰੂਪ ਸਹੀ ਮੰਨਿਆ ਜਾਏਗਾ।

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

If you want to sell your house in shortsale, first call 209-815-1869
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

Gurbans Gill 209-815-1869

# ਓਬਾਮਾ ਪ੍ਰਸ਼ਾਸਨ ਦੇ ਇਮੀਗ੍ਰੇਸ਼ਨ ਬਾਰੇ ਹਾਲੀਆ ਹੁਕਮ ਆਮ ਮੁਆਫੀ ਨਹੀਂ

**ਸੈਨ ਫਰਾਂਸਿਸਕੋ (ਬਿਊਰੋ):** ਓਬਾਮਾ ਪ੍ਰਸ਼ਾਸਨ ਵਿਚ ਸਕੱਤਰ ਨੈਪੋਲੀਟਾਨੋ ਵਲੋਂ ਲੰਘੀ 18 ਅਗਸਤ ਨੂੰ ਇੰਮੀਗਰੇਸ਼ਨ ਨੀਤੀ ਬਾਰੇ ਦਿਤੇ ਗਏ ਬਿਆਨ ਉਪਰੰਤ ਖਾਸ ਕਰ ਪੰਜਾਬੀ ਅਖਬਾਰਾਂ ਵਿਚ ਡਿਪੋਰਟੇਸ਼ਨ ਲਗੇ ਲੋਕਾਂ ਨੂੰ ਵਰਕ ਪਰਮਿਟ ਜਾਂ ਗਰੀਨ ਕਾਰਡ ਮਿਲਣ ਦੀ ਸੰਭਾਵਨਾ ਬਾਰੇ ਛਪੀਆਂ ਖਬਰਾਂ 'ਤੇ ਤਿੱਖਾ ਪ੍ਰਤੀਕਰਮ ਜਾਹਿਰ ਕਰਦਿਆਂ ਇਥੋਂ ਦੇ ਇਕ ਉਘੇ ਇੰਮੀਗਰੇਸ਼ਨ ਵਕੀਲ ਸ੍ਰੀ ਹਰਦੀਪ ਸਿੰਘ ਰਾਏ ਨੇ ਸਪਸ਼ਟ ਕੀਤਾ ਹੈ ਕਿ ਇਹ ਕੋਈ ਆਮ ਮੁਆਫੀ ਪ੍ਰੋਗਰਾਮ ਨਹੀਂ ਹੈ। ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਹੈ ਕਿ ਜੇ ਕੋਈ ਤੁਹਾਨੂੰ ਕਹਿੰਦਾ ਹੈ ਕਿ ਉਹ ਇਸ ਪ੍ਰੋਗਰਾਮ ਦੇ ਆਧਾਰ 'ਤੇ ਵਰਕ ਪਰਮਿਟ ਦਿਵਾ ਸਕਦਾ ਹੈ ਤਾਂ ਇਸ ਉਪਰ ਬਿਲਕੁਲ ਯਕੀਨ ਨਾ ਕੀਤਾ ਜਾਵੇ।

ਸ੍ਰੀ ਰਾਏ ਨੇ ਆਪਣੀ ਗੱਲ ਸਪਸ਼ਟ ਕਰਦਿਆਂ ਕਿਹਾ ਹੈ ਕਿ ਓਬਾਮਾ ਪ੍ਰਸ਼ਾਸਨ ਵਲੋਂ ਕੀਤਾ ਗਿਆ ਐਲਾਨ ਕੋਈ ਆਮ ਮੁਆਫੀ ਨਹੀਂ ਹੈ ਅਤੇ ਨਾ ਹੀ ਇਹ ਕਿਸੇ ਤਰ੍ਹਾਂ ਪੱਕੇ ਹੋਣ ਯਾਨਿ ਲੀਗਲ ਸਟੇਟਸ ਲਈ ਰਾਹ ਖੋਲ੍ਹਦਾ ਹੈ। ਇਸ ਐਲਾਨ ਦਾ ਇਕੋ ਇਕ ਮਨੋਰਥ ਕੋਰਟ ਸਿਸਟਮ ਵਿਚ ਘੱਟ ਤਰਜੀਹ ਵਾਲੇ ਕੇਸਾਂ ਦੀ ਗਿਣਤੀ ਘਟਾ ਕੇ ਵੱਧ ਤਰਜੀਹ ਵਾਲੇ ਕੇਸਾਂ ਲਈ ਸਮਾਂ ਬਚਾਉਣਾ ਹੈ। ਓਬਾਮਾ ਪ੍ਰਸ਼ਾਸਨ ਵਲੋਂ ਹੋਮਲੈਂਡ ਸਿਕਿਓਰਟੀ ਅਤੇ ਨਿਆਂਪਾਲਿਕਾ ਦੇ ਅਫਸਰਾਂ ਨੂੰ ਲੈ ਕੇ ਇਕ ਉਚ ਪਧਰੀ ਵਰਕਿੰਗ ਗਰੁੱਪ ਕਾਇਮ ਕੀਤਾ ਜਾ ਰਿਹਾ ਹੈ ਜੋ ਇੰਮੀਗਰੇਸ਼ਨ ਅਦਾਲਤਾਂ ਵਿਚ ਪਹਿਲਾਂ ਹੀ ਸੁਣਵਾਈ ਅਧੀਨ ਪਏ ਘੱਟ ਅਹਿਮੀਅਤ ਵਾਲੇ ਇੰਮੀਗਰੇਸ਼ਨ ਕੇਸਾਂ ਉਤੇ ਮੁੜ ਵਿਚਾਰ ਕਰੇਗਾ ਤਾਂ ਜੋ ਅਜਿਹੇ ਕੇਸਾਂ ਨੂੰ ਬੰਦ ਕੀਤਾ ਜਾ ਸਕੇ। ਇਸ ਦਾ ਮਕਸਦ ਵਡੀ ਤਰਜੀਹ ਵਾਲੇ ਕੇਸਾਂ ਦਾ ਛੇਤੀ ਨਿਪਟਾਰਾ ਕਰਨਾ ਹੈ। ਅਜਿਹੇ ਕੋਈ ਕਾਇਦੇ-ਕਾਨੂੰਨ ਨਹੀਂ ਬਣਾਏ ਗਏ ਜਿਸ ਨਾਲ ਕਿਸੇ ਖਾਸ ਕੇਸ ਨੂੰ ਘੱਟ ਜਾਂ ਵੱਧ ਅਹਿਮੀਅਤ ਵਾਲਾ ਕਰਾਰ ਦਿਤਾ ਜਾ ਸਕੇ।

ਸ੍ਰੀ ਰਾਏ ਨੇ ਕਿਹਾ ਕਿ ਹਾਲ ਹੀ ਵਿਚ ਦਿੱਤੀਆਂ ਗਈਆਂ ਹਦਾਇਤਾਂ ਸਹਾਈ ਹੁੰਦੀਆਂ ਹਨ ਪਰ ਕੋਈ ਵੀ ਇਹ ਨਹੀਂ ਕਹਿ ਸਕਦਾ ਕਿ ਕਿਹੜਾ ਕੇਸ ਘੱਟ ਜਾਂ ਵੱਧ ਤਰਜੀਹ ਵਾਲਾ ਹੈ। ਭਵਿਖ ਵਿਚ ਇੰਮੀਗਰੇਸ਼ਨ ਅਧਿਕਾਰੀ

### ਇੰਮੀਗਰੇਸ਼ਨ ਬਾਰੇ ਨਵੇਂ ਹੁਕਮ ਵਰਕ ਪਰਮਿਟ ਦਾ ਰਾਹ ਨਹੀਂ

ਦੇਸ਼ਨਿਕਾਲਾ ਦੇਣ ਤੋਂ ਪਹਿਲਾਂ ਕੇਸਾਂ 'ਤੇ ਮੁੜ ਵਿਚਾਰ ਕਰਨਗੇ। ਘੱਟ ਅਹਿਮੀਅਤ ਵਾਲੇ ਕੇਸ ਇੰਮੀਗਰੇਸ਼ਨ ਅਦਾਲਤ ਵਿਚ ਨਹੀਂ ਭੇਜੇ ਜਾਣਗੇ। ਅਜਿਹੇ ਕਾਇਦੇ-ਕਾਨੂੰਨ ਬਣਾਏ ਜਾਣਗੇ ਜਿਨ੍ਹਾਂ ਦੀ ਮਦਦ ਨਾਲ ਇੰਮੀਗਰੇਸ਼ਨ ਵਿਭਾਗ ਤੇ ਅਦਾਲਤਾਂ ਦੇ ਅਧਿਕਾਰੀ ਕਿਸੇ ਨੂੰ ਦੇਸ਼ ਨਿਕਾਲਾ ਦੇਣ ਸਬੰਧੀ ਵਧੇਰੇ ਪਾਏਦਾਰ ਫੈਸਲੇ ਲੈ ਸਕਣਗੇ। ਦੂਜੇ ਸ਼ਬਦਾਂ ਵਿਚ 18 ਅਗਸਤ ਦਾ ਹੁਕਮ ਬਹੁਤ ਹੀ ਮੁਢਲੇ ਕਿਸਮ ਦਾ ਹੈ ਅਤੇ ਅਜੇ ਅਜਿਹੇ ਕੋਈ ਵੇਰਵੇ ਸਾਹਮਣੇ ਨਹੀਂ ਆਏ ਕਿ ਸਾਰੀ ਪ੍ਰਕ੍ਰਿਆ ਕਿਵੇਂ ਕੰਮ ਕਰੇਗੀ। ਸ੍ਰੀ ਰਾਏ ਨੇ ਸਲਾਹ ਦਿਤੀ ਕਿ ਜੇ ਤੁਹਾਨੂੰ ਕੋਈ ਦੋਸਤ-ਮਿੱਤਰ ਜਾਂ ਗੁਆਂਢੀ ਵੀ ਡਿਪੋਰਟੇਸ਼ਨ ਕੇਸਾਂ ਵਿਚ ਕੋਈ ਰਾਹਤ ਲੈਣ ਲਈ ਵਕੀਲ ਕੋਲ ਜਾਣ ਦੀ ਸਲਾਹ ਦਿੰਦਾ ਹੈ ਤਾਂ ਬਿਲਕੁਲ ਨਾ ਮੰਨੀ ਜਾਵੇ। ਜਦੋਂ ਸਰਕਾਰ ਇਸ ਬਾਰੇ ਕੋਈ ਸਪਸ਼ਟ ਨੀਤੀ ਤੈਅ ਕਰੇਗੀ ਤਾਂ ਇਸਦੇ ਵੇਰਵੇ ਅਮਰੀਕੀ ਕਸਟਮ ਤੇ ਇੰਮੀਗਰੇਸ਼ਨ ਵਿਭਾਗ ਦੀ ਵੈਬਸਾਈਟ 'ਤੇ ਉਪਲਬਧ ਹੋਣਗੇ।

ਉਨ੍ਹਾਂ ਕਿਹਾ ਕਿ ਓਬਾਮਾ ਪ੍ਰਸ਼ਾਸਨ ਵਲੋਂ ਕੀਤੇ ਗਏ ਐਲਾਨ ਅਨੁਸਾਰ ਜੇ ਕੋਈ ਕੇਸ ਪ੍ਰਸ਼ਾਸਕੀ ਤੌਰ ਤੇ ਬੰਦ ਕਰ ਦਿਤਾ ਗਿਆ ਹੈ ਤਾਂ ਸਬੰਧਤ ਵਿਅਕਤੀ ਵਰਕ ਪਰਮਿਟ ਲਈ ਅਪਲਾਈ ਕਰ ਸਕਦਾ ਹੈ ਪਰ ਇਸ ਸਬੰਧੀ ਅਜੇ ਕੋਈ ਵੇਰਵੇ, ਮਾਰਗ ਦਰਸ਼ਨ ਜਾਂ ਹਦਾਇਤਾਂ ਉਪਲਬਧ ਨਹੀਂ ਹਨ ਕਿ ਵਰਕ ਪਰਮਿਟ ਲਈ ਕਿਵੇਂ ਅਪਲਾਈ ਕੀਤਾ ਜਾ ਸਕਦਾ ਹੈ।

ਪ੍ਰਸ਼ਾਸਕੀ ਤੌਰ 'ਤੇ ਕੇਸ ਠੱਪ ਕੀਤੇ ਜਾਣਾ ਕੀ ਹੈ? ਇਸ ਬਾਰੇ ਗੱਲ ਕਰਦਿਆਂ ਸ੍ਰੀ ਰਾਏ ਨੇ ਕਿਹਾ ਕਿ ਇਹ ਮਾਮਲਾ ਸਿਰਫ ਉਨ੍ਹਾਂ ਵਿਅਕਤੀਆਂ ਉਤੇ ਲਾਗੂ ਹੁੰਦਾ ਹੈ ਜਿਨ੍ਹਾਂ ਦੇ ਕੇਸ ਇੰਮੀਗਰੇਸ਼ਨ ਜੱਜ ਪਾਸ ਹਨ। ਜਦੋਂ ਕੋਈ ਕੇਸ ਪ੍ਰਸ਼ਾਸਕੀ ਤੌਰ 'ਤੇ ਬੰਦ ਕੀਤਾ ਜਾਂਦਾ ਹੈ ਤਾਂ ਇਸਦਾ ਅਰਥ ਇਹ ਹੁੰਦਾ ਹੈ ਕਿ ਕੇਸ ਹੁਣ ਐਕਟਿਵ ਨਹੀਂ ਹੈ ਅਤੇ ਇਸ ਉਪਰ ਕੋਈ ਕਾਰਵਾਈ ਨਹੀਂ ਕੀਤੀ ਜਾਏਗੀ। ਅਰਥਾਤ ਉਦੋਂ ਤਕ ਜਦੋਂ ਤਕ ਕਿ ਸਰਕਾਰ ਜਾਂ ਗੈਰ ਸ਼ਹਿਰੀ ਵਿਅਕਤੀ ਕੇਸ ਦੁਬਾਰਾ ਖੋਲ੍ਹਣ ਲਈ ਨਾ ਆਖੇ। ਜਿਸ ਵਿਅਕਤੀ ਦਾ ਕੇਸ ਪ੍ਰਸ਼ਾਸਕੀ ਤੌਰ 'ਤੇ ਠੱਪ ਕੀਤਾ ਗਿਆ ਹੈ, ਉਹ ਫਿਰ ਵੀ ਦੇਸ਼ਨਿਕਾਲੇ ਦੀ ਕਾਰਵਾਈ ਦੇ ਅਧੀਨ ਰਹਿੰਦਾ ਹੈ। ਪ੍ਰਸ਼ਾਸਕੀ ਤੌਰ 'ਤੇ ਕੇਸ ਦਾ ਠੱਪ ਹੋਣਾ ਕੋਈ ਲੀਗਲ ਸਟੇਟਸ ਨਹੀਂ ਹੈ।

ਇਸ ਸਬੰਧੀ ਕੋਈ ਹੋਰ ਜਾਣਕਾਰੀ ਹਾਸਲ ਕਰਨ ਲਈ ਅਟਾਰਨੀ ਹਰਦੀਪ ਸਿੰਘ ਰਾਏ ਨਾਲ ਫੋਨ 415-693-9131 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਸਟਾਕਟਨ 'ਚ ਸੌ ਸਾਲਾ ਸ਼ਤਾਬਦੀ ਸਮਾਗਮ ਸ਼ੁਰੂ

**ਸਟਾਕਟਨ (ਬਿਊਰੋ):** ਗਦਰੀ ਬਾਬਿਆਂ ਵਲੋਂ ਸਥਾਪਤ ਕੀਤੇ ਗਏ ਸਟਾਕਟਨ ਗੁਰੂ ਘਰ ਦੇ ਸੌ ਸਾਲਾ ਸਥਾਪਨਾ ਸਬੰਧੀ ਸਮਾਗਮਾਂ ਦਾ ਅਰੰਭ ਐਤਵਾਰ 4 ਸਤੰਬਰ ਨੂੰ ਹੋ ਰਿਹਾ ਹੈ। ਸਟਾਕਟਨ ਗੁਰੂ ਘਰ ਅਮਰੀਕਾ ਵਿਚ ਸਿੱਖਾਂ ਦਾ ਸਭ ਤੋਂ ਪਹਿਲਾ ਧਾਰਮਿਕ ਸਥਾਨ ਹੈ ਜੋਕਿ ਸੰਨ 1912 ਵਿਚ ਸਥਾਪਿਤ ਹੋਇਆ।

ਸ਼ਤਾਬਦੀ ਸਮਾਗਮ ਯੋਜਨਾਬੱਧ ਤਰੀਕੇ ਨਾਲ ਮਨਾਉਣ ਬਾਰੇ ਵਿਚਾਰ ਕਰਨ ਲਈ ਕੈਲੀਫੋਰਨੀਆ ਦੇ ਸਮੂਹ ਸਿੱਖ ਆਗੂਆਂ ਦੀ ਇਕ ਇਕੱਤਰਤਾ ਗਰਾਂਟ ਸਟਰੀਟ ਸਥਿੱਤ ਗੁਰੂ ਘਰ ਵਿਖੇ ਦੁਪਹਿਰ 1 ਵਜੇ ਤੋਂ 4 ਵਜੇ ਤੱਕ ਹੋ ਰਹੀ ਹੈ। ਸੰਤ ਤੇਜਾ ਸਿੰਘ, ਬਾਬਾ ਵਿਸਾਖਾ ਸਿੰਘ ਅਤੇ ਬਾਬਾ ਜਵਾਲਾ ਸਿੰਘ ਦੀ ਯੋਗ ਅਗਵਾਈ ਸਦਕਾ, ਪੱਛਮ ਵਿਚ ਵਸ ਰਹੇ ਸਿੱਖਾਂ ਨੇ ਪੈਸੀਫਿਕ ਕੋਸਟ ਖਾਲਸਾ ਦੀਵਾਨ ਸੋਸਾਇਟੀ ਕਾਇਮ ਕੀਤੀ ਸੀ। ਇਸ ਇਤਿਹਾਸਕ ਸਥਾਨ 'ਤੇ ਪਹਿਲਾ ਸਮਾਗਮ 24 ਅਕਤੂਬਰ 1912 ਨੂੰ ਹੋਇਆ।

ਪੈਸੀਫਿਕ ਕੋਸਟ ਖਾਲਸਾ ਦੀਵਾਨ ਸੋਸਾਇਟੀ ਦੇ ਮੌਜੂਦਾ ਪ੍ਰਧਾਨ ਮਨਜੀਤ ਸਿੰਘ ਉਪਲ ਨੇ ਕਿਹਾ ਹੈ ਕਿ ਇਹ ਸਮਾਗਮ ਜਿਥੇ ਹਰ ਪੰਜਾਬੀ ਲਈ ਇਕ ਮਾਣ ਵਾਲੀ ਗੱਲ ਹੈ ਉਥੇ ਇਸ ਦੀ ਇਤਿਹਾਸਕ ਪ੍ਰਸੰਗਿਕਤਾ ਹਰ ਭਾਰਤੀ ਤੇ ਅਮਰੀਕੀ ਸ਼ਹਿਰੀ ਲਈ ਵੀ ਹੈ। ਅਸੀਂ ਅਮਰੀਕਾ ਵਿਚ ਧਾਰਮਕ ਆਜ਼ਾਦੀ ਮਾਣਨ ਤੇ ਇਸ ਥਾਂ ਤੋਂ ਆਜ਼ਾਦੀ ਘੋਲ ਸ਼ੁਰੂ ਕਰਨ ਦੇ ਇਤਿਹਾਸ ਨੂੰ ਉਜਾਗਰ ਕਰਾਂਗੇ ਜੋ ਗਦਰੀ ਬਾਬਿਆਂ ਤੇ ਸਿੱਖਾਂ ਨੇ ਇੱਥੇ ਸਿਰਜਿਆ। ਭਾਵੇਂ ਕੋਈ ਬੋਧੀ, ਇਸਾਈ, ਹਿੰਦੂ, ਮੁਸਲਿਮ, ਸਿੱਖ, ਪੰਜਾਬੀ ਜਾਂ ਭਾਰਤੀ, ਗੋਰਾ, ਰੰਗੀਨ ਜਾਂ ਕਾਲ਼ਾ ਕਿਉਂ ਨਾ ਹੋਵੇ, ਸਾਨੂੰ ਉਮੀਦ ਹੈ ਕਿ ਉਹ ਇਸ ਸੌ ਸਾਲਾ ਸਮਾਗਮ ਦੀਆਂ ਖੁਸ਼ੀਆਂ ਵਿਚ ਸ਼ਾਮਲ ਹੋਣਗੇ।

ਇਸ ਦਿਨ ਗਦਰ ਪਾਰਟੀ ਦੇ ਮੋਢੀਆਂ ਵਲੋਂ ਆਪਣਾ ਪਰਚਾ ਛਾਪਣ ਲਈ ਖਰੀਦੀ ਪ੍ਰਿੰਟਿੰਗ ਪ੍ਰੈਸ ਸੰਗਤਾਂ ਨੂੰ ਵਿਖਾਈ ਜਾਵੇਗੀ। 1914 ਵਿਚ ਗਦਰ ਲਹਿਰ ਨੂੰ ਪ੍ਰਚੰਡ ਕਰਨ ਵਿਚ ਇਸ ਪ੍ਰਿੰਟਿੰਗ ਪ੍ਰੈਸ ਦਾ ਅਹਿਮ ਯੋਗਦਾਨ ਰਿਹਾ ਹੈ। "ਕੇਸਰ ਸਿੰਘ ਢਿੱਲੋਂ ਗਦਰ ਮੈਮੋਰੀਅਲ ਟਰਸਟ" ਦੁਆਰਾ ਦਿਤੀ ਗਈ ਇਹ ਪ੍ਰਿੰਟਿੰਗ ਪ੍ਰੈਸ, ਗੁਰਦੁਆਰਾ ਸਟਾਕਟਨ ਵਿਚ ਬਣ ਰਹੇ ਅਜਾਇਬ ਘਰ ਦੀ ਪਹਿਲੀ ਕਲਾ ਕ੍ਰਿਤ ਹੋਵੇਗੀ। ਇਸ ਅਜਾਇਬ ਘਰ ਦਾ ਉਦਘਾਟਨ 2012 ਦੇ ਸਮਾਗਮ ਵਿਚ ਕੀਤਾ ਜਾਵੇਗਾ।

ਗਦਰੀ ਬਾਬਿਆਂ ਨੇ ਸਿੱਖ ਰਵਾਇਤਾਂ ਨੂੰ ਕਾਇਮ ਰੱਖਦਿਆਂ ਸਮਾਜਿਕ ਵਖਰੇਵਿਆਂ ਦਾ ਖੰਡਨ ਕੀਤਾ ਤੇ ਸਮੁੱਚੀ ਮਾਨਵਤਾ ਦੇ ਭਾਈਚਾਰੇ ਨੂੰ ਅਮਲੀ ਰੂਪ ਵਿਚ ਸਥਾਪਿਤ ਕੀਤਾ। ਇਹ ਗੁਰਦੁਆਰਾ ਬਹੁਤ ਹੀ ਛੇਤੀ ਦੱਖਣੀ ਏਸ਼ੀਆ ਦੀਆਂ ਆਜ਼ਾਦੀ ਲਹਿਰਾਂ ਦਾ ਮੁੱਖ ਕੇਂਦਰ ਬਣ ਗਿਆ। 1913 ਵਿਚ ਇਸ ਨੇ ਗਦਰ ਪਾਰਟੀ ਨੂੰ ਜਨਮ ਦਿਤਾ। ਅੱਜ ਵੀ ਪੈਸੀਫਿਕ ਕੋਸਟ ਖਾਲਸਾ ਦੀਵਾਨ ਸੋਸਾਇਟੀ ਮਨੁੱਖੀ ਹੱਕਾਂ ਤੇ ਸਮਾਜਿਕ ਬਰਾਬਰੀ ਲਈ ਉਸੇ ਭਾਵਨਾਂ ਨਾਲ਼ ਕੰਮ ਕਰ ਰਹੀ ਹੈ।

ਹੋਰ ਜਾਣਕਾਰੀ ਲਈ ਸ਼ਤਾਬਦੀ ਪਲੈਨਿੰਗ ਕਮੇਟੀ ਦੇ ਮੈਂਬਰਾਂ ਮਨਜੀਤ ਸਿੰਘ ਉਪਲ ਫੋਨ 209-649-2767, ਕੋਆਰਡੀਨੇਟਰ ਭਜਨ ਸਿੰਘ ਭਿੰਡਰ 209-321-0337, ਮੀਡੀਆ ਕੋਆਰਡੀਨੇਟਰ ਡਾ. ਅਮਰੀਕ ਸਿੰਘ 916-212-8550 ਜਾਂ ਮਿਊਜ਼ੀਅਮ ਕੋਆਰਡੀਨੇਟਰ ਡਾ. ਐਚ ਐਸ ਸ਼ੇਰਗਿਲ ਫੋਨ 209-365-0606 ਨਾਲ ਸੰਪਰਕ ਕਰੋ ਕੀਤਾ ਜਾ ਸਕਦਾ ਹੈ।

# ਸ਼੍ਰੋਮਣੀ ਕਮੇਟੀ ਚੋਣਾਂ: ਬਾਦਲ ਦੇ ਦਾਅ-ਪੇਚਾਂ ਅੱਗੇ ਵਿਰੋਧੀ ਬੇਵੱਸ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਕਮੇਟੀ ਦੇ 13ਵੇਂ ਜਨਰਲ ਹਾਊਸ ਦੀ 18 ਸਤੰਬਰ ਨੂੰ ਹੋਣ ਵਾਲੀ ਚੋਣ ਲਈ ਸਿਆਸੀ ਧਿਰਾਂ ਧਿਰਾਂ ਪੂਰੀ ਤਰ੍ਹਾਂ ਮੈਦਾਨ 'ਚ ਆ ਚੁੱਕੀਆਂ ਹਨ। 1925 ਵਿਚ 'ਮਹੰਤਾ' ਤੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਗੁਰਦੁਆਰਾ ਪ੍ਰਬੰਧ ਸਿੱਖ ਸੰਗਤ ਰਾਹੀਂ ਚੁਣੇ ਨੁਮਾਇੰਦਿਆਂ ਹੱਥ ਸੌਂਪਣ ਦੇ ਮਨੋਰਥ ਨਾਲ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਸਵੇਂ ਦਹਾਕੇ ਵਿਚ ਦਾਖਲ ਹੋ ਰਹੀ ਹੈ।ਪਰ ਗੁਰਦੁਆਰਾ ਪ੍ਰਬੰਧ ਬਾਰੇ ਅਜੇ ਵੀ ਵੱਡੇ ਸਵਾਲ ਖੜ੍ਹੇ ਹਨ। ਦੋ ਸਾਲ ਦੇਰੀ ਨਾਲ ਹੋ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਇਸ ਵਾਰ ਵਿਧਾਨ ਸਭਾ ਦੀ ਚੋਣ ਤੋਂ ਐਨ ਪਹਿਲਾਂ ਹੋਣ ਕਾਰਨ ਬੇਹੱਦ ਦਿਲਚਸਪੀ ਦਾ ਵਿਸ਼ਾ ਬਣੀਆਂ ਹੋਈਆਂ ਹਨ। ਵਿਧਾਨ ਸਭਾ ਨੂੰ ਧਿਆਨ 'ਚ ਰੱਖਦਿਆਂ ਚੋਣਾਂ ਲੜ ਰਹੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਸਰਪ੍ਰਸਤ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦਾਅ-ਪੇਚਾਂ ਅੱਗੇ ਵਿਰੋਧੀ ਧਿਰਾਂ ਬੇਵੱਸ ਨਜ਼ਰ ਆ ਰਹੀਆਂ ਹਨ। ਬਾਦਲ ਨੇ ਪਹਿਲਾਂ ਤਾਂ ਸੰਤ ਸਮਾਜ ਨਾਲ ਸਾਂਝ ਪਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਤੇ ਫਿਰ ਪੰਥਕ ਮੋਰਚੇ ਦੇ ਕਈ ਉਮੀਦਵਾਰਾਂ ਨੂੰ ਆਪਣੇ ਨਾਲ ਤੋਰ ਲਿਆ। ਅਸਲ 'ਚ ਅਕਾਲੀ ਦਲ ਵੱਲੋਂ ਆਪਣੇ-ਆਪ ਨੂੰ ਸਿੱਖਾਂ ਦੀ ਅਸਲ ਨੁਮਾਇੰਦਾ ਸੰਸਥਾ ਦਾ ਪ੍ਰਭਾਵ ਦੇਣ ਲਈ ਸਿੱਖਾਂ ਦੇ ਹਰ ਵਰਗ ਨੂੰ ਆਪਣੇ ਨਾਲ ਜੋੜਨ ਦੇ ਯਤਨ ਆਰੰਭੇ ਹੋਏ ਹਨ।



ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਯੋਜਨਾ ਦੇ ਸੂਤਰਧਾਰ ਹਨ ਤੇ ਸੰਤ ਸਮਾਜ ਖਾਸ ਕਰਕੇ ਦਮਦਮੀ ਟਕਸਾਲ ਨੂੰ ਅਕਾਲੀ ਦਲ ਨਾਲ ਜੋੜਨਾ ਉਨ੍ਹਾਂ ਦੀ ਵੱਡੀ ਪ੍ਰਾਪਤੀ ਮੰਨੀ ਜਾ ਰਹੀ ਹੈ। ਪਿਛਲੇ ਦੋ ਦਹਾਕੇ ਤੋਂ ਵੱਧ ਸਮੇਂ ਤੋਂ ਅਕਾਲੀ ਦਲ ਤੇ ਦਮਦਮੀ ਟਕਸਾਲ ਦੇ ਵੱਖ-ਵੱਖ ਧਾਰਾਵਾਂ ਦੀ ਅਗਵਾਈ ਕਰਦੇ ਆ ਰਹੇ ਸਨ ਪਰ ਹੁਣ ਸ਼੍ਰੋਮਣੀ ਕਮੇਟੀ ਚੋਣਾਂ 'ਚ ਦੋਵੇਂ ਧਿਰਾਂ ਨੇ ਹੱਥ ਮਿਲਾ ਲਿਆ ਹੈ। ਲੰਬੇ ਸਮੇਂ ਤੋਂ ਦਲ (ਅ) ਦੀ ਮੂਹਰਲੀ ਕਤਾਰ ਵਿਚ ਰਹੇ ਭਾਈ ਰਾਮ ਸਿੰਘ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਸਮੇਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੀਆਂ ਮੂਹਰਲੀਆਂ ਸਫਾਂ ਵਿਚ ਹੋ ਕੇ ਵਿਚਰਨ ਵਾਲੇ ਦਰਜਨ ਤੋਂ ਵੱਧ ਆਗੂਆਂ ਨੇ ਸ. ਬਾਦਲ ਦੀ ਅਗਵਾਈ ਕਬੂਲ ਲਈ ਹੈ। ਅਕਾਲੀ ਦਲ ਵੱਲੋਂ ਅਜਿਹੇ ਯਤਨ ਵਿਧਾਨ ਸਭਾ ਦੀਆਂ ਆ ਰਹੀਆਂ ਚੋਣਾਂ ਦੇ ਮੱਦੇਨਜ਼ਰ ਹੀ ਕੀਤੇ ਜਾ ਰਹੇ ਹਨ।ਅਕਾਲੀ ਦਲ (ਬ) ਨੇ ਸੰਤ ਸਮਾਜ ਨਾਲ ਸਾਂਝੇ ਤੌਰ 'ਤੇ 170 ਸਾਰੇ ਹਲਕਿਆਂ ਲਈ ਉਮੀਦਵਾਰ ਮੈਦਾਨ ਵਿਚ ਉਤਾਰੇ ਹਨ। ਭਿਖੀਵਿੰਡ ਤੋਂ ਪਾਰਟੀ ਦਾ ਉਮੀਦਵਾਰ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਸਾਬਕਾ ਪ੍ਰਧਾਨ ਭਾਈ ਮਨਜੀਤ ਸਿੰਘ ਨਿਰਵਿਰੋਧ ਚੁਣੇ ਜਾ ਚੁੱਕੇ ਹਨ। ਅਕਾਲੀ ਦਲ ਨੇ ਇਨ੍ਹਾਂ ਚੋਣਾਂ ਨੂੰ ਮਜ਼ਬੂਤੀ ਨਾਲ ਲੜਨ ਲਈ ਸੀਨੀਅਰ ਆਗੂ ਵੀ ਮੈਦਾਨ ਵਿਚ ਉਤਾਰੇ ਹਨ ਜਿਨ੍ਹਾਂ 'ਚ ਮੌਜੂਦਾ ਪ੍ਰਧਾਨ ਜਥੇ. ਅਵਤਾਰ ਸਿੰਘ, ਕੈਬਨਿਟ ਮੰਤਰੀ ਸੁੱਚਾ ਸਿੰਘ ਲੰਗਾਹ, ਸ. ਸੇਵਾ ਸਿੰਘ ਸੇਖਵਾਂ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਜਥੇ. ਕੁਲਦੀਪ ਸਿੰਘ ਵਡਾਲਾ ਤੇ ਜਥੇ. ਤੋਤਾ ਸਿੰਘ ਸ਼ਾਮਲ ਹਨ।

ਸ਼੍ਰੋਮਣੀ ਕਮੇਟੀ ਚੋਣਾਂ ਵਿਚ ਭਾਵੇਂ 30 ਹਲਕੇ (ਦੂਹਰੇ) ਔਰਤਾਂ ਲਈ ਰਾਖਵੇਂ ਹਨ ਤੇ ਇਨ੍ਹਾਂ ਵਿਚੋਂ ਪੰਜ ਅਨੁਸੂਚਿਤ ਜਾਤੀ ਔਰਤਾਂ ਲਈ ਰਾਖਵੇਂ ਹਨ।ਪਰ ਅਕਾਲੀ ਦਲ ਨੇ ਰਾਖਵੇਂ ਹਲਕਿਆਂ ਤੋਂ ਇਲਾਵਾ ਜਨਰਲ ਹਲਕਿਆਂ ਤੋਂ ਵੀ ਔਰਤਾਂ ਨੂੰ ਟਿਕਟਾਂ ਦਿੱਤੀਆਂ ਹਨ। ਭੁਲੱਥ ਹਲਕੇ ਤੋਂ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਚੰਡੀਗੜ੍ਹ ਤੋਂ ਬੀਬੀ ਹਰਜਿੰਦਰ ਕੌਰ ਸਾਬਕਾ ਮੇਅਰ ਨਗਰ ਨਿਗਮ ਤੇ ਹਲਕਾ ਫਿਲੌਰ ਤੋਂ ਬੀਬੀ ਨਿਰਮਲ ਕੌਰ ਪਾਸਲਾ ਨੂੰ ਉਮੀਦਵਾਰ ਬਣਾਇਆ ਗਿਆ ਹੈ। ਇਸ ਵਾਰ ਸਹਿਜਧਾਰੀ ਸਿੱਖਾਂ ਦੇ ਵੋਟਰ ਬਣਨ 'ਤੇ ਰੋਕ ਲੱਗਣ ਕਾਰਨ ਮਰਦ ਵੋਟਰ ਬਣਨ ਵਿਚ ਕਾਫੀ ਕਮੀ ਆਈ ਹੈ ਤੇ ਔਰਤ ਵੋਟਰਾਂ ਦੀ ਗਿਣਤੀ ਵਿਚ ਵਾਧਾ ਹੋਇਆ। ਤਕਰੀਬਨ ਸਾਰੇ ਹੀ ਸ਼੍ਰੋਮਣੀ ਕਮੇਟੀ ਹਲਕਿਆਂ ਵਿਚ ਐਤਕੀਂ ਔਰਤ ਵੋਟਰਾਂ ਦੀ ਗਿਣਤੀ ਵਧੇਰੇ ਹੈ। ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨ ਵਿਚ ਔਰਤਾਂ ਦਾ ਵਧੇਰੇ ਯੋਗਦਾਨ ਰਹੇਗਾ।

ਵੱਖ-ਵੱਖ ਸਿੱਖ ਸੰਗਠਨਾਂ ਅਕਾਲੀ ਦਲ (ਪੰਚ ਪ੍ਰਧਾਨੀ), ਬਰਨਾਲਾ ਦਲ, ਅਕਾਲੀ ਦਲ (1920), ਦਿੱਲੀ ਅਕਾਲੀ ਦਲ, ਖਾਲਸਾ ਐਕਸ਼ਨ ਕਮੇਟੀ ਤੇ ਪੰਥਕ ਕੌਂਸਲ ਵੱਲੋਂ ਪੰਥਕ ਮੋਰਚਾ ਬਣਾ ਕੇ 168 ਉਮੀਦਵਾਰ ਖੜ੍ਹੇ ਕੀਤੇ ਹਨ। ਭਿਖੀਵਿੰਡ ਹਲਕੇ ਤੋਂ ਭਾਈ ਮਨਜੀਤ ਸਿੰਘ ਤੇ ਸਨੌਰ ਹਲਕੇ ਤੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪੁੱਤਰੀ ਕੁਲਦੀਪ ਕੌਰ ਖਿਲਾਫ ਮੋਰਚੇ ਵੱਲੋਂ ਕੋਈ ਉਮੀਦਵਾਰ ਖੜ੍ਹਾ ਨਹੀਂ ਕੀਤਾ ਗਿਆ। ਕਾਂਗਰਸ ਨੇ ਭਾਵੇਂ ਸਿੱਧੇ ਤੌਰ 'ਤੇ ਕਿਸੇ ਦੀ ਵੀ ਹਮਾਇਤ ਨਹੀਂ ਕੀਤੀ ਪਰ ਅੰਦਰਖਾਤੇ ਉਹ ਪੰਥਕ ਮੋਰਚੇ ਦੇ ਉਮੀਦਵਾਰਾਂ ਦੀ ਹਮਾਇਤ ਕਰ ਰਹੇ ਹਨ। ਵਿਧਾਨ ਸਭਾ ਚੋਣਾਂ ਨੇੜੇ ਹੋਣ ਕਾਰਨ ਇਕ ਪਾਸੇ ਕਾਂਗਰਸ ਸਿੱਖਾਂ ਦੇ ਮਾਮਲਿਆਂ ਵਿਚ ਦਖਲ ਦੇਣ ਦੇ ਦੋਸ਼ਾਂ ਤੋਂ ਬਚਣ ਦਾ ਯਤਨ ਕਰ ਰਹੀ ਹੈ ਪਰ ਨਾਲ ਹੀ ਅਕਾਲੀ ਦਲ ਨੂੰ ਚੁਣੌਤੀ ਦੇਣ ਲਈ ਵੀ ਯਤਨਸ਼ੀਲ ਹੈ। ਇਸ ਤੋਂ ਇਲਾਵਾ ਪਿਛਲੀ ਸ਼੍ਰੋਮਣੀ ਕਮੇਟੀ ਵਿਚ ਮਜ਼ਬੂਤ ਧਿਰ ਵਜੋਂ ਉਭਰੇ ਅਕਾਲੀ ਦਲ (ਅ) ਨੇ ਇਸ ਵਾਰ 138 ਉਮੀਦਵਾਰ ਹੀ ਖੜ੍ਹੇ ਕੀਤੇ ਹਨ। ਉਨ੍ਹਾਂ ਵੱਲੋਂ ਇਸ ਬਾਰੇ ਕਿਸੇ ਵੀ ਅਕਾਲੀ ਧਿਰ ਨਾਲ ਮਿਲ ਕੇ ਚੋਣ ਲੜਨ ਦੀ ਬਜਾਏ ਇਕੱਲਿਆਂ ਹੀ ਚੋਣ ਲੜਨ ਦਾ ਪੈਂਤੜਾ ਅਖਤਿਆਰ ਕੀਤਾ ਗਿਆ ਹੈ।

## ਅਕਾਲੀ ਦਲ ਦੇ ਸੱਤ ਉਮੀਦਵਾਰ ਬਿਨਾ ਮੁਕਾਬਲਾ ਜੇਤੂ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ 7 ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਕਰਾਰ ਦੇ ਦਿੱਤੇ ਗਏ ਹਨ। ਅੰਮ੍ਰਿਤਸਰ ਜ਼ਿਲ੍ਹੇ ਵਿਚ ਪੰਜ, ਤਰਨ ਤਾਰਨ ਤੇ ਨਵਾਂਸ਼ਹਿਰ ਹਲਕੇ ਵਿਚ 1-1 ਉਮੀਦਵਾਰ ਜੇਤੂ ਰਹੇ ਹਨ। ਇਨ੍ਹਾਂ ਹਲਕਿਆਂ ਵਿਚ ਕੋਈ ਵੀ ਉਮੀਦਵਾਰ ਅਕਾਲੀ ਦਲ ਦੇ ਮੁਕਾਬਲੇ ਮੈਦਾਨ ਵਿਚ ਨਹੀਂ ਆਇਆ। ਤਰਨ ਤਾਰਨ ਜ਼ਿਲ੍ਹੇ ਦੇ ਹਲਕਾ ਭਿੱਖੀਵਿੰਡ ਤੋਂ ਭਾਈ ਮਨਜੀਤ ਸਿੰਘ ਦੀ ਬਿਨਾਂ ਮੁਕਾਬਲਾ ਜਿੱਤ ਤਾਂ ਪਹਿਲੇ ਦਿਨ ਹੀ ਯਕੀਨੀ ਹੋ ਗਈ ਸੀ ਕਿਉਂਕਿ ਉਥੇ ਕਿਸੇ ਹੋਰ ਉਮੀਦਵਾਰ ਨੇ ਕਾਗਜ਼ ਹੀ ਦਾਖਲ ਨਹੀਂ ਕਰਵਾਏ ਸਨ।ਪਰ ਬਾਕੀ ਛੇ ਹਲਕਿਆਂ ਵਿਚ ਵਿਰੋਧੀ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਕਾਰਨ ਬਾਦਲ ਦਲ ਦੇ ਉਮੀਦਵਾਰ ਜੇਤੂ ਰਹੇ।

ਇਹ ਪਹਿਲੀ ਵਾਰ ਹੋਇਆ ਹੈ ਕਿ ਇੰਨੀ ਵੱਡੀ ਗਿਣਤੀ ਵਿਚ ਨਿਰਵਿਰੋਧ ਉਮੀਦਵਾਰ ਜੇਤੂ ਕਰਾਰ ਦਿੱਤੇ ਗਏ ਹਨ। ਅੰਮ੍ਰਿਤਸਰ ਕੇਂਦਰੀ ਤੋਂ ਸ. ਰਾਜਿੰਦਰ ਸਿੰਘ ਮਹਿਤਾ, ਅੰਮ੍ਰਿਤਸਰ ਪੂਰਬੀ ਤੋਂ ਸ. ਹਰਜਾਪ ਸਿੰਘ ਸੁਲਤਾਨਵਿੰਡ, ਚੌਗਾਵਾਂ ਤੋਂ ਬੀਬੀ ਬਲਵਿੰਦਰ ਕੌਰ ਲੋਪੋਕੇ, ਗੁਰੂ ਕਾ ਬਾਗ ਹਲਕੇ ਤੋਂ ਸ. ਜੋਧ ਸਿੰਘ ਸਮਰਾ ਤੇ ਮਤੇਵਾਲ ਹਲਕੇ ਤੋਂ ਸ. ਭਗਵੰਤ ਸਿੰਘ ਸਿਆਲਕਾ ਬਿਨਾਂ ਮੁਕਾਬਲਾ ਜੇਤੂ ਰਹੇ ਹਨ।ਜਦਕਿ ਬਲਾਚੌਰ (ਰਿਜ਼ਰਵ) ਹਲਕੇ ਤੋਂ ਅਕਾਲੀ ਦਲ ਦੇ ਸ. ਗੁਰਬਖਸ਼ ਸਿੰਘ ਖਾਲਸਾ ਦੂਜੀ ਵਾਰ ਨਿਰਵਿਰੋਧ ਜੇਤੂ ਰਹੇ ਹਨ।

## ਸ਼੍ਰੋਮਣੀ ਕਮੇਟੀ ਚੋਣਾਂ ਲਈ 579 ਉਮੀਦਵਾਰ ਮੈਦਾਨ 'ਚ

**ਚੰਡੀਗੜ੍ਹ**: ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਵਿਚ 18 ਸਤੰਬਰ ਨੂੰ ਹੋਣ ਵਾਲੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਹੁਣ ਕੁਲ ਮਿਲਾ ਕੇ 579 ਉਮੀਦਵਾਰ ਮੈਦਾਨ ਵਿਚ ਰਹਿ ਗਏ ਹਨ। ਇਨ੍ਹਾਂ ਵਿਚ ਪੰਜਾਬ ਦੀਆਂ 150 ਸੀਟਾਂ ਲਈ 525, ਹਰਿਆਣੇ ਦੀਆਂ 11 ਸੀਟਾਂ ਲਈ 39, ਹਿਮਾਚਲ ਦੀ ਇਕ ਸੀਟ ਲਈ 6 ਤੇ ਚੰਡੀਗੜ੍ਹ ਦੀ 1 ਸੀਟ ਲਈ 9 ਉਮੀਦਵਾਰ ਖੁੱਲ੍ਹ ਕੇ ਸਾਹਮਣੇ ਆ ਗਏ ਹਨ।

ਪੰਜਾਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ 7 ਉਮੀਦਵਾਰ ਪਹਿਲਾਂ ਹੀ ਬਿਨਾਂ ਮੁਕਾਬਲਾ ਚੁਣੇ ਜਾ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਬਾਕੀ ਦੀਆਂ ਸਾਰੀਆਂ ਸੀਟਾਂ 'ਤੇ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰੇ ਹਨ।

## ਮਾਨ ਵੱਲੋਂ ਬਿਨਾ ਮੁਕਾਬਲਾ ਜਿੱਤ ਨੂੰ ਚੁਣੌਤੀ

**ਅੰਮ੍ਰਿਤਸਰ:** ਇਥੋਂ ਦੇ ਪੰਜ ਸ਼੍ਰੋਮਣੀ ਕਮੇਟੀ ਹਲਕਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦੀ ਬਿਨਾਂ ਮੁਕਾਬਲਾ ਹੋਈ ਜਿੱਤ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਗੁਰਦੁਆਰਾ ਚੋਣ ਕਮਿਸ਼ਨ ਕੋਲ ਪਟੀਸ਼ਨ ਦਾਇਰ ਕਰਕੇ ਚੁਣੌਤੀ ਦਿੱਤੀ ਹੈ।

ਸ. ਮਾਨ ਵੱਲੋਂ ਗੁਰਦੁਆਰਾ ਚੋਣ ਕਮਿਸ਼ਨ ਨੂੰ ਭੇਜੀ ਸ਼ਿਕਾਇਤ ਵਿਚ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਸਿਆਸੀ ਤਾਕਤ ਤੇ ਧਨ ਦੌਲਤ ਦੀ ਵਰਤੋਂ ਕਰਦਿਆਂ ਅੰਮ੍ਰਿਤਸਰ ਜ਼ਿਲ੍ਹੇ ਦੇ ਗੁਰੂ ਕਾ ਬਾਗ, ਮੱਤੇਵਾਲ, ਚੋਗਾਵਾਂ, ਅੰਮ੍ਰਿਤਸਰ ਪੂਰਬੀ ਤੇ ਅੰਮ੍ਰਿਤਸਰ ਕੇਂਦਰੀ ਹਲਕਿਆਂ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਵਾਪਸ ਕਰਵਾ ਦਿੱਤੇ ਹਨ। ਉਮੀਦਵਾਰਾਂ ਨੂੰ ਲਾਲਚ ਦੇ ਕੇ ਪਾਰਟੀ ਵਿਚ ਸ਼ਾਮਲ ਕਰ ਲਿਆ ਗਿਆ ਹੈ। ਉਨ੍ਹਾਂ ਆਪਣੀ ਪਾਰਟੀ ਦੇ ਉਮੀਦਵਾਰਾਂ ਦੇ ਨਾਂ ਵੀ ਪਟੀਸ਼ਨ ਵਿਚ ਸ਼ਾਮਲ ਕੀਤੇ ਹਨ ਜਿਨ੍ਹਾਂ ਨੂੰ ਲਾਲਚ ਦੇ ਕੇ ਬਿਠਾਇਆ ਗਿਆ ਹੈ।

ਸ. ਮਾਨ ਨੇ ਕਿਹਾ ਕਿ ਇਹ ਸਭ ਕੁਝ ਗ਼ੈਰ ਕਾਨੂੰਨੀ ਹੈ ਤੇ ਚੋਣ ਕਮਿਸ਼ਨ ਦੇ ਨਿਯਮਾਂ ਦੀ ਉਲੰਘਣਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਪੰਜ ਚੋਣ ਹਲਕਿਆਂ ਦੇ ਵੋਟਰਾਂ ਦੇ ਫੈਸਲੇ ਦੀ ਕਦਰ ਕਰਦੇ ਹੋਏ ਇਨ੍ਹਾਂ ਚੋਣ ਹਲਕਿਆਂ ਵਿਚ ਮੁੜ ਨਾਮਜ਼ਦਗੀ ਪੱਤਰ ਦਾਖਲ ਕਰਵਾਏ ਜਾਣ ਤੇ ਡਰਾਉਣ ਧਮਕਾਉਣ ਤੇ ਲਾਲਚ ਦੇ ਕੇ ਅਜਿਹੀ ਕਾਰਵਾਈ ਕਰਨ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545
London $250


# ਪਰਵਾਸੀ ਭਾਰਤੀ ਨੂੰ 3.4 ਕਰੋੜ ਡਾਲਰ ਜੁਰਮਾਨਾ

**ਨਿਊਯਾਰਕ:** ਭਾਰਤੀ ਮੂਲ ਦੇ ਇਕ ਸਾਬਕਾ ਵਿਸ਼ਲੇਸ਼ਕ ਨੂੰ ਕੰਪਨੀ ਦੀਆਂ ਗੁਪਤ ਸੂਚਨਾਵਾਂ ਵੇਚਣ ਦਾ ਦੋਸ਼ੀ ਕਰਾਰ ਦਿੰਦੇ ਹੋਏ ਉਸ 'ਤੇ 3.4 ਕਰੋੜ ਡਾਲਰ ਦਾ ਜੁਰਮਾਨਾ ਕੀਤਾ ਗਿਆ ਹੈ। ਦੀਪ ਸ਼ਾਹ ਨਾਮਕ ਇਹ ਭਾਰਤੀ ਮੂਲ ਦਾ ਨਾਗਰਿਕ ਕਰਜ਼ਾ ਸਾਖ ਏਜੰਸੀ ਮੂਡੀਜ਼ ਵਿਚ ਕੰਮ ਕਰਦਾ ਸੀ ਤੇ ਉਹ ਹੁਣ ਅਮਰੀਕਾ ਵਿਚੋਂ ਫਰਾਰ ਹੋ ਚੁੱਕਿਆ ਹੈ। ਉਸ ਦੇ ਭਾਰਤ ਵਿਚ ਹੋਣ ਦੀ ਸੰਭਾਵਨਾ ਹੈ।


ਸ਼ੇਅਰ ਬਾਜ਼ਾਰ ਕਮਿਸ਼ਨ ਨੇ ਦੱਸਿਆ ਕਿ ਸ਼ਾਹ ਆਪਣਾ ਜਵਾਬ ਦੇਣ ਜਾਂ ਆਪਣਾ ਬਚਾਅ ਕਰਨ ਲਈ ਅਦਾਲਤ ਵਿਚ ਪੇਸ਼ ਨਹੀਂ ਹੋਇਆ। ਨਿਊਯਾਰਕ ਜ਼ਿਲ੍ਹਾ ਅਦਾਲਤ ਦੇ ਜੱਜ ਜੇਡ ਰੈਕਾਫ ਨੇ ਆਪਣੇ ਹੁਕਮ ਵਿਚ ਕਿਹਾ ਕਿ ਸ਼ਾਹ ਉਪਰ ਇਕ ਕੰਪਨੀ ਦੇ ਅੰਦਰਲੇ ਭੇਤ ਦੂਜੀਆਂ ਕੰਪਨੀਆਂ ਨੂੰ ਵੇਚਣ ਦਾ ਦੋਸ਼ ਸਾਬਤ ਹੁੰਦਾ ਹੈ। ਉਸ ਨੂੰ 2.46 ਕਰੋੜ ਡਾਲਰ ਦਾ ਜੁਮਰਾਨਾ ਕੀਤਾ ਗਿਆ ਹੈ ਤੇ 99 ਲੱਖ ਡਾਲਰ ਵਿਆਜ਼ ਦੇਣ ਲਈ ਵੀ ਕਿਹਾ ਗਿਆ ਹੈ। ਇਸ ਮਾਮਲੇ ਵਿਚ ਰੂਮੀ ਖਾਨ ਤੇ ਰਾਜਾ ਰਤਨ ਵੀ ਫਸੇ ਹੋਏ ਹਨ। ਖਾਨ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ ਤੇ ਉਹ ਵਾਅਦਾ ਮੁਆਫ ਗਵਾਹ ਬਣ ਗਿਆ ਜਦਕਿ ਰਾਜਾ ਰਤਨ ਨੂੰ ਮਈ ਵਿਚ ਦੋਸ਼ੀ ਠਹਿਰਾਇਆ ਜਾ ਚੁੱਕਿਆ ਹੈ। ਇਸਤਗਾਸਾ ਧਿਰ ਨੇ ਉਸ ਨੂੰ ਵੱਧ ਤੋਂ ਵੱਧ 24 ਸਾਲ ਦੀ ਸਜ਼ਾ ਦੇਣ ਦੀ ਪੇਸ਼ ਕੀਤੀ ਹੈ।

# ਸੁਡਾਨ 'ਚ ਬਾਗੀ ਆਗੂ ਨੂੰ ਫਾਂਸੀ ਦੀ ਸਜ਼ਾ

**ਖਰਤੌਮ:** ਸੁਡਾਨ ਦੀ ਅਦਾਲਤ ਨੇ ਦਾਰਫੁਰ ਦੇ ਸਭ ਤੋਂ ਤਕੜੇ ਬਾਗੀ ਧੜੇ 'ਜਸਟਿਸ ਐਂਡ ਇਕੂਐਲਿਟੀ ਮੂਵਮੈਂਟ' ਦੇ ਨੇਤਾ ਅਲ ਟੋਮ ਹਾਮਦ ਤੂਤੂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਇਸ ਵਿਦਰੋਹੀ ਨੇਤਾ ਨੂੰ ਦੱਖਣੀ ਕੋਰਦੋਫਾਨ ਪ੍ਰਾਂਤ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਥੇ ਸੁਡਾਨ ਫੌਜ ਤੇ ਵਿਦਰੋਹੀਆਂ ਵਿਚਕਾਰ ਜੂਨ ਮਹੀਨੇ 'ਚ ਲੜਾਈ ਹੋਈ ਸੀ। ਵਿਦਰੋਹੀ ਨੇਤਾ 'ਤੇ ਦੋਸ਼ ਹਨ ਕਿ ਉਸ ਨੇ ਸੰਵਿਧਾਨ ਦੀ ਉਲੰਘਣਾ ਕੀਤੀ ਹੈ ਤੇ ਰਾਜ ਵਿਰੁਧ ਲੜਾਈ ਭੜਕਾਈ ਹੈ।


ਰੇਡੀਓ ਚੜ੍ਹਦੀ ਕਲਾ ਸੁਣੋ
RADIO CHARDI KALA
ਹੁਣ ਦੁਨੀਆਂ ਭਰ ਵਿਚ www.radiock.com 'ਤੇ
ਬੇਏਰੀਆ ਅਤੇ ਯੂਬਾ ਸਿਟੀ ਹਫਤੇ ਦੇ ਸੱਤੇ ਦਿਨ, 24 ਘੰਟੇ
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ
ਬਹੁਤ ਹੀ ਵਧੀਆ ਕੁਆਲਿਟੀ
> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City
DESI WORLD RADIO
ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਗੁਰਚਰਨ ਸਿੰਘ ਮਾਨ ਫੋਨ 510-557-0061
ਲਖਬੀਰ ਸਿੰਘ ਫੋਨ 510-760-9882
ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com
Radio CK, PO Box 296, Fremont, CA 94537



MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines Emirates
Passport & Visa services also available
SINGAPORE AIRLINES CATHAY PACIFIC KOREAN AIR Lufthansa CHINA AIRLINES
Special promotion SFO-DEL $1135 (INC TX.)



Desi Cuts and Color Plus
For Men, Women & Children

Grand Opening

Ph:510-429-0786
Mandeep 510-200-4415
Tony (510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)
34685 Alvarado Niles Rd., Union City, CA 94587 (Behind Tacobell)


## Matrimonials

*ਜੀਵਨ ਸਾਥੀ ਦੀ ਲੋੜ*

Jatt Gursikh, 28 years old 5'11" US Citizen, doing Networking Eng. seeks educated Jatt Sikh girl atleast 5'5". Preference to Medical profession. Contact: 209-835-8767 or email laadi@sbcglobal.net

Beautiful, simple, sincere, honest, strong moral, never married, pretty girl 30s, 5'-2" is looking for a sincere, God fearing, vegetarian, professional boy. Serious inquiries, caste no bar. email:Singhb1@yahoo.com

Match for Jatt Sikh Green Card holder boy 31 yrs, 5' 8", B.A. Boy's all family well settled in US (Bay area). Girl must be 5' 3", 24-30 yrs age. Send Bio Data-usasaran@yahoo.com or call 408-624-7857, 4pm-9pm only (PST)

Seeking jat sikh alliance for Dec 82 born,5'-6",beautiful, B.E, M.S girl,working with Bank of America, Contact:704-930-1734, sandhu8332@gmail.com.

Suitable US citizen match for professionally qualified Jatt Sikh handsome boy, 28, 5'8", Contact Cell No. 704 733 8382 or email-kds0083@gmail.com

US citizen girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com




Business Opportunity
International Company looking for serious people to work from home-part time or full time. Great earning potential, full training and support provided. To attend training in your area.
For more info. call:
Sukhpreet Kaur Indiana
Ph:317-884-3557
Sharanjeet Kaur
Ph:317-332-1387
spkaurus@yahoo.co.in - www.shopherbalife.com/skaur



FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਪਾਕਿਸਤਾਨ 'ਚ ਰੁਲ ਰਹੀਆਂ ਨੇ ਸਿੱਖ ਰਾਜ ਦੀਆਂ ਯਾਦਗਾਰਾਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪਾਕਿਸਤਾਨ 'ਚ ਸਿੱਖਾਂ ਰਾਜ ਨਾਲ ਸਬੰਧਿਤ ਯਾਦਗਾਰਾਂ ਸਾਂਭ-ਸੰਭਾਲ ਨਾ ਹੋਣ ਕਾਰਨ ਲੋਪ ਹੋ ਰਹੀਆਂ ਹਨ। ਸਿੱਖ ਜਗਤ ਵੱਲੋਂ ਇਸ ਮਾਮਲੇ ਨੂੰ ਵਾਰ-ਵਾਰ ਉਠਾਉਣ ਦੇ ਬਾਵਜੂਦ ਇਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ।

ਲਾਹੌਰ ਸਥਿਤ ਕੋਟ ਖਵਾਜਾ ਸਈਦ (ਪੁਰਾਣਾ ਨਾਂ ਸ਼ਾਹ ਬਲਾਵਲ) ਵਿਖੇ ਮਹਾਰਾਜਾ ਸ਼ੇਰ ਸਿੰਘ ਦੀ ਸਮਾਧ ਦੀ ਹਾਲਤ ਬੇਹੱਦ ਖਸਤਾ ਹੈ ਤੇ ਇਤਿਹਾਸਕ ਬਾਰਾਂਦਰੀ ਵਿਚ ਕੂੜਾ ਘਰ ਬਣਾਇਆ ਹੋਇਆ ਹੈ। ਇਸ ਤੋਂ ਇਲਾਵਾ ਹਰੀ ਸਿੰਘ ਨਲੂਆ ਦੀਆਂ ਸਮਾਧਾਂ 'ਤੇ ਫ਼ੌਜ ਤੇ ਪੁਲਿਸ ਨੇ ਕਬਜ਼ਾ ਕੀਤਾ ਹੋਇਆ ਹੈ। ਪਾਕਿਸਤਾਨ 'ਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਕਰਕੇ ਸ਼੍ਰੋਮਣੀ ਕਮੇਟੀ ਤੇ ਪੰਜਾਬ ਦੇ ਸਿੱਖ ਆਗੂਆਂ ਨੇ ਇਸ ਵੱਲ ਧਿਆਨ ਦੇਣਾ ਛੱਡ ਦਿੱਤਾ ਹੈ ਪਰ ਸੀਮਤ ਅਧਿਕਾਰ ਹੋਣ ਕਾਰਨ ਪਾਕਿ ਗੁਰਦੁਆਰਾ ਕਮੇਟੀ ਵੀ ਇਨ੍ਹਾਂ ਇਤਿਹਾਸਕ ਯਾਦਗਾਰਾਂ ਦੀ ਸੰਭਾਲ ਲਈ ਕੁਝ ਨਹੀਂ ਕਰ ਸਕੀ।

ਅਟਾਰੀ ਰਹਿੰਦੇ ਮਹਾਰਾਜਾ ਰਣਜੀਤ ਸਿੰਘ ਦੇ ਵਾਰਸ ਕੰਵਰ ਕਰਵਿੰਦਰਪਾਲ ਸਿੰਘ, ਕੰਵਰ ਦਵਿੰਦਰਪਾਲ ਸਿੰਘ ਤੇ ਕੰਵਰ ਮੀਤਪਾਲ ਸਿੰਘ ਦਾ ਕਹਿਣਾ ਹੈ ਕਿ ਮਹਾਰਾਜਾ ਸ਼ੇਰ ਸਿੰਘ ਪੁੱਤਰ ਮਹਾਰਾਜਾ ਰਣਜੀਤ ਨੂੰ ਡੋਗਰਿਆਂ ਤੇ ਸੰਧਾਵਾਲੀਆ ਸਰਦਾਰਾਂ ਵੱਲੋਂ ਲਾਹੌਰ ਸਥਿਤ ਸ਼ਾਹ ਬਲਾਵਲ ਦੀ ਬਾਰਾਂਦਰੀ ਵਿਖੇ ਸੰਧਾਵਾਲੀਆ ਸਰਦਾਰਾਂ ਦੀ ਘੋੜ ਸਵਾਰ ਫੌਜ ਦਾ ਮੁਆਇਨਾ ਕਰਨ ਸਮੇਂ ਅਜੀਤ ਸਿੰਘ ਸੰਧਾਵਾਲੀਆ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਉਸੇ ਦਿਨ ਹੀ ਉਨ੍ਹਾਂ ਦੇ ਪੁੱਤਰ ਕੰਵਰ ਪ੍ਰਤਾਪ ਸਿੰਘ ਨੂੰ ਤੇਜਾ ਸਿੰਘ ਦੇ ਬਾਗ ਵਿਚ ਲਹਿਣਾ ਸਿੰਘ ਸੰਧਾਵਾਲੀਆ ਨੇ ਕਤਲ ਕਰ ਦਿੱਤਾ ਸੀ। ਮਹਾਰਾਜਾ ਸ਼ੇਰ ਸਿੰਘ ਤੇ ਉਸ ਦੇ ਪੁੱਤਰ ਕੰਵਰ ਪ੍ਰਤਾਪ ਸਿੰਘ ਦਾ ਸ਼ਾਹ ਬਲਾਵਲ ਵਿਖੇ ਸਸਕਾਰ ਕਰਕੇ ਉਨ੍ਹਾਂ ਦੀ ਸਮਾਧ ਬਣਾਈ ਗਈ ਸੀ।



*ਸਿੱਖ ਜਰਨੈਲ ਹਰੀ ਸਿੰਘ ਨਲੂਆ ਦੀ ਸਮਾਧ ਜਿੱਥੇ ਹੁਣ ਥਾਣਾ ਹੈ।*

ਮਹਾਰਾਜਾ ਦੇ ਵਾਰਸਾਂ ਨੇ ਦੱਸਿਆ ਕਿ ਸ਼ਾਹ ਬਲਾਵਲ ਵਿਖੇ ਮਹਾਰਾਜਾ ਸ਼ੇਰ ਸਿੰਘ ਦੀਆਂ ਦੋ ਰਾਣੀਆਂ ਰਾਣੀ ਧਰਮ ਕੌਰ ਰੰਧਾਵੀ ਤੇ ਰਾਣੀ ਪ੍ਰਤਾਪ ਕੌਰ ਦੀਆਂ ਸਮਾਧਾਂ ਵੀ ਬਣੀਆਂ ਹੋਈਆਂ ਸਨ। ਉਨ੍ਹਾਂ ਦੱਸਿਆ ਕਿ ਉਹ 28 ਜੂਨ, 2001 ਨੂੰ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਪਰਿਵਾਰਕ ਮੈਂਬਰ ਪਾਕਿਸਤਾਨ ਗਏ ਤਾਂ ਉਨ੍ਹਾਂ ਨੇ ਸ਼ਾਹ ਬਲਾਵਲ ਵਿਖੇ ਮਹਾਰਾਜਾ ਸ਼ੇਰ ਸਿੰਘ ਤੇ ਰਾਣੀਆਂ ਦੀਆਂ ਸਮਾਧਾਂ ਢਹਿ-ਢੇਰੀ ਹੋਈਆਂ ਵੇਖੀਆਂ। ਇੱਥੇ ਇਕ ਕੰਧ ਹੀ ਬਚੀ ਹੋਈ ਸੀ। ਉਨ੍ਹਾਂ ਦੱਸਿਆ ਕਿ ਜਦੋਂ ਇਸ ਬਾਰੇ ਉਥੋਂ ਦੇ ਲੋਕਾਂ ਨੂੰ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ 1992 ਵਿਚ ਜਦੋਂ ਦਿੱਲੀ 'ਚ ਬਾਬਰੀ ਮਸਜਿਦ ਢਾਹੀ ਗਈ ਸੀ ਤਾਂ ਉਨ੍ਹਾਂ ਨੇ ਇਹ ਸਮਾਧਾਂ ਹਿੰਦੂਆਂ ਦਾ ਮੰਦਰ ਸਮਝ ਕੇ ਢਾਹ ਦਿੱਤੀਆਂ ਸਨ।

ਉਨ੍ਹਾਂ ਦੱਸਿਆ ਕਿ ਲਾਹੌਰ ਯਾਤਰਾ ਦੌਰਾਨ ਮਹਾਰਾਜਾ ਦੇ ਵਾਰਸਾਂ ਨੇ ਸ਼ਾਹ ਬਲਾਵਲ ਵਿਖੇ ਢਾਹੀਆਂ ਸਮਾਧਾਂ ਦੀ ਮੁੜ ਉਸਾਰੀ ਲਈ ਲੈਫਟੀਨੈਂਟ ਜਨਰਲ ਜਾਵੇਦ ਨਾਸਿਰ ਚੇਅਰਮੈਨ ਪਾਕਿਸਤਾਨ ਔਕਾਫ ਬੋਰਡ ਨੂੰ ਲਾਹੌਰ ਸਥਿਤ ਦਫਤਰ ਵਿਖੇ ਮਿਲ ਕੇ ਲਿਖਤੀ ਦਰਖਾਸਤ ਦਿੱਤੀ ਸੀ। ਇਸ ਉਪਰੰਤ 11 ਅਪਰੈਲ 2006 ਨੂੰ ਪਾਕਿਸਤਾਨ ਔਕਾਫ ਬੋਰਡ ਦੇ ਚੇਅਰਮੈਨ ਜ਼ੁਲਫਕਾਰ ਅਲੀ ਖਾਨ ਨੂੰ ਇਕ ਵਾਰ ਫਿਰ ਚਿੱਠੀ ਲਿਖ ਕੇ ਸਮਾਧਾਂ ਦੀ ਮੁੜ ਉਸਾਰੀ ਦੀ ਮੰਗ ਕੀਤੀ ਸੀ ਪਰ ਮੁੜ ਉਸਾਰੀ ਨਹੀਂ ਹੋਈ ਸਗੋਂ ਬਾਰਾਂਦਰੀ ਨੂੰ ਕੂੜਾਘਰ ਵਿਚ ਬਦਲ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ 1947 ਦੀ ਵੰਡ ਤੋਂ ਪਹਿਲਾਂ ਮਹਾਰਾਜਾ ਸ਼ੇਰ ਸਿੰਘ ਤੇ ਉਨ੍ਹਾਂ ਦੀਆਂ ਰਾਣੀਆਂ ਦੀਆਂ ਸ਼ਾਹ ਬਲਾਵਲ ਸਥਿਤ ਸਮਾਧਾਂ ਤੇ ਬਾਰਾਂਦਰੀ ਦੀ ਸਾਂਭ-ਸੰਭਾਲ ਮਹਾਰਾਜਾ ਦੇ ਪਰਿਵਾਰ ਵੱਲੋਂ ਕੀਤੀ ਜਾਂਦੀ ਸੀ ਜੋ ਵੰਡ ਸਮੇਂ ਭਾਰਤ ਆ ਗਏ ਸਨ।

ਮਹਾਰਾਜਾ ਦੇ ਵਾਰਸਾਂ ਨੇ ਪਾਕਿਸਤਾਨ ਸਰਕਾਰ, ਪਾਕਿਸਤਾਨ ਔਕਾਫ ਬੋਰਡ, ਪਾਕਿਸਤਾਨ ਪੁਰਾਤੱਤਵ ਵਿਭਾਗ ਤੋਂ ਮੰਗ ਕੀਤੀ ਹੈ ਕਿ ਸ਼ਾਹ ਬਲਾਵਲ ਵਿਖੇ ਮਹਾਰਾਜਾ ਸ਼ੇਰ ਸਿੰਘ ਤੇ ਉਨ੍ਹਾਂ ਦੀਆਂ ਰਾਣੀਆਂ ਦੀਆਂ ਢਾਹੀਆਂ ਗਈਆਂ ਸਮਾਧਾਂ ਤੇ ਬਾਰਾਂਦਰੀ ਦਾ ਨਵ-ਨਿਰਮਾਣ ਕਰਵਾਇਆ ਜਾਵੇ ਤੇ ਬਾਰਾਂਦਰੀ ਵਿਚ ਬਣਾਏ ਕੂੜਾਘਰ ਨੂੰ ਤੁਰੰਤ ਹਟਾਇਆ ਜਾਵੇ। ਉਨ੍ਹਾਂ ਨੇ ਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਮਾਮਲੇ ਲਈ ਵਿਦੇਸ਼ ਮੰਤਰਾਲਾ ਭਾਰਤ ਸਰਕਾਰ ਕੋਲ ਆਵਾਜ਼ ਉਠਾਉਣ।

## ਹਰੀ ਸਿੰਘ ਨਲੂਆ ਦੀ ਸਮਾਧ 'ਤੇ ਬਣਿਆ ਪੁਲਿਸ ਥਾਣਾ

**ਅੰਮ੍ਰਿਤਸਰ:** ਮਹਾਨ ਸਿੱਖ ਜਰਨੈਲ ਸ. ਹਰੀ ਸਿੰਘ ਨਲੂਆ ਦੀ ਇਕ ਸਮਾਧ 'ਤੇ ਲੰਬੇ ਸਮੇਂ ਤੋਂ ਪਾਕਿਸਤਾਨੀ ਫ਼ੌਜ ਦਾ ਕਬਜ਼ਾ ਹੈ ਤੇ ਦੂਸਰੀ ਸਮਾਧ ਪਿਛਲੇ ਕਈ ਵਰ੍ਹਿਆਂ ਤੋਂ ਪੁਲਿਸ ਥਾਣੇ ਵਜੋਂ ਵਰਤੀ ਜਾ ਰਹੀ ਹੈ। ਸ. ਹਰੀ ਸਿੰਘ ਨਲੂਆ ਦੇ 30 ਅਪਰੈਲ 1837 ਨੂੰ ਸ਼ਹੀਦ ਹੋਣ 'ਤੇ ਉਨ੍ਹਾਂ ਦੀ ਮ੍ਰਿਤਕ ਦੇਹ ਦਾ ਸਸਕਾਰ ਜਮਰੌਦ ਕਿਲ੍ਹੇ 'ਚ ਸ. ਮਹਾਂ ਸਿੰਘ ਮੀਰਪੁਰੀਏ ਵੱਲੋਂ ਕੀਤਾ ਗਿਆ ਤੇ ਬਾਅਦ ਵਿਚ ਉਸੇ ਕਿਲ੍ਹੇ ਵਿਚ ਸ. ਨਲੂਆ ਦੀ ਸਮਾਧ ਬਣਾ ਦਿੱਤੀ ਗਈ। ਇਹ ਸਮਾਧ ਅੱਜ ਵੀ ਕਿਲ੍ਹੇ ਦੇ ਅੰਦਰ ਦੀਵਾਰ ਦੇ ਬਿਲਕੁਲ ਨਾਲ ਮੌਜੂਦ ਹੈ ਪਰ ਇਸ 'ਤੇ ਪਾਕਿਸਤਾਨ ਸੈਨਾ ਦਾ ਕਬਜ਼ਾ ਹੈ ਤੇ ਆਮ ਜਨਤਾ ਨੂੰ ਸਮਾਧ ਵੇਖਣ ਜਾਣ ਦੀ ਆਗਿਆ ਨਹੀਂ ਹੈ।



ਸ. ਨਲੂਆ ਦੇ ਸਸਕਾਰ ਤੋਂ ਕੁਝ ਦਿਨ ਬਾਅਦ ਉਨ੍ਹਾਂ ਦੇ ਵੱਡੇ ਸਪੁੱਤਰ ਸ. ਜਵਾਹਰ ਸਿੰਘ ਨਲੂਆ ਜਮਰੌਦ ਤੋਂ ਆਪਣੇ ਪਿਤਾ ਦੀ ਦੇਹ ਦੀ ਕੁਝ ਭਸਮ ਗੁਜਰਾਂਵਾਲਾ ਲੈ ਆਏ ਸਨ।ਜਿਥੇ ਸ. ਹਰੀ ਸਿੰਘ ਨਲੂਆ ਦੀ ਦੂਜੀ ਪਤਨੀ ਬੀਬੀ ਦੇਸਾਂ ਨੇ ਸ. ਨਲੂਆ ਦੀ ਯਾਦ ਵਿਚ ਉਨ੍ਹਾਂ ਦੀ ਸਮਾਧ ਬਣਵਾਈ। ਇਹ ਸਮਾਧ ਜ਼ਮੀਨ ਤੋਂ ਚਾਰ ਫੁੱਟ ਉਪਰ ਇਕ ਵੱਡੇ ਥੜ੍ਹੇ 'ਤੇ ਬਣਵਾਈ ਗਈ ਜਿਸ 'ਤੇ ਉੱਚਾ ਤੇ ਖ਼ੂਬਸੂਰਤ ਗੁੰਬਦ ਉਸਾਰਿਆ ਗਿਆ। ਗੁਜਰਾਂਵਾਲਾ ਸ਼ਹਿਰ 'ਚ ਜੀ.ਟੀ. ਰੋਡ 'ਤੇ ਸ਼ੇਖ਼ੂਪੁਰਾ ਮੋੜ ਦੇ ਨਜ਼ਦੀਕ ਸੰਘਣੀ ਆਬਾਦੀ ਵਾਲੇ ਇਲਾਕੇ 'ਚ ਮੌਜੂਦ ਇਸ 20 ਏਕੜ ਬਾਗ਼ ਦੇ ਅੱਧ-ਵਿਚਕਾਰ ਬਣੀ ਉਪਰੋਕਤ ਬਾਰਾਂਦਰੀ ਨੂੰ ਭਾਂਵੇ ਅਗਸਤ 1940 ਵਿਚ ਆਰਕੋਲਾਜੀ ਐਕਟ ਤਹਿਤ ਸੁਰੱਖਿਅਤ ਇਮਾਰਤ ਐਲਾਨ ਦਿੱਤਾ ਗਿਆ ਸੀ ਪਰ ਪਾਕਿਸਤਾਨ ਬਣਨ ਦੇ ਬਾਅਦ ਸ. ਨਲੂਆ ਦੀ ਸਮਾਧ ਨੂੰ ਛੱਡ ਕੇ ਬਾਕੀ ਬਾਰਾਂਦਰੀ ਤੇ ਬਾਗ਼ ਪਾਕਿਸਤਾਨ ਵਕਫ਼ ਬੋਰਡ ਵੱਲੋਂ ਛੋਟੇ-ਛੋਟੇ ਹਿੱਸੇ ਕਰਕੇ ਵੇਚ ਦਿੱਤੇ ਗਏ। ਸ. ਨਲੂਆ ਦੀ ਸਮਾਧ ਅੱਜ ਵੀ ਚੰਗੀ ਤੇ ਤਸਲੀਬਖ਼ਸ਼ ਹਾਲਤ ਵਿਚ ਮੌਜੂਦ ਹੈ ਪਰ ਪਿਛਲੇ ਕੁਝ ਵਰ੍ਹਿਆਂ ਤੋਂ ਇਸ ਨੂੰ ਪੁਲਿਸ ਥਾਣਾ ਸਬਜ਼ੀ ਮੰਡੀ (ਨਵੀਂ ਮੰਡੀ) ਵਜੋਂ ਇਸਤੇਮਾਲ ਕੀਤਾ ਜਾ ਰਿਹਾ ਹੈ ਜੋ ਖ਼ਿਆਲੀ ਸਰਕਲ ਦੇ ਅਧੀਨ ਆਉਂਦਾ ਹੈ।

### ਸ਼੍ਰੋਮਣੀ ਕਮੇਟੀ ਦੀ ਲਾਪ੍ਰਵਾਹੀ

# ਦਰਬਾਰ ਸਾਹਿਬ ਦੀ ਪਰਿਕਰਮਾ 'ਚ ਪਾਣੀ ਭਰਿਆ

**ਅੰਮ੍ਰਿਤਸਰ:** ਸ਼ਹਿਰ 'ਚ 28 ਅਗਸਤ ਨੂੰ ਤੜਕਸਾਰ ਹੋਈ ਮੋਹਲੇਧਾਰ ਬਾਰਸ਼ ਕਾਰਨ ਜਿੱਥੇ ਸ਼ਹਿਰ ਦੇ ਕਈ ਇਲਾਕੇ ਪਾਣੀ ਨਾਲ ਭਰ ਗਏ ਉੱਥੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਵੀ ਪਾਣੀ ਖੜ੍ਹਾ ਹੋ ਗਿਆ। ਸਿੱਖ ਸ਼ਰਧਾਲੂਆਂ ਨੇ ਪਵਿੱਤਰ ਅਸਥਾਨ 'ਚ ਗੰਦਾ ਪਾਣੀ ਭਰਨ ਨੂੰ ਪ੍ਰਬੰਧਕਾਂ ਦੀ ਲਾਪਰਵਾਹੀ ਕਰਾਰ ਦਿੱਤਾ ਹੈ। ਪਾਣੀ ਇੰਨਾ ਜ਼ਿਆਦਾ ਸੀ ਕਿ ਪ੍ਰਬੰਧਕ ਪਾਣੀ ਨੂੰ ਕਾਫੀ ਦੇਰ ਬਾਅਦ ਕੱਢਣ ਵਿਚ ਸਫਲ ਹੋ ਸਕੇ।

ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਬਾਹਰਲੀ ਜ਼ਮੀਨ ਨਾਲੋਂ ਨੀਵੀਂ ਹੈ। ਇਸ ਰੂਹਾਨੀ ਅਸਥਾਨ ਦੀ ਸਥਾਪਨਾ ਸਮੇਂ ਗੁਰੂ ਸਾਹਿਬ ਨੇ ਇਕ ਵਿਸ਼ੇਸ਼ ਮੰਤਵ ਤਹਿਤ ਇਸ ਧਾਰਮਿਕ ਅਸਥਾਨ ਨੂੰ ਸ਼ਹਿਰ ਦੀ ਆਬਾਦੀ ਨਾਲੋਂ ਨੀਵਾਂ ਰੱਖਿਆ ਸੀ। ਇੱਥੇ ਮੀਂਹ ਦੌਰਾਨ ਖੜ੍ਹੇ ਹੋਣ ਵਾਲੇ ਪਾਣੀ ਤੇ ਹੋਰ ਪਾਣੀ ਨੂੰ ਬਾਹਰ ਕੱਢਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹੋਏ ਹਨ। ਇੱਥੇ ਦੋ ਮੋਟਰਾਂ ਲਾਈਆਂ ਹੋਈਆਂ ਹਨ ਜਿਨ੍ਹਾਂ ਰਾਹੀਂ ਮੀਂਹ ਪੈਣ ਦੀ ਹਾਲਤ ਵਿਚ ਤੁਰੰਤ ਸਾਰਾ ਪਾਣੀ ਬਾਹਰ ਕੱਢ ਦਿੱਤਾ ਜਾਂਦਾ ਹੈ ਪਰ ਹੁਣ ਇਨ੍ਹਾਂ ਦਿਨਾਂ ਵਿਚ ਇਕ ਦੋ ਵਾਰ ਅਜਿਹੀਆਂ ਘਟਨਾਵਾਂ ਹੋ ਚੁੱਕੀਆਂ ਹਨ ਕਿ ਮੀਂਹ ਤੋਂ ਬਾਅਦ ਪਰਿਕਰਮਾ ਵਿਚ ਅਕਸਰ ਹੀ ਪਾਣੀ ਖੜ੍ਹ ਜਾਂਦਾ ਹੈ ਤੇ ਲੰਮਾਂ ਸਮਾਂ ਪਾਣੀ ਖੜ੍ਹਾ ਰਹਿੰਦਾ ਹੈ। ਇਸ ਪਾਣੀ ਦਾ ਪੱਧਰ ਉੱਚਾ ਹੋਣ ਦੀ ਸੂਰਤ ਵਿਚ ਮੀਂਹ ਦਾ ਇਹ ਪਾਣੀ ਸਰੋਵਰ ਵਿਚ ਵੀ ਜਾ ਸਕਦਾ ਹੈ ਜਿਸ ਨਾਲ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪੁੱਜ ਸਕਦੀ ਹੈ। ਪਰਿਕਰਮਾ ਵਿਚ ਪਾਣੀ ਲੰਮਾ ਸਮਾਂ ਖੜ੍ਹਾ ਰਿਹਾ।ਤੇ ਸ਼ਰਧਾਲੂ ਪਾਣੀ ਵਿਚੋਂ ਹੀ ਲੰਘ ਰਹੇ ਸਨ ਤੇ ਬੱਚੇ ਪਾਣੀ ਨਾਲ ਖੇਡਦੇ ਵੀ ਰਹੇ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਨੇ ਦੱਸਿਆ ਕਿ ਪ੍ਰਕਰਮਾ ਵਿਚੋਂ ਪਾਣੀ ਬਾਹਰ ਸੁੱਟਣ ਵਾਲੀ ਮੋਟਰ ਦੇ ਖਰਾਬ ਹੋਣ ਕਾਰਨ ਇਹ ਸਮੱਸਿਆ ਪੇਸ਼ ਆਈ ਹੈ। ਉਨ੍ਹਾਂ ਇਸ ਬਾਰੇ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਨਾਲ ਵੀ ਗੱਲ ਕੀਤੀ ਹੈ ਤੇ ਮੋਟਰ ਨੂੰ ਤੁਰੰਤ ਠੀਕ ਕਰਾਉਣ ਦੀ ਹਦਾਇਤ ਕੀਤੀ ਹੈ।



## ਕੈਬਨਿਟ ਮੰਤਰੀ ਚਾਵਲਾ ਦੇ ਘਰ 'ਚ ਵੀ ਪਾਣੀ ਵੜਿਆ

**ਅੰਮ੍ਰਿਤਸਰ:** ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਦੇ ਦਾਅਵਿਆਂ ਦੀ ਅਸਲ ਤਸਵੀਰ ਉਦੋਂ ਸਾਹਮਣੇ ਆਈ ਜਦੋਂ ਥੋੜੇ ਜਿਹਾ ਮੀਂਹ ਪੈਣ ਤੋਂ ਬਾਅਦ ਹੀ ਕੈਬਨਿਟ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਦਾ ਘਰ ਵੀ ਜਲਥਲ ਹੋ ਗਿਆ। ਮੰਤਰੀ ਨੂੰ ਕਾਫੀ ਨਿਮੋਸ਼ੀ ਝੱਲਣੀ ਪਈ ਤੇ ਬਚਾਅ ਲਈ ਉਨ੍ਹਾਂ ਨੂੰ ਭੱਜ-ਦੌੜ ਕਰਨੀ ਪਈ।

ਬੀਬੀ ਚਾਵਲਾ ਦਾ ਘਰ ਸ਼ਹਿਰ ਦੀ ਚਾਰਦੀਵਾਰੀ ਦੇ ਅੰਦਰ ਟੰਡੇ ਤਲਾਬ ਨੇੜੇ ਹੈ। ਇਸ ਘਰ ਦੀ ਹੇਠਲੀ ਮੰਜ਼ਲ 'ਤੇ ਦਫਤਰ ਬਣਿਆ ਹੋਇਆ ਹੈ। ਇਸ ਦਫਤਰ ਦੀ ਮੰਤਰੀ ਵੱਲੋਂ ਲੋਕਾਂ ਨੂੰ ਮਿਲਣ ਲਈ ਵਰਤੋਂ ਕੀਤੀ ਜਾਂਦੀ ਹੈ। ਬਾਰਸ਼ ਕਾਰਨ ਹੋਰ ਇਲਾਕਿਆਂ ਵਾਂਗ ਇੱਥੇ ਵੀ ਪਾਣੀ ਖੜ੍ਹਾ ਹੋ ਗਿਆ ਤੇ ਪ੍ਰੋ. ਚਾਵਲਾ ਦੇ ਘਰ ਦੀ ਹੇਠਲੀ ਮੰਜ਼ਲ ਵਿਚ ਪਾਣੀ ਦਾਖ਼ਲ ਹੋ ਗਿਆ। ਉਨ੍ਹਾਂ ਨੂੰ ਅਮਲੇ ਦੀ ਮਦਦ ਨਾਲ ਤੁਰੰਤ ਹੇਠਲੀ ਮੰਜ਼ਲ ਵਿਚ ਰੱਖਿਆ ਸਾਮਾਨ ਹਟਾਉਣਾ ਪਿਆ। ਉਨ੍ਹਾਂ ਤੁਰੰਤ ਨਗਰ ਨਿਗਮ ਦੇ ਕਮਿਸ਼ਨਰ ਤੇ ਮੇਅਰ ਸਮੇਤ ਡਿਪਟੀ ਕਮਿਸ਼ਨਰ ਨੂੰ ਵੀ ਸੂਚਿਤ ਕੀਤਾ। ਪ੍ਰੋ. ਚਾਵਲਾ ਨੇ ਕਿਹਾ ਕਿ ਉਹ ਕਈ ਵਾਰ ਪਹਿਲਾਂ ਵੀ ਮੇਅਰ ਤੇ ਕਮਿਸ਼ਨਰ ਨੂੰ ਇਸ ਸਮੱਸਿਆ ਤੋਂ ਜਾਣੂ ਕਰਵਾ ਚੁੱਕੇ ਹਨ ਪਰ ਪਾਣੀ ਦੇ ਤੇਜ਼ੀ ਨਾਲ ਨਿਕਾਸ ਲਈ ਢੁਕਵੇਂ ਪ੍ਰਬੰਧ ਨਹੀਂ ਕੀਤੇ ਗਏ। ਦੂਜੇ ਪਾਸੇ ਨਗਰ ਨਿਗਮ ਦੇ ਕਮਿਸ਼ਨਰ ਧਰਮ ਪਾਲ ਗੁਪਤਾ ਨੇ ਦੱਸਿਆ ਕਿ ਇਲਾਕੇ ਵਿਚ ਪਾਣੀ ਦੇ ਨਿਕਾਸ ਵਿਚ ਰੁਕਾਵਟ ਸੀ।

# ਭੁੱਲਰ ਦੀ ਸਜ਼ਾ ਮੁਆਫੀ ਲਈ ਬਾਦਲ ਵਲੋਂ ਪ੍ਰਧਾਨ ਮੰਤਰੀ ਨੂੰ ਪੱਤਰ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਤੇ ਅੱਗੇ ਵਿਧਾਨ ਸਭਾ ਚੋਣਾਂ ਨੂੰ ਧਿਆਨ 'ਚ ਰੱਖਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਿਆਸੀ ਪੈਂਤੜੇ ਖੇਡਣੇ ਸ਼ੁਰੂ ਕਰ ਦਿੱਤੇ ਹਨ। ਲੰਮਾ ਸਮਾਂ ਚੁੱਪ ਵੱਟੀ ਰੱਖਣ ਤੋਂ ਬਾਅਦ ਸ. ਬਾਦਲ ਨੇ ਹੁਣ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖ ਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਮਾਮਲੇ ਵਿਚ ਨਿੱਜੀ ਦਖ਼ਲ ਦੇ ਕੇ ਫਾਂਸੀ ਦੀ ਸਜ਼ਾ ਮੁਆਫ ਕਰਵਾਉਣ ਦੀ ਅਪੀਲ ਕੀਤੀ ਹੈ ਤਾਂ ਜੋ ਦੇਸ਼-ਵਿਦੇਸ਼ ਦੇ ਸਿੱਖਾਂ ਦੀਆਂ ਭਾਵਨਾਵਾਂ ਸ਼ਾਂਤ ਹੋ ਸਕਣ।

ਪੱਤਰ ਵਿਚ ਸ. ਬਾਦਲ ਨੇ ਕਿਹਾ ਹੈ ਕਿ ਪ੍ਰੋ. ਭੁੱਲਰ ਮਾਮਲੇ ਬਾਰੇ ਉਹ ਪ੍ਰਧਾਨ ਮੰਤਰੀ ਨੂੰ ਨਿੱਜੀ ਤੌਰ 'ਤੇ ਮਿਲਣਾ ਚਾਹੁੰਦੇ ਸਨ ਪਰ ਪ੍ਰਧਾਨ ਮੰਤਰੀ ਦੇ ਰੁਝੇਵਿਆਂ ਕਾਰਨ ਉਹ ਪੱਤਰ ਰਾਹੀਂ ਇਸ ਮਾਮਲੇ 'ਤੇ ਪੰਜਾਬ ਸਰਕਾਰ ਦਾ ਰੁਖ਼ ਪੇਸ਼ ਕਰ ਰਹੇ ਹਨ। ਸ. ਬਾਦਲ ਨੇ ਕਿਹਾ ਕਿ ਉਹ ਪ੍ਰੋ. ਭੁੱਲਰ ਮਾਮਲੇ ਵਿਚ ਪਹਿਲਾਂ ਵੀ ਪ੍ਰਧਾਨ ਮੰਤਰੀ ਨੂੰ 23 ਜੂਨ 2011 ਨੂੰ ਮਿਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪ੍ਰੋ. ਭੁੱਲਰ ਦੇ ਮਾਮਲੇ ਨੂੰ ਮਨੁੱਖਤਾ ਤੇ ਹਮਦਰਦੀ ਦੀਆਂ ਭਾਵਨਾਵਾਂ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਇਸ ਮਾਮਲੇ ਵਿਚ ਇਕ ਸਰਬ ਪਾਰਟੀ ਵਫ਼ਦ ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਸਨ, ਨਾਲ ਭਾਰਤ ਦੀ ਰਾਸ਼ਟਰਪਤੀ ਨੂੰ ਮੰਗ ਪੱਤਰ ਦੇਣ ਲਈ ਪੰਜਾਬ ਦੇ ਰਾਜਪਾਲ ਨੂੰ ਵੀ ਮਿਲ ਚੁੱਕੇ ਹਨ।

ਇਥੇ ਜ਼ਿਕਰਯੋਗ ਹੈ ਕਿ ਬਾਦਲ ਸਰਕਾਰ ਨੇ ਪਹਿਲਾਂ ਪ੍ਰੋ. ਭੁੱਲਰ ਨੂੰ ਖ਼ਤਰਨਾਕ ਅਤਿਵਾਦੀ ਕਹਿ ਕੇ ਉਸ ਨੂੰ ਪੰਜਾਬ ਦੀ ਕਿਸੇ ਜੇਲ੍ਹ 'ਚ ਭੇਜਣ ਦਾ ਵਿਰੋਧ ਕੀਤਾ ਸੀ। ਉਸ ਤੋਂ ਬਾਅਦ ਪ੍ਰੋ. ਭੁੱਲਰ ਦੀ ਸਜ਼ਾ ਮੁਆਫੀ ਬਾਰੇ ਉੱਠੀ ਵਿਸ਼ਵ ਵਿਆਪੀ ਲਹਿਰ ਦੇ ਬਾਵਜੂਦ ਸ. ਬਾਦਲ ਨੇ ਚੁੱਪ ਵੱਟੀ ਰੱਖੀ ਸੀ।



*ਪੰਜਾਬ ਦੇ ਕੈਬਨਿਟ ਮੰਤਰੀ ਤੀਕਸ਼ਣ ਸੂਦ, ਜੋ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਹਨ ਪਿਛਲੇ ਦਿਨੀਂ ਬੇਕਰਜ਼ਫੀਲਡ ਵਿਚ ਐਨ ਆਰ ਆਈ ਸਭਾ ਅਮਰੀਕਾ ਦੇ ਮੀਤ ਪ੍ਰਧਾਨ ਜਗਦੀਸ਼ ਢਿੱਲੋਂ ਦੇ ਘਰ ਪਧਾਰੇ। ਉਨ੍ਹਾਂ ਦੇ ਨਾਲ ਅੰਮ੍ਰਿਤਸਰ ਦੇ ਮੇਅਰ ਸਵੇਤ ਮਲਿਕ ਅਤੇ ਡਿਪਟੀ ਮੇਅਰ ਏ ਐਸ ਰੰਧਾਵਾ ਵੀ ਸਨ। ਇਸ ਮੌਕੇ ਐਨ ਆਰ ਆਈ ਸਭਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ ਐਨ ਆਰ ਆਈ ਫਰੈਂਡ ਯੂ ਐਸ ਏ ਦੇ ਪ੍ਰਧਾਨ ਸੁੱਖੀ ਘੁੰਮਣ ਵੀ ਮੌਜੂਦ ਸਨ।*

# ਦਲ ਖਾਲਸਾ ਸੁਰਜੀਤ ਸਿੰਘ ਨਨੂਆ ਦਾ ਗੋਲਡ ਮੈਡਲ ਨਾਲ ਸਨਮਾਨ ਕਰੇਗਾ

**ਐਲ ਸਬਰਾਂਟੇ (ਬਿਊਰੋ):** ਦਲ ਖਾਲਸਾ ਅਲਾਇੰਸ ਨੇ ਸਿੱਖ ਕੌਮ ਵਿਚ ਪ੍ਰਚਲਿਤ ਵਖ ਵਖ ਰਹਿਤ ਮਰਿਆਦਾਵਾਂ ਨੂੰ ਇਕ ਜਿਲਦ ਵਿਚ "ਸਿੱਖ ਰਹਿਤ ਮਰਿਆਦਾ ਦਰਸ਼ਨ" ਦੇ ਨਾਮ ਥੱਲੇ ਪ੍ਰਕਾਸ਼ਿਤ ਕਰਨ ਵਾਲੇ ਪ੍ਰੋ. ਸੁਰਜੀਤ ਸਿੰਘ ਨਨੂਆ ਦਾ ਗੋਲਡ ਮੈਡਲ ਨਾਲ ਸਨਮਾਨ ਕਰਨ ਦਾ ਫੈਸਲਾ ਕੀਤਾ ਹੈ। ਅਲਾਇੰਸ ਵਲੋਂ ਜਾਰੀ ਇਕ ਬਿਆਨ ਅਨੁਸਾਰ ਅੱਲਗ ਅੱਲਗ ਰਹਿਤ ਮਰਿਆਦਾ ਰਾਹੀਂ ਧਾਰਮਿਕ ਤੌਰ 'ਤੇ ਸਿੱਖ ਕੌਮ ਵਿਚ ਪਈਆਂ ਵੰਡੀਆਂ ਨੂੰ, ਇਕ ਕੇਸਰੀ ਨਿਸ਼ਾਨ ਸਾਹਿਬ ਥੱਲੇ ਲਿਆਉਣ ਲਈ ਇਹ ਪੁਸਤਕ ਮੁੱਖ ਭੂਮਿਕਾ ਅਦਾ ਕਰਨ ਦੇ ਸਮਰੱਥ ਹੈ।

ਅਲਾਇੰਸ ਦੇ ਆਗੂ ਪਰਮਜੀਤ ਸਿੰਘ ਦਾਖਾ ਵਲੋਂ ਜਾਰੀ ਬਿਆਨ ਅਨੁਸਾਰ "ਸਿੱਖ ਰਹਿਤ ਮਰਿਆਦਾ ਦਰਸ਼ਨ" ਪੁਸਤਕ 'ਤੇ ਦਲ ਖਾਲਸਾ ਵੱਲੋਂ ਐਲ ਸਬਰਾਂਟੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਪੰਥਕ ਸੰਸਥਾਵਾਂ ਦੇ ਸਹਿਯੋਗ ਨਾਲ ਇਕ ਵਿਚਾਰ ਗੋਸ਼ਟੀ ਆਉਂਦੀ 24 ਸਤੰਬਰ ਨੂੰ ਸਵੇਰ 10 ਵਜੇ ਤੋਂ ਸ਼ਾਮ 5 ਵਜੇ ਤੱਕ ਐਲ ਸਬਰਾਂਟੇ ਗੁਰੂ ਘਰ ਵਿਖੇ ਕਰਵਾਈ ਜਾਏਗੀ।

ਬਿਆਨ ਅਨੁਸਾਰ ਗੋਸ਼ਟੀ ਉਪਰੰਤ ਸਿੱਖ ਰਹਿਤ ਮਰਿਆਦਾ ਦੇ ਮੁੱਦੇ 'ਤੇ ਹੀ ਕਵੀ ਦਰਬਾਰ ਹੋਵੇਗਾ। ਕਵੀਆਂ ਦਾ ਵੀ ਮਾਣ-ਸਨਮਾਨ ਕੀਤਾ ਜਾਏਗਾ। ਭਾਈ ਘਨਈਆ ਸੁਸਾਇਟੀ ਵੱਲੋਂ ਛੋਲੇ ਭਟੂਰੇ ਆਦਿ ਰਾਹੀਂ ਗੁਰੂ ਕੇ ਲੰਗਰਾਂ ਦੀ ਸੇਵਾ ਕੀਤੀ ਜਾਵੇਗੀ। ਬੁਲਾਰੇ ਤੇ ਕਵੀ ਹਿੱਸਾ ਲੈਣ ਲਈ ਨਾਂ ਦੇਣ ਵਾਸਤੇ ਫੋਨ 510-774-5909 'ਤੇ ਸਪੰਰਕ ਕਰ ਸਕਦੇ ਹਨ।


**Law Offices of Gill & Heridis**

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill
Attorney at Law
(Admitted in CA)

*Call for free initial consultation*

**(408) 940-6065, (408) 736-5203**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085

**Indian Oven**

11000, I-40 East, Amarillo Texas – 79118
(Exit 77, Right Hand Side)
Ph: 1-806-335-3600

ਪੰਜਾਬੀ ਵੈਸ਼ਨੂ ਅਤੇ ਗੈਰ ਵੈਸ਼ਨੂ
ਤਾਜ਼ੀ ਰੋਟੀ, ਪਰਾਂਠੇ ਅਤੇ ਨਾਨ



Breakfast, Lunch & Dinner (Buffet 11 to 3, Every Day)

Easy Truck Parking
Special Deals For Truckers

ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ
ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ




**Ph:510-415-7700, 800-498-3626, 408-480-4500**
S&S Satellite System - e-mail: sns_satellite@yahoo.com

Requires additional International package for $10/mo. or any America's top package. Digital Home Advantage plan requires 24-month agreement and credit qualification. Cancellation fee of $17.50/month remaining applies if service is terminated before end of agreement. American programming credits apply during first 12 months. All equipment is leased and must be returned to DISH Network upon cancellation or unreturned equipment fees apply. Limit 6 leased tuners per account; upfront and monthly fees may apply based on type and number of receivers. HD programming requires HD television. Prices, packages and programming subject to change without notice. Offer available for new and qualified former customers, and subject to terms of applicable Promotional and Residential Customer agreements. Additional restrictions may apply. Offer ends 1/31/12.

**Punjab Insurance Agency**

7212 Florin Mall Dr., Sacramento, CA, (CA Lic. 0C53799)
Ph: 916-391-7447, 916-391-7553, Fax: 916-391-7337

ਹੁਣ ਅਸੀਂ ਟਰੱਕਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ

ਇਮੀਗਰੇਸ਼ਨ ਸੇਵਾਵਾਂ:

ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, ਐਫੀਡੈਵਿਟ ਆਫ ਸੁਪੋਰਟ, ਰਿਸ਼ਤੇਦਾਰਾਂ ਦੀ ਪਟੀਸ਼ਨ, ਰੀ-ਐਂਟਰੀ ਪਰਮਿਟ।
ਵੀਜ਼ਾ, ਪਾਸਪੋਰਟ: ਦੋਹਰੀ ਨਾਗਰਿਕਤਾ, ਪਾਵਰ ਆਫ ਅਟਾਰਨੀ, ਪਾਸਪੋਰਟ ਸੁਰੈਂਡਰ ਅਤੇ ਰੀਨਾਊਂਸੀਏਸ਼ਨ।

*Family Petitions, Re-Entry, Affidavit of Support, Citizenship, Green Card, Work Permit, OCI , Visa & Passport Services.*

ਇੰਸ਼ੋਰੈਂਸ ਸੇਵਾਵਾਂ

- Trucker Insurance and IFTA Filing.
- Liquor Store, Mini-Mart, Grocery Store
- Restaurant, Motel/Hotel
- Gas Station and Garage Coverage
- Ice Cream Vehicle & General Liability
- E&O and Professional Liability
- Apartment Complexes and Office Buildings
- Home, Auto and Flood Insurance, One day events.
- We work with several major insurance companies to find you best coverage and rates.

ਟਰੱਕ ਇੰਸ਼ੋਰੈਂਸ, ਸਟੋਰ, ਲਿੱਕਰ ਸਟੋਰ, ਗੈਸ ਸਟੇਸ਼ਨ, ਕਾਰਾਂ ਤੇ ਘਰਾਂ, ਆਈਸ ਕਰੀਮ ਟਰੱਕ ਵਗੈਰਾ

Notary Public, Live Certificate, Translation

ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਬੋਲਦੇ ਹਾਂ।
ਇੰਸ਼ੋਰੈਂਸ ਦੀ ਕੋਟੇਸ਼ਨ ਲੈਣ ਜਾਂ ਮੌਜੂਦਾ ਇੰਸ਼ੋਰੈਂਟ ਪਾਲਿਸੀ ਦੇ ਮੁਲੰਕਣ ਲਈ ਸਾਡੇ ਪਾਸ ਆਓ ਜਾਂ ਕਾਲ ਕਰੋ।

*ਸਾਨੂੰ ਇੰਸ਼ੋਰੈਂਸ ਲਾਈਨ ਵਿਚ 10 ਸਾਲ ਤੋਂ ਵੱਧ ਦਾ ਤਜ਼ਰਬਾ ਹੈ*
*ਸਾਡਾ ਦਫਤਰ ਪੁਰਾਣੇ DMV ਪਲਾਜ਼ੇ ਵਿਚ ਹੈ*

ਮਨਜੀਤ ਸਿੰਘ 916-391-7447
ਸਜਵੀਰ ਸਿੰਘ 916-391-7553

ਪੰਜਾਬ ਟਾਈਮਜ਼

*ਸਨਿਚਰਵਾਰ, 3 ਸਤੰਬਰ 2011*

## ਅਕਾਲੀ ਸਿਆਸਤ ਦਾ ਸ਼੍ਰੋਮਣੀ ਅਖਾੜਾ

ਐਤਕੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਈ ਪੱਖਾਂ ਕਰਕੇ ਅਹਿਮ ਮੰਨੀਆਂ ਜਾ ਰਹੀਆਂ ਹਨ। ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਚੋਣਾਂ ਵਿਚ ਸਿੱਧਾ ਮੁਕਾਬਲਾ ਕਾਂਗਰਸ ਨਾਲ ਹੋਣ ਬਾਰੇ ਬਿਆਨ ਦਾਗ ਕੇ ਪੰਜਾਬ ਵਿਚ ਆਉਣ ਵਾਲੇ ਸਮੇਂ ਦੀ ਸਿਆਸਤ ਦੇ ਰੰਗ ਉਘਾੜ ਦਿੱਤੇ ਹਨ। ਇਸ ਨਾਲ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦਾ ਸਿਆਸੀ ਏਜੰਡਾ ਵੀ ਇਕ ਵਾਰ ਫਿਰ ਜੱਗ-ਜ਼ਾਹਿਰ ਹੋ ਗਿਆ ਹੈ। ਪੰਜਾਬ ਦੇ ਹੁਣ ਵਾਲੇ ਧਾਰਮਕ-ਸਮਾਜਕ-ਸਭਿਆਚਾਰਕ ਮਾਹੌਲ ਵਿਚ ਇਨ੍ਹਾਂ ਚੋਣਾਂ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ ਪਰ ਹਾਲਾਤ ਦੀ ਸਿਤਮਜ਼ਰੀਫੀ ਇਹ ਹੈ ਕਿ ਕੰਮ ਦੀਆਂ ਸਾਰੀਆਂ ਗੱਲਾਂ ਅਤੇ ਕਾਰਜ, ਸਿਆਸਤ ਦੇ ਰਾਮ-ਰੌਲੇ ਵਿਚ ਬਹੁਤ ਡੂੰਘੇ ਦਬ ਗਏ ਹਨ। ਮੁੱਖ ਮੰਤਰੀ ਦੀ ਅਗਵਾਈ ਹੇਠਲੀ ਸੱਤਾਧਾਰੀ ਧਿਰ ਨੇ ਇਸ ਮਾਮਲੇ ਵਿਚ ਜੋ ਕਾਰਵਾਈਆਂ ਕੀਤੀਆਂ ਹਨ, ਉਸ ਨਾਲ ਸਿੱਖੀ ਅਤੇ ਪੰਜਾਬ ਦਾ ਘੱਟ ਹੀ ਕੁਝ ਸੰਵਰਿਆ ਹੈ। ਇਸ ਨਾਲ ਇਕ ਹੋਰ ਮਾੜੀ ਗੱਲ ਇਹ ਜੁੜ ਚੱਲੀ ਹੈ ਕਿ ਐਤਕੀਂ ਵੀ ਕੋਈ ਧਿਰ ਜਾਂ ਧੜਾ ਬਾਦਲਕਿਆਂ ਦੇ ਗੜ੍ਹ ਨੂੰ ਭੰਨਣਾ ਤਾਂ ਇਕ ਪਾਸੇ ਰਿਹਾ, ਵੰਗਾਰ ਸਕਣ ਦੀ ਪੁਜੀਸ਼ਨ ਤੱਕ ਵੀ ਨਹੀਂ ਅੱਪੜ ਸਕਿਆ। ਕਾਫੀ ਲੰਮੇਂ ਸਮੇਂ ਤੋਂ ਬਾਦਲਕਿਆਂ ਖਿਲਾਫ ਜਿਹੜੇ ਮੋਰਚੇ ਦੇ ਨੈਣ-ਨਕਸ਼ ਉੱਘੜ ਰਹੇ ਸਨ, ਉਹ ਟਿਕਟਾਂ ਦੀ ਵੰਡ-ਵੰਡਾਈ ਅਤੇ ਫਿਰ ਨਾਮਜ਼ਦਗੀਆਂ ਦੌਰਾਨ ਹੀ ਖਿੰਡ-ਖਿੱਲਰ ਗਿਆ ਹੈ। ਹੁਣ ਜੇ ਬਾਦਲ ਨੇ ਕਾਂਗਰਸ ਨਾਲ ਸਿੱਧੇ ਮੁਕਾਬਲੇ ਦਾ ਲਲਕਾਰਾ ਮਾਰਿਆ ਹੈ ਤਾਂ ਉਹ ਇਕ ਤਰ੍ਹਾਂ ਨਾਲ ਜਿੱਤ ਦਾ ਅਗਾਊਂ ਐਲਾਨ ਹੀ ਕਰ ਰਹੇ ਹਨ। ਦੂਜੇ, ਇਸ ਨਾਲ ਬਾਦਲਾਂ ਨਾਲ ਟੱਕਰ ਲਈ ਬਣਿਆ ਪੰਥਕ ਮੋਰਚਾ ਵੀ ਸਵਾਲਾਂ ਦੇ ਘੇਰੇ ਵਿਚ ਆ ਗਿਆ ਹੈ। ਇਸੇ ਬਿਆਨ ਦਾ ਤੀਜਾ ਪੱਖ ਅਗਲੇ ਸਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ਹਨ। ਬਾਦਲਕੇ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਵਿਧਾਨ ਸਭਾ ਚੋਣਾਂ ਦਾ ਸੈਮੀਫਾਈਨਲ ਆਖ ਰਹੇ ਹਨ।

ਇਹ ਗੱਲ ਐਨ ਸਹੀ ਵੀ ਹੈ ਕਿ ਵਿਧਾਨ ਸਭਾ ਚੋਣਾਂ ਉਤੇ ਸ਼੍ਰੋਮਣੀ ਕਮੇਟੀ ਚੋਣਾਂ ਦੇ ਨਤੀਜਿਆਂ ਦਾ ਅਸਰ ਪੈਣਾ ਹੈ ਪਰ ਇਹ ਅਸਰ ਉਤਨਾ ਨਹੀਂ ਪੈਣ ਲੱਗਿਆ, ਜਿੰਨਾ ਸਰਕਾਰੀ ਧਿਰ ਦੱਸ ਰਹੀ ਹੈ। ਦਰਅਸਲ, ਪਹਿਲਾਂ ਨਸ਼ਰ ਹੋ ਚੁੱਕੀਆਂ ਵੱਖਰੀਆਂ ਵੱਖਰੀਆਂ ਰਿਪੋਰਟਾਂ ਵਿਚ ਇਹ ਨੁਕਤਾ ਸਾਹਮਣੇ ਆਇਆ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦਾ ਹੱਥ ਉਤਾਂਹ ਰਹਿਣਾ ਹੈ। ਕੁਝ ਹਲਕੇ ਤਾਂ ਸਪਸ਼ਟ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਿਚ ਅਗਲੀ ਸਰਕਾਰ ਕਾਂਗਰਸ ਦੀ ਹੀ ਬਣਨੀ ਹੈ। ਇਸੇ ਲਈ ਹੁਣ ਬਾਦਲਕੇ ਸ਼੍ਰੋਮਣੀ ਕਮੇਟੀ ਚੋਣਾਂ ਜਿੱਤਣ ਦਾ ਢੋਲ ਵਜਾ ਕੇ ਵਿਧਾਨ ਸਭਾ ਚੋਣਾਂ ਦੀ ਤਿਆਰੀ ਹੀ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਚੋਣਾਂ ਦੀ ਜਿੱਤ ਲਈ ਹਰ ਹੀਲਾ-ਵਸੀਲਾ ਕੀਤਾ ਜਾ ਰਿਹਾ ਹੈ। ਹਰ ਢੰਗ-ਤਰੀਕੇ ਵਰਤ ਕੇ ਬੰਦੇ ਗੰਢੇ ਅਤੇ ਤੋੜੇ ਜਾ ਰਹੇ ਹਨ। ਉਧਰ, ਦਿੱਲੀ ਵਿਚ ਅੰਨਾ ਹਜ਼ਾਰੇ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਲੋਕਪਾਲ ਬਿੱਲ ਦੇ ਮਾਮਲੇ ਵਿਚ ਜੋ ਕਾਰਵਾਈ ਚਲਾਈ ਗਈ ਅਤੇ ਜਿਸ ਢੰਗ ਨਾਲ ਇਹ ਮਸਲਾ 'ਹੱਲ' ਹੋਇਆ ਹੈ, ਉਸ ਨਾਲ ਕਾਂਗਰਸ ਦੀ ਅਗਵਾਈ ਹੇਠਲੀ ਕੇਂਦਰੀ ਹਕੂਮਤ ਦੇ ਵੱਕਾਰ ਨੂੰ ਸਿੱਧਾ ਸੇਕ ਲੱਗਿਆ ਹੈ। ਇਸ ਸੇਕ ਦਾ ਕੁਝ ਹਿੱਸਾ ਸੂਬਿਆਂ ਨੂੰ ਲੱਗਣਾ ਵੀ ਸੁਭਾਵਕ ਹੈ। ਪੰਜਾਬ ਕਾਂਗਰਸ ਨੂੰ ਵੀ ਬੇਸ਼ੱਕ, ਇਹ ਸੇਕ ਲੱਗਿਆ ਹੈ। ਇਕ ਵਾਰ ਫਿਰ ਬਾਦਲਕਿਆਂ ਨੂੰ ਮੁੱਦਾ ਮਿਲ ਗਿਆ ਅਤੇ ਇਨ੍ਹਾਂ ਨੇ ਇਸ ਨੂੰ ਵਰਤਣ ਦਾ ਯਤਨ ਵੀ ਕੀਤਾ ਹੈ। ਪੰਜਾਬ ਕਾਂਗਰਸ ਵਿਚ ਉਂਜ ਵੀ ਫਿਲਹਾਲ 'ਸਭ ਅੱਛਾ' ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਦੀ ਲੀਡਰਸ਼ਿਪ ਨੂੰ ਲਗਾਤਾਰ ਵੰਗਾਰਿਆ ਜਾ ਰਿਹਾ ਹੈ ਪਰ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਸਮੇਂ ਦੌਰਾਨ ਜਿਸ ਤਰ੍ਹਾਂ ਦੀ ਟੱਕਰ ਬਾਦਲਕਿਆਂ ਨੂੰ ਦਿੱਤੀ ਹੈ, ਉਸ ਤਰ੍ਹਾਂ ਦੀ ਟੱਕਰ ਕਿਸੇ ਕਾਂਗਰਸੀ ਆਗੂ ਵੱਲੋਂ ਘੱਟ ਹੀ ਦਿੱਤੀ ਗਈ ਹੈ।

ਪੰਜਾਬ ਦੀ ਸਿਆਸਤ ਵਿਚ ਸਭ ਤੋਂ ਵੱਡੀ ਗੱਲ ਤਾਂ ਇਹ ਹੋਈ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਦਲ ਦਾ ਇਹ ਅਕਸ ਤੋੜ ਦਿੱਤਾ ਹੈ ਕਿ ਇਹ ਹੀ ਇਕੱਲੀ ਅਜਿਹੀ ਪਾਰਟੀ ਹੈ ਜਿਹੜੀ ਕਿਸਾਨ-ਪੱਖੀ ਹੈ। ਪਿਛਲੇ ਸਮੇਂ ਦੌਰਾਨ ਪੰਜਾਬ ਨਾਲ ਸਬੰਧਤ ਵੱਖ ਵੱਖ ਮੁੱਦਿਆਂ ਬਾਰੇ ਵੀ ਕੈਪਟਨ ਨੇ ਅਕਾਲੀ ਦਲ ਨੂੰ ਕੱਸ ਕੇ ਵਲੇਵਾਂ ਮਾਰਿਆ ਹੈ। ਹੇਠਲੇ ਪੱਧਰ ਉਤੇ ਭਾਵੇਂ ਦੱਬਵੀਂ ਸੁਰ ਵਿਚ ਹੀ ਸਹੀ, ਪਰ ਇਹ ਗੱਲ ਤੁਰ ਪਈ ਹੈ ਕਿ ਪੰਜਾਬ ਦੇ ਭਲੇ ਲਈ ਬਾਦਲਕਿਆਂ ਨੂੰ ਸੱਤਾ ਤੋਂ ਲਾਂਭੇ ਕਰਨਾ ਜ਼ਰੂਰੀ ਹੈ। ਇਸੇ ਆਧਾਰ 'ਤੇ ਹੀ ਸ਼੍ਰੋਮਣੀ ਕਮੇਟੀ ਚੋਣਾਂ ਲਈ ਪੰਥਕ ਮੋਰਚਾ ਹੋਂਦ ਵਿਚ ਆਇਆ ਸੀ।

ਅਸਲ ਵਿਚ ਬਾਦਲਕਿਆਂ ਦਾ ਗੜ੍ਹ ਭੰਨਣ ਲਈ ਪਲੀਤਾ ਪੰਥਕ ਮੋਰਚੇ ਨੇ ਲਾਉਣਾ ਸੀ। ਚੋਣਾਂ ਦੌਰਾਨ ਨਸ਼ਿਆਂ ਖਿਲਾਫ ਉਠੀ ਮੁਹਿੰਮ ਨੇ ਸੱਤਾਧਾਰੀ ਧਿਰ ਦੇ ਵਿਰੁਧ ਮੋਰਚੇ ਨੂੰ ਬਲ ਵੀ ਬਖਸ਼ਿਆ। ਨਸ਼ਿਆਂ ਖਿਲਾਫ ਵਿਅਕਤੀਗਤ ਯਤਨ ਵੀ ਮੋਰਚੇ ਦੇ ਹੱਕ ਵਿਚ ਭੁਗਤਦੇ ਜਾਪਦੇ ਸਨ ਪਰ ਕੁੱਲ ਮਿਲਾ ਕੇ ਫਿਲਹਾਲ 'ਪਰਨਾਲਾ ਉਥੇ ਦਾ ਉਥੇ' ਹੀ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਇਸ ਸਬੰਧੀ ਅਤੇ ਉਮੀਦਵਾਰਾਂ ਦੇ ਟੱਬਰ ਵਾਲਿਆਂ ਨੂੰ ਅੰਮ੍ਰਿਤ ਛਕਾਉਣ ਬਾਰੇ ਜਾਰੀ ਹਦਾਇਤ ਨੂੰ ਬਹੁਤ ਮੱਠਾ ਹੁੰਗਾਰਾ ਮਿਲਿਆ ਹੈ। ਸਿੱਟੇ ਵਜੋਂ ਚੰਗੇ ਕਾਰਜ ਲਈ ਚੱਲੀ ਮੁਹਿੰਮ ਸਿਆਸਤ ਦੀ ਸਰਗਰਮੀ ਦੇ ਭਾਰ ਹੇਠ ਆ ਗਈ ਹੈ। ਲਾ-ਪਾ ਕੇ ਪਿਛਲੇ ਸਮੇਂ ਦੌਰਾਨ ਹਰਿਆਣਾ ਵਿਚ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੇ ਹੀ ਮੈਦਾਨ ਵਿਚ ਚੰਗੀ ਤਰ੍ਹਾਂ ਡਟੇ ਹਨ। ਹਰਿਆਣਾ ਵਾਲੀ ਲੜਾਈ ਜਿਸ ਢੰਗ ਨਾਲ ਚੱਲ ਨਿਕਲੀ ਸੀ, ਉਸ ਨੂੰ ਹੋਰ ਮੋਕਲਾ ਕਰਕੇ ਬਾਦਲਾਂ ਨੂੰ ਵੰਗਾਰਿਆ ਜਾ ਸਕਦਾ ਸੀ ਪਰ 'ਪੰਥਕ ਧਿਰਾਂ' ਵੱਲੋਂ ਇਨ੍ਹਾਂ ਨੂੰ ਉਹ ਹਮਾਇਤ ਅਤੇ ਇਮਦਾਦ ਨਹੀਂ ਮਿਲੀ ਜਿਸ ਨਾਲ ਮਸਲਾ ਕਿਸੇ ਫੈਸਲਾਕੁਨ ਮੋੜ 'ਤੇ ਪੁੱਜ ਸਕਦਾ। ਇਸ ਹਾਲਤ ਬਾਰੇ ਕਿਹਾ ਜਾ ਸਕਦਾ ਹੈ ਕਿ ਸ਼ਾਇਦ ਪੰਥਕ ਹਿਤਾਂ ਉਤੇ ਵਿਅਕਤੀਗਤ ਹਿਤ ਭਾਰੂ ਪੈਂਦੇ ਰਹੇ ਹਨ। ਬਾਦਲ ਦੀ ਅਗਵਾਈ ਵਿਚ ਚਲ ਰਹੀ ਜਥੇਬੰਦ ਤਾਕਤ ਨੂੰ ਜਥੇਬੰਦ ਤਾਕਤ ਹੀ ਟਾਕਰਾ ਦੇ ਸਕਦੀ ਹੈ। ਪੰਥਕ ਧਿਰਾਂ ਨੂੰ ਚਿਰਾਂ ਬਾਅਦ ਮਿਲਿਆ ਮੌਕਾ ਸ਼ਾਇਦ ਇਕ ਵਾਰ ਫਿਰ ਲਾਂਭੇ ਲਾਂਭੇ ਲੰਘ ਚੱਲਿਆ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਕਬਿੱਤ 'ਕਮੇਟੀ' ਦਾ!*

ਲੰਘੇ ਸੱਪ ਮਗਰੋਂ ਲਕੀਰ ਕੁੱਟਣੀ, ਮੁੱਢੋਂ ਚਲਾ ਆਉਂਦਾ ਕੌਮ ਦਾ ਤ੍ਰਾਸ ਐ।
'ਸ਼੍ਰੋਮਣੀ' ਦੇ ਬਾਰੇ ਚਿੰਤਾ ਨਹੀਂ ਜੋ ਕਰਦਾ, ਸਿੱਖ ਕਾਹਦਾ ਸਮਝੋ ਉਹ ਜਿਉਂਦੀ ਲਾਸ਼ ਐ।
ਸਾਂਭੀ ਜੇ 'ਕਮੇਟੀ' ਮੁੜ ਉਸੇ 'ਦਲ' ਨੇ, ਨਿਆਰੇਪਨ ਵਾਲਾ ਮਾਰ ਦੇਣਾ ਨਾਸ ਐ।
ਕੁਨਬਾਪ੍ਰਸਤਾਂ ਨੂੰ ਜੇ ਨਾ ਕੱਢਿਆ, ਪੈ ਜਾਣੀ ਇਹ ਕੌਮ ਗਲ ਪੱਕੀ ਫਾਸ ਐ।
ਖੁੰਝਿਆਂ ਜੇ ਵੇਲਾ ਹੱਥ ਪਉਗੇ ਮਲਣੇ, ਹੀਲਾ ਕਰੋ! ਕਾਹਨੂੰ ਹੋਣਾ ਫੇ' ਨਿਰਾਸ਼ ਐ।
ਖੁਦ ਨੂੰ ਜੋ ਪੰਥ 'ਅਸਲੀ' ਕਹਾਉਂਦੇ ਨੇ, ਹੈਗੇ ਉਹੋ 'ਬਿਪਰਾਂ' ਦੇ ਯਾਰ-ਬਾਸ਼ ਐ।
ਐਂਟੀ-ਸੈਂਟੀ ਦਾ ਲਈ ਨਾਲ 'ਗੁਰੂਡੰਮੀਆਂ', ਡੇਰਿਆਂ ਦਾ ਜਿਨ੍ਹਾਂ ਕਰਨਾ ਵਿਕਾਸ ਐ।
ਸ਼੍ਰੋਮਣੀ ਕਮੇਟੀ 'ਖੀਸੇ ਪਾਉਣੀ' ਚਾਹੁੰਦੇ ਜੋ, ਸਿੱਖੀ ਭੇਖ ਵਾਲੇ ਇਹ 'ਨਰਾਇਣ ਦਾਸ' ਐ।

# ਸਨਅਤੀ ਵਿਕਾਸ ਤੇ ਕਿਸਾਨ ਦਾ ਉਜਾੜਾ

**ਪੰਜਾਬ ਤੇ ਹੋਰ ਥਾਈਂ ਭੌਂ ਪ੍ਰਾਪਤੀ ਦਾ ਚੱਲ ਰਿਹਾ ਵਰਤਾਰਾ ਕਮਾਈ ਦੇ ਵਡਮੁੱਲੇ ਕੁਦਰਤੀ ਸਾਧਨਾਂ ਨੂੰ ਕੁਝ ਹੱਥਾਂ ਵਿਚ ਕੇਂਦਰਤ ਕਰਨ ਵੱਲ ਸੇਧਤ ਹੈ। ਇਕ ਪਾਸੇ ਲੋਕ ਗੁਜ਼ਾਰੇ ਦੇ ਸਾਧਨਾਂ ਤੋਂ ਹੱਥ ਧੋ ਕੇ ਖੁੱਲ੍ਹੀ ਮੰਡੀ ਵਿਚ ਆ ਰਹੇ ਹਨ, ਬੇਰੁਜ਼ਗਾਰਾਂ ਦੀ ਰਿਜ਼ਰਵ ਫ਼ੌਜ ਵਿਚ ਵਾਧਾ ਕਰ ਰਹੇ ਹਨ ਤੇ ਦੂਜੇ ਪਾਸੇ ਕੀਮਤੀ ਸਾਧਨ ਕੁਝ ਕੁ ਹੱਥਾਂ ਤਕ ਸਿਮਟਦੇ ਜਾ ਰਹੇ ਹਨ। ਤੇਜ਼ੀ ਨਾਲ ਵਧ ਰਿਹਾ ਇਹ ਪਾੜਾ, ਵੱਡੀ ਸਮਾਜਿਕ ਅਸ਼ਾਂਤੀ ਨੂੰ ਜਨਮ ਦੇ ਰਿਹਾ ਹੈ।**

ਕਿਸਾਨਾਂ ਤੋਂ ਜ਼ਮੀਨ ਪ੍ਰਾਪਤ ਕਰਕੇ ਪ੍ਰਾਈਵੇਟ ਕੰਪਨੀਆਂ ਨੂੰ ਸੌਂਪਣ ਦੇ ਮਾਮਲੇ ਵਿਚ ਸਰਕਾਰ ਨੂੰ ਜ਼ਬਰਦਸਤ ਕਿਸਾਨ ਰੋਹ ਦਾ ਸਾਹਮਣਾ ਕਰਨਾ ਪਿਆ ਹੈ। ਇਸ ਰੋਹ ਨੂੰ ਸ਼ਾਂਤ ਕਰਨ ਲਈ ਸਰਕਾਰ ਨਵਾਂ ਭੌਂ ਪ੍ਰਾਪਤੀ ਤੇ ਮੁੜ ਵਸੇਬਾ ਕਾਨੂੰਨ-2011 ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਰਾਹੀਂ 1894 ਦੇ ਕਾਨੂੰਨ ਨੂੰ ਲੋਕ-ਪੱਖੀ ਦਿੱਖ ਦੇਣ



■ ਨਰਦੇਵ ਸਿੰਘ

ਦੀ ਕੋਸ਼ਿਸ਼ ਕੀਤੀ ਗਈ ਹੈ। ਭਾਰਤ ਖੇਤੀ ਪ੍ਰਧਾਨ ਦੇਸ਼ ਹੈ ਤੇ ਇੱਥੇ 70 ਫ਼ੀਸਦੀ ਆਬਾਦੀ ਆਪਣੇ ਗੁਜ਼ਾਰੇ ਲਈ ਖੇਤੀ 'ਤੇ ਨਿਰਭਰ ਹੈ। ਇਸ ਦਾ ਵੱਡਾ ਹਿੱਸਾ ਛੋਟੀ ਕਿਸਾਨੀ ਹੈ ਜਿਸ ਦੇ ਲਈ ਜਿਉਂਦੇ ਰਹਿਣ ਦਾ ਜ਼ਮੀਨ ਇਕ ਸਾਧਨ ਹੈ। ਦੂਜੇ ਪਾਸੇ ਦੇਸ਼ ਦਾ ਸਨਅਤੀ ਖੇਤਰ ਹੈ, ਜਿੱਥੇ ਵੱਡੇ ਅਰਬਪਤੀ ਕਾਰਪੋਰੇਟ ਘਰਾਣਿਆਂ ਦੀ ਸਰਦਾਰੀ ਹੈ। ਹੁਣ ਇਸ ਕਾਰਪੋਰੇਟ ਸੈਕਟਰ ਨੂੰ ਆਪਣੇ ਮੁਨਾਫ਼ਾ ਫੈਲਾਉਣ ਲਈ ਜ਼ਮੀਨ ਦੀ ਜ਼ਰੂਰਤ ਹੈ, ਜਦੋਂਕਿ ਕਿਸਾਨੀ ਆਪਣੇ ਗੁਜ਼ਾਰੇ ਦਾ ਸਾਧਨ ਜ਼ਮੀਨ ਨੂੰ ਨਹੀਂ ਗਵਾਉਣਾ ਚਾਹੁੰਦੀ ਕਿਉਂਕਿ ਕਾਰਪੋਰੇਟ ਸਨਅਤੀ ਵਿਕਾਸ ਵਿਚੋਂ ਉਸ ਨੂੰ ਆਪਣੇ ਗੁਜ਼ਾਰੇ ਦਾ ਕੋਈ ਬਿਹਤਰ ਬਦਲ ਦਿਖਾਈ ਨਹੀਂ ਦਿੰਦਾ। ਸਿੱਟੇ ਵਜੋਂ ਕਾਰਪੋਰੇਟ ਸੈਕਟਰ ਲਈ ਜ਼ਮੀਨ ਪ੍ਰਾਪਤੀ ਨੂੰ ਲੈ ਕੇ ਸਰਕਾਰ ਅਤੇ ਕਿਸਾਨੀ ਵਿਚ ਟਕਰਾਅ ਵਧ ਰਿਹਾ ਹੈ। ਪੱਛਮੀ ਬੰਗਾਲ ਵਿਚ ਨੰਦੀਗ੍ਰਾਮ ਤੇ ਸਿੰਗੂਰ, ਉੜੀਸਾ ਵਿਚ 4000 ਏਕੜ ਵਿਚ ਫੈਲਿਆ ਪਾਸਕੋ ਪ੍ਰੋਜੈਕਟ, ਯੂ.ਪੀ. ਦਾ ਗਰੇਟਰ ਨੋਇਡਾ ਤੇ ਭੱਟਾ ਪਾਰਸੋਲ, ਪੰਜਾਬ ਵਿਚ ਪਹਿਲਾਂ ਸੰਘੇੜਾ ਤੇ ਹੁਣ ਗੋਬਿੰਦਪੁਰਾ (ਮਾਨਸਾ) ਵਿਚ ਉਭਰੇ ਕਿਸਾਨ ਰੋਹ ਇਸ ਟਕਰਾਅ ਦੀਆਂ ਕੁਝ ਉਦਾਹਰਣਾਂ ਹਨ। ਜਿਵੇਂ ਸਰਕਾਰਾਂ ਨੇ 1894 ਦੇ ਕਾਨੂੰਨ ਦੀਆਂ ਐਮਰਜੈਂਸੀ ਧਾਰਾਵਾਂ ਦੀ ਵਰਤੋਂ ਕੀਤੀ ਹੈ ਅਤੇ ਲੋਕ ਹਿੱਤਾਂ ਦੇ ਨਾਂ 'ਤੇ, ਕਿਸਾਨ ਟਾਕਰੇ ਨੂੰ ਖ਼ਤਮ ਕਰਨ ਲਈ ਨਿਹੱਥੇ ਲੋਕਾਂ ਖ਼ਿਲਾਫ ਵੱਡੀ ਗਿਣਤੀ ਵਿਚ ਪੁਲੀਸ ਫੋਰਸਾਂ ਤੇ ਕਈ ਜਗ੍ਹਾ ਅਰਧ ਸੈਨਿਕ ਬਲਾਂ ਨੂੰ ਕਿਸਾਨਾਂ ਵਿਰੁੱਧ ਜ਼ਮੀਨ 'ਤੇ ਉਤਾਰਿਆ ਹੈ, ਤੇ ਜਿਵੇਂ ਆਮ ਲੋਕਾਂ ਦਾ ਪਿੱਛਾ ਕਰਕੇ ਜਬਰ ਢਾਹਿਆ ਗਿਆ ਹੈ, ਉਸ ਤੋਂ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਧਿਰ ਵਜੋਂ ਸਾਹਮਣੇ ਆਈ ਹੈ ਅਤੇ ਕਿਸਾਨੀ ਅੰਦਰ ਸਰਕਾਰ ਪ੍ਰਤੀ ਬੇਵਿਸ਼ਵਾਸੀ ਦੀ ਭਾਵਨਾ ਵਧੀ ਹੈ। ਇਸ ਮਸਲੇ ਦਾ ਸਿਆਸੀ ਪਹਿਲੂ ਵੀ ਹੈ। ਹਰ ਥਾਂ ਉੱਠੇ ਕਿਸਾਨ ਰੋਹ ਨੂੰ ਵੱਖ-ਵੱਖ ਪਾਰਟੀਆਂ ਵੱਲੋਂ ਆਪਣੇ ਸਿਆਸੀ ਹਿੱਤਾਂ ਜਾਂ ਵੋਟ ਬੈਂਕ ਦੀ ਰਾਜਨੀਤੀ ਲਈ ਇਸ ਨੂੰ ਅਗਵਾ ਕਰਨਾ ਤੇ ਇਸ ਮਸਲੇ ਨੂੰ ਮਹਿਜ਼ 'ਵੱਧ ਮੁਆਵਜ਼ੇ ਜਾਂ ਮੁੜ ਵਸੇਬੇ' ਤੱਕ ਸੀਮਤ ਕਰ ਦੇਣਾ ਅਸਲ ਵਿਚ ਇਸ ਅਹਿਮ ਮਸਲੇ ਨੂੰ ਅਸਲੀ ਨਿਸ਼ਾਨੇ ਤੋਂ ਪਰ੍ਹੇ ਹਟਾਉਣਾ ਹੈ। ਸਰਕਾਰ ਨੇ ਨਵੇਂ ਭੌਂ ਪ੍ਰਾਪਤੀ ਕਾਨੂੰਨ ਵਿਚ ਵੀ ਸਾਰੀ ਗੱਲ ਨੂੰ ਸਿਰਫ ਵੱਧ ਮੁਆਵਜ਼ੇ ਅਤੇ ਮੁੜ ਵਸੇਬੇ ਤੱਕ ਹੀ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸਰਕਾਰ ਦਾ ਤਰਕ ਹੈ ਕਿ ਦੇਸ਼ ਦਾ ਸਨਅਤੀ ਵਿਕਾਸ ਹੀ, ਲੋਕ ਸਮੱਸਿਆਵਾਂ ਦਾ ਹੱਲ ਹੈ ਕਿਉਂਕਿ ਸਨਅਤੀਕਰਨ ਹੋਣ ਨਾਲ ਵੱਡੇ ਪੱਧਰ 'ਤੇ ਨੌਕਰੀਆਂ ਪੈਦਾ ਹੋਣਗੀਆਂ ਤੇ ਸਨਅਤੀਕਰਨ ਲਈ ਭੌਂ ਪ੍ਰਾਪਤੀ ਕਾਰਨ ਜੋ ਲੋਕ ਵਿਹਲੇ ਹੋਣਗੇ, ਉਨ੍ਹਾਂ ਨੂੰ ਇਥੇ ਸਮਾ ਲਿਆ ਜਾਵੇਗਾ। ਸਰਕਾਰ ਦੀ ਇਹ ਧਾਰਨਾ, ਉਸ ਮੂਲ-ਮੰਤਰ ਦਾ ਹੀ ਅੰਗ ਹੈ ਜੋ ਕਹਿੰਦਾ ਹੈ ਕਿ ਸਨਅਤੀ ਵਿਕਾਸ ਲਈ ਪਹਿਲਾਂ ਕਾਰਪੋਰੇਟ ਘਰਾਣਿਆਂ ਨੂੰ ਰਿਆਇਤਾਂ ਨਾਲ ਮਾਲਾ-ਮਾਲ ਕਰੋ, ਇਸ ਨਾਲ ਵਿਕਾਸ ਦਰ ਵਧੇਗੀ ਤੇ ਹੌਲੀ-ਹੌਲੀ ਇਹ ਲਾਭ 'ਰਿਸਦੇ-ਰਿਸਦੇ' ਆਮ ਲੋਕਾਂ ਤੱਕ ਪਹੁੰਚਣਗੇ। ਇਸ ਦੇ ਲਈ ਸਰਕਾਰ ਜਿੱਥੇ ਸਸਤੇ ਭਾਅ 'ਤੇ ਜਿਵੇਂ ਵੀ ਸੰਭਵ ਹੋਵੇ, ਜ਼ਮੀਨਾਂ ਇਨ੍ਹਾਂ ਘਰਾਣਿਆਂ ਨੂੰ ਸੌਂਪ ਰਹੀ ਹੈ, ਉਥੇ ਵੱਡੇ ਪੱਧਰ 'ਤੇ ਰਿਆਇਤਾਂ ਵੀ ਇਸ ਸੈਕਟਰ ਨੂੰ ਦੇ ਰਹੀ ਹੈ। ਜੇ ਮੌਜੂਦਾ ਬਜਟ ਵਿਚ ਕਾਰਪੋਰੇਟ ਸੈਕਟਰ ਨੂੰ ਦਿੱਤੀਆਂ ਸਾਰੀਆਂ ਛੋਟਾਂ ਨੂੰ ਮਿਲਾ ਲਿਆ ਜਾਵੇ ਤਾਂ ਇਹ ਅੰਕੜਾ 460972 ਕਰੋੜ ਰੁਪਏ ਬਣਦਾ ਹੈ। ਹੁਣ ਅੰਕੜੇ ਦਿਖਾਉਂਦੇ ਹਨ ਕਿ ਇਨ੍ਹਾਂ ਨੀਤੀਆਂ ਦੇ ਲਾਗੂ ਹੋਣ ਨਾਲ ਨਾ ਤਾਂ ਰੁਜ਼ਗਾਰ ਦੀ ਦਰ ਵਿਚ ਵਾਧਾ ਹੋ ਰਿਹਾ ਹੈ ਅਤੇ ਨਾ ਹੀ ਕਾਰਪੋਰੇਟ ਸੈਕਟਰ ਵੱਲੋਂ ਕਮਾਏ ਮੋਟੇ ਮੁਨਾਫ਼ਿਆਂ ਦਾ ਰਿਸਾਅ ਹੇਠਾਂ ਵੱਲ ਹੋ ਰਿਹਾ ਹੈ। 2004-05 ਤੋਂ 2009-10 ਦੇ ਪੰਜ ਸਾਲ ਉੱਚੀ ਆਰਥਿਕ ਵਿਕਾਸ ਦਰ ਦੇ ਸਾਲ ਰਹੇ ਹਨ। ਇਨ੍ਹਾਂ ਪੰਜ ਸਾਲਾਂ ਦੌਰਾਨ ਰੁਜ਼ਗਾਰ ਵਿਚ ਵਾਧੇ ਦੀ ਦਰ ਦਾ ਮੁਕਾਬਲਾ ਜੇ ਬੀਤੇ ਸਾਲਾਂ ਨਾਲ ਕਰੀਏ ਤਾਂ ਇਹ 2.7 ਫ਼ੀਸਦੀ ਤੋਂ ਘਟ ਕੇ 0.82 ਫ਼ੀਸਦੀ ਤਕ ਡਿੱਗ ਚੁੱਕੀ ਹੈ। ਹਾਲਾਂਕਿ ਹੁਣ ਦਾ ਚੱਲ ਰਿਹਾ ਸਮਾਂ ਤਾਂ ਨਿਰਮਾਣ ਖੇਤਰ ਵਿਚ ਹੋਰ ਵੀ ਮੰਦੀ ਦਾ ਸਮਾਂ ਹੈ। ਜੇ ਮੁਨਾਫ਼ਿਆਂ ਦੇ ਰਿਸਾਅ ਦੀ ਗੱਲ ਕਰਨੀ ਹੋਵੇ ਤਾਂ ਭਾਰਤ ਵਿਚ 7 ਅਰਬਪਤੀ, ਵਿਸ਼ਵ ਦੇ ਸਭ ਤੋਂ ਅਮੀਰ 100 ਲੋਕਾਂ ਵਿਚ ਜਗ੍ਹਾ ਬਣਾ ਚੁੱਕੇ ਹਨ ਜਦੋਂਕਿ ਦੂਜੇ ਪਾਸੇ ਦੇਸ਼ ਅੰਦਰੋਂ ਗ਼ਰੀਬਾਂ ਦੀ ਗਿਣਤੀ ਘੱਟ ਕਰਨ ਲਈ ਸਰਕਾਰ ਨੂੰ ਗ਼ਰੀਬੀ ਰੇਖਾ ਲਈ 15 ਰੁਪਏ ਰੋਜ਼ਾਨਾ ਕਮਾਈ ਦੀ ਸ਼ਰਤ ਤਕ ਡਿੱਗਣਾ ਪੈ ਰਿਹਾ ਹੈ ਤੇ ਫੇਰ ਵੀ 44 ਫ਼ੀਸਦੀ ਤਕ ਲੋਕ ਇਸ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰ ਰਹੇ ਹਨ। ਇਸ ਵਿਕਾਸ ਮਾਡਲ ਦੇ ਇਹ ਅਮਲੀ ਸਿੱਟਿਆਂ ਨੂੰ ਲੋਕ ਹੱਡੀਂ ਹੰਢਾਅ ਰਹੇ ਹਨ ਤੇ ਇਹੀ ਮੂਲ ਕਾਰਨ ਹੈ ਕਿ ਉਹ ਜ਼ਮੀਨ ਦੀ ਕੁਰਬਾਨੀ ਦੇਣ ਲਈ ਤਿਆਰ ਨਹੀਂ ਹੋ ਰਹੇ।

ਪਿਛਲੇ ਦੋ ਦਹਾਕਿਆਂ ਦੌਰਾਨ ਸਨਅਤੀ ਵਿਕਾਸ ਦਾ ਜੋ ਮੁਹਾਂਦਰਾ ਨਿੱਖਰ ਕੇ ਸਾਹਮਣੇ ਆਇਆ ਹੈ, ਉਸ ਵਿਚ ਵੀ ਅਜਿਹਾ ਕੁਝ ਨਹੀਂ ਹੈ ਜੋ ਲੋਕਾਂ ਨੂੰ ਆਪਣੇ ਨਾਲ ਜੋੜ ਸਕੇ। ਇਹ ਵਿਕਾਸ ਮਾਡਲ ਜਿੱਥੇ ਕਾਰਪੋਰੇਟ ਸੈਕਟਰ ਲਈ ਮੁਨਾਫ਼ੇ ਦੇ ਅੰਬਾਰ ਲਾਉਣ ਵਾਸਤੇ ਸਾਰੇ ਸਾਧਨ ਜੁਟਾਉਂਦਾ ਹੈ, ਉਥੇ ਇਹ ਉੱਚ ਮੱਧ ਵਰਗ ਦੀ ਐਸ਼ ਭਰੀ ਜ਼ਿੰਦਗੀ ਲਈ ਸਭ ਕੁਝ ਸਿਰਜਣ ਵੱਲ ਸੇਧਤ ਹੈ। ਅੱਜ ਜਦੋਂ ਪਿੰਡਾਂ ਵਿਚ ਵਸਦੀ ਖੇਤੀ 'ਤੇ ਨਿਰਭਰ 70 ਫ਼ੀਸਦੀ ਵਸੋਂ ਲਈ ਪੇਂਡੂ ਖੇਤਰ ਵਿਚ ਸਿੰਜਾਈ, ਬਿਜਲੀ, ਪਾਣੀ, ਸਿਹਤ ਤੇ ਸਿੱਖਿਆ ਦਾ ਸਸਤਾ ਤੇ ਮਿਆਰੀ ਢਾਂਚਾ ਉਸਾਰਨ ਦੀ ਲੋੜ ਹੈ ਤਾਂ ਸਾਡੇ ਸਨਅਤੀ ਵਿਕਾਸ ਦੀ ਦਿਸ਼ਾ ਅਸਲ ਵਿਚ ਵੱਡੇ-ਵੱਡੇ ਸ਼ਾਪਿੰਗ ਮਾਲਜ਼ ਤੇ ਮਲਟੀ-ਪਲੈਕਸ ਜਾਂ ਵੱਡੇ ਗੋਲਫ ਗਰਾਊਂਡਾਂ ਵਾਲੇ ਵਰਲਡ ਕਲਾਸ ਸ਼ਹਿਰਾਂ, ਚਹੁ-ਮਾਰਗੀ ਜਾਂ ਛੇ ਮਾਰਗੀ ਐਕਸਪ੍ਰੈੱਸ ਵੇਅ ਜਾਂ ਹਵਾਈ ਅੱਡਿਆਂ ਦਾ ਵਿਸਥਾਰ ਉਸ ਦੀਆਂ ਤਰਜੀਹਾਂ ਹਨ। ਵੱਡੀਆਂ ਤੇ ਮਹਿੰਗੀਆਂ 'ਵਰਲਡ ਕਲਾਸ' ਯੂਨੀਵਰਸਿਟੀਆਂ ਤੇ ਮਲਟੀਸਪੈਸ਼ਲਿਟੀ ਹਸਪਤਾਲ ਉਨ੍ਹਾਂ ਦੀ ਤਰਜੀਹ ਹਨ ਭਾਵੇਂ ਪੇਂਡੂ ਖੇਤਰ ਤੇ ਸ਼ਹਿਰਾਂ ਦੀਆਂ ਝੁੱਗੀਆਂ ਦੇ ਪ੍ਰਾਇਮਰੀ ਸਕੂਲ ਤੇ ਡਿਸਪੈਂਸਰੀਆਂ ਬੰਦ ਰਹਿਣ ਤਾਂ ਕੋਈ ਗੱਲ ਨਹੀਂ। ਦਿੱਲੀ ਤੋਂ ਬੰਬਈ ਤਕ ਵੱਡੇ ਸਨਅਤੀ ਕੋਰੀਡੋਰ, ਸਬਸਿਡੀਆਂ ਨਾਲ ਮਾਲੋਮਾਲ ਤੇ ਕਿਰਤ ਦੀ ਅੰਨ੍ਹੀ ਲੁੱਟ ਦੇ ਅੱਡੇ ਵਿਸ਼ੇਸ਼ ਆਰਥਿਕ ਜ਼ੋਨ ਜਾਂ ਹੁਣ 'ਕੌਮੀ ਨਿਵੇਸ਼ ਤੇ ਨਿਰਮਾਣ ਜ਼ੋਨ' ਉਨ੍ਹਾਂ ਲਈ ਵਿਕਾਸ ਦੀ ਨਿਸ਼ਾਨੀ ਹਨ ਭਾਵੇਂ ਛੋਟੀ ਸਨਅਤ ਤੇ ਕਾਰੋਬਾਰ ਬੰਦ ਹੋ ਜਾਣ ਤਾਂ ਕੋਈ ਗੱਲ ਨਹੀਂ। ਬੈਂਕਾਂ ਵਾਸਤੇ ਖੇਤੀ ਕਰਜ਼ਾ ਉਨਾ ਅਹਿਮ ਨਹੀਂ ਹੈ ਜਿੰਨਾ ਕਾਰ ਲੋਨ ਜ਼ਰੂਰੀ ਹੈ। ਇਥੇ ਜੋ ਵੀ ਹੋ ਰਿਹਾ ਹੈ ਉਹ ਲੋਕਾਂ ਦੀਆਂ ਲੋੜਾਂ ਤੋਂ ਤੈਅ ਨਾ ਹੋ ਕੇ, ਸਗੋਂ ਮੁਨਾਫ਼ੇ ਤੋਂ ਤੈਅ ਹੁੰਦਾ ਹੈ। ਹੁਣੇ-ਹੁਣੇ ਗੁਜਰਾਤ ਸਰਕਾਰ ਵੱਲੋਂ, ਫੋਰਡ ਕੰਪਨੀ ਨੂੰ ਕਾਰਾਂ ਦੇ ਨਵੇਂ ਮਾਡਲ ਤਿਆਰ ਕਰਨ ਲਈ ਸੈਂਕੜੇ ਏਕੜ ਜ਼ਮੀਨ ਦਿੱਤੀ ਗਈ ਹੈ ਤੇ ਇਸ ਦਾ ਮੁੱਲ ਵੀ ਕਿਸੇ ਨੂੰ ਨਹੀਂ ਦੱਸਿਆ ਗਿਆ। ਹੁਣ ਇਹ ਹਾਈ ਟੈੱਕ ਕਾਰਖਾਨਾ, ਨਾ ਤਾਂ ਇੱਕ ਆਮ ਕਿਸਾਨ ਲਈ ਰੁਜ਼ਗਾਰ ਦੇ ਸਕਦਾ ਹੈ ਤੇ ਨਾ ਹੀ ਉਸ ਦੀ ਕਾਰ ਖਰੀਦਣ ਦੀ ਕੋਈ ਸਮਰੱਥਾ ਹੈ। ਫੇਰ ਉਹ ਆਪਣੇ ਗੁਜ਼ਾਰੇ ਦੇ ਸਾਧਨ ਤੋਂ ਹੱਥ ਕਿਉਂ ਧੋਣਾ ਚਾਹੇਗਾ? ਇਸੇ ਤਰ੍ਹਾਂ ਇਕ ਆਮ ਕਿਸਾਨ ਦਾ ਬੱਚਾ ਨਾ ਤਾਂ ਪ੍ਰਾਈਵੇਟ ਯੂਨੀਵਰਸਿਟੀ ਵਿਚ ਪੜ੍ਹ ਸਕਦਾ ਹੈ, ਨਾ ਹੀ ਉਹ ਪ੍ਰਾਈਵੇਟ ਸੁਪਰ-ਸਪੈਸ਼ਲਿਸਟੀ ਹਸਪਤਾਲ ਵਿਚੋਂ ਇਲਾਜ ਕਰਵਾ ਸਕਦਾ ਹੈ, ਨਾ ਉਸ ਦਾ ਕਿਸੇ ਹਵਾਈ ਅੱਡੇ ਦੇ ਵਿਸਥਾਰ ਨਾਲ ਕੋਈ ਹਿੱਤ ਜੁੜਦਾ ਹੈ, ਫਿਰ ਉਹ ਇਸ ਵਿਕਾਸ ਲਈ ਆਪਣੇ ਸਾਧਨ ਦੀ ਕੁਰਬਾਨੀ ਕਿਉਂ ਦੇਵੇਗਾ?

ਭੌਂ ਪ੍ਰਾਪਤੀ ਵਿਰੁੱਧ ਉੱਠ ਰਹੇ ਲੋਕ ਰੋਹ ਨੂੰ ਸ਼ਾਂਤ ਕਰਨ ਲਈ ਸਰਕਾਰ, ਨਵਾਂ ਕਾਨੂੰਨ ਲਿਆ ਰਹੀ ਹੈ ਜੋ ਦਿੱਖ ਦੇ ਪੱਖੋਂ ਵਧੇਰੇ ਲੋਕ-ਪੱਖੀ ਦਿਖਾਈ ਦਿੰਦਾ ਹੈ, ਲੇਕਿਨ ਤੱਤ ਪੱਖੋਂ ਇਹ ਪਹਿਲੇ ਕਾਨੂੰਨ ਤੋਂ ਵੀ ਵਧ ਕੇ ਕਾਰਪੋਰੇਟ ਘਰਾਣਿਆਂ ਦੇ ਹਿੱਤ ਵਿਚ ਭੁਗਤਦਾ ਹੈ। ਲੋਕ ਹਿੱਤ ਜਿਨ੍ਹਾਂ ਲਈ ਭੌਂ ਪ੍ਰਾਪਤ ਕੀਤੀ ਜਾ ਸਕਦੀ ਹੈ, ਉਸ ਦੇ ਦਾਇਰੇ ਨੂੰ ਇਹ ਇੰਨਾ ਮੋਕਲਾ ਕਰਦਾ ਹੈ ਕਿ ਕੁਝ ਵੀ ਇਸ ਤੋਂ ਬਾਹਰ ਨਹੀਂ ਰਹਿੰਦਾ। ਹੁਣ ਕਾਰਪੋਰੇਟ ਘਰਾਣੇ ਜੋ ਵੀ ਕਰਨਾ ਚਾਹੁਣਗੇ ਉਨ੍ਹਾਂ ਨੂੰ 'ਲੋਕ ਹਿੱਤ' ਦੇ ਦਾਇਰੇ ਵਿਚ ਲਿਆ ਜਾ ਸਕਦਾ ਹੈ। ਭਾਰਤੀ ਸਨਅਤੀ ਘਰਾਣਿਆਂ ਨੇ ਇਸ ਪੱਖੋਂ ਇਸ ਬਿੱਲ ਦੀ ਬੇਹੱਦ ਪ੍ਰਸ਼ੰਸਾ ਕੀਤੀ ਹੈ ਕਿ ਇਸ ਨੇ ਇਨਫਰਾਸਟਰਕਚਰ ਤੇ ਇੰਡਸਟਰੀ, ਸਿਹਤ ਤੇ ਸਿੱਖਿਆ ਸਕੀਮਾਂ ਆਦਿ ਨੂੰ ਲੋਕ ਹਿੱਤ ਦੇ ਘੇਰੇ ਵਿਚ ਰੱਖਿਆ ਹੈ। ਸਾਰੇ ਲੋਕ ਜਾਣਦੇ ਹਨ ਕਿ ਵਿਸ਼ਾਲ ਜੰਗਲੀ ਇਲਾਕਿਆਂ ਅੰਦਰ ਜਿੱਥੇ 'ਜੰਗਲਾਤ ਕਾਨੂੰਨ' ਜਾਂ ਐਸ.ਈ./ਐਸ.ਟੀ. ਕਾਨੂੰਨ ਤਹਿਤ ਪੰਚਾਇਤ ਦੀ ਸਹਿਮਤੀ ਤੋਂ ਬਿਨਾਂ ਜ਼ਮੀਨ ਲਈ ਹੀ ਨਹੀਂ ਜਾ ਸਕਦੀ, ਇਨ੍ਹਾਂ ਕਾਰਪੋਰੇਟ ਘਰਾਣਿਆਂ ਨੇ ਉਥੇ ਵੀ ਵੱਖ-ਵੱਖ ਧੋਖੇ ਭਰੇ ਤੇ ਗੈਰ-ਕਾਨੂੰਨੀ ਢੰਗ-ਤਰੀਕਿਆਂ ਨਾਲ ਇਹ ਸਹਿਮਤੀਆਂ ਹਾਸਲ ਕਰ ਲਈਆਂ ਸਨ। ਰਾਇ ਲੈਣ ਵਿਚ ਉੱਝ ਹੀ ਕਿਸੇ ਨੂੰ ਕੀ ਹਰਜ ਹੋ ਸਕਦਾ ਹੈ। ਉਹ ਇੰਨੇ ਤਾਕਤਵਰ ਹਨ ਕਿ ਉਨ੍ਹਾਂ ਪੁਰਾਣੇ ਕਾਨੂੰਨ ਅਨੁਸਾਰ ਐਮਰਜੈਂਸੀ ਭੌਂ ਪ੍ਰਾਪਤੀ ਦੀ ਧਾਰਾ ਨੂੰ ਯੂ.ਪੀ. ਵਿਚ ਸ਼ਰ੍ਹੇਆਮ ਵਰਤਿਆ ਜਿਸ ਦੀ ਬਹੁਤ ਹੀ ਖਾਸ ਹਾਲਾਤ ਵਿਚ ਵਰਤੋਂ ਹੋ ਸਕਦੀ ਸੀ। ਇਸ ਬਿੱਲ ਰਾਹੀਂ ਸਿਫਾਰਸ਼ ਕੀਤੇ ਮੁਆਵਜ਼ੇ ਨੂੰ ਬਹੁਤ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਸ਼ਹਿਰੀ ਜ਼ਮੀਨ ਲਈ ਦੋ ਗੁਣਾ ਤੇ ਪੇਂਡੂ ਜ਼ਮੀਨ ਲਈ ਸਰਕਾਰੀ ਕੀਮਤ ਤੋਂ ਛੇ ਗੁਣਾ ਮੁਆਵਜ਼ਾ ਦੇਣ ਦੀ ਸਿਫ਼ਾਰਸ਼ ਨੂੰ ਬਹੁਤ ਵੱਡੀ ਪ੍ਰਾਪਤੀ ਦੱਸਿਆ ਗਿਆ ਹੈ, ਜਦੋਂਕਿ ਹਰ ਕੋਈ ਜਾਣਦਾ ਹੈ ਕਿ ਪੰਜਾਬ ਜਿਹੇ ਖ਼ਿੱਤਿਆਂ ਵਿਚ ਬਾਜ਼ਾਰੂ ਕੀਮਤ ਪਹਿਲਾਂ ਹੀ ਸਰਕਾਰੀ ਕੀਮਤ ਤੋਂ ਕਈ ਗੁਣਾਂ ਵੱਧ ਹੁੰਦੀ ਹੈ। ਜਿੱਥੋਂ ਤੱਕ ਨੌਕਰੀ ਦਾ ਸਵਾਲ ਹੈ, ਇਸ ਦੇ ਬਦਲੇ ਸਿਰਫ਼ 2 ਲੱਖ ਰੁਪਏ ਦੇ ਕੇ ਹੀ ਸਾਰਿਆ ਜਾ ਸਕਦਾ ਹੈ। ਜ਼ਮੀਨ ਦੇ ਮਾਲਕਾਂ ਤੋਂ ਇਲਾਵਾ, ਇਸ 'ਤੇ ਨਿਰਭਰ ਲੋਕਾਂ ਨੂੰ ਮੁਆਵਜ਼ੇ ਦੀ ਨਿਗੂਣੀ ਰਕਮ ਜਿੱਥੇ ਉਨ੍ਹਾਂ ਨਾਲ ਕੋਝਾ ਮਜ਼ਾਕ ਹੈ ਉਥੇ ਬਹੁਗਿਣਤੀ ਨੂੰ 'ਪੂਰੀ ਤਰ੍ਹਾਂ' ਉਸ ਜ਼ਮੀਨ 'ਤੇ ਨਿਰਭਰ ਨਾ ਹੋਣ ਦਾ ਬਹਾਨਾ ਲਾ ਕੇ ਮੁਆਵਜ਼ੇ ਤੋਂ ਬਾਹਰ ਰੱਖਿਆ ਜਾ ਸਕਦਾ ਹੈ।

**ਸਾਰੇ ਲੋਕ ਜਾਣਦੇ ਹਨ ਕਿ ਵਿਸ਼ਾਲ ਜੰਗਲੀ ਇਲਾਕਿਆਂ ਅੰਦਰ ਜਿੱਥੇ 'ਜੰਗਲਾਤ ਕਾਨੂੰਨ' ਜਾਂ ਐਸ.ਈ./ਐਸ.ਟੀ. ਕਾਨੂੰਨ ਤਹਿਤ ਪੰਚਾਇਤ ਦੀ ਸਹਿਮਤੀ ਤੋਂ ਬਿਨਾਂ ਜ਼ਮੀਨ ਲਈ ਹੀ ਨਹੀਂ ਜਾ ਸਕਦੀ, ਇਨ੍ਹਾਂ ਕਾਰਪੋਰੇਟ ਘਰਾਣਿਆਂ ਨੇ ਉਥੇ ਵੀ ਵੱਖ-ਵੱਖ ਧੋਖੇ ਭਰੇ ਤੇ ਗੈਰ-ਕਾਨੂੰਨੀ ਢੰਗ-ਤਰੀਕਿਆਂ ਨਾਲ ਇਹ ਸਹਿਮਤੀਆਂ ਹਾਸਲ ਕਰ ਲਈਆਂ ਸਨ।**

# ਗਾਂਧੀ ਦੇ ਬਾਂਦਰ ਤੇ ਅੰਨਾ ਦੇ ਤਿੰਨ ਹਮਾਇਤੀ

*ਅੰਨਾ ਹਜ਼ਾਰੇ ਦੀ ਮੌਜੂਦਾ ਮੁਹਿੰਮ ਦਾ ਅਹਿਮ ਪੜਾਅ ਤਿਹਾੜ ਜੇਲ੍ਹ ਸਾਬਤ ਹੋਈ। ਸਰਕਾਰ ਨੇ ਦਿੱਲੀ ਵਿਚ ਭੁੱਖ ਹੜਤਾਲ ਲਈ ਸਮਾਂ, ਸਥਾਨ ਅਤੇ ਗਿਣਤੀ ਦੀ ਹੱਦਬੰਦੀ ਲਾਗੂ ਕਰਨ ਲਈ ਪੂਰਾ ਜ਼ੋਰ ਲਗਾਇਆ। ਅੰਨਾ ਹਜ਼ਾਰੇ ਵੱਲੋਂ ਪ੍ਰਵਾਨਗੀ ਮੰਗਣ ਅਤੇ ਸਰਕਾਰ ਵੱਲੋਂ ਇਨਕਾਰ ਕਰਨ ਤੇ ਬਦਲਵੇਂ ਪ੍ਰਬੰਧ ਕਰਨ ਦੀ ਕਸ਼ਮਕਸ਼ ਮੀਡੀਆ ਰਾਹੀਂ ਲਗਾਤਾਰ ਨਸ਼ਰ ਹੁੰਦੀ ਰਹੀ। ਆਖ਼ਰ ਸਰਕਾਰ ਨੇ ਜੰਗੀ ਪੱਧਰੀ ਤਿਆਰੀਆਂ ਕਰਕੇ ਰਾਮਲੀਲ੍ਹਾ ਮੈਦਾਨ ਅੰਨਾ ਹਜ਼ਾਰੇ ਦੀ ਭੁੱਖ ਹੜਤਾਲ ਲਈ ਤਿਆਰ ਕਰ ਦਿੱਤਾ। ਇਸ ਨਾਲ ਪਹਿਲੀ ਵਾਰ ਸਿਆਸੀ ਸਰਗਰਮੀ ਦਾ ਹਿੱਸਾ ਬਣੇ ਸ਼ਹਿਰੀ ਮੱਧਵਰਗ ਨੂੰ ਜਚਾ ਦਿੱਤਾ ਗਿਆ ਹੈ ਕਿ ਸਰਕਾਰ ਖ਼ਿਲਾਫ਼ ਰੋਹ ਦਾ ਪ੍ਰਗਟਾਵਾ ਸਰਕਾਰੀ ਪ੍ਰਵਾਨਗੀ ਨਾਲ ਹੀ ਕੀਤਾ ਜਾਂਦਾ ਹੈ। ਇਸ ਨਾਲ ਉਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨਾ ਸੁਖਾਲਾ ਹੋ ਗਿਆ ਹੈ ਜੋ ਪੰਜਾਬ ਸਰਕਾਰ ਨੇ ਧਰਨੇ ਮੁਜ਼ਾਹਰਿਆਂ ਉੱਤੇ ਪਾਬੰਦੀ ਲਗਾਉਣ ਦੇ ਇਰਾਦੇ ਨਾਲ ਬਣਾਏ ਹਨ। ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ ਅਤੇ ਬੇਰੁਜ਼ਗਾਰਾਂ ਦੇ ਧਰਨੇ-ਮੁਜ਼ਾਹਰਿਆਂ ਨੂੰ ਚੰਡੀਗੜ੍ਹ ਦਾ ਮੀਡੀਆ ਅਮਨ-ਕਾਨੂੰਨ ਦਾ ਮਸਲਾ ਬਣਾ ਕੇ ਪੇਸ਼ ਕਰਦਾ ਰਿਹਾ ਹੈ।*

**ਸਵਾਲ ਸੰਵਾਦ**



ਦਲਜੀਤ ਅਮੀ
ਫੋਨ:+91-97811-21873

ਅੰਨਾ ਹਜ਼ਾਰੇ ਦੀ ਅਗਵਾਈ ਵਿਚ ਭ੍ਰਿਸ਼ਟਾਚਾਰ ਖ਼ਿਲਾਫ਼ ਵਿੱਢੀ ਮੁਹਿੰਮ ਦੇ ਦੂਜੀ ਇਤਿਹਾਸਕ ਕਾਮਯਾਬੀ ਹਾਸਿਲ ਕੀਤੀ ਹੈ। ਪਹਿਲੀ ਵਾਰ ਦਿੱਲੀ ਵਿਚ ਭੁੱਖ ਹੜਤਾਲ ਕਰਨ ਦਾ ਨਤੀਜਾ ਨਿਕਲਿਆ ਸੀ ਕਿ ਭਾਰਤ ਦੇ ਇਤਿਹਾਸ ਵਿਚ ਵਿਧਾਨਪਾਲਿਕਾ ਤੋਂ ਇਲਾਵਾ ਪੰਜ ਹੋਰ ਜੀਆਂ ਨੂੰ ਕਾਨੂੰਨ ਦਾ ਖਰੜਾ ਤਿਆਰ ਕਰਨ ਲਈ ਕੇਂਦਰ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਪੰਜ ਕੇਂਦਰੀ ਮੰਤਰੀਆਂ ਤੋਂ ਇਲਾਵਾ ਸਫ਼ੇਦਪੋਸ਼ ਸਮਾਜ ਦੇ ਨੁਮਾਇੰਦਿਆਂ ਵਜੋਂ 'ਅੰਨਾ ਟੀਮ' ਦੇ ਪੰਜ ਜੀਆਂ ਨੂੰ ਲੋਕਪਾਲ ਬਿੱਲ ਦਾ ਖਰੜਾ ਤਿਆਰ ਕਰਨ ਵਾਲੀ ਕਮੇਟੀ ਵਿਚ ਸ਼ਾਮਿਲ ਕਰ ਲਿਆ ਗਿਆ ਸੀ। ਇਸ ਵਾਰ ਦੂਜੀ ਭੁੱਖ ਹੜਤਾਲ ਦੇ ਨਤੀਜੇ ਵਜੋਂ ਲੋਕ ਸਭਾ ਵਿਚ ਪੇਸ਼ ਕੀਤਾ ਜਾ ਚੁੱਕਿਆ ਲੋਕਪਾਲ ਬਿੱਲ ਤਿੰਨ ਅਹਿਮ ਸੋਧਾਂ ਨਾਲ ਸਟੈਂਡਿੰਗ ਕਮੇਟੀ ਕੋਲ ਭੇਜ ਦਿੱਤਾ ਗਿਆ ਹੈ। ਘਪਲਿਆਂ ਅਤੇ ਭ੍ਰਿਸ਼ਟਾਚਾਰ ਦੀ ਲੰਮੀ ਲੜੀ ਤੋਂ ਬਾਅਦ ਸਮੁੱਚੇ ਮੁਲਕ ਵਿਚ ਇਸ ਰੁਝਾਨ ਖ਼ਿਲਾਫ਼ ਰੋਹ ਫੈਲ ਰਿਹਾ ਸੀ ਜਿਸ ਦਾ ਸਿਖ਼ਰ ਇਸ ਮੁਹਿੰਮ ਦੇ ਰੂਪ ਵਿਚ ਹੋਇਆ ਹੈ।

ਭ੍ਰਿਸ਼ਟਾਚਾਰ ਖ਼ਿਲਾਫ਼ ਸਮੁੱਚੀ ਮੁਹਿੰਮ ਦੀ ਪ੍ਰਾਪਤੀ ਇਹ ਰਹੀ ਹੈ ਕਿ ਆਪਣੇ ਗ਼ੈਰ-ਸਿਆਸੀ ਕਿਰਦਾਰ ਲਈ ਜਾਣੀ ਜਾਂਦੇ ਸ਼ਹਿਰੀ ਮੱਧ ਵਰਗ ਨੇ ਇਸ ਵਿਚ ਸਰਗਰਮ ਹਿੱਸਾ ਪਾਇਆ ਹੈ। ਇਹ ਸਮਝ ਮਜ਼ਬੂਤ ਹੋਈ ਹੈ ਕਿ ਸਰਕਾਰੀ ਨੀਤੀਆਂ ਅਤੇ ਰਿਆਇਤਾਂ ਦੀ ਅਵਾਮ ਤੱਕ ਪਹੁੰਚ ਰੋਕਣ ਲਈ ਭ੍ਰਿਸ਼ਟਾਚਾਰ ਜ਼ਿੰਮੇਵਾਰ ਹੈ। ਅਫ਼ਸਰਸ਼ਾਹੀ ਅਤੇ ਸਿਆਸਤਦਾਨਾਂ ਦਾ ਗੱਠਜੋੜ ਭ੍ਰਿਸ਼ਟਾਚਾਰ ਦੀ ਅਹਿਮ ਚੂਲ ਮੰਨਿਆ ਗਿਆ ਹੈ ਜਿਸ ਨੂੰ ਜਵਾਬਦੇਹ ਬਣਾਇਆ ਜਾਣਾ ਜ਼ਰੂਰੀ ਸਮਝਿਆ ਗਿਆ ਹੈ। ਜਵਾਬਦੇਹੀ ਨੂੰ ਜਵਾਬਤਲਬੀ ਵਿਚ ਬਦਲਣ ਅਤੇ ਸਰਕਾਰੀ ਭ੍ਰਿਸ਼ਟਾਚਾਰ ਨੂੰ ਸਜ਼ਾਯੋਗ ਬਣਾਉਣ ਲਈ ਕਾਨੂੰਨੀ ਪੇਸ਼ਬੰਦੀ ਵਜੋਂ ਸਖ਼ਤ ਲੋਕਪਾਲ ਬਿੱਲ ਦੀ ਵਕਾਲਤ ਹੋ ਰਹੀ ਹੈ। ਇਸ ਸਮਝ ਤਹਿਤ ਅੰਨਾ ਹਜ਼ਾਰੇ ਦੀ ਅਗਵਾਈ ਵਾਲੀ ਮੁਹਿੰਮ ਨੇ ਰਸਮੀ ਕਾਮਯਾਬੀ ਹਾਸਿਲ ਕੀਤੀ ਹੈ। ਮੀਡੀਆ ਨੇ ਇਸ ਮੁਹਿੰਮ ਵਿਚ ਸਰਗਰਮ ਹਿੱਸਾ ਪਾਇਆ ਹੈ ਜਿਸ ਦੇ ਨਤੀਜੇ ਵਜੋਂ ਜਿੱਤ ਦਾ ਸ਼ਾਨਦਾਰ ਜਸ਼ਨ ਸਰਦੇ-ਪੁੱਜਦੇ ਸ਼ਹਿਰੀ ਮੱਧ-ਵਰਗ ਦੀ ਯਾਦ ਵਿਚ ਸਜ ਗਿਆ ਹੈ।

ਇਸ ਮੁਹਿੰਮ ਨੂੰ ਆਪਣੀ-ਆਪਣੀ ਔਖ ਉੱਤੇ ਪਰਦਾ ਪਾ ਕੇ ਜਮਹੂਰੀਅਤ ਦੀ ਜਿੱਤ ਕਰਾਰ ਦੇਣ ਵਿਚ ਸਾਰੀਆਂ ਸਿਆਸੀ ਪਾਰਟੀਆਂ ਵਿਚ ਦੌੜ ਲੱਗ ਗਈ ਹੈ। ਨਰਿੰਦਰ ਮੋਦੀ ਨੇ ਮਾਓਵਾਦੀਆਂ ਨੂੰ ਅੰਨਾ ਹਜ਼ਾਰੇ ਤੋਂ ਸਬਕ ਸਿੱਖਣ ਦੀ ਸਲਾਹ ਦਿੱਤੀ ਹੈ। 'ਅੰਨਾ ਨੂੰ ਭਾਰਤ' ਅਤੇ 'ਭਾਰਤ ਨੂੰ ਅੰਨਾ' ਕਰਾਰ ਦੇਣ ਤੋਂ ਬਾਅਦ ਉਨ੍ਹਾਂ ਨੂੰ ਗਾਂਧੀ ਦਾ ਅਸਲ ਵਾਰਸ ਐਲਾਨਿਆ ਜਾ ਰਿਹਾ ਹੈ। ਇਸ ਮੁਹਿੰਮ ਨੂੰ ਆਜ਼ਾਦੀ ਦੀ ਦੂਜੀ ਜੰਗ ਕਹਿਣ ਤੋਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਅਵਾਮ ਨੂੰ ਲੋਕਪਾਲ ਤੋਂ ਬਹੁਤ ਆਸ ਹੈ। ਇਸ ਮੁਹਿੰਮ ਦੀ ਕਾਮਯਾਬੀ ਅਹਿੰਸਾ ਦੇ ਸਰਬੋਤਮ ਸਿਆਸੀ ਹਥਿਆਰ ਹੋਣ ਦਾ ਐਲਾਨਨਾਮਾ ਹੋ ਨਿਬੜੀ ਹੈ ਜਿਸ ਦੀ ਕੁੰਜੀ ਦ੍ਰਿੜਤਾ ਨੂੰ ਮੰਨਿਆ ਗਿਆ ਹੈ। ਸ਼ਨੀਵਾਰ-ਐਤਵਾਰ ਨੂੰ ਛੁੱਟੀ ਮਨਾਉਣ ਵਾਲੇ ਸ਼ਹਿਰੀ ਮੱਧਵਰਗ ਤੋਂ ਇਲਾਵਾ ਵੱਡੀ ਗਿਣਤੀ ਵਿਚ ਲੋਕਾਂ ਨੇ ਆਪਣੇ ਕੰਮ-ਧੰਦੇ ਛੱਡ ਕੇ ਅੰਨਾ ਹਜ਼ਾਰੇ ਦੀ ਹਮਾਇਤ ਵਿਚ ਰਾਮਲੀਲ੍ਹਾ ਮੈਦਾਨ ਦਾ ਅਖਾੜਾ ਭਖਾਈ ਰੱਖਿਆ। ਬਹੁਤ ਸਾਰੀਆਂ ਜਥੇਬੰਦੀਆਂ ਅਤੇ ਬੰਦਿਆਂ ਨੇ ਹਮਾਇਤ ਦੇ ਐਲਾਨ ਕੀਤੇ ਜਿਸ ਦਾ ਭਰਵਾਂ ਸਵਾਗਤ ਹੋਇਆ। ਨਤੀਜੇ ਵਜੋਂ ਕ੍ਰਿਕਟ ਦੇ ਮੈਦਾਨ ਤੋਂ ਬਾਹਰ ਸ਼ਹਿਰੀ ਮੱਧਵਰਗ ਕੁਝ ਦੇਰ ਲਈ ਇੱਕਜੁੱਟ ਨਜ਼ਰ ਆਇਆ ਅਤੇ ਇਸ ਨੇ ਆਪਣਾ ਕ੍ਰਿਕਟਮਈ ਖ਼ਾਸਾ ਕਾਇਮ ਰੱਖਿਆ।

*ਅੰਨਾ ਹਜ਼ਾਰੇ ਦੀ ਹਮਾਇਤ ਕਰਨ ਵਾਲਿਆਂ ਵਿਚ ਇਰੋਮ ਸ਼ਰਮੀਲਾ ਵੀ ਸ਼ਾਮਿਲ ਹੋ ਗਈ। ਉਸ ਦੀ ਹਮਾਇਤ ਮੀਡੀਆ ਵਿਚ ਕੁਝ ਦੇਰ ਲਈ ਵੱਡੀ ਖ਼ਬਰ ਬਣੀ ਪਰ ਜਲਦੀ ਹੀ ਲਾਪਤਾ ਹੋ ਗਈ। ਜਿੱਤ ਦੇ ਜਸ਼ਨ ਵਿਚੋਂ ਇਰੋਮ ਸ਼ਰਮੀਲਾ ਗ਼ੈਰ-ਹਾਜ਼ਰ ਹੋ ਗਈ। ਅੰਨਾ ਹਜ਼ਾਰੇ ਦੀ ਇਹ ਹਿਮਾਇਤਣ ਬਹੁਤ ਔਖਾ ਸਵਾਲ ਬਣ ਕੇ ਸਾਹਮਣੇ ਆਈ ਹੈ। ਉਹ ਦਸ ਸਾਲਾਂ ਤੋਂ ਮਨੀਪੁਰ ਵਿਚ 'ਆਰਮਡ ਫੋਰਸਿਸ ਸਪੈਸ਼ਲ ਪਾਵਰ ਐਕਟ' (ਅਫ਼ਸਪਾ) ਖ਼ਿਲਾਫ਼ ਭੁੱਖ ਹੜਤਾਲ ਉੱਤੇ ਬੈਠੀ ਹੈ। ਉਸ ਦਾ ਸੰਘਰਸ਼ ਦਾ ਢੰਗ-ਤਰੀਕਾ ਅੰਨਾ ਹਜ਼ਾਰੇ ਨਾਲ ਮੇਲ ਖਾਂਦਾ ਹੈ। ਦ੍ਰਿੜਤਾ ਦਾ ਸਬੂਤ ਉਸ ਤੋਂ ਪੁਖ਼ਤਾ ਕੀ ਹੋ ਸਕਦਾ ਹੈ? ਇਰੋਮ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਹੈ ਅਤੇ ਉਸ ਦਾ ਮੰਨਣਾ ਹੈ ਕਿ ਟਰਾਂਸਪੇਰੈਂਸੀ ਇੰਟਰਨੈਸ਼ਨਲ ਮੁਤਾਬਕ ਭਾਰਤ ਕੌਮਾਂਤਰੀ ਪੱਧਰ ਉੱਤੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ 87ਵੇਂ ਨੰਬਰ ਉੱਤੇ ਹੈ ਪਰ ਇਸ ਰੁਝਾਨ ਦਾ ਸਿਖ਼ਰ ਮਨੀਪੁਰ ਹੈ।*



ਇਰੋਮ ਸ਼ਰਮੀਲਾ

ਇਸੇ ਦੌਰਾਨ ਅੰਨਾ ਹਜ਼ਾਰੇ ਦੀ ਹਮਾਇਤ ਕਰਨ ਵਾਲਿਆਂ ਵਿਚ ਇਰੋਮ ਸ਼ਰਮੀਲਾ ਵੀ ਸ਼ਾਮਿਲ ਹੋ ਗਈ। ਉਸ ਦੀ ਹਮਾਇਤ ਮੀਡੀਆ ਵਿਚ ਕੁਝ ਦੇਰ ਲਈ ਵੱਡੀ ਖ਼ਬਰ ਬਣੀ ਪਰ ਜਲਦੀ ਹੀ ਲਾਪਤਾ ਹੋ ਗਈ। ਜਿੱਤ ਦੇ ਜਸ਼ਨ ਵਿਚੋਂ ਇਰੋਮ ਸ਼ਰਮੀਲਾ ਗ਼ੈਰ-ਹਾਜ਼ਰ ਹੋ ਗਈ। ਅੰਨਾ ਹਜ਼ਾਰੇ ਦੀ ਇਹ ਹਿਮਾਇਤਣ ਬਹੁਤ ਔਖਾ ਸਵਾਲ ਬਣ ਕੇ ਸਾਹਮਣੇ ਆਈ ਹੈ। ਉਹ ਦਸ ਸਾਲਾਂ ਤੋਂ ਮਨੀਪੁਰ ਵਿਚ 'ਆਰਮਡ ਫੋਰਸਿਸ ਸਪੈਸ਼ਲ ਪਾਵਰ ਐਕਟ' (ਅਫ਼ਸਪਾ) ਖ਼ਿਲਾਫ਼ ਭੁੱਖ ਹੜਤਾਲ ਉੱਤੇ ਬੈਠੀ ਹੈ। ਉਸ ਦਾ ਸੰਘਰਸ਼ ਦਾ ਢੰਗ-ਤਰੀਕਾ ਅੰਨਾ ਹਜ਼ਾਰੇ ਨਾਲ ਮੇਲ ਖਾਂਦਾ ਹੈ। ਦ੍ਰਿੜਤਾ ਦਾ ਸਬੂਤ ਉਸ ਤੋਂ ਪੁਖ਼ਤਾ ਕੀ ਹੋ ਸਕਦਾ ਹੈ? ਇਰੋਮ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਹੈ ਅਤੇ ਉਸ ਦਾ ਮੰਨਣਾ ਹੈ ਕਿ ਟਰਾਂਸਪੇਰੈਂਸੀ ਇੰਟਰਨੈਸ਼ਨਲ ਮੁਤਾਬਕ ਭਾਰਤ ਕੌਮਾਂਤਰੀ ਪੱਧਰ ਉੱਤੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ 87ਵੇਂ ਨੰਬਰ ਉੱਤੇ ਹੈ ਪਰ ਇਸ ਰੁਝਾਨ ਦਾ ਸਿਖ਼ਰ ਮਨੀਪੁਰ ਹੈ। ਇਰੋਮ ਦੀ ਹਮਾਇਤ ਹਾਸਲ ਕਰਨਾ ਇਸ ਮੁਹਿੰਮ ਦੇ ਮੋਕਲੇ ਘੇਰੇ ਦੀ ਨਿਸ਼ਾਨਦੇਹੀ ਹੈ ਪਰ ਇਸ ਦੇ ਨਾਲ ਹੀ ਉਹ ਇਸ ਲਹਿਰ ਦੀ ਕਮਜ਼ੋਰ ਕੜੀ ਉਜਾਗਰ ਕਰਨ ਦਾ ਸਬੱਬ ਵੀ ਬਣੀ ਹੈ। ਇਰੋਮ ਤੋਂ ਇਲਾਵਾ ਅੰਨਾ ਦੀ ਮੁਹਿੰਮ ਦੇ ਹੋਰ ਵੀ ਹਮਾਇਤੀ ਹਨ ਜਿਨ੍ਹਾਂ ਦੀ ਹਮਾਇਤ ਔਖੇ ਸਵਾਲਾਂ ਨੂੰ ਜਨਮ ਦਿੰਦੀ ਹੈ। ਨਰਿੰਦਰ ਮੋਦੀ ਨੇ ਮਾਓਵਾਦੀਆਂ ਨੂੰ ਸਲਾਹ ਦੇ ਦਿੱਤੀ ਹੈ ਪਰ ਆਪਣਾ ਪਿਛੋਕੜ ਭੁੱਲ ਗਏ। ਅਮਰੀਕਾ ਨੇ ਅੰਨਾ ਹਜ਼ਾਰੇ ਦੀ ਹਮਾਇਤ ਵਿਚ ਭਾਰਤ ਸਰਕਾਰ ਨੂੰ ਸਲਾਹ ਦਿੱਤੀ ਸੀ ਪਰ ਲਿਬਿਆ ਵਿਚ ਉਸ ਨੂੰ ਇਹ ਜ਼ਿੰਮੇਵਾਰੀ ਕੌਣ ਯਾਦ ਕਰਵਾਏ? ਅੰਨਾ ਹਜ਼ਾਰੇ ਦੀ ਹਮਾਇਤ ਕਰਨ ਵਾਲਿਆਂ ਵਿਚੋਂ ਇਰੋਮ ਸ਼ਰਮੀਲਾ, ਨਰਿੰਦਰ ਮੋਦੀ ਅਤੇ ਅਮਰੀਕਾ ਸਮੁੱਚੇ ਮਸਲੇ ਨੂੰ ਪੇਚੀਦਾ ਕਰ ਰਹੇ ਹਨ ਜਾਂ ਇਸ ਦੀ ਪੇਚੀਦਗੀ ਨੂੰ ਉਘਾੜ ਰਹੇ ਹਨ? ਇਹ ਤਿੰਨੇ ਮਹਾਤਮਾ ਗਾਂਧੀ ਦੇ ਬਾਂਦਰਾਂ ਵਾਂਗ ਅੱਖਾਂ, ਮੂੰਹ ਅਤੇ ਕੰਨ ਬੰਦ ਰੱਖਣ ਵਿਚ ਯਕੀਨ ਨਹੀਂ ਕਰਦੇ। ਇਨ੍ਹਾਂ ਨੂੰ ਅੱਖਾਂ, ਮੂੰਹ ਅਤੇ ਕੰਨ ਬੰਦ ਕਰਕੇ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਇਸ ਸਵਾਲ ਦਾ ਜਵਾਬ ਲੱਭਣ ਤੋਂ ਪਹਿਲਾਂ ਮੌਜੂਦਾ ਰੁਝਾਨ ਵਿਚ ਸਰਕਾਰ ਅਤੇ ਭ੍ਰਿਸ਼ਟਾਚਾਰ ਵਿਰੋਧੀ ਦੀ ਮੁਹਿੰਮ ਦੀ ਸਾਂਝੀ ਤੰਦ ਦੀ ਨਿਸ਼ਾਨਦੇਹੀ ਬਹੁਤ ਜ਼ਰੂਰੀ ਹੈ। ਦੋਵਾਂ ਧਿਰਾਂ ਦੇ ਬੁਲਾਰਿਆਂ ਨੇ ਹਰ ਔਖੇ ਸਵਾਲ ਨੂੰ ਹਿਕਾਰਤ ਨਾਲ ਰੱਦ ਕਰਨ ਦਾ ਰੁਖ਼ ਅਖ਼ਤਿਆਰ ਕੀਤਾ ਹੈ। ਕਪਿਲ ਸਿੱਬਲ, ਮਨੀਸ਼ ਤਿਵਾੜੀ, ਅੰਬਿਕਾ ਸੋਨੀ, ਦਿਗਵਿਜੇ ਸਿੰਘ, ਰਾਹੁਲ ਗਾਂਧੀ ਅਤੇ ਪੀ. ਚਿਦੰਬਰਮ ਨੇ ਸਰਕਾਰੀ ਧਿਰ ਵੱਲੋਂ ਚੁਸਤ ਤੇ ਗੁੱਝੀ ਮਾਰ ਵਾਲੇ ਫਿਕਰਿਆਂ ਦੀ ਹਾਠ ਖੜ੍ਹੀ ਕੀਤੀ। ਇਸੇ ਤਰ੍ਹਾਂ ਕਿਰਨ ਬੇਦੀ, ਪ੍ਰਸ਼ਾਂਤ ਭੂਸ਼ਨ ਅਤੇ ਅਰਵਿੰਦ ਕੇਜਰੀਵਾਲ ਨੇ ਸਿਆਸਤਦਾਨਾਂ ਨੂੰ ਉਨ੍ਹਾਂ ਦੀ ਖੇਡ ਵਿਚ ਮਾਤ ਦੇਣ ਲਈ ਕੋਈ ਕਸਰ ਨਹੀਂ ਛੱਡੀ। ਸਾਥ ਦੇਣ ਲਈ ਓਮ ਪੁਰੀ ਵੀ ਹਾਜ਼ਰ ਹੋਏ। ਇਸ ਦੌਰਾਨ ਰਾਡੀਆ ਟੇਪਾਂ ਤੋਂ ਬਾਅਦ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਵਿਚ ਘਿਰਿਆ ਮੀਡੀਆ ਆਪਣੇ ਸ਼ੁੱਧੀਕਰਨ ਦੀ ਮਸ਼ਕ ਵਿਚ ਰੁਝਿਆ ਰਿਹਾ। ਹਰ ਸਮਜਿਕ ਮੁੱਦੇ ਉੱਤੇ ਵਿੱਤੀ ਮੁਸ਼ਕਲਾਂ ਦੀ ਦੁਹਾਈ ਦੇਣ ਵਾਲੇ ਟੈਲੀਵਿਜ਼ਨ ਚੈਨਲਾਂ ਨੂੰ ਕਾਰਪੋਰੇਟ ਕੰਪਨੀਆਂ ਨੇ ਇਸ਼ਤਿਹਾਰਾਂ ਦੀ ਕਮੀ ਨਹੀਂ ਆਉਣ ਦਿੱਤੀ। ਨਤੀਜੇ ਵਜੋਂ ਅੰਨਾ ਉੱਤੇ ਕੋਈ ਵੀ ਸਵਾਲ ਮੀਡੀਆ ਦੀ ਚਾਂਦਮਾਰੀ ਦਾ ਸ਼ਿਕਾਰ ਹੁੰਦਾ ਰਿਹਾ। ਇਸ ਰੁਝਾਨ ਵਿਚ ਸੰਪਾਦਕੀਆਂ ਤੋਂ ਬਾਅਦ ਕਮਿਸ਼ਨਾਂ ਵਿਚ ਨਾਮਜ਼ਦਗੀਆਂ ਦੀ ਝਾਕ ਲਾਈ ਬੈਠੇ ਦਰਬਾਨ ਪੱਤਰਕਾਰ ਭਾਰਤੀ ਇਤਿਹਾਸ ਦੀ ਸਭ ਤੋਂ ਭ੍ਰਿਸ਼ਟ ਸਰਕਾਰ ਦੇ ਇਮਾਨਦਾਰ ਪ੍ਰਧਾਨ ਮੰਤਰੀ ਦੀ 'ਬਲੌਰੀ ਸ਼ਖ਼ਸੀਅਤ' ਦੀ ਦੁਹਾਈ ਦਿੰਦੇ ਹੋਏ ਲਿਖ ਰਹੇ ਸਨ ਕਿ 'ਉਨ੍ਹਾਂ ਦੀ ਪਾਕੀਜ਼ਗੀ ਨੂੰ ਦੁਨੀਆ ਸਲਾਮ ਕਰਦੀ ਹੈ, ਸਾਨੂੰ ਵੀ ਕਰਨਾ ਚਾਹੀਦਾ ਹੈ।' ਇਮਾਨਦਾਰ ਦਰਬਾਨਾਂ ਅਤੇ ਪੇਸ਼ੇਵਰ ਬੁਲਾਰਿਆਂ ਨੇ ਇਹ ਪਤੁੰਲ ਬੰਨ੍ਹਣ ਵਿਚ ਕੋਈ ਕਸਰ ਨਹੀਂ ਛੱਡੀ ਕਿ ਸੱਚ ਸਿਰਫ਼ ਉਨ੍ਹਾਂ ਦੇ ਪੱਲੇ ਹੈ। 'ਅੰਤਿਮ ਸੱਚ' ਦੇ ਇਸ ਵੰਨ-ਸਵੰਨੇ ਐਲਾਨ ਵਿਚੋਂ ਭ੍ਰਿਸ਼ਟਾਚਾਰ ਦੀ ਪੇਚੀਦਗੀ ਵਿਚ ਲੁਕੇ ਖ਼ਦਸ਼ਿਆਂ ਦੀ ਝਲਕ ਪੈਂਦੀ ਹੈ।

ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਦਾ ਨਿਸ਼ਾਨਾ ਸਰਕਾਰੀ ਮਹਿਕਮਿਆਂ ਵਿਚ ਫੈਲਿਆ ਭ੍ਰਿਸ਼ਟਾਚਾਰ ਹੈ। ਇਸ ਕਾਰਨ ਲੋਕਾਂ ਤੱਕ ਬਣਦੀਆਂ ਸਹੂਲਤਾਂ ਅਤੇ ਸੇਵਾਵਾਂ ਨਹੀਂ ਪਹੁੰਚਦੀਆਂ ਜੋ ਸੰਵਿਧਾਨ ਮੁਤਾਬਕ ਲੋਕਾਂ ਦੇ ਬੁਨਿਆਦੀ ਤੇ ਮਨੁੱਖੀ ਹੱਕ ਦਾ ਉਲੰਘਣ ਹੈ। ਇਹ ਦਲੀਲ ਬਹੁਤ ਸਿੱਧੀ ਤੇ ਸਪਸ਼ਟ ਨਜ਼ਰ ਆਉਂਦੀ ਹੈ ਪਰ ਅਸਲ ਵਿਚ ਅਜਿਹਾ ਨਹੀਂ ਹੈ। ਮਿਸਾਲ ਵਜੋਂ ਸਕੂਲੀ ਪੜ੍ਹਾਈ ਪੂਰੀ ਕਰਕੇ ਕਾਲਜਾਂ ਵਿਚ ਦਾਖ਼ਲ ਲੈਣ ਵਾਲੇ ਵਿਦਿਆਰਥੀਆਂ ਦੀ ਫ਼ੀਸ ਭਰਵਾਉਣ ਲਈ ਲੰਮੀ ਕਤਾਰ ਲੱਗੀ ਹੋਈ ਹੈ। ਪ੍ਰਬੰਧਕੀ ਦਖ਼ਲਅੰਦਾਜ਼ੀ ਨਾਲ ਕਿਸੇ ਘੱਟ ਯੋਗਤਾ ਵਾਲੇ ਵਿਦਿਆਰਥੀ ਦਾ ਦਾਖ਼ਲਾ ਭ੍ਰਿਸ਼ਟਾਚਾਰ ਦੇ ਘੇਰੇ ਵਿਚ ਆਉਂਦਾ ਹੈ। ਜੇ ਕਿਸੇ ਤੋਂ ਪਹਿਲਾਂ ਫ਼ੀਸ ਭਰਨ ਲਈ ਕਲਰਕ ਰਿਸ਼ਵਤ ਲੈਂਦਾ ਹੈ ਤਾਂ ਇਹ ਭ੍ਰਿਸ਼ਟਾਚਾਰ ਹੈ। ਭ੍ਰਿਸ਼ਟਾਚਾਰ ਦੇ ਇਸ ਰੁਝਾਨ ਖ਼ਿਲਾਫ਼ ਮੁਲਕ ਵਿਚ ਮੁਹਿੰਮ ਖੜ੍ਹੀ ਹੋ ਗਈ ਹੈ। ਫ਼ੀਸਾਂ ਵੱਧ ਹੋਣ ਕਾਰਨ ਕਾਲਜਾਂ ਵੱਲ ਮੂੰਹ ਕਰਨੋਂ ਜਾਂ ਸਕੂਲ ਵਿਚ ਹੀ ਕਿਰ ਗਏ ਵਿਦਿਆਰਥੀਆਂ ਦੇ ਬੁਨਿਆਦੀ ਹੱਕ ਦਾ ਕੀ ਬਣਿਆ? ਜੇ ਬੁਨਿਆਦੀ ਹੱਕ ਦਾ ਉਲੰਘਣ ਭ੍ਰਿਸ਼ਟਾਚਾਰ ਹੈ ਤਾਂ ਇਸ ਲਈ ਜ਼ਿੰਮੇਵਾਰ ਨੀਤੀਗਤ ਫ਼ੈਸਲੇ ਭ੍ਰਿਸ਼ਟਾਚਾਰ ਦੇ ਘੇਰੇ ਤੋਂ ਬਾਹਰ ਕਿਵੇਂ ਹਨ? ਸਵਾਲ ਇਹ ਹੈ ਕਿ ਸਰਕਾਰੀ ਨਜ਼ਰਅੰਦਾਜ਼ੀ ਕਾਰਨ ਆਉਂਦੀਆਂ 'ਕੁਦਰਤੀ ਆਫ਼ਤਾਂ' ਨੂੰ ਭ੍ਰਿਸ਼ਟਾਚਾਰ ਦੇ ਘੇਰੇ ਵਿਚੋਂ ਬਾਹਰ ਕਿਵੇਂ ਰੱਖਿਆ ਜਾਵੇ? ਗੁਰਬਤ, ਜ਼ਹਾਲਤ ਅਤੇ ਬੇਵਿਸਾਹੀ ਵਿਚ ਘਿਰੇ ਆਵਾਮ ਨੂੰ ਇਲਾਜਯੋਗ ਬੀਮਾਰੀਆਂ, ਭੁੱਖ ਅਤੇ ਸਮਜਿਕ ਕਲੇਸ਼ਾਂ ਵਿਚ ਮਰਨ ਦੀ 'ਆਜ਼ਾਦੀ ਦੇਣਾ' ਭ੍ਰਿਸ਼ਟਾਚਾਰ ਕਿਉਂ ਨਹੀਂ ਹੈ? ਜੇ ਨੌਕਰੀਆਂ ਦੀ ਭਰਤੀ ਵੇਲੇ ਭ੍ਰਿਸ਼ਟਾਚਾਰ ਖ਼ਤਮ ਕਰ ਦਿੱਤਾ ਜਾਵੇ ਤਾਂ ਬੇਰੁਜ਼ਗਾਰੀ ਨਹੀਂ ਘਟ ਸਕਦੀ। ਮੌਜੂਦਾ ਹਾਲਾਤ ਵਿਚ ਭ੍ਰਿਸ਼ਟਾਚਾਰ ਦਾ ਸਭ ਤੋਂ ਘਾਤਕ ਅੰਸ਼ ਤਾਂ ਢਾਂਚੇ ਦਾ ਹਿੱਸਾ ਬਣ ਚੁੱਕਿਆ ਹੈ। ਇਸੇ ਢਾਂਚਾਗਤ ਭ੍ਰਿਸ਼ਟਾਚਾਰ ਵਿਚੋਂ 'ਬਲੌਰੀ ਸ਼ਖ਼ਸੀਅਤ' ਦਾ ਅਸਲਾ ਪਛਾਣਿਆ ਜਾ ਸਕਦਾ ਹੈ। ਇਨ੍ਹਾਂ ਹਾਲਾਤ ਵਿਚ ਖ਼ੂਨ ਵਹਾ ਦੇਣਾ ਤਾਂ ਜੁਰਮ ਹੈ ਪਰ ਨੀਤੀਆਂ ਰਾਹੀਂ ਮੁਲਕ ਨੂੰ ਬੇਵਿਸਾਹੀ ਤੇ ਭੁੱਖਮਰੀ ਦੀ ਭੱਠੀ ਵਿਚ ਪਾ ਕੇ ਅਵਾਮ ਦਾ ਲਹੂ ਸੁਕਾ ਦੇਣਾ 'ਇਮਾਨਦਾਰੀ' ਕਿਵੇਂ ਹੋ ਗਿਆ? ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਵਿਚ ਇਸ ਪੱਖੋਂ ਬਹੁਤ ਸੰਭਾਵਨਾ ਹੈ ਕਿ ਨੀਤੀਆਂ ਨੂੰ ਲਾਗੂ ਕਰਨ ਵਿਚ ਹੁੰਦੇ ਵਿਤਕਰੇ ਤੇ ਹੇਰਾ-ਫੇਰੀ ਤੋਂ ਘੇਰਾ ਮੋਕਲਾ ਕਰਕੇ ਸਮੁੱਚੇ ਢਾਂਚੇ ਉੱਤੇ ਸਵਾਲ ਕੀਤਾ ਜਾਵੇ।

ਦੂਜਾ ਅਹਿਮ ਮਸਲਾ ਇਹ ਹੈ ਕਿ ਸਰਕਾਰੀ ਨੀਤੀਆਂ ਨੂੰ ਮੁਨਾਫ਼ਾ ਮੁਖੀ ਗੇੜਾ ਦੇਣ ਵਿਚ ਫ਼ੈਸਲਾਕੁਨ ਕੰਮ ਕਾਰਪੋਰੇਟ ਘਰਾਣਿਆਂ ਨੇ ਕੀਤਾ ਹੈ। ਜਦੋਂ ਹਰ ਸੇਵਾ, ਸਹੂਲਤ ਅਤੇ ਹੱਕ ਨੂੰ ਖਪਤ ਦੇ ਪੈਂਤੜੇ ਤੋਂ ਦੇਖਿਆ ਜਾਂਦਾ ਹੈ ਤਾਂ ਮਰੀਜ਼ ਤੇ ਵਿਦਿਆਰਥੀ ਖ਼ਪਤਕਾਰ ਹੋ ਜਾਂਦੇ ਹਨ। ਨਿੱਜੀ ਮੁਨਾਫ਼ੇ ਦੀ ਰਾਖੀ ਲਈ ਅੱਚੋਤਾਣ ਹੋਈ ਸਰਕਾਰ ਨੀਤੀਆਂ ਰਾਹੀਂ ਸਮਾਜਿਕ ਨਾਬਰਾਬਰੀ ਦੀਆਂ ਜੜ੍ਹਾਂ ਮਜ਼ਬੂਤ ਕਰਦੀ ਹੈ। ਮਹਿੰਗਾਈ ਰੋਕਣ ਵਿਚ ਨਾਕਾਮਯਾਬ ਰਹੇ ਪ੍ਰਧਾਨ ਮੰਤਰੀ ਆਜ਼ਾਦੀ ਦਿਹਾੜੇ ਉੱਤੇ ਇੱਕੋ ਨੁਕਤੇ ਉੱਤੇ ਦ੍ਰਿੜਤਾ ਨਾਲ ਬੋਲ ਸਕਿਆ ਕਿ ਕਿ ਨਿਵੇਸ਼ ਦੇ ਰਾਹ ਵਿਚ ਕੋਈ ਅੜਿੱਕਾ ਨਹੀਂ ਆਉਣ ਦਿੱਤਾ ਜਾਵੇਗਾ। ਉਹ ਅਵਾਮ ਨੂੰ ਮਹਿੰਗਾਈ ਤੋਂ ਬਚਾਉਣ ਲਈ ਜ਼ਖ਼ੀਰੇਬਾਜ਼ੀ ਅਤੇ ਸੱਟਾਬਾਜ਼ਾਰੀ ਖ਼ਿਲਾਫ਼ ਦ੍ਰਿੜਤਾ ਦਾ ਪ੍ਰਗਟਾਵਾ ਤੱਕ ਨਹੀਂ ਕਰਦੇ। ਪਿਛਲੇ ਸਾਲਾਂ ਵਿਚ ਸਾਡੇ ਮੁਲਕ ਦੀ ਵਿਕਾਸ ਦਰ ਅਤੇ ਮਹਿੰਗਾਈ ਵੱਧ ਰਹੀ ਹੈ। ਖੇਤੀ ਪੈਦਾਵਾਰ ਵਧ ਰਹੀ ਹੈ। ਭੁੱਖਮਰੀ ਵਧ ਰਹੀ ਹੈ ਪਰ ਅਨਾਜ ਸੜ ਰਿਹਾ ਹੈ। ਆਲਮੀ ਪੱਧਰ ਉੱਤੇ ਸਾਬਤ ਹੋ ਚੁੱਕਿਆ ਹੈ ਕਿ ਬਹੁ-ਕੌਮੀ ਕੰਪਨੀਆਂ ਭ੍ਰਿਸ਼ਟਾਚਾਰ ਦਾ ਸਹਾਰਾ ਲੈਕੇ ਆਪਣਾ ਕਾਰੋਬਾਰ ਤੇ ਮੁਨਾਫ਼ਾ ਵਧਾਉਂਦੀਆਂ ਹਨ। ਇਨ੍ਹਾਂ ਦੀ ਵਕਾਲਤ ਗ਼ੈਰ-ਸਰਕਾਰੀ ਸੰਸਥਾਵਾਂ ਕਰਦੀਆਂ ਹਨ। ਬਹੁ-ਕੌਮੀ ਕੰਪਨੀਆਂ ਦੇ ਪੈਸੇ ਨਾਲ ਚੱਲਦੀਆਂ ਗ਼ੈਰ-ਸਰਕਾਰੀ ਸੰਸਥਾਵਾਂ ਸਰਕਾਰੀ ਪੈਸਾ ਵੀ ਲੈਂਦੀਆਂ ਹਨ ਅਤੇ ਸਮਾਜ ਕਲਿਆਣ ਦੇ ਮਹਿਕਮਿਆਂ ਵਿਚ ਨਿੱਜੀ ਹਿੱਸੇਦਾਰੀ ਲਈ ਰਾਹ ਪੱਧਰਾ ਕਰਦੀਆਂ ਹਨ। ਇਨ੍ਹਾਂ ਰਾਹੀਂ ਹੀ ਸਮਾਜ ਦਾ ਸਿਆਸੀਕਰਨ ਰੋਕਿਆ ਜਾਂਦਾ ਹੈ ਅਤੇ ਸਮਾਜ ਸੇਵਾ ਨੂੰ ਕਾਰੋਬਾਰ ਬਣਾਇਆ ਜਾਂਦਾ ਹੈ। ਅਵਾਮ ਲਈ ਉਸਾਰੇ ਗਏ ਅਦਾਰੇ ਨਿੱਜੀ ਕੰਪਨੀਆਂ ਨੂੰ ਰਿਆਇਤੀ ਕੀਮਤਾਂ ਉੱਤੇ ਵੇਚੇ ਜਾ ਰਹੇ ਹਨ। ਟੈਕਸਾਂ ਦੀਆਂ ਛੋਟਾਂ ਅਮੀਰਾਂ ਲਈ ਹਨ ਪਰ ਬਿਜਲੀ, ਪਾਣੀ, ਸਿਹਤ ਅਤੇ ਸਿੱਖਿਆ ਦੀ ਸਹੂਲਤਾਂ ਗ਼ਰੀਬਾਂ ਤੋਂ ਖੁੱਸ ਰਹੀਆਂ ਹਨ। ਇਸ ਤਬਕੇ ਨੂੰ ਭ੍ਰਿਸ਼ਟਾਚਾਰ ਦੀ ਬਹਿਸ ਵਿਚੋਂ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਦਲੀਲ ਵਿਚ ਦਮ ਹੈ ਕਿ ਜੇ ਕਾਰਪੋਰੇਟ ਜਗਤ ਦੇ ਭ੍ਰਿਸ਼ਟਾਚਾਰ ਉੱਪਰ ਸਵਾਲ ਕੀਤਾ ਜਾਵੇਗਾ ਤਾਂ ਮੁਹਿੰਮ ਦੀ ਹਮਾਇਤ ਖੁਰ ਜਾਵੇਗੀ ਅਤੇ ਹਮਦਰਦ ਜਾਪਦਾ ਮੀਡੀਆ ਮੂੰਹ ਫੇਰ ਲਵੇਗਾ। ਕਾਰਪੋਰੇਟ ਜਗਤ ਨੂੰ ਨਜ਼ਰਅੰਦਾਜ਼ ਕਰਨ ਵਿਚ ਰੁਪਰਟ ਮਰਡੌਕ ਦੀ ਦਲੀਲ ਅਸਰਅੰਦਾਜ਼ ਹੁੰਦੀ ਜਾਪਦੀ ਹੈ। ਉਹ ਆਪਣੇ ਮੀਡੀਆ ਸਾਮਰਾਜ ਰਾਹੀਂ ਲੋਕ ਭਲਾਈ ਅਦਾਰਿਆਂ ਨੂੰ ਨਖਿੱਧ ਸਾਬਤ ਕਰਨ ਲਈ ਰਾਏਸ਼ੁਮਾਰੀ ਦਾ ਕੰਮ ਕਰਦਾ ਹੈ। ਸਾਡੇ ਮੁਲਕ ਦਾ ਸਿਆਸੀ ਮੇਲ ਅਮਰੀਕੀ ਤਰਜ਼ ਦਾ ਨਿੱਜੀਕਰਨ ਕਰਨ ਲਈ ਸਹਿਮਤ ਹੈ। ਜੇ ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਦੇ ਘੇਰੇ ਵਿਚੋਂ ਕਾਰਪੋਰੇਟ ਜਗਤ ਬਾਹਰ ਰਹਿੰਦਾ ਹੈ ਤਾਂ 'ਇਮਾਨਦਾਰ' ਪ੍ਰਧਾਨ ਮੰਤਰੀ ਤੋਂ ਜ਼ਿਆਦਾ ਖ਼ੁਸ਼ ਕੌਣ ਹੋ ਸਕਦਾ ਹੈ? ਰਾਡੀਆ ਟੇਪਾਂ ਦੇ ਮੀਡੀਆ ਵਿਚ ਆਉਣ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਉੱਘੇ ਸਨਅਤਕਾਰ ਦੇ ਭੇਤ ਗੁਪਤ ਰੱਖਣ ਦਾ ਯਕੀਨ ਦਿਵਾਇਆ ਸੀ। ਭ੍ਰਿਸ਼ਟਾਚਾਰ ਖ਼ਿਲਾਫ਼ ਸਖ਼ਤ ਕਾਨੂੰਨ ਪੇਸ਼ਬੰਦੀ ਦੀ ਮੰਗ ਕਰਨ ਵਾਲੀ ਮੁਹਿੰਮ ਅਤੇ ਭ੍ਰਿਸ਼ਟਾਚਾਰ ਵਿਚ ਘਿਰੀ ਸਰਕਾਰ ਰਲ ਕੇ ਇਹ ਸਹਿਮਤੀ ਉਸਾਰਨ ਵਿਚ ਕਾਮਯਾਬ ਹੁੰਦੇ ਜਾਪਦੇ ਹਨ ਕਿ ਇਸ ਰੁਝਾਨ ਲਈ ਸਰਕਾਰੀ ਅਦਾਰੇ ਹੀ ਜ਼ਿੰਮੇਵਾਰ ਹਨ। ਇਸ ਤਰ੍ਹਾਂ ਇਹ ਖ਼ਦਸ਼ਾ ਬਹੁਤ ਠੋਸ ਰੂਪ ਵਿਚ ਉਭਰਦਾ ਹੈ ਕਿ ਭ੍ਰਿਸ਼ਟਾਚਾਰ ਖ਼ਿਲਾਫ਼ ਸਖ਼ਤ ਕਾਨੂੰਨੀ ਪੇਸ਼ਬੰਦੀ 20 ਰੁਪਏ ਰੋਜ਼ਾਨਾ ਦੀ ਆਮਦਨ ਨਾਲ ਗੁਜ਼ਾਰਾ ਕਰਨ ਵਾਲੇ 77 ਫ਼ੀਸਦੀ ਅਵਾਮ ਦੀ ਰਾਹਤ ਦਾ ਸਬੱਬ ਕਿਵੇਂ ਬਣ ਸਕੇਗੀ? ਸਰਕਾਰੀ ਰਾਸ਼ਨ ਡਿਪੂ ਦੇ ਭ੍ਰਿਸ਼ਟਾਚਾਰ ਤੱਕ ਮਹਿਦੂਦ ਕੀਤੀ ਗਈ ਬਹਿਸ ਜ਼ਖ਼ੀਰੇਬਾਜ਼ੀ ਅਤੇ ਸੱਟਾਬਾਜ਼ਾਰੀ ਨੂੰ ਨਜ਼ਰਅੰਦਾਜ਼ ਕਰਦੀ ਹੈ ਤਾਂ ਖੁੱਲ੍ਹੀ ਮੰਡੀ ਦਾ ਆਪਹੁਦਰਾਪਣ ਅੰਨ ਦੀ ਬਹੁਤਾਤ ਨੂੰ ਮੁਨਾਫ਼ੇ ਲਈ ਕਿੱਲਤ ਵਿਚ ਬਦਲਣ ਵਿਚ ਕਾਮਯਾਬ ਹੋ ਜਾਂਦਾ ਹੈ।

ਸਖ਼ਤ (ਜਨ) ਲੋਕਪਾਲ ਬਿੱਲ ਨੂੰ ਪਿਛਲੇ ਸਾਲਾਂ ਵਿਚ ਬਣੇ ਕਾਨੂੰਨਾਂ ਦੇ ਰੁਝਾਨ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। 'ਸੂਚਨਾ ਦਾ ਅਧਿਕਾਰ', 'ਖ਼ੁਰਾਕ ਦਾ ਅਧਿਕਾਰ', 'ਜਨਤਕ ਸੇਵਾਵਾਂ ਦਾ ਅਧਿਕਾਰ' ਅਤੇ 'ਲਾਜ਼ਮੀ ਤੇ ਮੁਫ਼ਤ ਸਿੱਖਿਆ ਦਾ ਅਧਿਕਾਰ' ਵਰਗੇ ਕਾਨੂੰਨ ਬਹੁਤ ਪ੍ਰਚਾਰੇ ਗਏ ਹਨ। ਕਾਨੂੰਨੀ ਹੱਕ ਵਜੋਂ ਜਾਣਕਾਰੀ ਮੰਗਣ ਵਾਲਿਆਂ ਦੇ ਕਤਲ ਅਤੇ ਮਾਰਕੁੱਟ ਦੀਆਂ ਵਾਰਦਾਤਾਂ ਕਿਸੇ ਤੋਂ ਲੁਕੀਆਂ ਨਹੀਂ ਹਨ। ਖ਼ੁਰਾਕ ਮੁਹੱਈਆ ਕਰਨ ਲਈ ਸਰਕਾਰ ਹਾਲੇ ਤੱਕ ਗ਼ਰੀਬੀ ਦਾ ਪੁਖ਼ਤਾ ਅੰਕੜਾ ਤੱਕ ਪੇਸ਼ ਨਹੀਂ ਕਰ ਸਕੀ। ਮੁਫ਼ਤ ਤੇ ਲਾਜ਼ਮੀ ਸਿੱਖਿਆ ਦਾ ਕਾਨੂੰਨੀ ਵਾਅਦਾ ਕਰਨ ਅਤੇ 6 ਤੋਂ 14 ਸਾਲ ਦੇ ਤਕਰੀਬਨ ਦਸ ਕਰੋੜ ਬੱਚਿਆਂ ਦੇ ਸਕੂਲਾਂ ਤੋਂ ਬਾਹਰ ਹੋਣ ਦਾ ਤੱਥ ਕਬੂਲ ਕਰਨ ਵਾਲੀ ਸਰਕਾਰ ਨੇ ਸਿੱਖਿਆ ਦੇ ਬਜਟ ਵਿਚ ਕੋਈ ਵਾਧਾ ਨਹੀਂ ਕੀਤਾ। ਹੁਣ ਤੱਕ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਭਾਰਤੀ ਦੰਡ ਸਹਿਤਾ ਅਤੇ ਤਜ਼ਿਰਾਤ-ਏ-ਹਿੰਦ ਵਿਚ ਪੇਸ਼ਬੰਦੀਆਂ ਹਨ। ਸੀ.ਬੀ.ਆਈ. ਵਰਗੀਆਂ ਏਜੰਸੀਆਂ ਹਨ। ਇਸ ਦੇ ਬਾਵਜੂਦ ਭ੍ਰਿਸ਼ਟਾਚਾਰ ਦਾ ਰੁਝਾਨ ਸਾਬਤ ਕਰਦਾ ਹੈ ਕਿ ਪਿਛਲੇ 65 ਸਾਲਾਂ ਵਿਚ ਸਾਡੀਆਂ ਸਰਕਾਰਾਂ ਸੰਵਿਧਾਨ ਦੀ ਕਦਰ ਕਰਨ ਵਿਚ ਨਾਕਾਮਯਾਬ ਰਹੀਆਂ ਹਨ। ਨਵੇਂ ਕਾਨੂੰਨ ਤੋਂ ਰਾਹਤ ਤਾਂ ਲਾਗੂ ਹੋਣ ਨਾਲ ਹੀ ਮਿਲਣੀ ਹੈ। ਇਸ ਦਾ ਨਿਰਪੱਖ ਰੂਪ ਵਿਚ ਲਾਗੂ ਹੋਣਾ ਕਿਵੇਂ ਯਕੀਨੀ ਬਣ ਸਕਦਾ ਹੈ? ਜੇ ਮੌਜੂਦਾ ਅਫ਼ਸਰਸ਼ਾਹੀ ਤੇ ਸਿਆਸੀ ਮੇਲ ਨੂੰ ਸਖ਼ਤ ਲੋਕਪਾਲ ਬਿੱਲ ਬਣਾਉਣ ਵਿਚ ਕੋਈ ਔਖ ਨਹੀਂ ਹੈ ਤਾਂ ਕਾਨੂੰਨੀ ਜਾਮਾ ਹਾਸਲ ਕਰ ਚੁੱਕੀਆਂ ਪੇਸ਼ਬੰਦੀਆਂ ਨਾਲ ਹੀ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਪੁਰਾਣੇ ਤਜਰਬੇ ਵਿਚੋਂ ਉਪਜਦਾ ਇਹ ਖ਼ਦਸ਼ਾ ਹਿਕਾਰਤ ਨਾਲ ਰੱਦ ਕੀਤੇ ਜਾਣ ਦੀ ਥਾਂ ਸੰਜੀਦਗੀ ਨਾਲ ਵਿਚਾਰੇ ਜਾਣ ਦਾ ਹੱਕਦਾਰ ਹੈ।

ਅੰਨਾ ਹਜ਼ਾਰੇ ਦੀ ਮੌਜੂਦਾ ਮੁਹਿੰਮ ਦਾ ਅਹਿਮ ਪੜਾਅ ਤਿਹਾੜ ਜੇਲ੍ਹ ਸਾਬਤ ਹੋਈ। ਸਰਕਾਰ ਨੇ ਦਿੱਲੀ ਵਿਚ ਭੁੱਖ ਹੜਤਾਲ ਲਈ ਸਮਾਂ, ਸਥਾਨ ਅਤੇ ਗਿਣਤੀ ਦੀ ਹੱਦਬੰਦੀ ਲਾਗੂ ਕਰਨ ਲਈ ਪੂਰਾ ਜ਼ੋਰ ਲਗਾਇਆ। ਅੰਨਾ ਹਜ਼ਾਰੇ ਵੱਲੋਂ ਪ੍ਰਵਾਨਗੀ ਮੰਗਣ ਅਤੇ ਸਰਕਾਰ ਵੱਲੋਂ ਇਨਕਾਰ ਕਰਨ ਤੇ ਬਦਲਵੇਂ ਪ੍ਰਬੰਧ ਕਰਨ ਦੀ

*(ਬਾਕੀ ਸਫਾ 24 'ਤੇ)*

# ਭੈਣਾਂ ਵਰਗਾ ਸਾਕ ਨਾ ਕੋਈ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ:408-903-9952

"ਮੰਮੀ, ਮੈਂ ਨਹੀਂ ਜਾਇਆ ਕਰਨਾ ਨਾਨਕਿਆਂ ਦੇ!"

"ਕੀ ਗੱਲ ਹੋਈ?...ਇੱਦਾਂ ਨਹੀਂ ਪੁੱਤ ਕਹੀਦਾ। ਤੇਰੇ ਨਾਨਾ-ਨਾਨੀ, ਮਾਮੇ-ਮਾਮੀਆਂ ਅਤੇ ਮਾਸੀਆਂ ਸਾਰੇ ਤੁਹਾਨੂੰ ਐਨਾ ਮੋਹ ਕਰਦੇ ਐ।"

"ਮੋਹ ਸੁਆਹ ਕਰਦੇ ਐ? ਕੱਲ੍ਹ ਮੈਂ ਹਾਲੇ ਜਾ ਕੇ ਵਿਹੜੇ 'ਚ ਵੜਿਆ ਈ ਸੀ, ਮੈਨੂੰ ਛੋਟਾ ਮਾਮਾ ਕਹਿੰਦਾ-ਆ ਬਈ ਖੁਦਗਰਜ਼ ਸਾਬ੍ਹ?"

ਪਰਦੇਸ ਚਲੇ ਗਏ ਆਪਣੇ ਮਾਪਿਆਂ ਨਾਲ ਪਿੱਛੇ ਪੰਜਾਬ ਰਹਿੰਦਾ ਨੌਜਵਾਨ ਮੁੰਡਾ ਫੋਨ 'ਤੇ ਗੱਲਾਂ ਕਰ ਰਿਹਾ ਸੀ। ਦੋ ਕੁ ਦਿਨ ਪਹਿਲੋਂ ਉਸ ਨੇ ਨਾਨਕੀਂ ਜਾਣ ਦੀ ਤਿਆਰੀ ਬਾਰੇ ਦੱਸਿਆ ਸੀ।

"ਮਾਮਿਆਂ ਨੇ ਕੀ ਖੁਆਇਆ-ਪਿਆਇਆ?" ਮੰਮੀ ਨੇ ਚਾਈਂ-ਚਾਈਂ ਆਪਣੇ ਪੇਕਿਆਂ ਦੀ ਸ਼ੋਭਾ ਸੁਣਨ ਲਈ ਇਹ ਇਕੋ ਸਵਾਲ ਹੀ ਪੁੱਛਿਆ ਸੀ ਕਿ ਮੁੰਡੇ ਨੇ ਬੜੇ ਰੁੱਖੇਪਣ ਨਾਲ ਉਤਲੀ ਗੱਲ ਦੱਸ ਦਿੱਤੀ। ਸਪੀਕਰ-ਫੋਨ ਚੱਲਦਾ ਹੋਣ ਕਰਕੇ ਮੁੰਡੇ ਨੂੰ ਖੁਦਗਰਜ਼ ਕਹਿਣ ਵਾਲੀ ਗੱਲ ਸ੍ਰੀਮਾਨ, ਭਾਵ ਡੈਡੀ ਜੀ ਦੇ ਕੰਨੀਂ ਵੀ ਪੈ ਗਈ। ਮੰਮੀ ਤਾਂ ਗਾਲ ਵਰਗੇ ਇਸ ਚੁੱਭਵੇਂ ਸ਼ਬਦ ਨੂੰ ਅਣਗੌਲਿਆਂ ਕਰਕੇ ਸਹਿਜ ਭਾਅ ਹੀ ਮੁੰਡੇ ਨਾਲ ਗੱਲਾਂ ਕਰੀ ਗਈ ਪਰ ਸ੍ਰੀਮਾਨ ਨੇ ਅੱਖਾਂ ਗਹਿਰੀਆਂ ਕਰਕੇ ਆਪਣੀ ਪਤਨੀ ਵੱਲ ਘੂਰ ਕੇ ਦੇਖਿਆ ਕਿ ਇਹਨੂੰ ਗੁੱਸਾ ਕਿਉਂ ਨਹੀਂ ਚੜ੍ਹਿਆ?

'ਹੈਂਅ?...ਸਾਨੂੰ ਖੁਦਗਰਜ਼ ਬਣਾ 'ਤਾ? ਅਸੀਂ ਉਨ੍ਹਾਂ ਸਾਲਿਆਂ ਨਾਲ ਕਿਹੜੀ ਖੁਦਗਰਜ਼ੀ ਕੀਤੀ ਐ? ਇਹ ਬੋਲ ਮੂੰਹੋਂ ਕੱਢ ਕਿੱਦਾਂ ਦਿੱਤਾ ਛੋਕਰੇ ਨੇ?' ਡੈਡੀ ਦੇ ਅੰਦਰੇ ਅੰਦਰ ਗੁੱਸਾ ਉਬਾਲੇ ਮਾਰਨ ਲੱਗਾ ਪਰ ਵਿਚਾਰੇ ਦੇ ਬੁੱਲ੍ਹ ਖਾਮੋਸ਼ ਸਨ। ਪਤਨੀ ਜੋ ਸਾਹਮਣੇ ਬੈਠੀ ਸੀ, ਪਰ ਉਹਦਾ ਚਿਹਰਾ ਲਾਲ-ਪੀਲਾ ਹੋ ਰਿਹਾ ਸੀ। ਇੱਧਰ ਸ੍ਰੀਮਤੀ ਨੇ ਆਪਣੇ ਮੁੰਡੇ ਨੂੰ ਖੁਦਗਰਜ਼ ਕਿਹਾ ਗੌਲਿਆ ਵੀ ਨਾ।

"ਆਹ ਸੁਣ ਲਈ ਆਪਣੇ ਭਰਾ ਦੀ ਕਰਤੂਤ?" ਚੱਲ ਰਹੇ ਵਾਰਤਾਲਾਪ ਵਿਚੋਂ ਮੌਕਾ ਤਾੜ ਕੇ 'ਖੁਦਗਰਜ਼' ਲਫ਼ਜ਼ ਨੂੰ ਮੁੜ ਉਭਾਰਦਿਆਂ ਸ੍ਰੀਮਾਨ ਨੇ ਆਪਣੀ ਪਤਨੀ ਨੂੰ ਰੋਅਬ ਨਾਲ ਪੁੱਛਿਆ।

"ਹੀਂ...ਹੀਂ...ਹੀਂ...ਸਾਡਾ ਗੁਾਰੀ ਵੀ ਬੋਲ ਭੜੱਕ ਕਮਲਾ ਈ ਐ।" ਪਤੀ ਦੇ ਤੇਵਰ ਭਾਂਪ ਕੇ ਉਸ ਦਾ ਚੜ੍ਹਿਆ ਹੋਇਆ 'ਪਾਰਾ' ਥੱਲੇ ਲਿਆਉਣ ਲਈ ਸ੍ਰੀਮਤੀ ਨੇ ਆਪਣੇ ਭਰਾ ਨੂੰ ਕਮਲਾ ਕਹਿ ਕੇ ਗੱਲ 'ਤੇ ਮਿੱਟੀ ਪਾਉਣੀ ਚਾਹੀ, ਪਰ ਸ੍ਰੀਮਾਨ ਨੂੰ ਆਪਣੇ ਸਹੁਰਿਆਂ ਉਪਰ ਗੁੱਸਾ ਚੜ੍ਹਿਆ ਹੋਇਆ ਸੀ। ਇਨਕੁਆਰੀ ਕਰਨ ਵਾਲਿਆਂ ਵਾਂਗ ਉਸ ਨੇ ਮੁੰਡੇ ਨੂੰ ਖਿਝ ਕੇ ਪੁੱਛਿਆ, "ਤੈਨੂੰ ਉਸ ਸਾ...।" ਮੂੰਹ 'ਚੋਂ ਬਦੋ-ਬਦੀ ਨਿਕਲਣ ਲੱਗੇ 'ਸਾਲੇ ਨੇ' ਲਫ਼ਜ਼ ਨੂੰ ਮਸਾਂ ਬੋਚਦਿਆਂ ਉਨ੍ਹਾਂ ਵਾਕ ਪੂਰਾ ਕੀਤਾ, "ਅ...ਤੇਰੇ ਮਾਮੇ ਨੇ ਤੈਨੂੰ ਖੁਦਗਰਜ਼ ਕਿਹਾ ਕਾਹਤੋਂ? ਕੋਈ ਐਹੀ-ਕੇਹੀ ਗੱਲ ਹੋਈ ਸੀ ਪਹਿਲੋਂ? ਖੁੱਲ੍ਹ ਕੇ ਦੱਸ ਜ਼ਰਾ ਮੈਨੂੰ!"

ਮੁੰਡੇ ਵੱਲੋਂ ਦੱਸੀ ਗਈ ਗੱਲ ਸਿਰਫ਼ ਐਨੀ ਕੁ ਸੀ ਕਿ ਜਦੋਂ ਉਸ ਨੇ 'ਦੁੱਗ-ਦੁੱਗ-ਦੁੱਗ' ਕਰਦਾ ਆਪਣਾ ਨਵਾਂ ਬੁਲਟ ਮੋਟਰਸਾਇਕਲ ਨਾਨਕਿਆਂ ਦੇ ਵਿਹੜੇ ਵਾੜਿਆ ਤਾਂ ਵਿਹੜੇ 'ਚ ਇਕ ਕੋਨੇ ਖੜ੍ਹੇ ਉਸ ਦੇ ਛੋਟੇ ਮਾਮੇ ਨੇ ਮੋਟਰਸਾਇਕਲ ਪਿੱਛੇ ਲਿਖਾਈ ਹੋਈ ਪਲੇਟ ਪੜ੍ਹ ਲਈ। ਟੌਹਰ ਬਣਾਉਣ ਲਈ ਮੁੰਡੇ ਨੇ ਲਾਲ ਅੱਖਰਾਂ 'ਚ ਲਿਖਵਾਇਆ ਹੋਇਆ ਸੀ, 'ਖਾਰਾ ਬ੍ਰਦਰਜ਼' ਜਿਸ ਨੂੰ ਮਾਮੇ ਨੇ ਜਾਣ-ਬੁਝ ਕੇ 'ਖੁਦਗਰਜ਼' ਪੜ੍ਹਦਿਆਂ 'ਖਾਰਿਆਂ ਦਾ' ਮਖੌਲ ਉਡਾਇਆ। ਮੁੰਡੇ-ਖੁੰਡੇ ਭਾਣਜੇ ਨੇ ਇਸ ਨੂੰ ਤੌਹੀਨ ਸਮਝਦਿਆਂ ਖੁੰਦਕ ਖਾਧੀ ਹੀ ਸੀ, ਇੱਧਰ ਸੱਤ ਸਮੁੰਦਰ ਪਾਰ ਬੈਠੇ ਖਾਰਾ ਸਾਹਿਬ ਵੀ ਵਿਸ ਘੋਲਣ ਲੱਗ ਪਏ।

ਪੂਰੀ ਗੱਲ ਸੁਣ ਕੇ ਹੁਣ ਸ੍ਰੀਮਤੀ ਦੀਆਂ ਵੀ ਗੁੱਸੇ 'ਚ ਭਵਾਂ ਤਣ ਗਈਆਂ। ਖਾਰਾ ਸਾਹਿਬ ਇਹ ਤਬਦੀਲੀ ਦੇਖ ਕੇ ਤਵੱਕੋ ਕਰ ਰਹੇ ਸਨ ਕਿ ਹੁਣ ਇਹ ਵੀ ਬੇਇਜ਼ਤੀ ਮਹਿਸੂਸ ਕਰ ਕੇ ਆਪਣੇ ਭਰਾ ਨੂੰ ਜ਼ਰੂਰ ਕੁਝ ਨਾ ਕੁਝ ਬੁਰਾ-ਭਲਾ ਕਹੇਗੀ। ਸੱਚ ਮੁੱਚ ਆਪਣੇ ਮੁੰਡੇ ਮੂੰਹੋਂ ਗੱਲ ਸੁਣਦਿਆਂ ਹੀ ਸ੍ਰੀਮਤੀ ਬਿਫ਼ਰ ਪਈ।

"ਅੱਛਾ? ਤੂੰ ਉਥੇ ਨੂੰ ਮੋਟਰਸਾਇਕਲ 'ਤੇ ਗਿਆ ਸੀ? ਤੈਨੂੰ ਕਿੰਨੀ ਦਫ਼ਾ ਕਹਿ ਚੁੱਕੇ ਆਂ ਕਿ ਕਿਤੇ ਦੂਰ ਜਾਣਾ ਹੋਵੇ ਤਾਂ ਬੱਸੇ ਜਾਇਆ ਕਰ। ਪੰਜਾਬ ਦੀਆਂ ਅਖ਼ਬਾਰਾਂ ਰੋਜ਼ ਐਕਸੀਡੈਂਟਾਂ ਦੀਆਂ ਖਬਰਾਂ ਨਾਲ ਭਰੀਆਂ ਹੁੰਦੀਐ, ਟਰੱਕਾਂ ਬੱਸਾਂ ਵਾਲੇ ਸਕੂਟਰਾਂ ਸਾਇਕਲਾਂ ਵਾਲਿਆਂ ਨੂੰ ਮੱਖੀ-ਮੱਛਰ ਵਾਂਗ ਦਰੜ ਕੇ ਸੁੱਟ ਜਾਂਦੇ ਐ...ਕਿੱਥੇ ਸਾਡਾ ਪਿੰਡ ਕਿੱਥੇ ਹੁਸ਼ਿਆਰਪੁਰ! ਕਿਸੇ ਸਿਆਣੇ ਦੀ ਗੱਲ ਮੰਨ ਵੀ ਲਿਆ ਕਰੋ! ਅੱਗੇ ਵਾਸਤੇ ਨਾ ਜਾਈਂ ਐਡੀ ਦੂਰ ਨੂੰ ਮੋਟਰਸਾਇਕਲ 'ਤੇ...ਓ.ਕੇ.?"

ਖਾਰਾ ਸਾਹਿਬ ਭੁੜਕਦੇ ਰਹਿ ਗਏ ਤੇ 'ਬੀਬੀ ਖਾਰੀ' ਨੇ ਆਪਣੇ ਭਰਾ ਦਾ ਬਚਾਅ ਕਰਦਿਆਂ 'ਸਟੇਅਰਿੰਗ' ਹੋਰ ਈ ਪਾਸੇ ਘੁਮਾ ਦਿੱਤਾ।

ਸਾਡੇ ਸਮਾਜ ਸ਼ਾਸਤਰੀਆਂ ਨੇ ਇਹ ਤੱਥ ਕੱਢਿਆ ਹੋਇਐ ਕਿ ਭਾਰਤੀ ਇਸਤਰੀ ਹੋਰ ਹਰ ਤਰ੍ਹਾਂ ਦੀਆਂ ਦੋਹਾਂ ਚੀਜ਼ਾਂ ਵਿਚੋਂ ਇਕ ਨੂੰ ਚੁਣ ਸਕਦੀ ਹੈ, ਲੇਕਿਨ ਜਦੋਂ ਉਸ ਦੇ ਅੱਗੇ ਪੇਕਿਆਂ, ਖਾਸ ਕਰਕੇ ਭਰਾਵਾਂ ਜਾਂ ਪਤੀ 'ਚੋਂ ਇਕ ਦੀ ਚੋਣ ਕਰਨ ਦਾ ਸਵਾਲ ਆਵੇ, ਉਹ ਅਜਿਹਾ ਕਤੱਈ ਨਹੀਂ ਕਰ ਸਕਦੀ। ਇਹ ਵੀ ਅਟੱਲ ਸੱਚਾਈ ਹੈ ਕਿ ਅਜਿਹੀ ਹਾਲਤ ਵਿਚ ਫਸੀ ਹੋਈ ਉਹ ਆਪਣੇ ਭਰਾਵਾਂ ਦਾ ਪਲੜਾ ਭਾਰੀ ਰੱਖਣ ਦੀ ਕੋਸ਼ਿਸ਼ ਜ਼ਰੂਰ ਕਰੇਗੀ। ਭੈਣ ਦਾ ਆਪਣੇ ਭਰਾਵਾਂ ਲਈ ਗੂੜ੍ਹੇ ਮੋਹ ਦਾ ਇਹ ਉਤਮ ਨਮੂਨਾ ਹੀ ਹੈ ਜੋ ਕਿਸੇ ਨੇ ਇਸ ਸ਼ਿਅਰ 'ਚ ਗੁੰਦਿਆ ਹੋਇਆ ਹੈ:

ਸਾਰੀ ਖੁਦਾਈ ਏਕ ਤਰਫ਼।
ਜੋਰੂ ਕਾ ਭਾਈ ਏਕ ਤਰਫ਼।

ਇਸ ਦੋ-ਸਤਰੀਏ ਦੀ ਜਿੰਨੀ ਡੂੰਘਾਈ ਨਾਲ ਪਰਖ-ਪੜਚੋਲ ਕਰਕੇ ਦੇਖ ਲਓ, ਇਹਦੇ ਵਿਚੋਂ ਭੈਣ-ਭਰਾ ਦੇ ਪਵਿੱਤਰ ਅਤੇ ਨਿਰਛਲ ਪਿਆਰ ਦੀਆਂ ਸੁਗੰਧੀਆਂ ਹੀ ਮਿਲਣਗੀਆਂ। ਭੈਣਾਂ ਦੇ ਭਰਾਵਾਂ ਲਈ ਨਿੱਘੇ ਮੋਹ ਬਾਰੇ ਵਿਚਾਰ ਕਰਦਿਆਂ, ਮਰਦ ਜਾਤ ਨੂੰ ਇਹ ਸੱਚਾਈ ਵੀ ਬਿਨਾ ਝਿਜਕ ਮੰਨ ਲੈਣੀ ਚਾਹੀਦੀ ਹੈ ਕਿ ਇਸ ਅਨੂਠੇ ਪਿਆਰ ਵਿਚ ਭੈਣ ਦਾ ਮੋਹ ਇਕਤਰਫ਼ਾ ਹੀ ਹੁੰਦਾ ਹੈ। ਭਰਾ ਨਹੀਂ ਆਪਣੀਆਂ ਭੈਣਾਂ ਲਈ ਉਤਨਾ ਸਨੇਹ ਰੱਖਦੇ। ਜਿਸ ਅਪਣੱਤ ਭਰੀ ਸ਼ਿੱਦਤ ਨਾਲ ਭੈਣ ਆਪਣੇ ਭਰਾ ਦੀਆਂ ਸੱਤੇ ਖੈਰਾਂ ਮੰਗਦੀ ਹੈ, ਉਵੇਂ ਕੋਈ ਭਰਾ ਆਪਣੀ ਭੈਣ ਲਈ ਝੂਰਦਾ ਨਹੀਂ ਦੇਖਿਆ-ਸੁਣਿਆ। ਪੰਜਾਬੀ ਲੋਕਯਾਨ ਵਿਚ ਸੈਂਕੜੇ ਲੋਕ ਗੀਤ ਜਾਂ ਬੋਲੀਆਂ ਪ੍ਰਚਲਿਤ ਹਨ ਜਿਨ੍ਹਾਂ ਵਿਚ ਭੈਣਾਂ ਰੱਬ ਅੱਗੇ ਹੱਥ ਜੋੜ-ਜੋੜ ਕੇ ਭਰਾ ਦੀ ਮੰਗ ਮੰਗਦੀਆਂ ਹਨ:

ਇਕ ਵੀਰ ਦੇਈਂ ਵੇ ਰੱਬਾ!
ਸੌਂਹ ਖਾਣ ਨੂੰ ਬੜਾ ਈ ਚਿੱਤ ਕਰਦਾ।

ਇਸ ਦੇ ਉਲਟ ਕੋਈ ਅਜਿਹਾ ਗੀਤ ਜਾਂ ਟੱਪਾ ਨਹੀਂ ਸੁਣਨ 'ਚ ਆਉਂਦਾ ਜਿਸ ਵਿਚ ਕੋਈ ਭਰਾ, ਰੱਬ ਕੋਲੋਂ ਭੈਣ ਦੀ ਮੰਗ ਕਰ ਰਿਹਾ ਹੋਵੇ। ਕਿਸੇ ਗ੍ਰਹਿਸਥੀ ਦੇ ਜੇਕਰ ਉਪਰੋਥਲੀ ਕੁੜੀਆਂ ਹੀ ਪੈਦਾ ਹੋਈ ਜਾਣ ਤਾਂ ਸਭ ਤੋਂ ਛੋਟੀ ਕੁੜੀ ਦਾ ਨਾਮ ਰੱਖ ਦਿੱਤਾ ਜਾਂਦਾ ਹੈ ਵੀਰਪਾਲ ਕੌਰ! ਭਾਵ 'ਵੀਰਾਂ ਨੂੰ ਪਾਲਣ' ਦੀ ਚਾਹਤ ਰੱਖਣ ਵਾਲੀ ਧੀ-ਧਿਆਣੀ। ਸੈਂਕੜੇ ਨਹੀਂ, ਹਜ਼ਾਰਾਂ ਕੁੜੀਆਂ ਵੀਰਪਾਲ ਕੌਰ ਨਾਂ ਵਾਲੀਆਂ ਹੋਣਗੀਆਂ ਪਰ ਤੁਸੀਂ ਕੋਈ ਇਕ ਮੁੰਡਾ ਵੀ ਐਸਾ ਨਹੀਂ ਲੱਭ ਸਕਦੇ ਜਿਹਦਾ ਨਾਂ 'ਭੈਣਪਾਲ ਸਿੰਘ' ਜਾਂ ਭੈਣਪਾਲ ਕੁਮਾਰ' ਹੋਵੇ। ਕਿਸੇ ਭੈਣ ਨੂੰ ਜਦੋਂ ਪੇਕਿਆਂ ਵੱਲੋਂ ਭਤੀਜੇ ਦੇ ਜਨਮ ਦੀ 'ਖੁਸ਼ਖਬਰੀ' ਮਿਲਦੀ ਹੈ ਤਾਂ ਉਹ ਖੁਸ਼ੀ 'ਚ ਖੀਵੀ ਹੋਈ ਗਾ ਉਠਦੀ ਹੈ:

ਚੰਨ ਚੜ੍ਹਿਆ ਬਾਪ ਦੇ ਵਿਹੜੇ
ਕਿ ਵੀਰ ਘਰ ਪੁੱਤ ਜੰਮਿਆ!

ਬਾਪ ਦੇ ਵਿਹੜੇ 'ਚ ਚੜ੍ਹਿਆ ਹੋਇਆ ਇਹ 'ਚੰਨ' ਭਾਵੇਂ ਵੱਡਾ ਹੋ ਕੇ ਭੂਆ ਨੂੰ ਪਛਾਣੇ ਵੀ ਨਾ। ਦਫ਼ਤਰ ਵਿਚ ਨੌਕਰੀ ਕਰ ਰਹੇ ਭਰਾ ਦੀ ਸ਼ੋਭਾ ਬਾਰੇ ਭੈਣ ਬੜੇ ਮਾਣ ਨਾਲ ਦੱਸਦੀ ਹੈ:

ਠਾਣੇਦਾਰ ਬਰੋਬਰ ਡਹਿੰਦੀ
ਕੁਰਸੀ ਮੇਰੇ ਵੀਰ ਦੀ।

ਮੇਰਾ ਨਹੀਂ ਖਿਆਲ ਕਿ ਕੋਈ ਭਰਾ, ਕਿਸੇ ਵੱਡੇ ਰੁਤਬੇ 'ਤੇ ਪਹੁੰਚੀ ਆਪਣੀ ਭੈਣ ਬਾਰੇ ਲੋਕਾਂ ਨੂੰ ਹੁੱਬ-ਹੁੱਬ ਕੇ ਦੱਸਦਾ ਹੋਵੇਗਾ। ਮਿਲਣ ਆਏ ਆਪਣੇ ਵੀਰ ਨੂੰ ਘਿਓ ਤੋਂ ਬਿਨਾ ਸੁੱਕੀ ਖੰਡ ਖੁਆਉਣ ਕਰਕੇ ਕੋਈ ਭੈਣ ਹੀ ਸੱਸ ਨੂੰ ਉਸ ਦੀ ਮੱਝ ਮਰ ਜਾਣ ਦਾ ਸਰਾਪ ਦੇ ਸਕਦੀ ਹੈ। ਕੋਈ ਭਰਾ ਆਪਣੀ ਭੈਣ ਨਾਲ ਕੀਤੇ ਜਾ ਰਹੇ ਬੁਰੇ ਵਿਹਾਰ ਕਾਰਨ, ਆਪਣੇ ਟੱਬਰ ਦੇ ਜੀਆਂ ਨੂੰ ਇੰਨਾ ਤਿੱਖਾ ਸਰਾਪ ਨਹੀਂ ਦੇ ਸਕਦਾ।

ਤਬਦੀਲੀ ਦੇ ਕਾਲ ਚੱਕਰ ਅਤੇ ਖਪਤਕਾਰੀ ਬਿਰਤੀਆਂ ਦੇ ਬੇਰਹਿਮ ਕੁਹਾੜੇ ਨੇ ਮੋਹ ਪਿਆਰ ਨਾਲ ਲਬਾ-ਲਬ ਭਰਿਆ ਸਾਡਾ ਵਿਰਸਾ ਬੁਰੀ ਤਰ੍ਹਾਂ ਵੱਢ-ਟੁੱਕ ਸੁੱਟਿਆ ਹੈ। ਅੰਮਾ ਜਾਏ ਵੀਰਾਂ ਨਾਲ ਸ਼ਰੀਕਾਂ ਵਰਗਾ ਵਰਤਾਓ ਕਰਦੀਆਂ ਭੈਣਾਂ ਅਤੇ ਨਾਲ ਦੀਆਂ ਜੰਮੀਆਂ ਭੈਣਾਂ ਨੂੰ ਦੁਰਕਾਰਨ ਵਾਲੇ ਭਰਾਵਾਂ ਅੱਗੇ ਇਕ ਪਰਿਵਾਰਕ ਵਾਰਤਾ ਰੱਖ ਰਿਹਾ ਹਾਂ।

ਸੰਨ 1979 ਵਿਚ ਇਸ ਲੇਖਕ ਦੇ ਵਿਆਹ ਮੌਕੇ ਫਿਲੌਰ ਲਾਗੇ ਦੇ ਪਿੰਡ ਥਲੇ ਤੋਂ ਭੂਆ ਜੀ ਵੀ ਪਹੁੰਚੇ ਹੋਏ ਸਨ। ਵਿਆਹ ਤੋਂ ਦੂਜੇ ਤੀਜੇ ਦਿਨ ਵਾਪਸੀ ਵਾਲੇ ਦਿਨ ਅੰਮ੍ਰਿਤ ਵੇਲੇ ਮੇਰੀਆਂ ਭੈਣਾਂ ਨਲਕਾ ਗੇੜ ਰਹੀਆਂ ਸਨ ਤੇ ਭੂਆ ਜੀ 'ਵਾਹਿਗੁਰੂ ਵਾਹਿਗੁਰੂ' ਕਰਦੇ ਨਹਾ ਰਹੇ ਸਨ। ਨਲਕੇ ਦੇ ਨਿੱਘੇ ਪਾਣੀ ਨਾਲ ਨਹਾਉਂਦਿਆਂ ਪਤਾ ਨਹੀਂ ਉਨ੍ਹਾਂ ਦੇ ਮਨ ਵਿਚ ਕੀ ਆਈ, ਕਹਿਣ ਲੱਗੇ, "ਬਾਬਲ ਦੇ ਵਿਹੜੇ 'ਚ ਲੱਗੇ ਨਲਕੇ 'ਤੇ ਜਾਂਦੀ ਵਾਰ ਦਾ ਨਹਾ ਲਈਏ!" ਸੱਚ-ਮੁੱਚ ਕੁਝ ਮਹੀਨਿਆਂ ਬਾਅਦ ਹੀ ਡਾਕ ਰਾਹੀਂ ਕਾਰਡ ਮਿਲਿਆ ਕਿ ਭੂਆ ਜੀ ਸਖ਼ਤ ਬੀਮਾਰ ਹਨ। ਭਾਈਆ ਜੀ, ਬੀਬੀ ਜੀ ਨੂੰ ਨਾਲ ਲੈ ਕੇ ਸਾਈਕਲ 'ਤੇ ਪਿੰਡ ਥਲੇ ਜਾ ਪਹੁੰਚੇ।

ਭੂਆ ਜੀ ਅੰਤਿਮ ਸਾਹਾਂ 'ਤੇ ਹੀ ਸਨ ਪਰ ਉਨ੍ਹਾਂ ਨੂੰ ਹੋਸ਼ ਪੂਰੀ ਸੀ। ਭਾਈਆ ਜੀ ਹੁਣੀਂ ਜਾਂਦੇ ਹੋਏ ਕੋਲ ਅੰਗੂਰ ਲੈ ਗਏ ਸਨ। ਜਾਂਦਿਆਂ ਹੀ ਬੀਬੀ ਜੀ ਇਕ ਇਕ ਅੰਗੂਰ ਤੋੜ ਕੇ ਭੂਆ ਜੀ ਦੇ ਮੂੰਹ ਵਿਚ ਪਾਉਣ ਲੱਗ ਪਏ। ਅੰਗੂਰਾਂ ਦੇ ਕੁਝ ਕੁ ਦਾਣੇ ਲੰਘਾਉਣ ਬਾਅਦ ਭੂਆ ਜੀ ਸਿਰਹਾਣੇ ਖੜ੍ਹੇ ਆਪਣੇ ਭਰਾ ਵੱਲ ਦੇਖ ਕੇ ਕਹਿੰਦੇ, "ਮੇਰਾ ਵੀਰਾ ਮੇਰੇ ਮੂੰਹ 'ਚ ਅੰਗੂਰ ਪਾਵੇ!" ਕੰਬਦੇ ਹੱਥ ਨਾਲ ਭੂਆ ਜੀ ਨੇ ਭਾਈਆ ਜੀ ਦਾ ਗੁੱਟ ਫੜ ਲਿਆ ਤੇ ਆਪਣੇ ਭਰਾ ਹੱਥੋਂ ਦੋ ਤਿੰਨ ਕੁ ਅੰਗੂਰ ਮੂੰਹ 'ਚ ਪੁਆ ਕੇ ਭੂਆ ਸਦਾ ਦੀ ਨੀਂਦ ਸੌਂ ਗਈ!

ਬਿਮਾਰ ਭੈਣ ਦੀ ਖ਼ਬਰਸਾਰ ਲੈਣ ਗਏ ਭਾਈਆ ਜੀ ਹੁਣੀਂ ਉਸ ਦੀ ਅਰਥੀ ਨੂੰ ਮੋਢਾ ਦੇ ਕੇ ਆਏ।

ਹੋਰ ਅਮੀਰ, ਹੋਰ ਅਮੀਰ ਹੋਣ ਦੀ ਲਾਲਸਾ ਨੇ ਆਤਮਿਕ ਪਿਆਰਾਂ ਵਾਲਾ ਸਾਡਾ ਵਿਰਾਸਤੀ ਢਾਂਚਾ ਹੀ ਨੇਸਤੋ-ਨਾਬੂਦ ਕਰ ਸੁੱਟਿਆ ਹੈ। ਹੁਣ ਭੈਣਾਂ ਤਾਂ ਕੀ, ਜਨਮ ਦੇਣ ਵਾਲੇ ਮਾਂ-ਬਾਪ ਪਰਦੇਸੀਂ ਗਏ ਪੁੱਤਾਂ ਦਾ ਮੂੰਹ ਦੇਖਣ ਨੂੰ ਤਰਸਦੇ ਜਹਾਨੋਂ ਕੂਚ ਕਰ ਜਾਂਦੇ ਨੇ। ਭੈਣਾਂ ਦਾ ਪਿਆਰ ਕਿਹਨੂੰ ਯਾਦ ਹੈ? ਇੱਥੇ ਤਾਂ ਕਈਆਂ ਨੂੰ ਮੌਰਚਰੀ ਵਿਚ ਸਿੱਲ੍ਹ ਬਣੀਆਂ ਪਈਆਂ ਮਾਂ-ਬਾਪ ਦੀਆਂ ਲਾਸ਼ਾਂ ਵੀ ਦੇਖਣੀਆਂ ਨਸੀਬ ਨਹੀਂ ਹੁੰਦੀਆਂ!

ਆਮ ਲੋਕ ਆਪਣਾ ਅੰਤ, ਪੁੱਤਾਂ ਧੀਆਂ ਦੇ ਹੱਥਾਂ 'ਚ ਹੋਣਾ ਲੋਚਦੇ ਹਨ ਪਰ ਭੈਣ ਦੀ ਰੀਝ ਦੇਖੋ-ਲੋਕ ਬੋਲੀ ਵਿਚ ਭੈਣ ਚਾਹੁੰਦੀ ਹੈ ਕਿ ਮੇਰੇ ਅੰਤਿਮ ਸੰਸਕਾਰ ਮੌਕੇ ਮੇਰਾ ਭਰਾ ਜ਼ਰੂਰ ਹਾਜ਼ਰ ਹੋਵੇ। ਭੈਣ ਦੇ ਦਿਲ ਵਿਚ ਭਰਾ ਲਈ ਅਥਾਹ ਤੇ ਅਗੰਮੀ ਪਿਆਰ ਦਾ ਸਿਖ਼ਰ ਹੈ ਇਹ ਹੂਕ:

ਮਰੀ ਪਈ ਨੂੰ ਨਾ ਦਿਨ ਢਲ ਜਾਵੇ
ਆ ਜਾਈਂ ਵੀਰਾ ਬੋਤਾ ਜੋੜ ਕੇ!

ਆਪੇ ਸਿਰਜੇ ਝਗੜੇ-ਝੇੜਿਆਂ, ਨਿਗੂਣੇ ਕਲਹ-ਕਲੇਸ਼ਾਂ ਅਤੇ ਫਜ਼ੂਲ ਦੀਆਂ ਤਲਖੀਆਂ-ਲੜਾਈਆਂ 'ਚ ਫਸੇ ਭਰਾਵੋ! ਆਓ ਭੈਣਾਂ ਨਿਮਾਣੀਆਂ ਦੀ ਇਹ ਦਿਲੀ ਹੂਕ ਪੱਲੇ ਬੰਨ੍ਹ ਲਈਏ:

ਭੈਣਾਂ ਵਰਗਾ ਸਾਕ ਨਾ ਕੋਈ
ਟੁੱਟ ਕੇ ਨਾ ਬਹਿਜੀਂ ਵੀਰਨਾ!

## ਚੋਣਵੇਂ ਵਿਚਾਰ

1. ਜੋ ਹਕੂਮਤ 'ਖਿਆਲ ਦੀ ਆਜ਼ਾਦੀ' ਤੱਕ ਨੂੰ ਵੀ ਬਰਦਾਸ਼ਤ ਨਹੀਂ ਕਰਦੀ, ਉਸ ਨੂੰ ਕੱਲ੍ਹ ਨਹੀਂ, ਅੱਜ ਹੀ ਟੁੱਟ ਜਾਣ ਦਿਓ।
2. ਮੂਰਖ ਨੂੰ ਵੀ ਪ੍ਰਸ਼ੰਸਾ ਕਰਾਉਣ ਲਈ ਕੋਈ 'ਵੱਡਾ ਮੂਰਖ' ਮਿਲ ਹੀ ਜਾਂਦਾ ਹੈ।
3. ਧਨ ਇਕੱਠਾ ਕਰਨ ਵਾਲਾ ਦੁੱਖ ਵੀ ਨਾਲ ਹੀ ਇਕੱਠੇ ਕਰ ਬਹਿੰਦਾ ਹੈ।
4. ਜਿਸ ਦਾ ਕੋਈ ਪੱਕਾ ਧਰਮ ਨਹੀਂ, ਉਹ ਵਿਸ਼ਵਾਸਯੋਗ ਨਹੀਂ।
5. ਕੁਝ ਚਿਰ ਲਈ 'ਕੁਝ ਲੋਕਾਂ' ਨੂੰ ਮੂਰਖ ਬਣਾਇਆ ਜਾ ਸਕਦਾ ਹੈ। ਹਮੇਸ਼ਾ ਲਈ ਕੁਝ ਲੋਕਾਂ ਨੂੰ ਮੂਰਖ ਬਣਾਇਆ ਜਾ ਸਕਦਾ ਹੈ, ਪਰ ਹਮੇਸ਼ਾ ਲਈ 'ਸਾਰਿਆਂ ਨੂੰ ਮੂਰਖ' ਨਹੀਂ ਬਣਾਇਆ ਜਾ ਸਕਦਾ।
6. ਮੈਨੂੰ ਸ਼ਰਾਰਤੀ ਆਦਮੀ ਦੇਖ ਕੇ ਹੈਰਾਨੀ ਨਹੀਂ ਹੁੰਦੀ, ਪਰ ਬੇ-ਸ਼ਰਮ ਨੂੰ ਦੇਖ ਕੇ ਤਾਂ ਹੈਰਾਨੀ ਦੀ ਹੱਦ ਹੋ ਜਾਂਦੀ ਹੈ।
7. ਅੱਜ ਕੱਲ੍ਹ ਦੇ ਵਪਾਰ, ਸਿਆਸਤ ਤੇ ਬੇਈਮਾਨੀ 'ਚ ਕੋਈ ਫਰਕ ਨਹੀਂ ਲੱਭਿਆ ਜਾ ਸਕਦਾ।
8. ਇਹ ਜ਼ਰੂਰੀ ਨਹੀਂ ਕਿ ਜਿਸ ਦੀ ਸ਼ੁਹਰਤ ਫੈਲੀ ਹੋਵੇ, ਉਹ ਜ਼ਰੂਰ ਚੰਗਾ ਤੇ ਸ੍ਰੇਸ਼ਟ ਵੀ ਹੋਵੇ।
9. ਭੈੜਾ ਆਦਮੀ, ਹੋਰ ਜ਼ਿਆਦਾ ਭੈੜਾ ਬਣ ਜਾਂਦਾ ਹੈ, ਜਦੋਂ ਉਹ 'ਸੰਤ' ਬਣ ਕੇ ਦਿਖਾਵੇ।
10. ਜੋ ਬਾਹਰੋਂ ਸਾਫ਼ ਸੁਥਰਾ ਹੈ, ਪਰ ਅੰਦਰੋਂ ਮੈਲਾ ਹੈ, ਉਹ ਦੋਜ਼ਖ਼ ਦੀ ਚਾਬੀ ਨਾਲ ਹੀ ਲਈ ਫਿਰਦਾ ਹੈ।

*ਸੰਗ੍ਰਹਿਕਾਰ: ਤਰਲੋਚਨ ਸਿੰਘ ਦੁਪਾਲਪੁਰ*

**ਜਾਇਦਾਦ ਦੀ ਖਰੀਦ-ਵੇਚ**

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੁਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

## ਹਰਿ ਹਰਿ ਹਰਿ ਹਰਿ ਨਾਮੁ ਜਪਾਹਾ

ੴ ਸਤਿਗੁਰ ਪ੍ਰਸਾਦਿ॥
ਜੈਤਸਰੀ ਮਹਲਾ 4
ਹਰਿ ਹਰਿ ਹਰਿ ਹਰਿ ਨਾਮੁ ਜਪਾਹਾ॥
ਗੁਰਮੁਖਿ ਨਾਮੁ ਸਦਾ ਲੈ ਲਾਹਾ॥
ਹਰਿ ਹਰਿ ਹਰਿ ਹਰਿ ਭਗਤਿ ਦ੍ਰਿੜਾਵਹੁ
ਹਰਿ ਹਰਿ ਨਾਮੁ ਉਮਾਹਾ ਰਾਮ॥
ਹਰਿ ਹਰਿ ਨਾਮੁ ਦਇਆਲੁ ਧਿਆਹਾ॥
ਹਰਿ ਕੈ ਰੰਗਿ ਸਦਾ ਗੁਣ ਗਾਹਾ॥
ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ
ਮਿਲਿ ਸਤਸੰਗਿ ਉਮਾਹਾ ਰਾਮ॥
ਆਉ ਸਖੀ ਹਰਿ ਮੇਲਿ ਮਿਲਾਹਾ॥
ਸੁਣਿ ਹਰਿ ਕਥਾ ਨਾਮੁ ਲੈ ਲਾਹਾ॥
ਹਰਿ ਹਰਿ ਕ੍ਰਿਪਾ ਧਾਰਿ ਗੁਰ ਮੇਲਹੁ॥
ਗੁਰਿ ਮਿਲਿਐ ਹਰਿ ਉਮਾਹਾ ਰਾਮ॥
ਕਰਿ ਕੀਰਤਿ ਜਸੁ ਅਗਮ ਅਥਾਹਾ॥
ਖਿਨੁ ਖਿਨੁ ਰਾਮ ਨਾਮੁ ਗਾਵਾਹਾ॥
ਮੋ ਕਉ ਧਾਰਿ ਕ੍ਰਿਪਾ ਮਿਲੀਐ ਗੁਰ ਦਾਤੇ
ਹਰਿ ਨਾਨਕ ਭਗਤਿ ਉਮਾਹਾ ਰਾਮ॥

ਇਸ ਸ਼ਬਦ ਅੰਦਰ ਗੁਰਦੇਵ 22 ਵਾਰ 'ਹਰਿ' ਸ਼ਬਦ ਦਾ ਉਚਾਰਨ ਕਰਦੇ ਹਨ ਕਿ ਹੇ ਭਾਈ! ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਸਵਾਸ ਸਵਾਸ ਕਰਦੇ ਰਹਿਣਾ ਚਾਹੀਏ, ਅਤੇ ਗੁਰੂ ਦੀ ਸ਼ਰਨ ਵਿਚ ਜੁੜ ਕੇ ਨਾਮ ਦਾ ਲਾਹਾ ਭੀ ਲੈਣਾ ਚਾਹੀਏ। ਹੇ ਭਾਈ! ਜਦੋਂ ਜੀਵ ਦ੍ਰਿੜ ਨਿਸ਼ਚੇ ਨਾਲ ਭਗਤੀ ਵਿਚ ਜੁੜ ਜਾਂਦਾ ਹੈ ਤਾਂ ਜੀਵ ਦੇ ਅੰਦਰ ਪ੍ਰਭੂ ਪ੍ਰਾਪਤੀ ਲਈ ਚਾਓ ਅਤੇ ਅਨੰਦ ਭੀ ਬਣ ਜਾਂਦਾ ਹੈ।

ਹਰਿ ਹਰਿ ਨਾਮੁ ਦਇਆਲੁ ਧਿਆਹਾ॥
ਹਰਿ ਕੈ ਰੰਗਿ ਸਦਾ ਗੁਣ ਗਾਹਾ॥
ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ
ਮਿਲਿ ਸਤਸੰਗਿ ਉਮਾਹਾ ਰਾਮ॥

ਹੇ ਭਾਈ! ਉਹ ਪ੍ਰਮੇਸ਼ਵਰ ਤਾਂ ਦਇਆ ਦਾ ਘਰ ਹੈ। ਇਸ ਲਈ ਸਦਾ ਉਹਦੇ ਨਾਮ ਦਾ ਸਿਮਰਨ ਕਰਦੇ ਹੀ ਰਹਿਣਾ ਚਾਹੀਏ। ਉਸ ਪ੍ਰੀਤਮ ਦੇ ਪ੍ਰੇਮ ਰੰਗ ਵਿਚ ਆਪਣੇ ਮਨ ਨੂੰ ਰੰਗ ਕੇ ਉਸ ਦੇ ਗੁਣਾਂ ਦਾ ਗਾਇਨ ਕਰਨਾ ਚਾਹੀਏ। ਹੇ ਭਾਈ! ਉਸ ਪ੍ਰਭੂ ਦੀ ਸਿਫਤ ਸਾਲਾਹ ਕਰਦੇ ਸਮੇਂ 'ਘੂਮਰਿ ਪਾਵਹੁ' ਭਾਵ ਉਹ ਸਹਿਜ ਅਵਸਥਾ ਜਿੱਥੇ ਪਹੁੰਚ ਕੇ ਜੀਵ ਆਤਮਾ ਸੁੱਤੇ ਸਿੱਧ ਹੀ ਨੱਚਣ ਲੱਗ ਪਵੇ। ਆਓ, ਸਤਿਸੰਗ ਦਾ ਚਾਓ ਪੈਦਾ ਕਰੀਏ।

ਆਉ ਸਖੀ ਹਰਿ ਮੇਲਿ ਮਿਲਾਹਾ॥
ਸੁਣਿ ਹਰਿ ਕਥਾ ਨਾਮੁ ਲੈ ਲਾਹਾ॥
ਹਰਿ ਹਰਿ ਕ੍ਰਿਪਾ ਧਾਰਿ ਗੁਰ ਮੇਲਹੁ॥
ਗੁਰਿ ਮਿਲਿਐ ਹਰਿ ਉਮਾਹਾ ਰਾਮ॥

ਹੇ ਸਖੀਓ, ਸਹੇਲੀਓ! ਭਾਵ ਗੁਰੂ ਪਿਆਰੇ ਸਤਿਸੰਗੀਓ!! ਆਓ ਸਾਰੇ ਮਿਲ ਕੇ

### ਗੁਰਬਾਣੀ ਗਿਆਨ

ਪ੍ਰਭੂ ਪ੍ਰੀਤਮ ਦੇ ਚਰਨਾਂ ਨਾਲ ਜੁੜੀਏ ਅਤੇ ਸਤਿਸੰਗੀ ਬਣ ਕੇ ਸੁਣ ਹਰਿ ਕਥਾ ਭਾਵ, ਉਸ ਪਿਆਰੇ ਪ੍ਰਭੂ ਦੀ ਸਿਫ਼ਤ ਸਾਲਾਹ ਦੀਆਂ ਗੱਲਾਂ ਸੁਣ ਸੁਣ ਕੇ ਇਸ ਜੀਵਨ ਦਾ ਲਾਹਾ ਭੀ ਲਈਏ। ਹੇ ਸਖੀਓ, ਸਤਿਸੰਗੀਓ! ਸਾਰੇ ਮਿਲ ਕੇ ਉਸ ਪਿਆਰੇ ਪ੍ਰਭੂ ਦੇ ਦਰ 'ਤੇ ਬੇਨਤੀਆਂ ਭੀ ਕਰੀਏ ਕਿ ਹੇ ਪ੍ਰਭੂ ਜੀਉ! ਆਪਣੀ ਕ੍ਰਿਪਾ ਕਰੋ ਤੇ ਸਾਨੂੰ ਪੂਰੇ ਗੁਰੂ ਦਾ ਮਿਲਾਪ ਦੇਵਹੁ। ਹੇ ਸਖੀਓ! ਜਦ ਪੂਰਾ ਗੁਰੂ ਮਿਲ ਪਵੇ ਤਾਂ ਹਿਰਦਾ ਚਾਓ ਅਤੇ ਅਨੰਦ ਨਾਲ ਭਰ ਜਾਂਦਾ ਹੈ।

ਕਰਿ ਕੀਰਤਿ ਜਸੁ ਅਗਮ ਅਥਾਹਾ॥
ਖਿਨੁ ਖਿਨੁ ਰਾਮ ਨਾਮੁ ਗਾਵਾਹਾ॥
ਮੋ ਕਉ ਧਾਰਿ ਕ੍ਰਿਪਾ ਮਿਲੀਐ ਗੁਰ ਦਾਤੇ
ਹਰਿ ਨਾਨਕ ਭਗਤਿ ਉਮਾਹਾ ਰਾਮ॥

ਹੇ ਭਾਈ! ਉਹ ਪ੍ਰਭੂ ਜੋ ਪਹੁੰਚ ਤੋਂ ਪਰ੍ਹੇ ਹੈ ਅਤੇ ਉਸ ਦਾ ਹਿਰਦਾ ਭੀ ਅਥਾਹ ਡੂੰਘਾ ਤੇ ਵਿਸ਼ਾਲ ਹੈ, ਉਸ ਪ੍ਰਭੂ ਦੀ ਸਿਫ਼ਤ ਸਾਲਾਹ ਸਵਾਸ ਸਵਾਸ ਨਾਲ ਕਰਕੇ ਉਸ ਦਾ ਸਿਮਰਨ ਕਰਨਾ ਚਾਹੀਦਾ ਹੈ, ਕੀਰਤ ਕਰਨੀ ਚਾਹੀਦੀ ਹੈ। ਇਸ ਲਈ ਇਹ ਨਾਨਕ ਭੀ ਆਖਦਾ ਹੈ ਕਿ ਹੇ ਨਾਮ ਦੀ ਦਾਤ ਬਖਸ਼ਣ ਵਾਲੇ ਗੁਰੂ ਜੀਓ! ਮੇਰੇ 'ਤੇ ਮਿਹਰਾਂ ਕਰੋ ਅਤੇ ਮੈਨੂੰ ਆਪਣਾ ਮਿਲਾਪ ਦੇਵੋ ਤਾਂ ਕਿ ਆਪ ਜੀ ਦੇ ਮਿਲਾਪ ਸਦਕਾ ਮੇਰੇ ਅੰਦਰ ਭੀ ਭਗਤੀ ਕਰਨ ਦਾ ਚਾਓ ਉਮਾਹ ਪੈਦਾ ਹੋ ਸਕੇ ਤੇ ਮੈਂ ਭਗਤੀ ਵਿਚ ਜੁੜ ਸਕਾਂ।

ਆਉ ਗੁਰੂ ਸਵਾਰਿਉ! ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ*
*ਫੋਨ:916-687-3536*

# Centennial Celebration Commencement

## *1912 - 2012: 100 Year Anniversary of*

## Stockton Sikh Gurdwara and Sikh Pioneers in America

## ਆਓ ਸਟਾਕਟਨ ਗੁਰਦੁਆਰੇ ਦੀ ਸੌਵੀਂ ਵਰ੍ਹੇਗੰਢ 1912-2012 ਮਨਾਈਏ

Established in 1912, Stockton Sikh Gurdwara was the first gurdwara built in the United States.

Constructed by the Pacific Coast Khalsa Diwan Society under leadership of Sant Teja Singh Ji, Baba Vaisakha Singh and Baba Jawala Singh and support from Sikh pioneers of the West, prayers at the gurdwara first commenced on October 24, 1912.

On September 11, 2011, all are invited to a press conference to commence the year-long celebration of the 100th anniversary of the Stockton Sikh Gurdwara.

All gurdwaras and Sikh associations in California and throughout the United States are invited to send representatives to the event to help us plan our commemoration. Bruce La Brack, author of "Sikhs of Northern California 1904-1975" (Nov 1988), will also speak at the event.

The day's events will include the inaugural display of the historic printing press used by the Gadar Party. Provided courtesy of the Kesar Singh Dhillon Gadar Memorial Trust, the printing press is the first artifact of the Sikh Pioneers and Gadar Movement Museum which will open at the Stockton Gurdwara in time for festivities in 2012.

1912 ਅਮਰੀਕਾ ਵਿੱਚ ਬਣਨ ਵਾਲ਼ਾ ਸਭ ਤੋ ਪਹਿਲਾ ਗੁਰਦੁਆਰਾ

ਸੰਤ ਤੇਜਾ ਸਿੰਘ, ਬਾਬਾ ਵਿਸਾਖਾ ਸਿੰਘ ਤੇ ਬਾਬਾ ਜਵਾਲਾ ਸਿੰਘ ਦੀ ਯੋਗ ਅਗਵਾਈ ਸਦਕਾ ਪੱਛਮੀ ਸਿੱਖਾਂ ਨੇ ਪੈਸਿੱਫ਼ਕ ਕੋਸਟ ਖਾਲਸਾ ਦਿਵਾਨ ਸੋਸਾਇਟੀ ਬਣਾਈ ਤੇ 24 ਅਕਤੂਬਰ 1912 ਨੂੰ ਗਰਾਂਟ ਸਟ੍ਰੀਟ ਤੇ ਪਹਿਲਾ ਦਿਵਾਨ ਸਜਾਇਆ।

ਅਮਰੀਕਾ ਦੇ ਸਮੂਹ ਗੁਰਦੁਆਰਿਆਂ ਤੇ ਸਿੱਖ ਸੰਸਥਾਵਾਂ ਨੂੰ ਨੁਮਾਇੰਦੇ ਭੇਜਣ ਲਈ ਬੇਨਤੀ ਤਾਕਿ ਢੁਕਵੇਂ ਢੰਗ ਨਾਲ ਜਸ਼ਨ ਮਨਾਏ ਜਾਣ।

ਗਦਰ ਮੋਢੀਆਂ ਦੁਆਰਾ 1914 ਵਿੱਚ ਖਰੀਦੀ ਪ੍ਰਿੰਟਿੰਗ ਪ੍ਰੈੱਸ ਸੰਗਤਾਂ ਦੇ ਸਨਮੁੱਖ ਕੀਤੀ ਜਾਵੇਗੀ। ਸਟਾਕਟਨ ਵਿੱਖੇ ਬਣ ਰਹੇ ਅਜਾਇਬ ਘਰ ਵਿੱਚ ਪ੍ਰਿੰਟਿੰਗ ਪ੍ਰੈੱਸ ਸਭ ਤੋਂ ਪਹਿਲੀ ਕਲਾਕ੍ਰਿਤ ਕਰਕੇ ਜਾਣੀ ਜਾਵੇਗੀ।

ਸਤੰਬਰ 11, 2012 ਨੂੰ ਸੌਵੀਂ ਵਰ੍ਹੇਗੰਢ ਸਬੰਧੀ ਸਮਾਗਮਾਂ ਦੀ ਸੁਰੂਆਤ ਤੇ ਪ੍ਰੈੱਸ ਕਾਨਫ਼ਰੰਸ ਵਿੱਚ ਸ਼ਾਮਲ ਹੋਣ ਲਈ ਹਾਰਦਿੱਕ ਸੱਦਾ

**WHO:** Pacific Coast Khalsa Diwan Society
**WHAT:** 100 Year Anniversary Commencement & Display of Gadar Movement Printing Press
**WHEN:** Sunday, September 11, 2011, 1pm-4pm
**WHERE:** Stockton Sikh Gurdwara
1930 South Grant Street, Stockton, CA



[L] *Stockton Gurdwara (c. 1915)*



[R] *Stockton Gurdwara (c. 1929)*



[C] *Sikh pioneers building railroad (c. 1908)*

ਕੌਣ: ਪੈਸਿੱਫ਼ਕ ਕੋਸਟ ਖਾਲਸਾ ਦਿਵਾਨ ਸੋਸਾਇਟੀ

ਕੀ: ਸੌ ਸਾਲਾ ਸ਼ਤਾਬਦੀ ਸਮਾਗਮਾਂ ਦੀ ਸੁਰੂਆਤ

ਕਦੋਂ: ਐਤਵਾਰ, ਸਤੰਬਰ 11, 2011, 1 –4 ਵਜ਼ੇ ਤੱਕ

ਕਿੱਥੇ: ਸਟਾਕਟਨ ਸਿੱਖ ਗੁਰਦੁਆਰਾ

1930 ਸਾਊਥ ਗਰਾਂਟ ਸਟ੍ਰੀਟ, ਸਟਾਕਟਨ, ਕੈਲੀਫ਼ੋਰਨੀਆ

For more information, contact one of the Planning Committee Leaders:

**Chairperson: Manjit Singh Uppal**
**209-649-2767 | stocktonsikhtemple@gmail.com**

**Coordinator/General Secretary: Bhajan Singh Bhinder**
**209-321-0337 | bbhajans@gmail.com**

**Media Coordinator: Dr. Amrik Singh**
**916-212-8550 | drsinghamrik@gmail.com**

**Sikh Library & Museum Project Coordinator: Dr. H. S. Shergill**
**209-365-0606 | hsshergillmd@gmail.com**

# ਯੂਨੀਅਨ ਸਿਟੀ ਕਬੱਡੀ ਓਪਨ ਸ਼ੇਰੇ ਪੰਜਾਬ ਕਲੱਬ ਨੇ ਜਿੱਤੀ

**ਯੂਨੀਅਨ ਸਿਟੀ (ਬਿਊਰੋ):** ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ (ਬੇਏਰੀਆ) ਵਲੋਂ ਇਥੇ ਲੰਘੇ ਐਤਵਾਰ ਅਲਵਰਾਡੋ ਮਿਡਲ ਸਕੂਲ ਵਿਚ ਕਰਵਾਇਆ ਗਿਆ ਸਾਲਾਨਾ ਮੇਲਾ ਜਿਥੇ ਕਬੱਡੀ, ਵਾਲੀਬਾਲ ਅਤੇ ਹੋਰ ਖੇਡਾਂ ਦਾ ਕੁੰਭ ਬਣ ਨਿਬੜਿਆ ਉਥੇ ਨਾਲ ਹੀ ਸਭਿਆਚਾਰਕ ਮੇਲੇ ਦਾ ਰੂਪ ਵੀ ਧਾਰ ਗਿਆ। ਇਸ ਮੌਕੇ ਗਦਰੀ ਬਾਬਿਆਂ ਦੀ ਯਾਦ ਵਿਚ ਲਾਈ ਗਈ ਤਸਵੀਰਾਂ ਦੀ ਨੁਮਾਇਸ਼ ਵੀ ਵਿਸ਼ੇਸ਼ ਖਿਚ ਦਾ ਕਾਰਨ ਬਣੀ ਰਹੀ।

ਹੋਰ ਸਭ ਮੇਲਿਆਂ ਦੀ ਤਰ੍ਹਾਂ ਕਬੱਡੀ ਇਸ ਮੇਲੇ ਦੌਰਾਨ ਵੀ ਦਰਸ਼ਕਾਂ ਲਈ ਵਿਸ਼ੇਸ਼ ਖਿਚ ਦਾ ਕੇਂਦਰ ਬਣੀ ਰਹੀ। ਮੈਚ ਯੂ ਐਸ ਏ ਕਬੱਡੀ ਫੈਡਰੇਸ਼ਨ ਦੀ ਰਹਿਨੁਮਾਈ ਹੇਠ ਹੋਏ। ਗੋਲਡਨ ਟੈਂਪਲ ਸਪੋਰਟਸ ਕਲੱਬ ਸਟਾਕਟਨ, ਗਦਰ ਸਪੋਰਟਸ ਕਲੱਬ ਸੈਨ ਹੋਜ਼ੇ, ਯੂਨਾਈਟਡ ਸਪੋਰਟਸ ਕਲੱਬ ਯੂਨੀਅਨ ਸਿਟੀ, ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ, ਆਜ਼ਾਦ ਸਪੋਰਟਸ ਕਲੱਬ ਮਨਟੀਕਾ ਅਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਲਾਸ ਬੈਨੋਸ ਦੀਆਂ ਟੀਮਾਂ ਭਿੜੀਆਂ। ਬਹੁਤ ਹੀ ਫਸਵੇਂ ਮੈਚਾਂ ਵਿਚ ਕਬੱਡੀ ਓਪਨ ਦਾ ਪਹਿਲਾ ਇਨਾਮ ਲਾਸ ਬੈਨੋਸ ਦੀ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੀ ਟੀਮ ਨੇ ਜਿੱਤਿਆ ਜਦੋਂ ਕਿ ਦੂਜਾ ਇਨਾਮ ਗੋਲਡਨ ਟੈਂਪਲ ਸਪੋਰਟਸ ਕਲੱਬ ਸਟਾਕਟਨ ਦੀ ਟੀਮ ਦੇ ਹਿੱਸੇ ਆਇਆ। ਇਕ ਇਕ ਰੇਡ ਅਤੇ ਸਟਾਪ 'ਤੇ ਖੇਡ ਪ੍ਰੇਮੀਆਂ ਨੇ ਦਿਲ ਖੋਲ੍ਹ ਕੇ ਡਾਲਰ ਦਿੱਤੇ।













ਕਬੱਡੀ ਅੰਡਰ-21 ਵਿਚ ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੀ ਟੀਮ ਨੇ ਇਕ ਬਹੁਤ ਹੀ ਫਸਵੇਂ ਮੈਚ ਵਿਚ ਬੇਏਰੀਆ ਸਪੋਰਟਸ ਕਲੱਬ ਦੀ ਟੀਮ ਨੂੰ ਸਿਰਫ ਅੱਧੇ ਅੰਕ ਦੇ ਫਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ। ਇਸ ਜਿੱਤ ਤੋਂ ਕਲੱਬ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਤੇ ਡਾਇਰੈਕਟਰ ਇਕਬਾਲ ਸਿੰਘ ਗਾਖਲ ਬਾਗੋਬਾਗ ਨਜ਼ਰ ਆਉਂਦੇ ਸਨ। ਕਬੱਡੀ ਦੀ ਕੁਮੈਂਟਰੀ ਸੁਖਵਿੰਦਰ ਸੰਘੇੜਾ ਨੇ ਬਹੁਤ ਹੀ ਅਨੋਖੇ ਢੰਗ ਨਾਲ ਕੀਤੀ ਜਦੋਂ ਕਿ ਗੁਰਮੇਲ ਸਿੰਘ ਦਿਓਲ (ਫਰੀਦਕੋਟ) ਨੇ ਉਨ੍ਹਾਂ ਦਾ ਸਾਥ ਦਿੱਤਾ। ਕਬੱਡੀ ਦੀਆਂ ਜੇਤੂ ਟੀਮਾਂ ਨੂੰ ਇਨਾਮ ਵੀ ਦਿੱਤੇ ਗਏ। ਕਬੱਡੀ ਦਾ ਪਹਿਲਾ ਇਨਾਮ ਜਸਵੀਰ ਸਿੰਘ ਥਾਂਦੀ (ਗਲੋਬਲ ਹਾਕ ਇੰਸ਼ੋਰੈਂਸ) ਵਲੋਂ ਦਿੱਤਾ ਗਿਆ। ਇਸ ਕੰਮ ਵਿਚ ਟਰਾਂਸਪੋਰਟਰ ਮੰਗਲ ਭੰਡਾਲ, ਸੰਨੀਵੇਲ ਹਿੰਦੂ ਟੈਂਪਲ ਦੇ ਮੁਖੀ ਰਾਜ ਭਨੋਟ ਅਤੇ ਗੁਰਦੁਆਰਾ ਸੈਨ ਹੋਜ਼ੇ ਦੇ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਹੱਥ ਵਟਾਇਆ।

ਵਾਲੀਬਾਲ ਦੇ ਮੁਕਾਬਲਿਆਂ ਵਿਚ ਜਿੱਤ ਮਨਟੀਕੇ ਦੀ ਟੀਮ ਨੇ ਹਾਸਲ ਕੀਤੀ ਜਦੋਂਕਿ ਦੂਜੇ ਨੰਬਰ 'ਤੇ ਯੂਨੀਅਨ ਸਿਟੀ ਦੀ ਜੱਸੀ ਢਡਵਾਲ ਦੀ ਅਗਵਾਈ ਹੇਠ ਆਈ ਟੀਮ ਰਹੀ। ਜ਼ਿਕਰਯੋਗ ਹੈ ਕਿ ਇਹ ਟੀਮ ਪਿਛਲੇ 6 ਸਾਲ ਤੋਂ ਲਗਾਤਾਰ ਮੁਕਾਬਲਾ ਜਿੱਤਦੀ ਆਈ ਹੈ।

ਗਦਰੀ ਬਾਬਿਆਂ ਵਲੋਂ ਚਲਾਈ ਗਈ ਗਦਰ ਲਹਿਰ ਦੀ ਸੌਵੀਂ ਵਰ੍ਹੇਗੰਢ ਦੇ ਸਿਲਸਿਲੇ ਵਿਚ ਕਰਵਾਏ ਗਏ ਇਸ ਖੇਡ ਮੇਲੇ ਲਈ ਸਭਿਆਚਾਰਕ ਤੇ ਰੰਗਾਰੰਗ ਪ੍ਰੋਗਰਾਮ ਦੀ ਸਟੇਜ ਵੀ ਲਾਈ ਗਈ। ਔਰਤਾਂ ਤੇ ਬੱਚੇ ਸਵੇਰੇ 11 ਵਜੇ ਹੀ ਪ੍ਰੋਗਰਾਮ ਦਾ ਅਨੰਦ ਮਾਣਨ ਲਈ ਆ ਕੇ ਬੈਠਣੇ ਸ਼ੁਰੂ ਹੋ ਗਏ ਸਨ। ਸ਼ੁਰੂਆਤ ਬੱਚਿਆਂ ਦੇ ਗਿੱਧੇ ਭੰਗੜੇ ਨਾਲ ਹੋਈ। ਵੱਖ ਵੱਖ ਟੀਮਾਂ ਨੇ ਭੰਗੜੇ ਦੇ ਖੂਬ ਜੌਹਰ ਵਿਖਾਏ। ਸਰਬਜੀਤ ਸਿੰਘ ਸਾਜਨ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਗਾ ਕੇ ਮਾਹੌਲ ਨੂੰ ਗਰਮਜੋਸ਼ੀ ਨਾਲ ਭਰ ਦਿੱਤਾ। ਸੁਲਤਾਨ ਅਖਤਰ ਨੇ ਵੀ ਚੰਗਾ ਰੰਗ ਬੰਨਿਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸਟੇਜਾਂ ਦੀ ਮਲਿਕਾ ਕਰਕੇ ਜਾਣੀ ਜਾਂਦੀ ਆਸ਼ਾ ਸ਼ਰਮਾ ਦੇ ਹੱਥ ਸੀ। ਆਪਣੇ ਸਭਿਆਚਾਰਕ ਗੀਤਾਂ ਨਾਲ ਲਾਲੀ ਸੰਧੂ, ਸੁਖਵਿੰਦਰ ਸੁੱਖੀ ਅਤੇ ਕੁਮਾਰ ਖਟਕੜ ਨੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ।





ਤੰਦੂਰ ਰੈਸਟੋਰੈਂਟ ਵਾਲਿਆਂ ਨੇ ਖਾਣ ਪੀਣ ਦਾ ਸਟਾਲ ਲਾਇਆ ਹੋਇਆ ਸੀ। ਕੋਕੇ ਦੀ ਮੱਛੀ ਦਾ ਸਵਾਦ ਵੀ ਸ਼ੌਕੀਨਾਂ ਨੇ ਰੱਜ ਰੱਜ ਚਖਿਆ। ਇਹ ਆਮ ਕਿਹਾ ਜਾਂਦਾ ਹੈ ਕਿ ਕੈਲੀਫੋਰਨੀਆ ਵਿਚ ਤੰਦੂਰ ਰੈਸਟੋਰੈਂਟ ਦੇ ਸੁਰਿੰਦਰ ਕੁਮਾਰ ਕੋਕੇ ਤੋਂ ਵਧੀਆ ਮੱਛੀ ਕੋਈ ਨਹੀਂ ਬਣਾ ਸਕਦਾ। ਚਾਹ ਪਾਣੀ ਅਤੇ ਛੋਲੇ ਭਠੂਰਿਆਂ ਦੇ ਸਟਾਲਾਂ 'ਤੇ ਵੀ ਚੋਖੀ ਭੀੜ ਰਹੀ।

ਮੇਲੇ ਵਿਚ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਖੇਡ ਪ੍ਰੇਮੀ ਅਤੇ ਪਤਵੰਤੇ ਸੱਜਣ ਪਹੁੰਚੇ ਹੋਏ ਸਨ। ਮੁਅਜਜ ਮਹਿਮਾਨਾਂ ਵਿਚ ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਕਰਨੈਲ ਸਿੰਘ ਗਿੱਲ ਅਤੇ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਸਾਬਕਾ ਮੈਂਬਰ ਭਾਈ ਰਾਮ ਸਿੰਘ ਸ਼ਾਮਲ ਸਨ। ਗੁਰਦੁਆਰਾ ਸੈਨ ਹੋਜ਼ੇ ਦੀ ਸਾਰੀ ਪ੍ਰਬੰਧਕ ਕਮੇਟੀ









ਸਕੱਤਰ ਭੁਪਿੰਦਰ ਸਿੰਘ ਢਿੱਲੋਂ, ਕਮੇਟੀ ਮੈਂਬਰ ਸੁਖਦੇਵ ਸਿੰਘ ਬੈਣੀਵਾਲ, ਕਿਰਪਾਲ ਸਿੰਘ ਅਟਵਾਲ, ਸਰਬਜੋਤ ਸਿੰਘ ਸਵੱਦੀ ਅਤੇ ਜਸਵੀਰ ਸਿੰਘ ਪੁਆਰ ਵੀ ਖੇਡ ਮੇਲੇ ਦੀ ਰੌਣਕ ਵਧਾਉਣ ਲਈ ਪਹੁੰਚੇ ਹੋਏ ਸਨ। ਹੋਰਨਾਂ ਤੋਂ ਇਲਾਵਾ ਅਮੋਲਕ ਸਿੰਘ ਗਾਖਲ, ਜਸਵੀਰ ਸਿੰਘ ਕੁਲਾਰ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਸੰਤੋਖ ਸਿੰਘ ਜੱਜ, ਮੱਖਣ ਬੈਂਸ, ਗੁਰਚਰਨ ਸਿੰਘ ਮਾਨ, ਅਨੂਪ ਸਿੰਘ, ਬਲਜੀਤ ਸਿੰਘ, ਜਗਤਾਰ ਗਿੱਲ, ਅਮਰਜੀਤ ਸਿੰਘ, ਹੈਪੀ ਸਿੰਘ, ਰਣਧੀਰ ਸਿੰਘ ਨਿੱਜਰ, ਯੂਬਾ ਸਿਟੀ ਤੋਂ ਰਣਜੀਤ ਕੰਦੋਲਾ, ਮਨਜੀਤ ਗਿੱਲ ਤੇ ਹੋਰ ਬਹੁਤ ਸਾਰੇ ਸੱਜਣ ਪਹੁੰਚੇ ਹੋਏ ਸਨ। ਹੇਵਰਡ ਸ਼ਹਿਰ ਦੀ ਸਿਟੀ ਕੌਂਸਲ ਵਲੋਂ ਕੌਂਸਲ ਮੈਂਬਰ ਬਿਲ ਕੁਆਰਕ ਹਾਜ਼ਰੀ ਭਰਨ ਲਈ ਪਹੁੰਚੇ ਹੋਏ ਸਨ। ਪੁਲਿਸ ਮੁਖੀ ਵੀ ਉਨ੍ਹਾਂ ਦੇ ਨਾਲ ਹਾਜ਼ਰ ਸੀ। ਐਲਾਮੀਡਾ ਕਾਊਂਟੀ ਦੀ ਡਿਸਟ੍ਰਿਕਟ ਪ੍ਰਤੀਨਿਧ ਗਿੰਨੀ ਮਾਰਟੀਨੀ ਵੀ ਪਹੁੰਚੀ ਹੋਈ ਸੀ।

ਮੇਲੇ ਨੂੰ ਕਾਮਯਾਬ ਬਣਾਉਣ ਲਈ ਸੰਸਥਾ ਦੇ ਮੈਂਬਰਾਂ ਅਵਤਾਰ ਸਿੰਘ ਤਾਰੀ, ਮਨਜੀਤ ਗਿੱਲ, ਕੁਲਵੀਰ ਹੀਰ, ਕਸ਼ਮੀਰ ਸਿੰਘ ਧੁੱਗਾ, ਮਨਜੀਤ ਸੰਧੂ, ਮਹਿੰਗਾ ਸਿੰਘ ਸਰਪੰਚ, ਭੁਪਿੰਦਰ ਸਿੰਘ ਪਰਮਾਰ, ਕਮਲਜੀਤ ਅਟਵਾਲ, ਦਵਿੰਦਰ ਸਿੰਘ, ਕੁਲਦੀਪ ਸ਼ੇਰਗਿੱਲ, ਜਗਵਿੰਦਰ ਸਿੰਘ ਬਿੱਟੂ, ਸੁਖਬੀਰ ਸਿੰਘ ਸੰਧੂ (ਸੀਤਾ), ਪ੍ਰਕਾਸ਼ ਸਿੰਘ, ਮਨਜੀਤ ਵਿਰਕ ਅਤੇ ਜੌਹਨਪਾਲ ਸਿੰਘ ਨੇ ਦਿਨ ਰਾਤ ਇਕ ਕਰੀ ਰੱਖਿਆ। ਯੂ ਐਸ ਏ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਜੌਹਲ ਨੇ ਕਬੱਡੀ ਟੂਰਨਾਮੈਂਟ ਨੂੰ ਕਾਮਯਾਬ ਕਰਨ ਲਈ ਸਿਰਤੋੜ ਯਤਨ ਕੀਤਾ।














# Dhillon Truck Stop
## Dhillon Road Service

Interstate 40, exit 356, San Jon, NM

*Gill Manj Gurdaspur Wale*

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776

## ਘਰ ਖਰੀਦਣਾ ਹੈ ਜਾਂ ਵੇਚਣਾ !

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ

ਫੋਨ:209-856-2131



Jarnail Singh Lallria
Broker Associate
DRE#01440382

Century 21
M&M AND ASSOCIATES
Each office is independently owned and operated.


MLS


Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com

1472 'B' Street, Ste. D, Livingston, CA 95334

# ਫਰਿਜ਼ਨੋ ਦੇ ਗਦਰੀ ਬਾਬਿਆਂ ਦੇ ਮੇਲੇ ਨੂੰ ਭਰਵਾਂ ਹੁੰਗਾਰਾ

**ਫਰਿਜ਼ਨੋ (ਬਿਊਰੋ):** ਇੰਡੋ ਯੂ. ਐਸ ਹੈਰੀਟੇਜ ਐਸੋਸੀਏਸ਼ਨ, ਫਰਿਜ਼ਨੋ ਵਲੋਂ ਲੰਘੇ ਸਨਿਚਰਵਾਰ ਇਥੇ ਕਰਵਾਏ ਗਏ ਗਦਰੀ ਬਾਬਿਆਂ ਦੇ ਸਾਲਾਨਾ ਮੇਲੇ ਵਿਚ ਸੈਂਟਰਲ ਵੈਲੀ ਦੇ ਲੋਕਾਂ ਨੇ ਭਰਵੀਂ ਹਾਜ਼ਰੀ ਨਾਲ ਆਪਣੇ ਪੁਰਖਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਵਾਰ ਦਾ ਮੇਲਾ ਬੱਬਰ ਅਕਾਲੀ ਕਿਸ਼ਨ ਸਿੰਘ ਗੜਗੱਜ, ਬਾਬਾ ਜਵਾਲਾ ਸਿੰਘ ਠੱਠੀਆਂ ਅਤੇ ਕਕੋਰੀ ਕਾਂਡ ਦੇ ਨਾਇਕ ਰਾਮ ਪ੍ਰਸਾਦ ਬਿਸਮਿਲ ਦੀ ਯਾਦ ਨੂੰ ਸਮਰਪਿਤ ਸੀ।

















ਮੇਲੇ ਦਾ ਆਗਾਜ਼ ਨਾਮੀ ਵਿਗਿਆਨੀ ਤੇ ਵਿਦਵਾਨ ਡਾ. ਗੁਰੂਮੇਲ ਸਿੱਧੂ ਨੇ ਸ਼ਮਾਂ ਰੌਸ਼ਨ ਕਰਕੇ ਅਤੇ ਸ਼ਹੀਦਾਂ ਦੀ ਤਸਵੀਰ 'ਤੇ ਫੁੱਲ ਭੇਟ ਕਰਕੇ ਕੀਤਾ। ਸੰਸਥਾ ਦੇ ਮੈਂਬਰਾਂ ਨੇ ਵੀ ਇਸ ਰਸਮ ਵਿਚ ਭਾਗ ਲੈ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸਭ ਤੋਂ ਪਹਿਲਾਂ ਸੰਸਥਾ ਦੇ ਪ੍ਰਧਾਨ ਪ੍ਰਿ. ਪ੍ਰੀਤਮ ਸਿੰਘ ਨਾਹਲ ਨੇ ਸੰਖੇਪ ਸ਼ਬਦਾਂ ਵਿਚ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਦਿਆਂ ਲੋਕਾਂ ਵਲੋਂ ਮਿਲੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਮਨਜੀਤ ਸਿੰਘ ਪੱਤੜ ਨੇ ਕਵੀਸ਼ਰੀ, ਪ੍ਰੀਤਮ ਸੋਹੀ ਅਤੇ ਰਾਜ ਬਰਾੜ ਨੇ ਆਪਣੇ ਗੀਤਾਂ ਰਾਹੀਂ ਸਰੋਤਿਆਂ ਨੂੰ ਦੇਸ਼ ਭਗਤੀ ਦੇ ਰੰਗ ਵਿਚ ਰੰਗਿਆ। ਛੋਟੇ ਛੋਟੇ ਬੱਚਿਆਂ ਨੇ 'ਦੇਹਿ ਸ਼ਿਵਾ ਬਰ ਮੋਹਿ' ਸ਼ਬਦ 'ਤੇ ਲਲਕਾਰ ਭਰਪੂਰ ਐਕਸ਼ਨਾਂ ਰਾਹੀਂ ਮੇਲੇ ਦੇ ਵਾਤਾਵਰਨ ਨੂੰ ਹੋਰ ਪ੍ਰਚੰਡ ਕਰ ਦਿੱਤਾ। ਪੰਜ ਸਾਲ ਦੀ ਬੱਚੀ ਆਂਚਲ ਹੇਅਰ ਨੇ ਆਪਣੇ ਮਿੱਠੇ ਬੋਲਾਂ ਰਾਹੀਂ ਗਦਰੀ ਬਾਬਿਆਂ ਨੂੰ ਪ੍ਰਣਾਮ ਕੀਤਾ।

ਉਥੇ ਸਮਾਜ ਸੇਵੀ ਮਹਿੰਦਰ ਸਿੰਘ ਗਰੇਵਾਲ, ਪ੍ਰੋ. ਮੁਖਤਿਆਰ ਸਿੰਘ ਅਤੇ ਡਾ. ਚਰਨਜੀਤ ਸਿੰਘ ਗੁੰਮਟਾਲਾ ਨੇ ਆਪਣੇ ਭਾਵਪੂਰਤ ਸ਼ਬਦਾਂ ਰਾਹੀਂ ਗਦਰੀ ਬਾਬਿਆਂ ਦੀਆਂ ਲਾਸਾਨੀ ਕੁਰਬਾਨੀਆਂ ਦਾ ਜ਼ਿਕਰ ਕੀਤਾ ਅਤੇ ਭਾਰਤ ਦੇ ਭ੍ਰਿਸ਼ਟ ਰਾਜਨੀਤਿਕ ਢਾਂਚੇ ਵਿਰੁਧ ਉਠੇ ਲੋਕ ਵਿਦਰੋਹ ਦੀ ਵੀ ਗੱਲ ਕੀਤੀ।

ਭਾਰਤ ਤੋਂ ਵਿਸ਼ੇਸ਼ ਸੱਦੇ ਤੇ ਪਹੁੰਚੇ ਸ਼ਾਇਰ ਪ੍ਰੋ. ਸੁਰਜੀਤ ਜੱਜ ਨੇ ਆਪਣੀਆਂ ਗਜ਼ਲਾਂ ਵਿਚ ਜਿਥੇ ਮਨੁੱਖੀ ਮਨਾਂ ਵਿਚ ਹੋ ਰਹੀ ਟੁੱਟ ਭੱਜ ਦਾ ਜ਼ਿਕਰ ਕੀਤਾ ਉਥੇ ਦਿਨੋ-ਦਿਨ ਖੁਰ ਰਹੇ ਪੰਜਾਬ ਬਾਰੇ ਵੀ ਚਿੰਤਾ ਪ੍ਰਗਟ ਕੀਤੀ।

ਮੇਲੇ ਦੇ ਮੁੱਖ ਮਹਿਮਾਨ ਡਾ. ਤੇਜਵੰਤ ਸਿੰਘ ਗਿੱਲ ਨੇ ਆਪਣੇ ਮੁੱਖ ਸੁਨੇਹੇ ਵਿਚ ਗਦਰੀ ਬਾਬਿਆਂ ਦੇ ਮੁੱਢਲੇ ਸ਼ੰਘਰਸ਼ਮਈ ਜੀਵਨ ਅਤੇ ਗਦਰ ਲਹਿਰ ਫੇਲ੍ਹ ਹੋਣ ਤੋਂ ਬਾਅਦ ਵੀ ਗਦਰੀ ਬਾਬਿਆਂ ਦੀ ਆਖਰੀ ਦਮ ਤੱਕ ਲੜੀ ਲੜਾਈ ਬਾਰੇ ਬਹੁਤ ਖੋਜ ਭਰਪੂਰ ਜਾਣਕਾਰੀ ਦਿਤੀ। ਬੁਲਾਰਿਆਂ ਦਾ ਸੰਸਥਾ ਵਲੋਂ ਵਿਸ਼ੇਸ਼ ਤੌਰ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਅਤੇ ਸਾਡਾ ਚੈਨਲ ਦੇ ਸੀ ਈ ਓ ਨੇ 2013 ਦੇ ਗਦਰ ਲਹਿਰ ਦੇ ਸ਼ਤਾਬਦੀ ਵਰ੍ਹੇ ਬਾਰੇ ਮਤਾ ਲਿਆਉਣ ਲਈ ਸੰਸਥਾ ਨੂੰ ਸੁਝਾਅ ਦਿੱਤਾ ਤਾਂ ਕਿ ਭਾਰਤ ਸਰਕਾਰ ਇਸ ਵਰ੍ਹੇ ਤੇ ਗਦਰੀ ਬਾਬਿਆਂ ਦੀ ਯਾਦ ਵਿਚ ਇੱਕ ਯਾਦਗਾਰੀ ਟਿੱਕਟ ਜਾਰੀ ਕਰੇ।

ਸਭਿਆਚਾਰਕ ਪ੍ਰੋਗਰਾਮ ਵਿਚ ਦਵਿੰਦਰ ਸੰਘਾ, ਪਾਲ ਧਾਲੀਵਾਲ ਤੇ ਪਰਦੀਪ ਨੇ ਪ੍ਰਦੇਸ ਗਏ ਇੱਕਲ ਦਾ ਸੰਤਾਪ ਹੰਢਾਉਂਦੇ ਬੁੱਢੇ ਮਾਪਿਆਂ ਬਾਰੇ ਕੋਰੀਓਗ੍ਰਾਫੀ ਪੇਸ਼ ਕੀਤੀ ਜਿਸ ਨੇ ਦਰਸ਼ਕਾਂ ਦੇ ਦਿਲ ਹਲੂਣ ਕੇ ਰੱਖ ਦਿਤੇ। ਦਿਲਜੀਤ ਰਿਆੜ ਤੇ ਦਿਲਬਾਗ ਬੈਂਸ ਦੀ ਤਿਆਰ ਕੀਤੀ ਡਾਇਮੰਡ ਕਲੱਬ ਫਰਿਜ਼ਨੋ ਦੀ ਪੇਸ਼ਕਸ਼ ਉਸਾਰੂ ਗੀਤਾਂ 'ਤੇ ਅਧਾਰਿਤ ਭੰਗੜਾ ਅਤੇ ਜਸਵਿੰਦਰ ਕੌਰ ਤੇ ਜਸਕੀਰਤ ਬਰਾੜ ਦਾ ਤਿਆਰ ਕੀਤਾ ਛੋਟੀਆਂ ਛੋਟੀਆਂ ਬੱਚੀਆਂ ਦਾ ਗਿੱਧਾ ਲੋਕਾਂ ਵਲੋਂ ਬਹੁਤ ਪਸੰਦ ਕੀਤੇ ਗਏ। ਲੋਕ ਗਾਇਕ ਸੁਰਿੰਦਰ ਸ਼ਿੰਦਾ ਨੇ ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਅਤੇ ਹੋਰ ਦੇਸ਼ ਭਗਤਾਂ ਬਾਰੇ ਗੀਤ ਗਾ ਕੇ ਗਦਰੀ ਬਾਬਿਆਂ ਨੂੰ ਪ੍ਰਣਾਮ ਕੀਤਾ। ਨਾਲ ਹੀ ਸਰੋਤਿਆਂ ਦੀ ਪਸੰਦ ਤੇ ਸਮਾਜਿਕ ਅਤੇ ਸਭਿਆਚਾਰਕ ਗੀਤ ਵੀ ਪੇਸ਼ ਕਰਕੇ ਚੰਗਾ ਰੰਗ ਬੰਨ੍ਹਿਆ।





























ਸੰਸਥਾ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਵੱਖ-ਵੱਖ ਖੇਤਰਾਂ ਵਿਚ ਪਾਏ ਯੋਗਦਾਨ ਬਦਲੇ ਤਿੰਨ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਸਾਹਿਤਕ ਖੇਤਰ ਵਿਚ ਸ਼ਾਇਰ ਹਰਜਿੰਦਰ ਕੰਗ, ਲੋਕਾਂ ਦੀ ਨਿਸ਼ਕਾਮ ਸੇਵਾ ਲਈ ਡਾ. ਗੁਰਦਾਵਰ ਸਿੰਘ ਧਾਲੀਵਾਲ ਅਤੇ ਪੱਤਰਕਾਰੀ ਦੇ ਖੇਤਰ ਵਿਚ ਪੰਜਾਬ ਮੇਲ ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਦਾ ਸਨਮਾਨ ਕੀਤਾ ਗਿਆ। ਇਸ ਤੋਂ ਬਿਨਾ ਹਾਈ ਸਕੂਲ ਵਿਚ 4.0 ਜੀ ਪੀ ਏ ਪ੍ਰਾਪਤ ਕਰਨ ਵਾਲੇ ਬੱਚਿਆਂ ਦਾ ਵੀ ਸਰਟੀਫੀਕੇਟ ਦੇ ਕੇ ਸਨਮਾਨ ਕੀਤਾ ਗਿਆ। ਸੰਸਥਾ ਵਲੋਂ ਛਾਪਿਆ ਗਿਆ ਸੋਵੀਨਾਰ ਡਾ. ਤੇਜਵੰਤ ਸਿੰਘ ਗਿੱਲ ਨੇ ਰਿਲੀਜ਼ ਕੀਤਾ ਜੋ ਦਰਸ਼ਕਾਂ ਨੂੰ ਮੁਫਤ ਵੰਡਿਆ ਗਿਆ।

ਮੇਲੇ ਨੂੰ ਸਫਲ ਬਨਾਉਣ ਲਈ ਸੰਸਥਾ ਦੇ ਮੈਂਬਰਾਂ ਸਾਧੂ ਸਿੰਘ ਸੰਘਾ, ਗੁਰਦੀਪ ਸਿੰਘ ਨਿੱਝਰ, ਗੁਰਨੇਕ ਸਿੰਘ ਰਾਏ, ਹਾਕਮ ਸਿੰਘ ਢਿਲੋਂ, ਨਿਰਮਲ ਗਿੱਲ ਧਨੌਲਾ, ਰਜਿੰਦਰ ਬਰਾੜ, ਆਤਮਾ ਸਿੰਘ ਚਾਹਲ, ਸਤਵੰਤ ਵਿਰਕ, ਰਣਜੀਤ ਗਿੱਲ, ਸੁਲੱਖਣ ਗਿੱਲ, ਪਾਲ ਧਾਲੀਵਾਲ, ਪੁਸ਼ਪਿੰਦਰ ਕੁਮਾਰ, ਮਨਜੀਤ ਕੁਲਾਰ, ਸੰਤੋਖ ਸਿੰਘ ਢਿਲੋਂ, ਹੈਰੀ ਮਾਨ, ਬਿੱਕਰਮਜੀਤ ਕਾਹਲੋਂ ਅਤੇ ਮਨਧੀਰ ਸਿੰਘ ਨੇ ਬੜੀ ਲਗਨ ਤੇ ਮਿਹਨਤ ਨਾਲ ਕੰਮ ਕੀਤਾ। ਮੇਲੇ ਵਿਚ ਪਹੁੰਚੀਆਂ ਮੁੱਖ ਸ਼ਖਸੀਅਤਾਂ ਵਿਚ ਚਰਨਜੀਤ ਸਿੰਘ ਬਾਠ, ਹੈਰੀ ਗਿੱਲ, ਅਵਤਾਰ ਗਿੱਲ, ਕਰਨਲ ਹਰਦੇਵ ਸਿੰਘ, ਬਲਦੇਵ ਸਿੰਘ ਸੰਘਾ, ਬਲਵਿੰਦਰ ਬਰਾੜ, ਕੁਲਪਿੰਦਰ ਬਰਾੜ, ਡਾ. ਸਨੀ ਸੇਖੋਂ, ਕਰਮ ਸਿੰਘ ਸੰਘਾ, ਕੁਲਦੀਪ ਚੱਠਾ, ਅਮਰੀਕ ਸਿੰਘ ਸੰਧੂ, ਡਾ. ਅਰਜੁਨ ਜੋਸਨ, ਗੁੱਡੀ ਸਿੱਧੂ, ਡਾ. ਸੁਦਰਸ਼ਨ ਕਪੂਰ, ਪਰਦੀਪ ਸਿੰਘ ਮਿਨਹਾਸ, ਸੁਖਜੀਤ ਸਿੰਘ ਸੰਘਾ, ਅਜਮੇਰ ਸਿੰਘ ਨਾਹਲ, ਨਾਜਰ ਸਿੰਘ ਸਹੋਤਾ, ਅੰਮ੍ਰਿਤਪਾਲ ਸਿੰਘ ਨਿੱਝਰ (ਨਿੱਝਰ ਬ੍ਰਦਰਜ਼), ਸ਼ਾਇਰ ਕੁਲਵਿੰਦਰ, ਸੁੱਖੀ ਧਾਲੀਵਾਲ, ਜਗਜੀਤ ਸਿੰਘ ਥਿੰਦ ਸ਼ਾਮਲ ਸਨ। ਮੰਚ ਸੰਚਾਲਨ ਸੰਸਥਾ ਦੇ ਸਕੱਤਰ ਸੰਤੋਖ ਸਿੰਘ ਮਿਨਹਾਸ ਨੇ ਕੀਤਾ।



ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੇਫੋਰਨੀਆ)

## ਆਪ ਸਮੂਹ ਸੰਗਤਾਂ ਨੂੰ ਬਾਣੀ ਦੇ ਬੋਹਿਥ ਜੁੱਗੋ-ਜੁੱਗੋ ਅਟੱਲ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪ੍ਰਥਮ ਪ੍ਰਕਾਸ਼ ਦਿਹਾੜੇ ਦੀ

ੴ **ਲੱਖ-ਲੱਖ ਵਧਾਈ ਹੋਵੇ** ੴ



ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਆਪ ਸੰਗਤਾਂ ਜਾਣਦੀਆਂ ਹਨ ਕਿ ਪ੍ਰਥਮ ਪ੍ਰਕਾਸ਼ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਹਸਤ ਕਮਲਾਂ ਨਾਲ ਭਾਦੋਂ-ਸੁਦੀ ਪਹਿਲੀ, ਸੰਮਤ 1661 ਨੂੰ ਕੀਤਾ ਸੀ। ਆਪ ਸਭ ਨੂੰ ਸੂਚਨਾ ਦਿੰਦੇ ਹਾਂ ਕਿ ਪ੍ਰਕਾਸ਼ ਦਿਵਸ ਸਬੰਧੀ ਗੁਰਦੁਆਰਾ ਸੈਨ ਹੋਜ਼ੇ ਵਿਖੇ ਪਹਿਲੀ ਸਤੰਬਰ ਨੂੰ ਵਿਸ਼ੇਸ਼ ਦੀਵਾਨ ਸਜਾਏ ਜਾਣਗੇ ਜਿਨ੍ਹਾਂ ਵਿਚ ਪੰਥ ਪ੍ਰਸਿਧ ਕੀਰਤਨੀ ਤੇ ਢਾਡੀ ਜਥੇ ਅਤੇ ਕਥਾਵਾਚਕ ਗੁਰੂ ਜਸ ਸਰਵਣ ਕਰਵਾਉਣਗੇ। 3 ਸਤੰਬਰ ਨੂੰ ਰਾਤ ਦੇ 12 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ ਅਤੇ 4 ਸਤੰਬਰ ਨੂੰ ਵੀ ਵਿਸ਼ੇਸ ਦੀਵਾਨ ਸਜਾਏ ਜਾਣਗੇ। ਇਸੇ ਦਿਨ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀ ਵਾਰ ਪਾਠਾਂ ਦੇ ਭੋਗ ਪਾਏ ਜਾਣਗੇ ਅਤੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਿਆ ਜਾਵੇਗਾ।

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਨੂੰ ਇਨ੍ਹਾਂ ਦੀਵਾਨਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ।



ਗੁਰਦੁਆਰਾ ਸਾਹਿਬ ਸੈਨ ਹੋਜ਼ੇ

## ਗੁਰੂ ਪੰਥ ਦੇ ਦਾਸ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148-4341, (ਫੋਨ:408-274-9373), ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: sanjosegurdwara.com

# ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਿਵਸ ਮੌਕੇ ਕਵੀ ਦਰਬਾਰ

**ਸੈਨ ਹੋਜ਼ੇ (ਬਿਊਰੋ):** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਵਸ ਦੇ ਸਿਲਸਿਲੇ ਵਿਚ ਇਥੇ ਲੰਘੇ ਐਤਵਾਰ ਗੁਰਦੁਆਰਾ ਸੈਨ ਹੋਜ਼ੇ ਵਿਖੇ ਇਕ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਪੰਜਾਬੀ ਸਾਹਿਤ ਸਭਾ ਬੇ ਏਰੀਆ ਨਾਲ ਸਬੰਧਤ ਬਹੁਤ ਸਾਰੇ ਕਵੀ ਸੱਜਣਾਂ ਨੇ ਹਿੱਸਾ ਲਿਆ। ਕਵੀਆਂ ਨੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਿਵਸ ਸਬੰਧੀ ਉਚੇਚੇ ਤੌਰ 'ਤੇ ਲਿਖੀਆਂ ਕਵਿਤਾਵਾਂ ਸਰੋਤਿਆਂ ਦੀ ਨਜ਼ਰ ਕੀਤੀਆਂ।





ਇਸ ਕਵੀ ਦਰਬਾਰ ਵਿਚ ਈਸ਼ਰ ਸਿੰਘ ਮੋਮਨ, ਮਾਸਟਰ ਰਿੰਕੂ, ਪ੍ਰਮਿੰਦਰ ਸਿੰਘ ਪਰਵਾਨਾ, ਨਵਨੀਤ ਕੌਰ ਪੰਨੂ, ਚਰਨਜੀਤ ਸਿੰਘ ਪੰਨੂ, ਤਰਸੇਮ ਸਿੰਘ ਸੁੰਮਨ, ਡਾ. ਗੁਰਮੀਤ ਸਿੰਘ ਬਰਸਾਲ, ਡਾ. ਆਹਲਾ ਸਿੰਘ, ਕੁਲਦੀਪ ਸਿੰਘ ਢੀਂਡਸਾ, ਪ੍ਰੋ. ਸੁਰਜੀਤ ਸਿੰਘ ਨਨੂਆ, ਅਵਤਾਰ ਸਿੰਘ, ਨੀਲਮ ਸੈਣੀ ਅਤੇ ਪਰਮਜੀਤ ਸਿੰਘ ਦਾਖਾ ਸ਼ਾਮਲ ਹੋਏ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਸੁਖਦੇਵ ਸਿੰਘ ਬੈਣੀਪਾਲ ਨੇ ਕਵੀ ਦਰਬਾਰ ਵਿਚ ਹਿੱਸਾ ਲੈਣ ਵਾਲੇ ਸਮੂਹ ਕਵੀ ਸੱਜਣਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬੀ ਸਾਹਿਤ ਸਭਾ ਬੇਏਰੀਆ ਦੇ ਸਹਿਯੋਗ ਨਾਲ ਗੁਰਦੁਆਰਾ ਸੈਨ ਹੋਜ਼ੇ ਵਿਚ ਕਰਵਾਇਆ ਗਿਆ ਇਹ ਤੀਜਾ ਕਵੀ ਦਰਬਾਰ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਕਵੀਆਂ ਨੂੰ ਗੁਰੂ ਘਰ ਦੀ ਤਰਫੋਂ ਸਿਰਪਾਓ ਦੀ ਬਖਸ਼ਿਸ਼ ਕੀਤੀ ਗਈ।

## ਬਰਤਾਨੀਆ ਵਿਚ ਹਰ 8ਵਾਂ ਬੰਦਾ ਪਰਵਾਸੀ

**ਲੰਡਨ:** ਬਰਤਾਨੀਆ ਵਿਚ ਪਰਵਾਸੀਆਂ ਦੀ ਗਿਣਤੀ 70 ਲੱਖ ਤੋਂ ਉਪਰ ਹੋ ਗਈ ਹੈ। ਇਸ ਤਰ੍ਹਾਂ ਦੇਸ਼ ਵਿਚ 8 ਬਰਤਾਨਵੀਆਂ ਵਿਚੋਂ ਇਕ ਪਰਵਾਸੀ ਹੈ। ਇਨ੍ਹਾਂ ਨਵੇਂ ਅੰਕੜਿਆਂ ਨਾਲ ਸਰਕਾਰ ਦਾ ਫਿਕਰ ਵਧ ਗਿਆ ਹੈ।

ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਵੱਲੋਂ 2015 ਤੱਕ ਦੇਸ਼ ਵਿਚ ਪਰਵਾਸੀਆਂ ਦੀ ਆਮਦ 'ਤੇ ਰੋਕ ਲਾਉਣ ਲਈ ਨੀਤੀ ਬਣਾਈ ਗਈ ਹੈ ਜਦਕਿ ਦੇਸ਼ ਵਿਚ ਪਹਿਲਾਂ ਤੋਂ ਮੌਜੂਦ ਪਰਵਾਸੀਆਂ ਦੀ ਜਨਮ ਦਰ ਮੂਲ ਵਾਸੀਆਂ ਨਾਲੋਂ ਵੱਧ ਹੈ।

# ਐਨ ਆਰ ਆਈ ਸਭਾ ਵਲੋਂ ਕਬੱਡੀ ਮੇਲਾ ਅਕਤੂਬਰ ਮਹੀਨੇ



**ਬੇਕਰਜ਼ਫੀਲਡ (ਮਾਨ ਮਨਦੀਪ):** ਐਨ ਆਰ ਆਈ ਸਭ, ਅਮਰੀਕਾ ਵਲੋਂ ਇਥੇ ਇਕ ਕਬੱਡੀ ਮੇਲਾ ਅਕਤੂਬਰ ਮਹੀਨੇ ਕਰਵਾਇਆ ਜਾਵੇਗਾ। ਇਸ ਮੇਲੇ ਦਾ ਮਨੋਰਥ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਨਾਲ ਜੋੜਨਾ ਹੈ। ਇਸ ਸਬੰਧੀ ਫੈਸਲਾ ਸਭਾ ਦੀ ਇਥੇ ਹੋਈ ਇਕ ਮੀਟਿੰਗ ਵਿਚ ਕੀਤਾ ਗਿਆ।

ਸਭਾ ਦੀ ਮੀਟਿੰਗ ਵਿਚ ਪਿਛਲੇ ਦਿਨੀਂ ਪੰਜਾਬ ਵਿਚ ਇਕ ਸੜਕ ਹਾਦਸੇ ਵਿਚ ਮਾਰੇ ਗਏ ਬਾਬਾ ਗੁਰਮੁਖ ਸਿੰਘ ਅਜਨਾਲਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਭਾ ਦੇ ਪ੍ਰਧਾਨ ਜੋਬਨਜੀਤ ਸਿੰਘ ਬੌਬੀ ਨੇ ਸਮੂਹ ਗੁਰੂ ਘਰਾਂ ਦੀਆਂ ਕਮੇਟੀਆਂ ਤੇ ਸੰਸਥਾਵਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਰਲ ਮਿਲ ਕੇ ਭਾਈ ਅਜਨਾਲਾ ਦੇ ਪਰਿਵਾਰ ਲਈ 50 ਹਜ਼ਾਰ ਡਾਲਰ ਦੀ ਮਾਲੀ ਮਦਦ ਜੁਟਾਈ। ਇਹ ਰਕਮ ਜਲਦ ਹੀ ਗੁਰੂ ਅੰਗਦ ਦਰਬਾਰ ਦੇ ਮੁੱਖ ਸੇਵਾਦਾਰ ਭਾਈ ਸੁਖਬੀਰ ਸਿੰਘ ਸੰਧੂ ਵਲੋਂ ਭਾਈ ਅਜਨਾਲਾ ਦੇ ਪਰਿਵਾਰ ਨੂੰ ਭੇਟ ਕੀਤੀ ਜਾਵੇਗੀ।

ਸ੍ਰੀ ਬੌਬੀ ਨੇ ਇਹ ਵੀ ਕਿਹਾ ਕਿ ਐਨ ਆਰ ਆਈ ਸਭਾ ਬੇਕਰਜ਼ਫੀਲਡ ਵਿਚ ਪੰਜਾਬੀਆਂ ਦਾ ਆਪਣਾ ਫਿਊਨਰਲ ਹੋਮ ਬਣਾਉਣ ਸਬੰਧੀ ਸਮੂਹ ਗੁਰੂ ਘਰਾਂ ਦੀਆਂ ਕਮੇਟੀਆਂ, ਸੰਸਥਾਵਾਂ ਅਤੇ ਕਲੱਬਾਂ ਦੀ ਇਕ ਮੀਟਿੰਗ ਦਾ ਪ੍ਰਬੰਧ ਕਰੇਗੀ ਜਿਸ ਵਿਚ ਆਉਣ ਵਾਲੇ ਚਾਰ ਸਾਲਾਂ ਅੰਦਰ ਫਿਊਨਰਲ ਹੋਮ ਬਣਾਉਣ ਬਾਰੇ ਵਿਚਾਰ ਕੀਤੀ ਜਾਏਗੀ। ਐਨ ਆਰ ਆਈ ਸਭਾ ਵਲੋਂ ਇਸ ਸਬੰਧੀ ਪਹਿਲਾਂ ਹੀ ਯਤਨ ਅਰੰਭੇ ਜਾ ਚੁਕੇ ਹਨ। ਸਭਾ ਵਲੋਂ ਗੁਰੂ ਅੰਗਦ ਦਰਬਾਰ ਦੇ ਨਵੇਂ ਬਣ ਰਹੇ ਪਾਰਕਿੰਗ ਲਾਟ ਲਈ ਇਕ ਲੱਖ ਡਾਲਰ ਦੀ ਰਕਮ ਗੁਰੂ ਘਰ ਨੂੰ ਦਿੱਤੀ ਜਾ ਚੁਕੀ ਹੈ ਅਤੇ ਅਤੇ ਬਾਕੀ ਪੰਜਾਹ ਹਜ਼ਾਰ ਡਾਲਰ ਦੀ ਰਕਮ ਵੀ ਜਲਦ ਹੀ ਗੁਰੂ ਘਰ ਨੂੰ ਦੇ ਦਿਤੀ ਜਾਵੇਗੀ। ਸ੍ਰੀ ਬੌਬੀ ਨੇ ਕਿਹਾ ਕਿ ਸਭਾ ਵਲੋਂ ਪਰਵਾਸੀ ਪੰਜਾਬੀਆਂ ਦੀਆਂ ਸਮਸਿਆਵਾਂ ਦੇ ਹੱਲ ਲਈ ਯਤਨ ਨਿਰੰਤਰ ਜਾਰੀ ਹਨ ਅਤੇ ਕਈ ਸੱਜਣਾਂ ਦੀਆਂ ਸਮਸਿਆਵਾਂ ਹੱਲ ਵੀ ਕੀਤੀਆਂ ਜਾ ਚੁਕੀਆਂ ਹਨ।











ਦੇਸੀ ਵਰਲਡ ਰੇਡੀਓ ਵਲੋਂ ਪੇਸ਼ ਹੈ

ਦੁਨੀਆਂ ਦਾ ਪਹਿਲਾ ਖਾਲਸ




ਦੇਸੀ ਰੇਡੀਓ

ਜਿਸ ਰਾਹੀਂ ਤੁਸੀਂ ਆਪਣੀ ਮਨ ਪਸੰਦ ਦਾ ਰੇਡੀਓ ਸੁਣ ਸਕਦੇ ਹੋ।
35000 ਤੋਂ ਵੱਧ ਰੇਡੀਓ ਸਟੇਸ਼ਨਾਂ ਨਾਲ ਲੈਸ,
WIFI ਇੰਟਰਨੈਟ ਰੇਡੀਓ 24 ਘੰਟੇ

*ਹਰਿਮੰਦਰ ਸਾਹਿਬ ਤੋਂ ਸ਼ਬਦ ਕੀਰਤਨ ਸੁਣੋ। ਇਸ ਤੋਂ ਇਲਾਵਾ 27 ਹੋਰ ਧਾਰਮਿਕ ਸਟੇਸ਼ਨ ਜਿਥੋਂ ਲਗਾਤਾਰ ਕਥਾ ਕੀਰਤਨ ਸੁਣੇ ਜਾ ਸਕਦੇ ਹਨ। ਪੰਜਾਬੀ ਗੀਤ-ਸੰਗੀਤ, ਖਬਰਾਂ ਤੇ ਚਲੰਤ ਮਾਮਲਿਆਂ ਉਤੇ ਪ੍ਰੋਗਰਾਮ 125 ਤੋਂ ਵੱਧ ਰੇਡੀਓ ਸਟੇਸ਼ਨਾਂ 'ਤੇ ਸੁਣੋ

*ਭਾਰਤ, ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਰੇਡੀਓ ਸਟੇਸ਼ਨ ਸੁਣੋ। ਰੇਡੀਓ ਹਮਸਫਰ, ਸ਼ੇਰੇ ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪਰਦੇਸ, ਸਾਡੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਦੇਸੀ ਰੇਡੀਓ, ਅੰਮ੍ਰਿਤ ਬਾਣੀ, ਬੀ ਬੀ ਸੀ ਹਿੰਦੀ, ਆਕਾਸ਼ਵਾਣੀ, ਪੰਜਾਬੀ ਰੇਡੀਓ, ਸ਼ਬਨਮ ਰੇਡੀਓ, ਢੋਲ ਰੇਡੀਓ ਅਤੇ ਹੋਰ ਹਿੰਦੀ, ਉਰਦੂ ਅਤੇ ਮਨਪਸੰਦ ਜ਼ੁਬਾਨਾਂ ਦੇ ਸੈਂਕੜੇ ਹੀ ਰੇਡੀਓ ਸੁਣੋ।

*ਰੇਡੀਓ ਰਿਮੋਰਟ ਕੰਟਰੋਲ ਨਾਲ ਉਪਲਬਧ *ਰੇਡੀਓ ਵਰਤਣਾ ਬਹੁਤ ਹੀ ਆਸਾਨ *ਰੇਡੀਓ ਵਿਚ ਦੋ ਅਲਾਰਮ ਹਨ-ਹਰਿਮੰਦਰ ਸਾਹਿਬ ਜਾਂ ਕੋਈ ਵੀ ਹੋਰ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਸੁਣ ਸਕਦੇ ਹੋ।

Punjabi, Hindi, Urdu, Fijian, South Indian Radio Stations.

ਡੀਲਰਸ਼ਿਪ ਲੈ ਕੇ ਚੰਗੇ ਪੈਸੇ ਕਮਾਓ

*ਇੰਡੀਅਨਐਪੋਲਿਸ ਵਿਚ ਦੇਸੀ ਰੇਡੀਓ*
*Desi Bazar, 916 E. Main Street #118, Greenwood, IN (Tel: 317-888-2040)*
'ਤੇ ਉਪਲਬਧ ਹੈ

ਆਰਡਰ ਕਰਨ 'ਤੇ ਤੀਜੇ ਦਿਨ ਰੇਡੀਓ ਤੁਹਾਡੇ ਕੋਲ ਪਹੁੰਚੇਗਾ

ਹੋਰ ਜਾਣਕਾਰੀ ਲਈ
www.desiworldradio.com, info@desiworldradio.com
Toll Free Number: 1-800-604-6024

# ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ



ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀ ਸਾਧ ਸੰਗਤ ਵਲੋਂ ਕੁਲ ਜਗਤ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ 18 ਸਤੰਬਰ 2011 ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।

## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

**16 ਸਤੰਬਰ 2011:** ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
**18 ਸਤੰਬਰ 2011:** ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਉਪਰੰਤ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ

*ਛੋਲੇ ਭਠੂਰਿਆਂ ਅਤੇ ਗਰਮਾ ਗਰਮ ਜਲੇਬੀਆਂ ਦਾ ਵਿਸ਼ੇਸ਼ ਲੰਗਰ ਅਤੁੱਟ ਵਰਤੇਗਾ।*



ਫੋਟੋ:ਮੀਕਾ ਸਟੂਡੀਓ

ਭਾਈ ਗੁਰਮੇਲ ਸਿੰਘ ਬਾਠ, ਭਾਈ ਗੁਰਮੀਤ ਸਿੰਘ ਖਾਲਸਾ, ਰਾਣਾ ਕਾਹਲੋਂ, ਰਵੀਇੰਦਰ ਸਿੰਘ ਰੰਧਾਵਾ, ਹਰਕੰਵਲ ਸਿੰਘ ਕਾਹਲੋਂ, ਗੁਰਦੇਵ ਸਿੰਘ ਕਾਹਲੋਂ, ਗੁਰਮੇਜ ਸਿੰਘ, ਦਵਿੰਦਰ ਸਿੰਘ, ਭੁਪਿੰਦਰ ਸਿੰਘ ਬੋਪਾਰਾਏ, ਸੁਖਵਿੰਦਰ ਸਿੰਘ ਬੋਪਾਰਾਏ, ਜਸਵਿੰਦਰ ਸਿੰਘ ਬੋਪਾਰਾਏ, ਬਾਲੀ ਸਿੰਘ ਬੋਪਾਰਾਏ, ਸਤਵੀਰ ਸਿੰਘ, ਵਿਕਰਮ ਸਿੰਘ, ਗੁਰਪ੍ਰੀਤ ਸਿੰਘ ਚੀਮਾ, ਬਲਜੀਤ ਸਿੰਘ (ਸਾਰੇ ਪਿੰਡ ਕਾਲਾ ਅਫਗਾਨਾ), ਮਨਦੀਪ ਸਿੰਘ ਰੂਪੋਵਾਲੀ, ਗੁਰਿੰਦਰ ਸਿੰਘ ਬਸਰਾ, ਨਰਿੰਦਰ ਸਿੰਘ ਢਿੱਲੋਂ, ਸੁਖਬੀਰ ਸਿੰਘ ਨੰਗਲ ਕਾਦੀਆਂ, ਮੇਜਰ ਸਿੰਘ, ਤਰਲੋਕ ਸਿੰਘ, ਨਿਰਮਲ ਸਿੰਘ ਸਰਪੰਚ, ਹਰਿੰਦਰ ਸਿੰਘ ਕਾਹਲੋਂ, ਅਮਰਵੀਰ ਸਿੰਘ ਕਾਹਲੋਂ, ਅਮਰੀਕ ਸਿੰਘ ਕਾਹਲੋਂ (ਸਾਰੇ ਪਿੰਡ ਸਾਰਚੂਰ), ਮਲਵਿੰਦਰ ਸਿੰਘ ਪਠਾਨਕੋਟ, ਹਰਮਿੰਦਰ ਸਿੰਘ ਸੋਢੀ, ਇੰਦਰਜੀਤ ਸਿੰਘ ਖਾਲਸਾ, ਅਮਰਜੀਤ ਸਿੰਘ ਗਿੱਲ, ਸਰਬਜੀਤ ਸਿੰਘ ਨਾਥਪੁਰ, ਅਜੀਤ ਸਿੰਘ ਸ਼ੰਕਰਪੁਰਾ, ਹਰਜੀਤ ਸਿੰਘ ਖੋਖਰ, ਡਾ. ਸਰੂਪ ਸਿੰਘ ਮਾਂਗਟ, ਨਿਸ਼ਾਨ ਸਿੰਘ (ਫਤਿਹਗੜ੍ਹ ਚੂੜੀਆਂ), ਰਾਜਵੰਤ ਸਿੰਘ ਸਰਫਕੋਟ, ਜੋਗਿੰਦਰ ਸਿੰਘ ਕਾਹਲੋਂ, ਨਿਰਵੈਰ ਸਿੰਘ ਭਾਗੋਵਾਲ, ਸੂਬਾ ਸਿੰਘ ਜੱਫਰਵਾਲ, ਨੀਟਾ ਸਿੰਘ ਦਿਆਲਗੜ੍ਹ, ਜਗੀਰ ਸਿੰਘ, ਮਨਜੀਤ ਸਿੰਘ, ਸਾਧਾ ਸਿੰਘ, ਕਮਲ ਸਿੰਘ ਗੋਲਡੀ, ਗੁਰਵਿੰਦਰ ਸਿੰਘ ਖੋਖਰ, ਸਤਨਾਮ ਸਿੰਘ ਵਾਵਦਪੁਰ, ਸੁਖਵਿੰਦਰ ਸਿੰਘ ਨਬੀਪੁਰ, ਭਾਈ ਦਲਜੀਤ ਸਿੰਘ ਸਟਾਕਟਨ, ਬਲਜੀਤ ਸਿੰਘ ਚਾਹਲਕਲਾਂ, ਬਲਜੀਤ ਸਿੰਘ ਰਾਜਾ, ਪ੍ਰਿੰ. ਪ੍ਰੀਤਮ ਸਿੰਘ ਨਾਹਲ, ਪਰਮਿੰਦਰ ਸਿੰਘ (ਰਣਸੀਂਹਕੇ), ਓ ਪੀ ਕਾਦੀਆਂ, ਜਤਿੰਦਰ ਸਿੰਘ ਸਾਹਬਾਜ, ਸਤਿੰਦਰ ਸਿੰਘ ਖੁਸ਼ਹਾਲਪੁਰ, ਲਖਬੀਰ ਸਿੰਘ ਢਕੋਹਾ, ਜਸਮੇਲ ਸਿੰਘ ਕਾਸ਼ਤੀਵਾਲ, ਜਸਪ੍ਰੀਤ ਸਿੰਘ ਵਿਰਕ, ਸੁਖਵਿੰਦਰ ਸਿੰਘ ਥਾਣਾ, ਅੰਮ੍ਰਿਤ ਸਿੰਘ ਬਟਾਲਾ, ਬਲਵੰਤ ਸਿੰਘ ਕਾਹਲਵਾਂ, ਸਵਿੰਦਰ ਸਿੰਘ ਛੀਨਾ, ਬਿਕਰਮਜੀਤ ਸਿੰਘ ਦਾਦੂਬੋਧ, ਸੁਰਿੰਦਰ ਸਿੰਘ ਖੱਤੀਬਾ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਭੁਪਿੰਦਰ ਸਿੰਘ ਚੀਮਾ ਫੋਨ 408-203-8054
ਬਲਜਿੰਦਰ ਸਿੰਘ ਸਾਰਚੂਰ ਫੋਨ 510-461-2219
ਨੀਟੂ ਸਿੰਘ ਕਾਹਲੋਂ ਫੋਨ 408-398-1474
ਹਰਪਾਲ ਸਿੰਘ ਚਾਹਲ ਫੋਨ 408-981-2842

ਕੁਲਵਿੰਦਰ ਸਿੰਘ ਰੂਪੋਵਾਲੀ ਫੋਨ 408-892-8147
ਅਰਵਿੰਦ ਸਿੰਘ ਫੋਨ 408-300-2500
ਮੁੱਖ ਗ੍ਰੰਥੀ ਭਾਈ ਮਹਿੰਦਰ ਸਿੰਘ ਬਾਜਵਾ
ਫੋਨ 408-274-9373

## Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com

# ਇਰਾਕ 'ਚ ਪੰਜਾਬੀ ਨੌਜਵਾਨਾਂ ਦਾ ਭਾਅ 400 ਡਾਲਰ!

**ਜਲੰਧਰ (ਪੰਜਾਬ ਟਾਈਮਜ਼ ਬਿਊਰੋ):** ਇਰਾਕ 'ਚ ਪੰਜਾਬੀ ਨੌਜਵਾਨਾਂ ਦਾ ਭਾਅ 400 ਡਾਲਰ ਹੈ। ਇਹ ਖੁਲਾਸਾ ਕਿਸੇ ਤਰ੍ਹਾਂ ਬਚ ਕੇ ਇਥੇ ਆਏ ਨੌਜਵਾਨਾਂ ਨੇ ਕੀਤਾ ਹੈ। ਧੋਖੇਬਾਜ਼ ਟਰੈਵਲ ਏਜੰਟ ਇਥੋਂ ਨੌਜਵਾਨਾਂ ਨੂੰ ਰੁਜ਼ਗਾਰ ਦਿਵਾਉਣ ਦਾ ਲਾਲਚ ਦੇ ਕੇ ਇਰਾਕ 'ਚ ਲੈ ਜਾਂਦੇ ਹਨ ਤੇ ਉਥੇ ਇਨ੍ਹਾਂ ਨੂੰ 400 ਤੋਂ 600 ਡਾਲਰ 'ਚ ਵੇਚ ਦਿੰਦੇ ਹਨ। ਇਨ੍ਹਾਂ ਨੌਜਵਾਨਾਂ ਤੋਂ ਖ਼ਤਰਨਾਕ ਕੰਮ ਕਰਵਾਇਆ ਜਾਂਦਾ ਹੈ ਤੇ ਇਨਕਾਰ ਕਰਨ 'ਤੇ ਤਸੀਹੇ ਦਿੱਤੇ ਜਾਂਦੇ ਹਨ। ਉਨ੍ਹਾਂ ਕਈ-ਕਈ ਦਿਨ ਭੁੱਖੇ ਰੱਖਿਆ ਜਾਂਦਾ ਹੈ। ਇਰਾਕ 'ਚ ਸੈਂਕੜੇ ਪੰਜਾਬੀ ਨੌਜਵਾਨ ਇਸ ਚੱਕਰਵਿਊ 'ਚ ਫਸੇ ਹੋਏ ਹਨ ਪਰ ਪੰਜਾਬ ਤੇ ਭਾਰਤ ਸਰਕਾਰ ਨੇ ਅਜੇ ਤੱਕ ਕੋਈ ਚਾਰਾਜੋਈ ਨਹੀਂ ਕੀਤੀ।

ਟਰੈਵਲ ਏਜੰਟਾਂ ਵੱਲੋਂ ਧੋਖਾਧੜੀ ਕਰਕੇ ਇਰਾਕ ਵਿਚ ਵੇਚੇ ਗਏ ਪੰਜਾਬੀ ਨੌਜਵਾਨਾਂ ਵਿਚੋਂ ਪੰਜ ਨੌਜਵਾਨ 23 ਦਿਨਾਂ ਬਾਅਦ ਇਰਾਕ ਤੋਂ ਵਾਪਸ ਪੰਜਾਬ ਆ ਗਏ ਹਨ। ਭੋਗਪੁਰ ਨੇੜਲੇ ਪਿੰਡ ਖੋਜਪੁਰ ਦੇ ਦੋ ਨੌਜਵਾਨਾਂ ਰਿਪਨ ਕੁਮਾਰ ਪੁੱਤਰ ਤਰਸੇਮ ਲਾਲ ਤੇ ਪ੍ਰੇਮ ਪਾਲ ਪੁੱਤਰ ਮਹਿੰਦਰ ਲਾਲ ਨੇ ਦੱਸਿਆ ਕਿ ਭੋਗਪੁਰ ਦੇ ਏਜੰਟ ਤਰਸੇਮ ਬੱਧਣ ਵਾਸੀ ਮਾਣਕਢੇਰੀ ਵੱਲੋਂ ਉਨ੍ਹਾਂ ਕੋਲੋਂ ਦੋ-ਦੋ ਲੱਖ ਰੁਪਏ ਲੈ ਕੇ ਇਰਾਕ ਕਾਰਪੈਂਟਰ ਦੇ ਕੰਮ ਲਈ ਭੇਜਿਆ ਗਿਆ ਤੇ ਕਿਹਾ ਸੀ ਕਿ ਕਲਕ ਨਾਂ ਦੀ ਕੰਪਨੀ ਵਿਚ ਉਨ੍ਹਾਂ ਨੂੰ 600 ਡਾਲਰ ਪ੍ਰਤੀ ਮਹੀਨਾ ਮਿਲਣਗੇ।

ਉਹ 3 ਅਗਸਤ ਨੂੰ ਦਿੱਲੀ ਹਵਾਈ ਅੱਡੇ ਤੋਂ ਚੱਲੇ ਤੇ ਇਰਾਕ ਹਵਾਈ ਅੱਡੇ ਤੋਂ ਇਕ ਬੱਸ ਰਾਹੀਂ ਉਨ੍ਹਾਂ ਨੂੰ ਪਹਿਲਾਂ ਇਕ ਹੋਟਲ ਤੇ ਬਾਅਦ ਵਿਚ ਇਕ ਮਕਾਨ ਵਿਚ ਲਿਜਾਇਆ ਗਿਆ। ਉਨ੍ਹਾਂ ਦੱਸਿਆ ਕਿ ਏਜੰਟ ਨੇ ਉਨ੍ਹਾਂ ਨੂੰ 400 ਡਾਲਰ ਵਿਚ ਇਰਾਕ ਦੇ ਏਜੰਟ ਅਰਜਨ ਤੇ ਮੁਹੰਮਦ ਕੋਲ ਵੇਚ ਦਿੱਤਾ ਸੀ ਜਿਨ੍ਹਾਂ ਨੇ ਉਨ੍ਹਾਂ ਨੂੰ ਅਗਾਂਹ 600 ਡਾਲਰ 'ਚ ਵੇਚ ਦਿੱਤਾ। ਨੌਜਵਾਨਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਜੰਗ ਦੇ ਮੈਦਾਨ ਵਿਚੋਂ ਹਥਿਆਰਾਂ, ਬੰਬ ਤੇ ਕੂੜਾ ਸਾਫ ਕਰਨ ਲਈ ਵਰਤਿਆ ਗਿਆ ਤੇ ਬੰਬ ਹੱਥਾਂ ਵਿਚ ਫਟਣ ਦੇ ਡਰ ਕਰਕੇ ਕੰਮ ਕਰਨ ਤੋਂ ਇਨਕਾਰ ਕਰਨ 'ਤੇ ਪੰਜਾਬੀ ਨੌਜਵਾਨਾਂ ਦੀ ਡੰਡਿਆਂ ਨਾਲ ਕੁੱਟਮਾਰ ਕੀਤੀ ਜਾਂਦੀ ਸੀ।

ਇਨ੍ਹਾਂ ਨੌਜਵਾਨਾਂ ਨੇ ਕਿਹਾ ਕਿ ਉਨ੍ਹਾਂ ਨੂੰ 5-6 ਦਿਨਾਂ ਬਾਅਦ ਬਦਬੂ ਵਾਲੇ ਚੌਲ ਹੀ ਖਾਣ ਨੂੰ ਮਿਲਦੇ ਸਨ ਤੇ ਪਾਣੀ ਵੀ ਕੌੜਾ ਤੇ ਦਵਾਈ ਵਾਲਾ ਦਿੱਤਾ ਜਾਂਦਾ ਸੀ ਜੋ ਪੀਂਦੇ ਸਾਰ ਹੀ ਉਲਟੀ ਆ ਜਾਂਦੀ ਸੀ। ਪੀੜਤ ਨੌਜਵਾਨਾਂ ਨੇ ਦੱਸਿਆ ਕਿ ਉਨ੍ਹਾਂ ਦੇ ਵਿਰੋਧ ਕਰਨ 'ਤੇ ਉਨ੍ਹਾਂ ਦੀਆਂ ਬਾਹਾਂ 'ਤੇ ਸਿਗਰਟਾਂ ਲਾ ਦਿੱਤੀਆਂ ਜਾਂਦੀਆਂ ਸਨ ਜਿਨ੍ਹਾਂ ਦੇ ਨਿਸ਼ਾਨ ਅਜੇ ਵੀ ਮੌਜੂਦ ਹਨ। ਨੌਜਵਾਨਾਂ ਨੇ ਦੱਸਿਆ ਕਿ ਉਹ ਦਲਾਲਾਂ ਦੇ ਚੁੰਗਲ ਤੋਂ ਕਿਸੇ ਤਰ੍ਹਾਂ ਭਾਰਤ ਦੇ ਦੂਤਘਰ ਪਹੁੰਚੇ ਜਿਥੇ ਉਹ ਆਪਣੇ ਪਰਿਵਾਰਾਂ ਕੋਲੋਂ ਟਿਕਟਾਂ ਮੰਗਵਾ ਕੇ ਬੜੀ ਮੁਸ਼ਕਲ ਨਾਲ ਮੁੜ 25 ਅਗਸਤ ਨੂੰ ਸ਼ਾਮ ਭਾਰਤ ਪਹੁੰਚੇ ਹਨ। ਪੀੜਤ ਨੌਜਵਾਨਾਂ ਨੇ ਦੱਸਿਆ ਕਿ ਉਨ੍ਹਾਂ ਨਾਲ ਜਾਜਾ ਵਾਸੀ ਰਵਿੰਦਰ ਸਿੰਘ, ਪ੍ਰਦੀਪ ਸਿੰਘ ਤਲਵਾੜਾ ਤੇ ਜ਼ੋਰਾਵਰ ਸਿੰਘ ਭੁੰਗਾ ਹਰਿਆਣਾ ਵੀ ਆਏ ਹਨ ਜਦਕਿ ਅਜੇ ਸੈਂਕੜੇ ਨੌਜਵਾਨ ਇਰਾਕ ਵਿਚ ਫਸੇ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਹਨ।

ਪੰਜਾਬ ਦੀਆਂ ਕਈ ਜਥੇਬੰਦੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਧੋਖੇਬਾਜ਼ ਟਰੈਵਲ ਏਜੰਟਾਂ ਦੇ ਲਾਇਸੰਸ ਰੱਦ ਕਰਕੇ ਇਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ ਤੇ ਇਰਾਕ ਦੇ ਵੀਜ਼ੇ ਬੰਦ ਕੀਤੇ ਜਾਣ।

# ਹੁਣ ਨਾਂ ਬਦਲ ਕੇ ਨਹੀਂ ਬਣ ਸਕੇਗਾ ਪਾਸਪੋਰਟ

**ਚੰਡੀਗੜ੍ਹ:** ਵਿਦੇਸ਼ ਮੰਤਰਾਲੇ ਦੀ ਸਖਤੀ ਤੋਂ ਬਾਅਦ ਹੁਣ ਕੋਈ ਵੀ ਇਕ ਤੋਂ ਜ਼ਿਆਦਾ ਪਾਸਪੋਰਟ ਨਹੀਂ ਬਣਾ ਸਕੇਗਾ ਤੇ ਦੋਹਰੇ ਪਾਸਪੋਰਟ ਬਣਨ ਦਾ ਕੰਮ ਬਿਲਕੁਲ ਖਤਮ ਹੋ ਜਾਵੇਗਾ ਕਿਉਂਕਿ ਪਾਸਪੋਰਟ ਸੇਵਾ ਕੇਂਦਰਾਂ ਵਿਚ ਪਾਸਪੋਰਟ ਅਪਲਾਈ ਕਰਨ ਸਮੇਂ ਖਾਸ ਮਸ਼ੀਨ ਰਾਹੀਂ ਅੱਖਾਂ ਦੀ ਤਸਵੀਰਾਂ ਲੈਣ ਤੋਂ ਇਲਾਵਾ ਉਂਗਲੀਆਂ ਦੇ ਨਿਸ਼ਾਨ ਵੀ ਮਸ਼ੀਨ ਰਾਹੀਂ ਲਏ ਜਾਣਗੇ।

ਅਕਤੂਬਰ ਵਿਚ ਸ਼ੁਰੂ ਹੋ ਰਹੇ ਪਾਸਪੋਰਟ ਸੇਵਾ ਕੇਂਦਰਾਂ ਵਿਚ ਨਵੇਂ ਪਾਸਪੋਰਟ ਹੁਣ ਆਨਲਾਈਨ ਭਰ ਕੇ ਬਣਨ ਦਾ ਕੰਮ ਸ਼ੁਰੂ ਹੋ ਜਾਵੇਗਾ। ਸੂਤਰਾਂ ਅਨੁਸਾਰ ਉਂਗਲਾਂ ਦੇ ਨਿਸ਼ਾਨ ਲੈਣ ਦੀ ਕਾਰਵਾਈ ਨਾਲ ਲੋਕਾਂ ਵੱਲੋਂ ਨਾਂ ਬਦਲ ਕੇ ਪਾਸਪੋਰਟ ਬਣਾਉਣ ਦਾ ਕੰਮ ਬੰਦ ਹੋ ਜਾਏਗਾ। ਪਹਿਲਾਂ ਕਈ ਵਿਅਕਤੀ ਨਾਂ ਬਦਲ ਕੇ ਇਕ ਤੋਂ ਜ਼ਿਆਦਾ ਪਾਸਪੋਰਟ ਬਣਵਾ ਲੈਂਦੇ ਸਨ ਪਰ ਹੁਣ ਜਦੋਂ ਕੋਈ ਵਿਅਕਤੀ ਆਪਣਾ ਨਾਂ ਬਦਲ ਕੇ ਮੁੜ ਪਾਸਪੋਰਟ ਬਣਾਉਣ ਸਮੇਂ ਆਪਣੀਆਂ ਉਂਗਲਾਂ ਦੇ ਨਿਸ਼ਾਨ ਦੇਵੇਗਾ ਤਾਂ ਉਸ ਦੇ ਪਹਿਲਾਂ ਲਏ ਉਂਗਲਾਂ ਦੇ ਨਿਸ਼ਾਨ ਸਾਹਮਣੇ ਆ ਜਾਣਗੇ। ਇਸ ਤੋਂ ਪਹਿਲਾਂ ਪਾਸਪੋਰਟ ਦਫ਼ਤਰਾਂ ਵਿਚ ਹਰ ਸਾਲ ਸੈਂਕੜੇ ਕੇਸ ਇਹੋ ਜਿਹੇ ਆਉਂਦੇ ਹਨ ਕਿ ਲੋਕਾਂ ਨੇ ਇਕ ਤੋਂ ਜ਼ਿਆਦਾ ਪਾਸਪੋਰਟ ਬਣਵਾਏ ਹੋਏ ਸਨ। ਜੇਕਰ ਕਿਸੇ ਵਿਅਕਤੀ ਦੇ ਪਾਸਪੋਰਟ 'ਤੇ ਵੀਜ਼ਾ ਨਹੀਂ ਲੱਗਦਾ ਹੈ ਤਾਂ ਲੋਕ ਆਪਣਾ ਨਾਂ ਬਦਲ ਕੇ ਹੋਰ ਪਾਸਪੋਰਟ ਲੈ ਕੇ ਵੀਜ਼ਾ ਅਪਲਾਈ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਜੇਕਰ ਉਹ ਆਪਣੇ ਰੱਦ ਹੋਏ ਵੀਜ਼ੇ ਵਾਲਾ ਪਾਸਪੋਰਟ ਲੈ ਕੇ ਦੂਤਘਰ ਗਏ ਤਾਂ ਉਨ੍ਹਾਂ ਨੂੰ ਵੀਜ਼ਾ ਨਹੀਂ ਮਿਲੇਗਾ।

# ਕਤਲ ਕੇਸ 'ਚ ਭਗੌੜਾ ਪੰਜਾਬੀ ਗ੍ਰਿਫਤਾਰ



**ਚੰਡੀਗੜ੍ਹ:** ਤਕਰੀਬਨ ਦਹਾਕਾ ਪਹਿਲਾਂ ਵੈਨਕੂਵਰ ਦੀ 18 ਸਾਲਾ ਪੰਜਾਬਣ ਦੇ ਕਤਲ 'ਚ ਮੁਲਜ਼ਮ ਪੰਜਾਬੀ ਨੂੰ ਅਮਰੀਕਾ ਦੀ ਪੁਲਿਸ ਨੇ ਲਾਸ ਏਂਜਲਸ ਵਿਚ ਫੜ੍ਹ ਲਿਆ ਹੈ। 33 ਸਾਲਾ ਨਿੰਦਰਜੀਤ ਸਿੰਘ ਨੂੰ ਹਾਲ ਹੀ ਵਿਚ ਅਮਰੀਕਾ ਦੇ ਹੋਮਲੈਂਡ ਸਕਿਊਰਟੀ ਦੀ ਗਾਰਦ ਤੇ ਸਾਂਤਾਮੋਨਿਕਾ ਦੀ ਪਲਿਸ ਨੇ ਸਾਂਝੇ ਤੌਰ 'ਤੇ ਕਾਰਵਾਈ ਕਰਦਿਆਂ 1999 ਵਿਚ ਹੋਏ ਪੂਨਮ ਰੰਧਾਵਾ ਦੇ ਕਤਲ ਕੇਸ ਵਿਚ ਕਾਬੂ ਕੀਤਾ ਹੈ।

ਵੈਨਕੂਵਰ ਪੁਲਿਸ ਅਨੁਸਾਰ ਬੀਤੇ ਦਿਨ ਉਨ੍ਹਾਂ ਉਸ ਭਗੌੜੇ ਨੂੰ ਫੜ੍ਹ ਲਿਆ ਹੈ ਜੋ ਦਹਾਕੇ ਪਹਿਲਾਂ ਪੂਨਮ ਨੂੰ ਕਤਲ ਕਰਕੇ ਉਸ ਦੀ ਲਾਸ਼ ਨੂੰ ਸੁੱਟਣ ਤੋਂ ਦੋ ਤਿੰਨ ਘੰਟੇ ਬਾਅਦ ਹੀ ਸਿਆਟਲ ਤੋਂ ਜਹਾਜ਼ ਫੜ੍ਹ ਕੇ ਲਾਸ ਏਂਜਲਸ ਭੱਜ ਗਿਆ ਸੀ। ਪੁਲਿਸ ਵੱਲੋਂ ਕਾਬੂ ਕਰਨ ਵੇਲੇ ਉਹ ਇਕ ਟਰੱਕਰ ਦਾ ਕੰਮ ਕਰਦਾ ਸੀ ਤੇ ਹੁਣ ਉਸ ਨੇ ਲੰਬੀ ਦਾਹੜੀ ਰੱਖੀ ਹੋਈ ਸੀ। ਪੁਲਿਸ ਨੇ ਟਰੱਕ ਨੂੰ ਰੋਕ ਕੇ ਕੋਈ ਟਿਕਟ ਦਿੱਤੀ ਤੇ ਬਾਅਦ ਵਿਚ ਉਂਗਲਾਂ ਦੇ ਨਿਸ਼ਾਨਾਂ ਤੋਂ ਉਸ ਦੀ ਪੁਸ਼ਟੀ ਕਰਨ ਮਗਰੋਂ ਗ੍ਰਿਫ਼ਤਾਰ ਕਰ ਲਿਆ ਗਿਆ।

ਪਛਾਣ ਬਦਲ ਕੇ ਰਹਿ ਰਹੇ ਨਿੰਦਰਜੀਤ ਨਾਲ ਉਸ ਦੀ ਪਤਨੀ ਦੋ ਬੱਚੇ ਵੀ ਹਨ ਪਰ ਉਸ ਦੀ ਘਰਵਾਲੀ ਨੂੰ ਉਸ ਦੀ ਅਸਲੀ ਪਛਾਣ ਬਾਰੇ ਪਤਾ ਨਹੀਂ ਸੀ। ਪੁਲਿਸ ਅਨੁਸਾਰ ਹੁਣ ਤੱਕ ਇਸ ਜਾਂਚ ਤੇ ਪੰਜ ਲੱਖ ਡਾਲਰ ਖਰਚੇ ਜਾ ਚੁੱਕੇ ਹਨ ਤੇ ਇਹ ਵੈਨਕੂਵਰ ਪੁਲੀਸ ਦੇ ਇਤਿਹਾਸ ਦੀ ਸਭ ਤੋਂ ਲੰਬੀ ਜਾਂਚ ਹੈ।

## ਬੱਬਰ ਖਾਲਸਾ ਇੰਟਰਨੈਸ਼ਨਲ ਦੇ ਅੱਠ ਕਾਰਕੁਨ ਬਰੀ

**ਜਲੰਧਰ:** ਅਦਾਲਤ ਨੇ ਅਮਨ-ਸ਼ਾਂਤੀ ਭੰਗ ਕਰਨ ਦੀ ਯੋਜਨਾ ਬਣਾਉਣ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਗਏ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਅੱਠ ਕਾਰਕੁਨਾਂ ਨੂੰ ਦੋਸ਼ ਸਾਬਤ ਨਾ ਹੋਣ ਕਰ ਕੇ ਬਰੀ ਕਰ ਦਿੱਤਾ ਹੈ।

28 ਸਤੰਬਰ 2009 ਨੂੰ ਦਰਜ ਹੋਏ ਕੇਸ ਮੁਤਾਬਕ ਮਨਜੀਤ ਸਿੰਘ ਉਰਫ਼ ਜੀਤਾ ਨਿਵਾਸੀ ਭੋਗਪੁਰ, ਰਣਬੀਰ ਸਿੰਘ ਉਰਫ਼ ਸਾਬੀ, ਜਸਵਿੰਦਰ ਸਿੰਘ ਉਰਫ਼ ਜੌਨੀ ਨਿਵਾਸੀ ਪਿੰਡ ਬਿਆਸ, ਦਿਨੇਸ਼ ਕੁਮਾਰ, ਕੁਲਦੀਪ ਸਿੰਘ, ਇੰਜਰਜੀਤ ਸਿੰਘ, ਲਵਪ੍ਰੀਤ ਸਿੰਘ ਤੇ ਅਮਨਦੀਪ ਸਿੰਘ 'ਤੇ ਥਾਣਾ ਭੋਗਪੁਰ 'ਚ ਆਈ.ਐਸ.ਆਈ. ਤੇ ਉਥੇ ਬੈਠੇ ਖਾੜਕੂ ਵਧਾਵਾ ਸਿੰਘ ਬੱਬਰ ਉਰਫ਼ ਚਾਚਾ ਜਗਤਾਰ ਸਿੰਘ ਉਰਫ਼ ਤਾਰਾ ਨਾਲ ਮਿਲ ਕੇ ਅਮਨ-ਸ਼ਾਂਤੀ ਭੰਗ ਕਰਨ ਦੀ ਯੋਜਨਾ ਬਣਾ ਰਹੇ ਸਨ ਤੇ ਪੁਲਿਸ ਨੇ ਇਨ੍ਹਾਂ ਨੂੰ ਕਾਬੂ ਕਰ ਲਿਆ ਸੀ। ਦੋਸ਼ ਸਾਬਤ ਨਾ ਹੋਣ 'ਤੇ ਅਦਾਲਤ ਨੇ ਇਨ੍ਹਾਂ ਨੂੰ ਬਰੀ ਕਰ ਦਿੱਤਾ ਹੈ।

# ਬਾਰਨਾਲਾ ਰਾਜ ਭਵਨ ਤੋਂ ਵਿਹਲੇ; ਸਿਆਸਤ 'ਚ ਸਰਗਰਮ



**ਚੰਡੀਗੜ੍ਹ:** ਜਥੇਦਾਰ ਸੁਰਜੀਤ ਸਿੰਘ ਬਾਰਨਾਲਾ ਰਾਜਪਾਲ ਦੇ ਅਹੁਦੇ ਤੋਂ ਵਿਹਲੇ ਹੋ ਗਏ ਹਨ ਤੇ ਹੁਣ ਸਿਆਸਤ 'ਚ ਸਰਗਰਮ ਹੋਣ ਦੀ ਤਿਆਰੀ ਕਰ ਰਹੇ ਹਨ। ਪਿਛਲੇ 11 ਸਾਲਾਂ ਤੋਂ ਵੱਖ-ਵੱਖ ਰਾਜਾਂ ਦੇ ਰਾਜਪਾਲ ਦੇ ਅਹੁਦੇ ਦਾ ਅਨੰਦ ਮਾਣਦੇ ਆ ਰਹੇ ਸ. ਸੁਰਜੀਤ ਸਿੰਘ ਬਰਨਾਲਾ ਨੂੰ ਤਾਮਿਲਨਾਡੂ ਦੇ ਰਾਜਪਾਲ ਦੇ ਅਹੁਦੇ ਤੋਂ ਵਿਹਲਾ ਕਰ ਦਿੱਤਾ ਗਿਆ ਹੈ। ਤਾਮਿਲਨਾਡੂ ਦਾ ਨਵਾਂ ਰਾਜਪਾਲ ਕੋਨੀਜੇਤੀ ਰੋਸੀਆ ਨੂੰ ਨਿਯੁਕਤ ਕੀਤੇ ਜਾਣ ਕਾਰਨ ਉਹ ਆਪਣੇ ਅਹੁਦੇ ਤੋਂ ਫਾਰਗ ਹੋ ਗਏ ਹਨ। ਰਾਜਪਾਲ ਦੇ ਅਹੁਦੇ ਤੋਂ ਫਾਰਗ ਹੋਣ ਤੋਂ ਬਾਅਦ ਹੁਣ ਸ. ਸੁਰਜੀਤ ਸਿੰਘ ਬਰਨਾਲਾ ਪੰਜਾਬ ਦੀ ਸਿਆਸਤ ਵਿਚ ਸਰਗਰਮ ਹੋਣ ਦੀ ਤਿਆਰੀ ਕਰ ਰਹੇ ਹਨ।

ਉਂਝ ਕੁਝ ਸਮਾਂ ਪਹਿਲਾਂ ਤੋਂ ਹੀ ਸ. ਬਰਨਾਲਾ ਦੀ ਪਤਨੀ ਸੁਰਜੀਤ ਕੌਰ ਬਰਨਾਲਾ ਤੇ ਉਨ੍ਹਾਂ ਦੇ ਹੋਰ ਹਮਾਇਤੀਆਂ ਵੱਲੋਂ ਅਕਾਲੀ ਦਲ (ਬਰਨਾਲਾ) ਕਾਇਮ ਕਰਨ ਸਮੇਂ ਤੋਂ ਹੀ ਸ. ਬਰਨਾਲਾ ਦੇ ਪੰਜਾਬ ਦੀ ਸਿਆਸਤ ਵਿਚ ਸਰਗਰਮ ਹੋਣ ਦੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਸਨ। ਸ. ਬਰਨਾਲਾ 1985 ਤੋਂ 87 ਤੱਕ ਪੰਜਾਬ ਦੇ ਮੁੱਖ ਮੰਤਰੀ ਵੀ ਰਹਿ ਚੁੱਕੇ ਹਨ। ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਨੇੜੇ ਹੋਣ ਕਾਰਨ ਉਨ੍ਹਾਂ ਦੀ ਪੰਜਾਬ ਵਿਚ ਵਾਪਸੀ ਹੋਰ ਵਧੇਰੇ ਅਹਿਮ ਹੈ। ਸ. ਬਰਨਾਲਾ ਸਭ ਤੋਂ ਪਹਿਲਾਂ 1990 ਵਿਚ 7 ਮਹੀਨੇ ਲਈ ਤਾਮਿਲਨਾਡੂ ਦੇ ਰਾਜਪਾਲ ਰਹੇ। ਉਨ੍ਹਾਂ ਵੱਲੋਂ ਤਾਮਿਲਨਾਡੂ ਸਰਕਾਰ ਭੰਗ ਕਰਨ ਦੀ ਸਿਫਾਰਸ਼ ਨਾ ਕਰਨ 'ਤੇ ਉਨ੍ਹਾਂ ਨੂੰ ਬਿਹਾਰ ਵਿਚ ਬਦਲ ਦਿੱਤਾ ਪਰ ਉਹ ਨਵਾਂ ਅਹੁਦਾ ਸੰਭਾਲਣ ਦੀ ਬਜਾਏ ਅਸਤੀਫਾ ਦੇ ਗਏ। ਫਿਰ ਉਹ ਦਸੰਬਰ 1990 ਤੋਂ 18 ਮਾਰਚ 1993 ਤੱਕ ਅੰਡੇਮਾਨ ਤੇ ਨਿਕੋਬਾਰ ਦੇ ਉਪ ਰਾਜਪਾਲ ਰਹੇ। ਉੱਤਰਾਖੰਡ ਦੇ ਨਵਾਂ ਸੂਬਾ ਬਣਨ 'ਤੇ 2000 ਵਿਚ ਪਹਿਲੇ ਰਾਜਪਾਲ ਬਣੇ ਤੇ 2003 ਤੱਕ ਇਸ ਅਹੁਦੇ 'ਤੇ ਬਣੇ ਰਹੇ। 2003 ਤੋਂ 2004 ਤੱਕ ਉਨ੍ਹਾਂ ਆਂਧਰਾ ਪ੍ਰਦੇਸ਼ ਦੇ ਰਾਜਪਾਲ ਦੇ ਅਹੁਦੇ 'ਤੇ ਕੰਮ ਕੀਤਾ। ਉਸ ਤੋਂ ਬਾਅਦ ਹੁਣ ਤੱਕ ਉਹ ਲਗਾਤਾਰ ਤਾਮਿਲਨਾਡੂ ਦੇ ਰਾਜਪਾਲ ਵਜੋਂ ਕੰਮ ਕਰਦੇ ਆ ਰਹੇ ਸਨ।

# ਪੰਜਾਬ 'ਚ 18821 ਇਸ਼ਤਿਹਾਰੀ ਮੁਜਰਮ ਤੇ ਭਗੌੜੇ

**ਚੰਡੀਗੜ੍ਹ:** ਪੰਜਾਬ 'ਚ ਇਸ ਵੇਲੇ 18821 ਬੰਦੇ ਭਗੌੜੇ ਤੇ ਇਸ਼ਤਿਹਾਰੀ ਮੁਜਰਮ ਹਨ। ਸੂਚਨਾ ਅਧਿਕਾਰ ਕਾਨੂੰਨ ਤਹਿਤ ਹਾਸਲ ਜਾਣਕਾਰੀ ਅਨੁਸਾਰ 31 ਦਸੰਬਰ, 2010 ਤੱਕ ਪੰਜਾਬ ਵਿਚ 6556 ਇਸ਼ਤਿਹਾਰੀ ਮੁਜਰਮ ਤੇ 13682 ਭਗੌੜੇ ਕਰਾਰ ਦਿੱਤੇ ਬੰਦੇ ਸਨ। ਸਭ ਤੋਂ ਵੱਧ ਭਗੌੜੇ ਤੇ ਇਸ਼ਤਿਹਾਰੀ ਮੁਜਰਮ ਜਲੰਧਰ ਸ਼ਹਿਰੀ ਜ਼ਿਲ੍ਹੇ ਵਿਚ ਹਨ।ਜਿਥੇ ਇਸ਼ਤਿਹਾਰੀ ਮੁਜਰਮਾਂ ਦੀ ਗਿਣਤੀ 821 ਤੇ ਭਗੌੜਿਆਂ ਦੀ ਗਿਣਤੀ 2436 ਹੈ। ਲੁਧਿਆਣਾ ਸ਼ਹਿਰ ਇਸ ਮਾਮਲੇ ਵਿਚ ਦੂਸਰੇ ਨੰਬਰ 'ਤੇ ਹੈ।ਜਿਥੇ ਇਸ਼ਤਿਹਾਰੀ ਮੁਜਰਮਾਂ ਦੀ ਗਿਣਤੀ 608 ਤੇ ਭਗੌੜਿਆਂ ਦੀ ਗਿਣਤੀ 1587 ਹੈ। ਜਲੰਧਰ ਦਿਹਾਤੀ ਇਸ ਮਾਮਲੇ ਵਿਚ ਤੀਸਰੇ ਸਥਾਨ 'ਤੇ ਹੈ।ਜਿਥੇ ਇਸ਼ਤਿਹਾਰੀ ਮੁਜਰਮਾਂ ਦੀ ਗਿਣਤੀ 539 ਤੇ ਭਗੌੜਿਆਂ ਦੀ ਗਿਣਤੀ 1400 ਹੈ।

ਗੁਰਦਾਸਪੁਰ ਜ਼ਿਲ੍ਹਾ ਇਸ ਮਾਮਲੇ ਵਿਚ ਵੱਖਰਾ ਦਿਖਾਈ ਦੇ ਰਿਹਾ ਹੈ ਜਿਥੇ 62 ਇਸ਼ਤਿਹਾਰੀ ਮੁਜਰਮ ਤੇ ਇੰਨ੍ਹੇ ਹੀ ਭਗੌੜੇ ਦੱਸੇ ਗਏ ਹਨ। ਬਟਾਲਾ ਪੁਲਿਸ ਜ਼ਿਲ੍ਹੇ ਵਿਚ 95 ਇਸ਼ਤਿਹਾਰੀ ਮੁਜਰਮ ਤੇ 37 ਭਗੌੜੇ, ਅੰਮ੍ਰਿਤਸਰ ਸ਼ਹਿਰੀ ਵਿਚ ਇਸ਼ਤਿਹਾਰੀ ਮੁਜਰਮਾਂ ਦੀ ਗਿਣਤੀ 340 ਤੇ ਭਗੌੜਿਆਂ ਦੀ ਗਿਣਤੀ 1210, ਤਰਨਤਾਰਨ ਵਿਚ 171 ਇਸ਼ਤਿਹਾਰੀ ਮੁਜਰਮ ਤੇ 137 ਭਗੌੜੇ, ਹੁਸ਼ਿਆਰਪੁਰ ਵਿਚ ਇਸ਼ਤਿਹਾਰੀ ਮੁਜਰਮਾਂ ਦੀ ਗਿਣਤੀ 440 ਤੇ ਭਗੌੜਿਆਂ ਦੀ ਗਿਣਤੀ 609, ਕਪੂਰਥਲਾ ਵਿਚ ਇਹ ਗਿਣਤੀ 357 ਤੇ 372, ਪਟਿਆਲਾ ਵਿਚ 372 ਤੇ 492, ਸੰਗਰੂਰ ਵਿਚ 206 ਤੇ 260, ਬਰਨਾਲਾ ਵਿਚ 53 ਤੇ 102, ਲੁਧਿਆਣਾ ਦਿਹਾਤੀ ਵਿਚ 245 ਤੇ 217, ਖੰਨਾ ਪੁਲਿਸ ਜ਼ਿਲ੍ਹੇ ਵਿਚ 167 ਤੇ 361, ਫਤਹਿਗੜ੍ਹ ਸਾਹਿਬ 132 ਤੇ 239, ਰੋਪੜ ਜ਼ਿਲ੍ਹੇ ਵਿਚ 125 ਤੇ 194, ਮੁਹਾਲੀ ਵਿਚ 168 ਤੇ 448, ਨਵਾਂ ਸ਼ਹਿਰ ਵਿਚ 296 ਤੇ 316, ਫਿਰੋਜ਼ਪੁਰ ਵਿਚ 167 ਤੇ 541, ਫ਼ਰੀਦਕੋਟ ਵਿਚ 83 ਤੇ 67, ਮੋਗਾ ਵਿਚ 314 ਤੇ 283, ਬਠਿੰਡਾ ਵਿਚ 164 ਤੇ 264, ਮੁਕਤਸਰ ਵਿਚ 96 ਤੇ 139, ਮਾਨਸਾ ਵਿਚ 103 ਤੇ 94 ਤੇ ਜੀ.ਆਰ.ਪੀ ਦੇ ਰਜਿਸਟਰਾਂ ਵਿਚ ਇਸ਼ਤਿਹਾਰੀ ਮੁਜਰਮਾਂ ਦੀ ਗਿਣਤੀ 20 ਤੇ ਭਗੌੜਿਆਂ ਦੀ ਗਿਣਤੀ 340 ਦੱਸੀ ਗਈ ਹੈ। 31 ਦਸੰਬਰ, 2010 ਤੱਕ ਪੁਲਿਸ ਨੂੰ 20238 ਵਿਅਕਤੀਆਂ ਦੀ ਤਲਾਸ਼ ਸੀ, ਉਥੇ ਤਾਜ਼ਾ ਅੰਕੜਿਆਂ ਅਨੁਸਾਰ ਇਹ ਗਿਣਤੀ 18821 ਰਹਿ ਗਈ ਹੈ।

ਤਾਜ਼ਾ ਅੰਕੜਿਆਂ ਅਨੁਸਾਰ ਰਾਜ ਵਿਚ ਇਸ਼ਤਿਹਾਰੀ ਮੁਜਰਮਾਂ ਦੀ ਗਿਣਤੀ ਘਟ ਕੇ 6352 ਤੇ ਭਗੌੜਿਆਂ ਦੀ ਗਿਣਤੀ 12469 ਰਹਿ ਗਈ ਹੈ। ਇਸ ਅਰਸੇ ਦੌਰਾਨ ਇਸ਼ਤਿਹਾਰੀ ਮੁਜਰਮਾਂ ਦੀ ਗਿਣਤੀ ਵਿਚ 204 ਤੇ ਭਗੌੜਿਆਂ ਦੀ ਗਿਣਤੀ ਵਿਚ 1213 ਦੀ ਕਮੀ ਆਈ ਹੈ।

# ਗਾਂਧੀ ਦੇ ਬਾਂਦਰ ਤੇ ਅੰਨਾ ਦੇ ਤਿੰਨ ਹਮਾਇਤੀ

(ਸਫਾ 15 ਦੀ ਬਾਕੀ)

ਕਸ਼ਮਕਸ਼ ਮੀਡੀਆ ਰਾਹੀਂ ਲਗਾਤਾਰ ਨਸ਼ਰ ਹੁੰਦੀ ਰਹੀ। ਆਖ਼ਰ ਸਰਕਾਰ ਨੇ ਜੰਗੀ ਪੱਧਰੀ ਤਿਆਰੀਆਂ ਕਰਕੇ ਰਾਮਲੀਲ੍ਹਾ ਮੈਦਾਨ ਅੰਨਾ ਹਜ਼ਾਰੇ ਦੀ ਭੁੱਖ ਹੜਤਾਲ ਲਈ ਤਿਆਰ ਕਰ ਦਿੱਤਾ। ਇਸ ਨਾਲ ਪਹਿਲੀ ਵਾਰ ਸਿਆਸੀ ਸਰਗਰਮੀ ਦਾ ਹਿੱਸਾ ਬਣੇ ਸ਼ਹਿਰੀ ਮੱਧਵਰਗ ਨੂੰ ਜਚਾ ਦਿੱਤਾ ਗਿਆ ਹੈ ਕਿ ਸਰਕਾਰ ਖ਼ਿਲਾਫ਼ ਰੋਹ ਦਾ ਪ੍ਰਗਟਾਵਾ ਸਰਕਾਰੀ ਪ੍ਰਵਾਨਗੀ ਨਾਲ ਹੀ ਕੀਤਾ ਜਾਂਦਾ ਹੈ। ਇਸ ਨਾਲ ਉਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨਾ ਸੁਖਾਲਾ ਹੋ ਗਿਆ ਹੈ ਜੋ ਪੰਜਾਬ ਸਰਕਾਰ ਨੇ ਧਰਨੇ ਮੁਜ਼ਾਹਰਿਆਂ ਉੱਤੇ ਪਾਬੰਦੀ ਲਗਾਉਣ ਦੇ ਇਰਾਦੇ ਨਾਲ ਬਣਾਏ ਹਨ। ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ ਅਤੇ ਬੇਰੁਜ਼ਗਾਰਾਂ ਦੇ ਧਰਨੇ-ਮੁਜ਼ਾਹਰਿਆਂ ਨੂੰ ਚੰਡੀਗੜ੍ਹ ਦਾ ਮੀਡੀਆ ਅਮਨ-ਕਾਨੂੰਨ ਦਾ ਮਸਲਾ ਬਣਾ ਕੇ ਪੇਸ਼ ਕਰਦਾ ਰਿਹਾ ਹੈ। ਕਿਸਾਨਾਂ ਨੂੰ 'ਛੁੱਟੀਆਂ ਮਨਾਉਣ' ਆਏ 'ਸ਼ਰਾਬੀ' ਕਰਾਰ ਦੇਣ ਵੇਲੇ ਮੀਡੀਆ ਜਮਹੂਰੀਅਤ ਨੂੰ ਦਰਕਿਨਾਰ ਕਰਨ ਵਿਚ ਔਖ ਮਹਿਸੂਸ ਨਹੀਂ ਕਰਦਾ। ਹੁਣ ਜਦੋਂ ਸਰਕਾਰੀ ਪ੍ਰਵਾਨਗੀ ਲਾਜ਼ਮੀ ਬਣਾਉਣ ਅਤੇ ਧਰਨੇ-ਮੁਜ਼ਾਹਰਿਆਂ ਨੂੰ ਰਾਜਧਾਨੀਆਂ ਤੋਂ ਬਾਹਰ ਕੱਢਣ ਦਾ ਰੁਝਾਨ ਚੱਲ ਰਿਹਾ ਹੈ ਤਾਂ ਅੰਨਾ ਹਜ਼ਾਰੇ ਦੀ ਮੁਹਿੰਮ ਨੂੰ ਇਸ ਤੋਂ ਬਾਹਰ ਰੱਖ ਕੇ ਨਹੀਂ ਦੇਖਿਆ ਜਾ ਸਕਦਾ। ਅੰਨਾ ਦੀ ਹਮਾਇਤ ਕਰਨ ਵਾਲੀ ਇਰੋਮ ਨੂੰ ਸਰਕਾਰ ਦਹਾਕਿਆਂ ਬੱਧੀ ਨਜ਼ਰਅੰਦਾਜ਼ ਕਰ ਸਕਦੀ ਹੈ ਅਤੇ ਕੌਮੀ ਰਾਜਧਾਨੀ ਵਿਚ ਉਸ ਉੱਤੇ ਪ੍ਰਵਾਨਗੀ ਦੀ ਸ਼ਰਤ ਨਾਲ ਪਾਬੰਦੀ ਲਗਾਈ ਜਾ ਸਕਦੀ ਹੈ। ਅੰਨਾ ਦੀ ਹਮਾਇਤ ਕਰਨ ਵਾਲੇ ਮੀਡੀਆ ਨੇ ਸਿਆਸਤਦਾਨਾਂ ਨਾਲ ਸੁਰ ਮਿਲਾਉਣੀ ਸ਼ੁਰੂ ਕਰ ਦਿੱਤੀ ਹੈ ਕਿ ਜੇ ਕੱਲ੍ਹ ਨੂੰ ਕੋਈ ਹੋਰ ਆ ਕੇ ਭੁੱਖ ਹੜਤਾਲ ਕਰ ਦੇਵੇਗਾ ਤਾਂ ਮੁਸ਼ਕਲ ਹੋ ਜਾਵੇਗੀ। ਮੁਲਕ ਵਾਸੀਆਂ ਨੂੰ ਭ੍ਰਿਸ਼ਟਾਚਾਰ ਤੋਂ ਨਿਜਾਤ ਦਵਾਉਣ ਲਈ ਸੰਘਰਸ਼ ਕਰ ਰਿਹਾ ਅੰਨਾ ਕਿਤੇ ਬੇਇਨਸਾਫ਼ੀ, ਜਬਰ ਅਤੇ ਤਸ਼ੱਦਦ ਦਾ ਸ਼ਿਕਾਰ ਅਵਾਮ ਦੇ ਵਿਰੋਧ ਕਰਨ ਦਾ ਹੱਕ ਦੇ ਖ਼ਿਲਾਫ਼ ਨਾ ਭੁਗਤ ਜਾਵੇ? ਮੀਡੀਆ ਅਤੇ ਸ਼ਹਿਰੀ ਮੱਧ ਵਰਗ ਦੀ ਹਮਾਇਤ ਤੋਂ ਬਿਨਾਂ ਪੁਲੀਸ ਪ੍ਰਸ਼ਾਸਨ ਦੀ ਮਾਰ ਤੋਂ ਯੋਗ ਗੁਰੂ ਰਾਮਦੇਵ ਵੀ ਨਹੀਂ ਬਚ ਸਕਿਆ। ਦੋ ਵਕਤ ਦੀ ਰੋਟੀ ਲਈ ਲਹੂ ਜੋਤਨ ਲਈ ਸੰਘਰਸ਼ ਕਰ ਰਿਹਾ ਅਵਾਮ ਸਾਧਨਾਂ ਅਤੇ ਸ਼ਹਿਰੀ ਸਲੀਕੇ ਤੋਂ ਬਿਨਾਂ ਆਪਣਾ ਵਿਰੋਧ ਕਿਵੇਂ ਦਰਜ ਕਰਵਾ ਸਕੇਗਾ? ਇਸ ਤਬਕੇ ਉੱਤੇ ਕੀਤੇ ਲਾਠੀਚਾਰਜ ਨੂੰ ਪੱਤਰਕਾਰ 'ਪੁਲੀਸ ਦੀ ਮਜਬੂਰੀ' ਕਰਾਰ ਦਿੰਦੇ ਹਨ। ਚੰਡੀਗੜ੍ਹ ਵਿਚ ਰੋਹ ਪ੍ਰਗਟ ਕਰਨ ਆਏ ਲੋਕਾਂ ਲਈ ਪਾਣੀ ਦਾ ਬੰਦੋਬਸਤ ਕਰਨ ਨੂੰ ਆਪਣੀ ਜ਼ਿੰਮੇਵਾਰੀ ਵਿਚੋਂ ਮਨਫ਼ੀ ਕਰ ਚੁੱਕਿਆ ਪ੍ਰਸ਼ਾਸਨ ਮੰਗ-ਪੱਤਰ ਤੱਕ ਫੜਨ ਤੋਂ ਕੰਨੀ ਕਤਰਾਉਂਦਾ ਹੈ। ਜੇ ਅੰਨਾ ਦਾ ਸੰਘਰਸ਼ ਹੀ ਕਾਇਦਾ ਬਣੇਗਾ ਤਾਂ ਅਵਾਮ ਦਾ ਵੰਨ-ਸੁਵੰਨੇ ਢੰਗ ਨਾਲ ਵਿਰੋਧ ਕਰਨ ਦਾ ਹੱਕ ਜ਼ਰੂਰ ਖ਼ਤਰੇ ਵਿਚ ਪੈ ਜਾਏਗਾ। ਇਸ ਹਾਲਤ ਵਿਚ ਅੰਨਾ ਦੀ ਹਮਾਇਤ ਲਈ ਪੁੱਜੀ ਮੇਧਾ ਪਟਕਰ ਦੇ ਨਰਮਦਾ ਬਚਾਓ ਅੰਦੋਲਨ ਦੀ ਆਵਾਜ਼ ਸੁਣੀ ਜਾਣ ਦੀ ਸੰਭਾਵਨਾ ਹੋਰ ਘਟ ਗਈ ਹੈ। ਹੁਣ ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਸਿਰ ਇਹ ਜ਼ਿੰਮੇਵਾਰੀ ਆ ਪਈ ਹੈ ਕਿ ਉਹ ਇਸ ਇਲਜ਼ਾਮ ਤੋਂ ਬਚਣ ਲਈ ਉਪਰਾਲਾ ਕਰੇ ਤਾਂ ਜੋ ਲੋਕਪਾਲ ਬਿੱਲ ਤੋਂ ਇਲਾਵਾ ਸਰਕਾਰ ਖ਼ਿਲਾਫ਼ ਅਵਾਮੀ ਪੇਸ਼ਬੰਦੀਆਂ ਦਾ ਬੂਹਾ ਖੁੱਲ੍ਹਾ ਰਹੇ। ਨਾਬਰੀ ਦੀ ਸਿਆਸਤ ਨਾਲ ਹੀ 'ਵਿਦਰੋਹ ਦਾ ਸੰਸਦੀਕਰਨ' ਜਾਂ 'ਕਾਨੂੰਨੀਕਰਨ' ਰੋਕਿਆ ਜਾ ਸਕਦਾ ਹੈ।

ਅੰਨਾ ਦੀ ਮੁਹਿੰਮ ਖ਼ਿਲਾਫ਼ ਘੱਟ-ਗਿਣਤੀਆਂ ਵੱਲੋਂ ਕਈ ਸਵਾਲ ਖੜ੍ਹੇ ਕੀਤੇ ਗਏ ਹਨ। ਭੁੱਖ ਹੜਤਾਲ ਤੋੜਨ ਲਈ ਇਕ ਦਲਿਤ ਅਤੇ ਇਕ ਮੁਸਲਮਾਨ ਕੁੜੀ ਹੱਥੋਂ ਨਾਰੀਅਲ ਪਾਣੀ ਪ੍ਰਵਾਨ ਕਰਕੇ ਅੰਨਾ ਨੇ ਇਸ ਨੁਕਤਾਚੀਨੀ ਦਾ ਜਵਾਬ ਦੇਣ ਦਾ ਉਪਰਾਲਾ ਕੀਤਾ ਹੈ। ਇਸ ਸਵਾਲ ਨੂੰ ਇੰਝ ਵੀ ਪੁੱਛਿਆ ਜਾ ਸਕਦਾ ਹੈ ਕਿ ਅੰਨਾ ਵੱਲੋਂ ਚਿਤਵੇ ਗਏ ਭ੍ਰਿਸ਼ਟਾਚਾਰ ਮੁਕਤ ਮੁਲਕ ਦੇ ਨੈਣ-ਨਕਸ਼ ਕਿਹੋ ਜਿਹੇ ਹੋਣਗੇ? ਮੁਲਕ ਨੂੰ ਦਰਪੇਸ਼ ਅਹਿਮ ਮੁੱਦਿਆਂ ਉੱਤੇ ਇਸ ਮੁਹਿੰਮ ਦੀ ਸਮਝ ਹਾਲੇ ਨਸ਼ਰ ਨਹੀਂ ਹੋਈ ਪਰ ਇਸ ਦੇ ਇਸ਼ਾਰੇ ਮਿਲਣ ਲੱਗੇ ਹਨ ਜੋ ਕਈ ਖ਼ਦਸ਼ਿਆਂ ਨੂੰ ਜਨਮ ਦਿੰਦੇ ਹਨ। ਲੋਕਪਾਲ ਬਿੱਲ ਦੀ ਹੋਣੀ ਨਾਲ ਜੁੜੇ ਖ਼ਦਸ਼ਿਆਂ ਵਾਂਗ ਹੋਰ ਸਵਾਲਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਟੈਂਡਿੰਗ ਕਮੇਟੀ ਦੀ ਕਾਰਵਾਈ ਸਰਕਾਰ ਵੱਲੋਂ ਮੌਕਾ ਟਾਲਣ ਦੀ ਮਸ਼ਕ ਸਾਬਤ ਹੋ ਸਕਦੀ ਹੈ। ਸਰਕਾਰ ਦੇ ਤਜਰਬਾਕਾਰ ਮੰਤਰੀਆਂ ਦੀ ਸਮਝ ਉੱਤੇ ਸ਼ੱਕ ਪਰ ਨੀਅਤ ਉੱਤੇ ਯਕੀਨ ਕਰਨਾ ਮੁਸ਼ਕਲ ਹੈ। ਇਸ ਤੋਂ ਬਾਅਦ ਲੋਕਪਾਲ ਬਿੱਲ ਅਤੇ ਅਵਾਮ ਨੂੰ ਭ੍ਰਿਸ਼ਟਾਚਾਰ ਤੋਂ ਰਾਹਤ ਦਾ ਪੇਚੀਦਾ ਰਿਸ਼ਤਾ ਸਮਝਣ ਦਾ ਮਸਲਾ ਵੱਖਰਾ ਹੈ।

ਅੰਨਾ ਦੇ ਹਮਾਇਤੀ ਜੇ ਮੁਹਿੰਮ ਦੀ ਵਕਤੀ ਮਜ਼ਬੂਤੀ ਦਾ ਕਾਰਨ ਬਣੇ ਹਨ ਤਾਂ ਚਿਰਕਾਲੀ ਕਮਜ਼ੋਰੀਆਂ ਉਘਾੜਨ ਦਾ ਸਬੱਬ ਵੀ ਬਣੇ ਹਨ। ਇਸ ਵੇਲੇ ਮੁਹਿੰਮ ਦੇ ਆਗੂਆਂ ਕੋਲ ਚਿਰਕਾਲੀ ਕਮਜ਼ੋਰੀਆਂ ਨੂੰ ਸੁਲਝਾਉਣ ਦਾ ਮੌਕਾ ਹੈ ਜੋ ਇਸ ਨੂੰ ਵਕਤੀ ਉਬਾਲ ਤੋਂ ਮਜ਼ਬੂਤ ਲੋਕ ਲਹਿਰ ਦਾ ਜਾਮਾ ਪਹਿਨਾ ਸਕਦਾ ਹੈ। ਰਾਮਲੀਲ੍ਹਾ ਮੈਦਾਨ ਵਿਚੋਂ ਸੰਭਾਵਨਾਵਾਂ ਦਾ ਝਲਕਾਰਾ ਪਿਆ ਹੈ ਜਿਸ ਨੂੰ ਵੰਨ-ਸਵੰਨੇ ਬੇਬਾਕ ਸੰਵਾਦ ਰਾਹੀਂ ਹਿਕਾਰਤੀ ਹੁੰਗਾਰਿਆਂ ਅਤੇ ਦਰਬਾਨੀ ਵਿਚੋਂ ਬਾਹਰ ਕੱਢਿਆ ਜਾ ਸਕਦਾ ਹੈ। ਇਰੋਮ ਸ਼ਰਮੀਲਾ, ਨਰਿੰਦਰ ਮੋਦੀ ਅਤੇ ਅਮਰੀਕਾ ਦੀ ਹਮਾਇਤ ਨਾਲ ਜੁੜੀਆ ਸੰਭਾਵਨਾਵਾਂ ਦਾ ਪੇਚੀਦਾ ਤਾਣਾਬਾਣਾ ਸੁਲਝਾਉਣਾ ਰਾਮਲੀਲ੍ਹਾ ਮੈਦਾਨ ਵਿਚ ਦਿਖਾਈ ਦ੍ਰਿੜਤਾ ਦਾ ਪਹਿਲਾਂ ਇਮਤਿਹਾਨ ਹੈ। ਇਸੇ ਇਮਤਿਹਾਨ ਨੇ ਖ਼ਦਸ਼ਿਆਂ ਨੂੰ ਨਿਰਮੂਲ ਸਾਬਤ ਕਰਨ ਜਾਂ ਠੋਸ ਰੂਪ ਦੇਣ ਦਾ ਕੰਮ ਕਰਨਾ ਹੈ ਜੋ ਇਸ ਮੁਹਿੰਮ ਦੇ ਖਾਸੇ ਦੀ ਨੁਮਾਇੰਦਗੀ ਕਰੇਗਾ। ਇਸ ਮੁਹਿੰਮ ਨਾਲ ਜੁੜੀ ਵੰਨ-ਸੁਵੰਨਤਾ ਨੇ ਆਪਣੇ ਅੰਗ-ਪੈਰ ਫੈਲਾਉਣੇ ਹਨ ਜਿਸ ਵਿਚੋਂ ਕੁਝ ਸਵਾਲਾਂ ਦੇ ਜਵਾਬ ਮਿਲਣੇ ਹਨ ਅਤੇ ਬਹੁਤ ਸਾਰੇ ਨਵੇਂ ਪੈਦਾ ਹੋਣੇ ਹਨ।

## ਕੈਂਸਰ ਦੀ ਪਛਾਣ ਲਈ ਨਵੇਂ ਯੰਤਰ ਦੀ ਖੋਜ

**ਲੰਡਨ:** ਸਾਇੰਸਦਾਨਾਂ ਨੇ ਅਜਿਹੇ ਸਕੈਨਰ ਦੀ ਕਾਢ ਕੱਢੀ ਹੈ ਜਿਸ ਰਾਹੀਂ ਔਰਤਾਂ ਵਿਚ ਛਾਤੀ ਦੇ ਕੈਂਸਰ ਦੀ ਪਛਾਣ ਬਿਨਾਂ ਕਿਸੇ ਰੇਡੀਏਸ਼ਨ ਰਾਹੀਂ ਕੀਤੀ ਜਾ ਸਕਦੀ ਹੈ। ਇਹ ਯੰਤਰ ਐਕਸ-ਰੇ ਮੈਮੋਗਰਾਮ ਨਾਲੋਂ ਵਧੇਰੇ ਕਾਰਜਸ਼ੀਲ ਹੈ।

ਇਜ਼ਰਾਈਲ ਦੇ ਸਾਇੰਸਦਾਨਾਂ ਦੀ 'ਰੀਅਲ ਇਮੇਜਿੰਗ' ਟੀਮ ਨੇ ਇਸ ਯੰਤਰ ਦੀ ਖੋਜ ਕੀਤੀ ਹੈ ਤੇ ਇਹ ਯੰਤਰ ਇਨਫਰਾ ਰੈਡ ਤਰੰਗਾਂ ਤੇ ਥਰਮਲ ਊਰਜਾ ਰਾਹੀਂ ਔਰਤਾਂ ਵਿਚ ਛਾਤੀ ਦੇ ਕੈਂਸਰ ਦੀ ਪਛਾਣ ਕਰਦਾ ਹੈ।

## ਪਲਾਸਟਿਕ ਦੇ ਨੋਟ ਚਲਾਉਣ ਦੀ ਤਿਆਰੀ

**ਨਵੀਂ ਦਿੱਲੀ:** ਸਰਕਾਰ ਦਸ ਰੁਪਏ ਦੇ ਪਲਾਸਟਿਕ ਦੇ ਨੋਟ 'ਤੇ ਵਿਚਾਰ ਕਰ ਰਹੀ ਹੈ। ਜਦਕਿ ਆਖਰੀ ਫੈਸਲਾ ਪ੍ਰਯੋਗ ਦੇ ਨਤੀਜਿਆਂ 'ਤੇ ਨਿਰਭਰ ਹੋਵੇਗਾ।

ਸੂਬੇ ਦੇ ਵਿੱਤ ਮੰਤਰੀ ਨਮੋ ਨਰਾਇਣ ਮੀਣਾ ਨੇ ਲੋਕ ਸਭਾ 'ਚ ਦੱਸਿਆ ਕਿ ਸਰਕਾਰ ਨੇ ਪਲਾਸਟਿਕ ਦੇ ਨੋਟ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਉਨ੍ਹਾਂ ਨੇ ਦੱਸਿਆ ਕਿ ਦਸ ਰੁਪਏ ਦੇ ਇਕ ਅਰਬ ਪਲਾਸਟਿਕ ਦੇ ਨੋਟ ਜਾਰੀ ਕੀਤੇ ਜਾਣਗੇ ਤੇ ਉਨ੍ਹਾਂ ਨੂੰ ਪ੍ਰਯੋਗ ਦੇ ਲਈ ਪੰਜ ਸ਼ਹਿਰਾਂ 'ਚ ਸ਼ੁਰੂ ਕੀਤਾ ਜਾਵੇਗਾ।

# ਸ਼ਹੀਦ ਊਧਮ ਸਿੰਘ ਦੀ ਯਾਦ ਵਿਚ ਸਮਾਗਮ


**ਸੁਲਤਾਨਪੁਰ ਲੋਧੀ (ਬਿਊਰੋ):** ਨਜ਼ਦੀਕੀ ਪਿੰਡ ਠੱਟਾ ਵਿਚ ਜਲ੍ਹਿਆਂ ਵਾਲਾ ਬਾਗ ਦੇ ਸਾਕੇ ਦਾ ਬਦਲਾ ਲੈਣ ਵਾਲੇ ਮਹਾਨ ਸ਼ਹੀਦ ਊਧਮ ਸਿੰਘ ਦਾ ਜਨਮ ਦਿਨ ਪਿੰਡ ਵਾਸੀਆਂ ਨੇ ਇਸ ਪਿੰਡ ਦੇ ਪਰਦੇਸਾਂ ਵਿਚ ਵੱਸੇ ਵਾਸੀਆਂ ਦੇ ਸਹਿਯੋਗ ਨਾਲ ਬੜੇ ਉਤਸ਼ਾਹ ਨਾਲ ਮਨਾਇਆ।



ਸ਼ਹੀਦ ਊਧਮ ਸਿੰਘ ਦੀ ਯਾਦ ਵਿਚ ਸੁਖਮਨੀ ਸਾਹਿਬ ਦਾ ਭੋਗ ਪਾਇਆ ਗਿਆ। ਠੱਟਾ ਪੁਰਾਣਾ ਦੀ ਨੌਜਵਾਨ ਸਭਾ ਨੇ ਵੀ ਵਧ ਚੜ੍ਹ ਕੇ ਸਹਿਯੋਗ ਦਿੱਤਾ।

ਇਸ ਮੌਕੇ ਵਖ ਵਖ ਬੁਲਾਰਿਆਂ ਨੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਕੌਮ ਨੂੰ ਆਪਣੇ ਇਸ ਮਹਾਨ ਸ਼ਹੀਦ ਉਤੇ ਬੇਹਦ ਮਾਣ ਹੈ ਜਿਸ ਨੇ ਜਲ੍ਹਿਆਂ ਵਾਲੇ ਬਾਗ ਵਿਚ ਹਜ਼ਾਰਾਂ ਬੇਕਸੂਰ ਲੋਕਾਂ ਉਪਰ ਗੋਲੀਆਂ ਚਲਾਉਣ ਵਾਲੇ ਜ਼ਾਲਮ ਹੁਕਮਰਾਨ ਜਨਰਲ ਡਾਇਰ ਨੂੰ ਉਸ ਦੇ ਆਪਣੇ ਦੇਸ਼ ਵਿਚ ਜਾ ਕੇ ਗੋਲੀ ਮਾਰ ਕੇ ਸਜ਼ਾ ਦਿੱਤੀ। ਸੁਖਵਿੰਦਰ ਸਿੰਘ ਮੋਮੀ ਦੇ ਕਵੀਸ਼ਰੀ ਜਥੇ ਨੇ ਕਵੀਸ਼ਰੀ ਰਾਹੀਂ ਸ਼ਹੀਦ ਊਧਮ ਸਿੰਘ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ।

ਜ਼ਿਕਰਯੋਗ ਹੈ ਕਿ ਸ਼ਹੀਦ ਊਧਮ ਸਿੰਘ ਦੀ ਇਕ ਖੂਬਸੂਰਤ ਯਾਦਗਾਰ ਪਿੰਡ ਵਿਚ ਬਣਾਈ ਗਈ ਹੈ ਜਿਸ ਦਾ ਉਦਘਾਟਨ ਲੰਘੀ 14 ਅਪਰੈਲ ਨੂੰ ਵਿਸਾਖੀ ਵਾਲੇ ਦਿਨ ਇਲਾਕੇ ਨਿਵਾਸੀਆਂ ਦੀ ਹਾਜਰੀ ਵਿਚ ਸੰਤ ਬਾਬਾ ਗੁਰਚਰਨ ਸਿੰਘ ਨੇ ਕੀਤਾ ਸੀ। ਸ਼ਹੀਦ ਦਾ ਇਕ ਬੁੱਤ ਵੀ ਲਾਇਆ ਗਿਆ ਹੈ। ਇਸ ਇਮਾਰਤ ਦੀ ਮੁਫਤ ਸੇਵਾ ਠੇਕੇਦਾਰ ਸੁਖਵਿੰਦਰ ਸਿੰਘ ਮੁੱਤੀ ਨੇ ਕੀਤੀ।



ਇਸ ਸਮਾਗਮ ਵਿਚ ਹਾਜ਼ਰ ਸ਼ਖਸੀਅਤਾਂ ਵਿਚ ਸੰਤ ਬਾਬਾ ਗੁਰਚਰਨ ਸਿੰਘ ਦਮਦਮਾ ਸਾਹਿਬ ਠੱਟਾ ਵਾਲੇ, ਸਰਪੰਚ ਗੁਰਦੀਪ ਸਿੰਘ ਮੁੱਤੀ, ਸਾਬਕਾ ਸਰਪੰਚ ਸਵਰਨ ਸਿੰਘ ਖਿੰਡਾ, ਤਾਰਾ ਸਿੰਘ ਮੁੱਤੀ, ਸਰਪੰਚ ਸਾਧੂ ਸਿੰਘ, ਸਾਬਕਾ ਸਰਪੰਚ ਇੰਦਰਜੀਤ ਸਿੰਘ ਬਜਾਜ, ਸਾਬਕਾ ਸਰਪੰਚ ਦਰਸ਼ਨ ਸਿੰਘ, ਸਾਬਕਾ ਸਰਪੰਚ ਗੁਰਦੀਪ ਸਿੰਘ ਚੁੱਪ, ਜਰਨੈਲ ਸਿੰਘ ਮਾਸਟਰ, ਮਹਿੰਗਾ ਸਿੰਘ ਮਾਸਟਰ, ਮੇਹਰ ਸਿੰਘ ਸ਼ਾਹ, ਬਲਵਿੰਦਰ ਸਿੰਘ ਵਕੀਲ, ਜੀਤ ਸਿੰਘ ਵਕੀਲ, ਤਰਸੇਮ ਸਿੰਘ ਝੰਡ, ਸੰਤੋਖ ਸਿੰਘ ਬਾਵਾ, ਬਲਜਿੰਦਰ ਸਿੰਘ ਬੀਮੇ ਵਾਲੇ, ਪ੍ਰੋ. ਬਲਬੀਰ ਸਿੰਘ ਮੋਮੀ, ਚਰਨਜੀਤ ਸਿੰਘ ਠੰਡੂ, ਬਚਨ ਸਿੰਘ ਡੀ ਐਸ ਪੀ, ਜੋਗਾ ਸਿੰਘ ਮੁੱਤੀ, ਜਗਤਾਰ ਸਿੰਘ ਮੁੱਤੀ, ਪ੍ਰਧਾਨ ਗੁਰਦਿਆਲ ਸਿੰਘ ਮੁੱਤੀ, ਲਖਵੀਰ ਸਿੰਘ ਪੱਤਰਕਾਰ, ਬੂਟਾ ਸਿੰਘ ਚੰਦੀ, ਅਵਤਾਰ ਸਿੰਘ ਜੋਸਨ, ਹਰਿੰਦਰ ਸਿੰਘ, ਅਪਿੰਦਰ ਸਿੰਘ ਮਾਸਟਰ, ਜੋਗਿੰਦਰ ਸਿੰਘ ਸਰਪੰਚ ਪਿੰਡ ਦੰਦੂਪੁਰ, ਸਵਰਨ ਸਿੰਘ ਪਿੰਡ ਸੈਦਪੁਰ ਸ਼ਾਮਿਲ ਸਨ।

## ਸ਼ਹੀਦ ਭਗਤ ਸਿੰਘ ਦੀ ਭੈਣ ਲਈ ਇਨਸਾਫ ਦਾ ਰਾਹ ਖੁੱਲ੍ਹਿਆ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਕੁਲਜੀਤ ਸਿੰਘ ਢੱਟ ਕਤਲ ਕਾਂਡ ਵਿਚ ਮੁਲਜ਼ਮ ਜਸਪਾਲ ਸਿੰਘ ਤੇ ਹੋਰਾਂ ਵੱਲੋਂ ਪੰਜਾਬ ਸਰਕਾਰ ਖ਼ਿਲਾਫ਼ ਪਟੀਸ਼ਨ ਰੱਦ ਕਰ ਦਿੱਤੀ ਗਈ ਹੈ। ਇਸ ਤਰ੍ਹਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸਭ ਤੋਂ ਛੋਟੀ ਭੈਣ 95 ਸਾਲਾ ਪ੍ਰਕਾਸ਼ ਕੌਰ ਨੂੰ 22 ਸਾਲਾਂ ਮਗਰੋਂ ਇਨਸਾਫ ਮਿਲਣ ਦਾ



ਰਾਹ ਪੱਧਰਾ ਹੋ ਗਿਆ ਹੈ। ਬੀਬੀ ਪ੍ਰਕਾਸ਼ ਕੌਰ ਦੇ ਜਵਾਈ ਕੁਲਜੀਤ ਢੱਟ ਨੂੰ 1989 ਵਿਚ ਹੁਸ਼ਿਆਰਪੁਰ ਦੀ ਪੁਲਿਸ ਨੇ ਕਥਿਤ ਤੌਰ 'ਤੇ ਮਾਰ ਦਿੱਤਾ ਸੀ।

ਇਹ ਕੇਸ ਪਿਛਲੇ 14 ਸਾਲਾਂ ਤੋਂ ਹਾਈਕੋਰਟ ਵਿਚ ਲਟਕ ਰਿਹਾ ਸੀ। ਕੈਨੇਡਾ ਵਾਸੀ ਬੀਬੀ ਪ੍ਰਕਾਸ਼ ਕੌਰ ਨੇ ਸੁਪਰੀਮ ਕੋਰਟ ਤੱਕ ਪਹੁੰਚ ਕਰਕੇ ਹਾਈਕੋਰਟ ਨੂੰ ਪਟੀਸ਼ਨ 'ਤੇ ਫੈਸਲਾ ਸੁਣਾਉਣ ਦੇ ਹੁਕਮ ਜਾਰੀ ਕਰਨ ਦੀ ਅਪੀਲ ਕੀਤੀ ਸੀ। ਇਸ ਸਾਲ ਤਿੰਨ ਜਨਵਰੀ ਨੂੰ ਸੁਪਰੀਮ ਕੋਰਟ ਨੇ ਹਾਈਕੋਰਟ ਨੂੰ ਹੁਕਮ ਦਿੱਤਾ ਸੀ ਕਿ ਉਹ ਮਾਰਚ ਦੇ ਅਖੀਰ ਤੱਕ ਪਟੀਸ਼ਨ 'ਤੇ ਫੈਸਲਾ ਸੁਣਾ ਦੇਵੇ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਸੀ। ਇਸ ਖ਼ਿਲਾਫ਼ ਮੁਲਜ਼ਮ ਹਾਈਕੋਰਟ ਪੁੱਜ ਗਏ ਤੇ ਕਿਹਾ ਕਿ ਉਨ੍ਹਾਂ ਨੇ ਜੋ ਵੀ ਕੀਤਾ ਕਾਨੂੰਨ ਮੁਤਾਬਕ ਕੀਤਾ। ਇਸ ਲਈ ਮੁਕੱਦਮਾ ਚਲਾਉਣ ਦੀ ਇਜਾਜ਼ਤ ਸਿਰਫ ਕੇਂਦਰ ਸਰਕਾਰ ਹੀ ਦੇ ਸਕਦੀ ਹੈ।

# ਆਈ.ਐਸ.ਆਈ. 'ਤੇ ਮੁਕੱਦਮਾ ਪਾਕਿ-ਅਮਰੀਕਾ ਸਬੰਧਾਂ ਲਈ ਖ਼ਤਰਨਾਕ


**ਵਾਸ਼ਿੰਗਟਨ:** 2008 ਦੇ ਮੁੰਬਈ ਹਮਲੇ ਬਾਰੇ ਮੁਕੱਦਮੇ 'ਚ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਤੇ ਉਸ ਦੇ ਮੁਖੀ ਨੂੰ ਸ਼ਾਮਲ ਕਰਨ 'ਤੇ ਇਨ੍ਹਾਂ ਦੋਵਾਂ ਦੇ ਵਕੀਲ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਨਾਲ ਪਾਕਿਸਤਾਨ ਤੇ ਅਮਰੀਕਾ ਦੇ ਸਬੰਧ ਵਿਗੜ ਜਾਣਗੇ।

ਅਟਾਰਨੀ ਕੇਵਿਨ ਜੇ.ਵਾਸ਼ ਨੇ ਅਦਾਲਤ ਵਿਚ ਦੱਸਿਆ ਕਿ ਮੁੰਬਈ ਅਤਿਵਾਦੀ ਹਮਲੇ ਬਾਰੇ ਮੁਕੱਦਮੇ 'ਚ ਆਈ.ਐਸ.ਆਈ. ਤੇ ਉਸ ਦੇ ਮੌਜੂਦਾ ਮੁਖੀ ਤੇ ਸਾਬਕਾ ਮੁਖੀਆਂ ਨੂੰ ਸ਼ਾਮਲ ਕਰਨ ਨਾਲ ਜਿਥੇ ਪਾਕਿਸਤਾਨ ਤੇ ਅਮਰੀਕਾ ਦੇ ਸਬੰਧ ਖਰਾਬ ਹੋਣਗੇ ਉਥੇ ਇਹ ਖੇਤਰੀ ਸ਼ਾਂਤੀ ਲਈ ਵੀ ਮਾੜੀ ਗੱਲ ਹੋਵੇਗੀ। ਸ੍ਰੀ ਵਾਸ਼ ਅਦਾਲਤ ਵਿਚ ਆਈ.ਐਸ.ਆਈ. ਤੇ ਉਸ ਦੇ ਸਾਬਕਾ ਮੁਖੀਆਂ ਤੇ ਮੌਜੂਦਾ ਮੁਖੀ ਵੱਲੋਂ ਪੇਸ਼ ਹੋਏ ਸਨ। ਮੁੰਬਈ ਹਮਲੇ ਵਿਚ ਮਾਰੇ ਗਏ ਤੇ ਬਚੇ ਅਮਰੀਕੀਆਂ ਦੇ ਰਿਸ਼ਤੇਦਾਰਾਂ ਨੇ ਆਈ.ਐਸ.ਆਈ. ਤੇ ਉਸ ਦੇ ਮੁਖੀਆਂ ਖ਼ਿਲਾਫ਼ ਕੇਸ ਪਾਇਆ ਹੈ। ਵਕੀਲ ਨੇ ਅਦਾਲਤ ਤੋਂ ਮੰਗ ਕੀਤੀ ਕਿ ਪਾਕਿਸਤਾਨੀ ਖੁਫ਼ੀਆ ਏਜੰਸੀ ਖ਼ਿਲਾਫ਼ ਕੇਸ ਰੱਦ ਕੀਤਾ ਜਾਵੇ।

ਉਨ੍ਹਾਂ ਦੱਸਿਆ ਕਿ ਅਦਾਲਤ ਅਮਰੀਕਾ ਦੇ ਵਿਦੇਸ਼ ਮੰਤਰਾਲੇ ਦੇ ਉਹ ਦਸਤਾਵੇਜ਼ ਦੇਖੇ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਇਸ ਕੇਸ ਵਿਚ ਆਈ.ਐਸ.ਆਈ. ਨੂੰ ਸ਼ਾਮਲ ਕਰਨ ਨਾਲ ਅਮਰੀਕਾ-ਪਾਕਿਸਤਾਨ ਦੇ ਸਬੰਧ ਖਰਾਬ ਹੋਣਗੇ ਕਿਉਂਕਿ ਅਤਿਵਾਦ ਖ਼ਿਲਾਫ਼ ਪਾਕਿਸਤਾਨ, ਅਮਰੀਕਾ ਦਾ ਸਹਿਯੋਗੀ ਹੈ। ਆਈ.ਐਸ.ਆਈ. ਪਾਕਿਸਤਾਨ ਸਰਕਾਰ ਦਾ ਹਿੱਸਾ ਹੈ ਤੇ ਉਸ ਖ਼ਿਲਾਫ਼ ਕੇਸ ਉਥੋਂ ਦੀ ਸੰਘੀ ਸਰਕਾਰ ਖ਼ਿਲਾਫ਼ ਮੰਨਿਆ ਜਾਵੇਗਾ।

Quik Signs
Signs * Graphics * Wraps
ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ


ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।
ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ
Specialized in English, Spanish, Hindi & Punjabi
*661-703-8795
tanjit5020@yahoo.com
*661-900-7357
manmit5020@yahoo.com
WWW.QUIKSIGNS.US

ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ
ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)
ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।
ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ
ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।
ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।
ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।

ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.
ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।
Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

## ਭਾਰਤ ਦੀ ਪਹਿਲੀ ਲੋਕਤੰਤਰੀ ਸੰਸਥਾ

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੇ ਅਣਗੌਲੇ ਮੁੱਦੇ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ

***ਜਿਹੜੀ ਸ਼੍ਰੋਮਣੀ ਕਮੇਟੀ ਵਾਸਤੇ ਅੱਜ ਚੋਣਾਂ ਦੀ ਛਿੰਝ ਪੈ ਰਹੀ ਹੈ, ਇਸ ਦਾ ਪ੍ਰਬੰਧ ਇੱਕ ਸਮੇਂ ਗਦਰ ਲਹਿਰ ਦੇ ਮਹਾਨ ਬਾਬਿਆਂ ਕੋਲ ਵੀ ਹੁੰਦਾ ਸੀ। ਬਾਬਾ ਈਸ਼ਰ ਸਿੰਘ ਮਰਹਾਣਾ ਨੂੰ ਹਰਿਮੰਦਰ ਸਾਹਿਬ ਦੇ ਨਾਲ ਲੱਗਦੀ ਸਰਾਂ ਦੀ ਉਸਾਰੀ ਦੀ ਦੇਖ-ਰੇਖ ਦੀ ਜ਼ਿਮੇਵਾਰੀ ਸੌਂਪੀ ਗਈ ਤਾਂ ਉਹ ਰੋਜ਼ ਹਰੀਕੇ ਪੱਤਣ ਨੇੜੇ ਦੇ ਆਪਣੇ ਪਿੰਡੋਂ ਸਾਈਕਲ ਉਤੇ ਅੰਮ੍ਰਿਤਸਰ ਆ ਕੇ ਇਹ ਸੇਵਾ ਨਿਭਾਉਂਦੇ ਸਨ ਪਰ ਰੋਟੀ ਲੰਗਰ ਵਿਚੋਂ ਰੋਜ਼ ਖਾਣ ਦੀ ਥਾਂ ਆਪਣੇ ਘਰੋਂ ਪੋਣੇ ਵਿਚ ਦੋ ਰੋਟੀਆਂ ਅਤੇ ਅਚਾਰ ਦੀ ਫਾੜੀ ਰੱਖ ਕੇ ਲਿਆਉਂਦੇ ਸਨ। ਕੀ ਅੱਜ ਵਾਲੇ ਪ੍ਰਬੰਧਕਾਂ ਜਾਂ ਚੋਣਾਂ ਦੇ ਉਮੀਦਵਾਰਾਂ ਵਿਚ ਇੱਕ ਵੀ ਹੈ ਉਸ ਬਾਬੇ ਦੇ ਨੇੜੇ-ਤੇੜੇ ਦੇ ਕਿਰਦਾਰ ਵਾਲਾ? ਖਡੂਰ ਸਾਹਿਬ ਵਿਚ ਸੱਤ ਗੁਰੂ ਸਾਹਿਬਾਨ ਦੇ ਅਸਥਾਨ ਹਨ, ਉਥੋਂ ਦੇ ਗੁਰੂ ਘਰਾਂ ਦੀ ਸੰਭਾਲ ਦਾ ਜ਼ਿੰਮਾ ਕਈ ਸਾਲ ਨਾਗੋਕੇ ਪਿੰਡ ਵਾਲੇ ਕਾਮਰੇਡ ਦਲਬੀਰ ਸਿੰਘ ਕੋਲ ਰਿਹਾ, ਜੋ ਹਾਲੇ ਪਿਛਲੇ ਸਾਲ ਵਿਛੋੜਾ ਦੇ ਗਏ ਹਨ। ਏਸੇ ਸੇਵਾ ਨਿਭਾਉਣ ਕਾਰਨ ਉਨ੍ਹਾ ਨੂੰ ਕਾਮਰੇਡ ਬਜਾਏ ਉਮਰ ਭਰ 'ਜਥੇਦਾਰ' ਕਿਹਾ ਜਾਂਦਾ ਰਿਹਾ ਸੀ। ਉਨ੍ਹਾਂ ਦੇ ਵਕਤ ਕਦੇ ਵੀ ਉਥੇ ਕੋਈ ਮਾੜਾ ਕੰਮ ਨਹੀਂ ਸੀ ਵਾਪਰਿਆ ਅਤੇ ਜਿਸ ਦਿਨ ਉਨ੍ਹਾ ਦਾ ਸ਼ੋਕ ਸਮਾਗਮ ਹੋਇਆ ਸੀ, ਇਲਾਕੇ ਦੇ ਸੰਤਾਂ ਅਤੇ ਸੰਗਤਾਂ ਦੋਵਾਂ ਨੇ ਉਥੇ ਜਾ ਕੇ ਕਿਹਾ ਸੀ ਕਿ ਜਿਹੜਾ ਪ੍ਰਬੰਧ ਭਾਈ ਦਲਬੀਰ ਸਿੰਘ ਕਰ ਗਏ, ਉਹ ਆਪਣੇ ਆਪ ਵਿਚ ਮਿਸਾਲ ਸੀ।***

ਭਾਵੇਂ ਇਹ ਸਤਰਾਂ ਲਿਖਣ ਵੇਲੇ ਸਾਰੇ ਭਾਰਤ ਦੇ ਲੋਕਾਂ ਦਾ ਧਿਆਨ ਅੰਨਾ ਹਜ਼ਾਰੇ ਦੇ ਵਰਤ ਬਾਰੇ ਸਰਕਾਰ ਜਾਂ ਸਿਆਸੀ ਪਾਰਟੀਆਂ ਦੇ ਵਤੀਰੇ ਵੱਲ ਲੱਗਾ ਹੋਇਆ ਹੈ, ਅਸੀਂ ਉਸ ਦੀ ਗੱਲ ਕਿਸੇ ਅਗਲੇ ਮੌਕੇ ਲਈ ਰਾਖਵੀਂ ਰੱਖ ਕੇ ਇਸ ਵਕਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੀ ਚਰਚਾ ਕਰਨਾ ਠੀਕ ਜਾਣਿਆ ਹੈ। ਇਹ ਭਾਰਤ ਦੀ ਸਭ ਤੋਂ ਪਹਿਲੀ ਚੁਣੀ ਹੋਈ ਲੋਕਤੰਤਰੀ ਸੰਸਥਾ ਸੀ ਅਤੇ ਇਸ ਵਿਚ ਇਸਤਰੀ-ਮਰਦ ਨੂੰ ਬਰਾਬਰ ਵੋਟ ਦਾ ਹੱਕ ਉਦੋਂ ਮਿਲ ਗਿਆ ਸੀ, ਜਦੋਂ ਕਈ ਦੇਸ਼ਾਂ ਵਿਚ ਪਾਰਲੀਮੈਂਟ ਲਈ ਵੀ ਔਰਤਾਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਸੀ ਮਿਲਿਆ। ਇਹ ਸੰਸਥਾ ਬਣਨ ਨਾਲ ਅਨੇਕਾਂ ਲੋਕਾਂ ਦੀਆਂ ਕੁਰਬਾਨੀਆਂ ਜੁੜੀਆਂ ਹੋਣ ਦੀ ਗੱਲ ਸਭ ਨੂੰ ਪਤਾ ਹੈ, ਪਰ ਇਸ ਨੂੰ ਜਿਵੇਂ ਅਕਾਲੀ ਆਗੂਆਂ ਵੱਲੋਂ ਪੇਸ਼ ਕੀਤਾ ਜਾਂਦਾ ਹੈ, ਉਹ ਵੀ ਬਿਲਕੁਲ ਗਲਤ ਹੈ। ਜਿਨ੍ਹਾਂ ਸਿੱਖਾਂ ਨੇ ਕੁਰਬਾਨੀਆਂ ਦਿੱਤੀਆਂ ਸਨ, ਉਹ ਮਹੰਤਾਂ ਦੇ ਪ੍ਰਬੰਧ ਹੇਠ ਗੁਰਦੁਆਰਿਆਂ ਅੰਦਰ ਹੋ ਰਹੇ ਕੁਕਰਮਾਂ ਤੋਂ ਤੰਗ ਸਨ, ਜਦ ਕਿ ਅੱਜ ਇਸ ਦੀ ਚਰਚਾ ਉਹ ਅਕਾਲੀ ਨੇਤਾ ਕਰਦੇ ਹਨ, ਜਿਨ੍ਹਾਂ ਨੇ ਆਪ ਇਸ ਪ੍ਰਬੰਧ ਨੂੰ ਪਲੀਤ ਕਰਨ ਵਿਚ ਕਸਰ ਨਹੀਂ ਛੱਡੀ। ਸ਼ੇਰਾਂ ਦੀਆਂ ਮਾਰਾਂ ਉਤੇ ਗਿੱਦੜਾਂ ਨੂੰ ਮੌਜ ਦਾ ਸਬੱਬ ਬਣਿਆ ਪਿਆ ਹੈ, ਜਿਹੜੇ ਖਾਂਦੇ ਵੀ ਹਨ ਅਤੇ ਹਵਾਂਕਦੇ ਵੀ ਹਨ।

ਅਸੀਂ ਇਹ ਚੇਤਾ ਨਹੀਂ ਭੁੱਲ ਸਕਦੇ ਕਿ ਜਿਹੜੇ ਲੋਕਾਂ ਨੇ ਉਦੋਂ ਇਸ ਲਹਿਰ ਦੀ ਅਗਵਾਈ ਕੀਤੀ ਸੀ, ਉਨ੍ਹਾਂ ਦੇ ਅਕਸ ਉਤੇ ਕੋਈ ਦਾਗ ਨਹੀਂ ਸੀ। ਲੋਕਾਂ ਨੇ ਬੇਦਾਗ ਹੋਣ ਕਰ ਕੇ ਹੀ ਉਨ੍ਹਾਂ ਨੂੰ ਆਪਣੇ ਜਥਿਆਂ ਦੇ ਆਗੂ ਚੁਣਿਆ ਸੀ ਤੇ ਏਸੇ ਤੋਂ ਤਖਤਾਂ ਦੇ 'ਜਥੇਦਾਰ' ਦੀ ਪਦਵੀ ਦੀ ਅਰੰਭਤਾ ਹੋਈ ਸੀ, ਉਸ ਤੋਂ ਪਹਿਲਾਂ ਇਹ ਸ਼ਬਦ ਓਥੇ ਕਦੇ ਨਹੀਂ ਸੀ ਵਰਤਿਆ ਗਿਆ, ਸਗੋਂ ਪੁਜਾਰੀ ਅਤੇ ਸਰਬਰਾਹ ਹੁੰਦੇ ਸਨ। ਜਲ੍ਹਿਆਂਵਾਲਾ ਕਾਂਡ ਲਈ ਬਦਨਾਮ ਹੋ ਚੁੱਕੇ ਡਾਇਰ ਨੂੰ ਜਦੋਂ ਅਕਾਲ ਤਖਤ ਤੋਂ ਸਿਰੋਪਾ ਭੇਟ ਕੀਤਾ ਗਿਆ, ਇਹ ਪਾਪ ਕਮਾਉਣ ਵਾਲਾ ਮੁਖੀ ਅਰੂੜ ਸਿੰਘ ਵੀ 'ਸਰਬਰਾਹ' ਹੀ ਹੁੰਦਾ ਸੀ, ਉਹ ਜਥੇਦਾਰ ਨਹੀਂ ਸੀ। ਉਦੋਂ ਤੱਕ ਅਕਾਲ ਤਖਤ ਨੂੰ ਵੀ ਅਕਾਲ ਤਖਤ ਨਹੀਂ, ਇਸ ਦੀ ਥਾਂ 'ਅਕਾਲ ਬੁੰਗਾ' ਕਿਹਾ ਜਾਂਦਾ ਸੀ। ਫਿਰ ਕੁਰਬਾਨੀਆਂ ਕਰਨ ਅਤੇ ਆਪਣਾ ਅਕਸ ਬੇਦਾਗ ਰੱਖਣ ਵਾਲੇ ਲੋਕ ਹੌਲੀ-ਹੌਲੀ ਪਾਸੇ ਹੁੰਦੇ ਗਏ ਤੇ ਉਨ੍ਹਾਂ ਦੀ ਥਾਂ ਇਹੋ ਜਿਹੇ ਲੋਕ ਅੱਗੇ ਆਉਂਦੇ ਗਏ, ਜਿਨ੍ਹਾਂ ਲਈ ਗੁਰਦੁਆਰੇ ਨਾਲੋਂ ਗੋਲਕ ਦਾ ਪ੍ਰਬੰਧ ਕਰਨਾ ਵੱਡੀ ਗੱਲ ਸੀ। ਉਹ ਗੁਰੂ ਘਰਾਂ ਨੂੰ ਸਿੱਖੀ ਸ਼ਰਧਾ ਦੇ ਅਸਥਾਨ ਤੋਂ ਰਾਜਨੀਤੀ ਦੇ ਅਖਾੜੇ ਬਣਾਉਣ ਤੱਕ ਪਹੁੰਚ ਗਏ। ਕੁਝ ਮੌਕੇ ਇਹੋ ਜਿਹੇ ਆਏ ਸਨ, ਜਦੋਂ ਅੰਗਰੇਜ਼ ਦੀ ਪੁਲਿਸ ਨੇ ਕਿਹਾ ਸੀ ਕਿ ਫਲਾਣਾ ਬੰਦਾ ਗ੍ਰਿਫਤਾਰ ਕਰਨਾ ਹੈ ਤੇ ਉਦੋਂ ਦੇ ਪ੍ਰਬੰਧਕਾਂ ਨੇ ਉਸ ਨੂੰ ਆਪ ਜਾ ਕੇ ਗ੍ਰਿਫਤਾਰੀ ਦੇਣ ਲਈ ਕਿਹਾ ਸੀ। ਇਹ ਰਵਾਇਤ ਭਾਈ ਮਨੀ ਸਿੰਘ ਅਤੇ ਭਾਈ ਗੁਰਬਖਸ਼ ਸਿੰਘ ਦੇ ਵਕਤ ਤੋਂ ਤੁਰੀ ਆਈ ਸੀ। ਹੁਣ ਉਹ ਗੱਲਾਂ ਨਹੀਂ ਰਹੀਆਂ। ਪਿਛਲੇ ਮਹੀਨੇ ਅਸੀਂ ਇਹ ਪੜ੍ਹ ਲਿਆ ਹੈ ਕਿ ਕਈ ਦਰਜਨਾਂ ਇਹੋ ਜਿਹੇ ਲੋਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸੇਵਾਦਾਰ ਤੋਂ ਨਿਗਰਾਨ ਤੱਕ ਦੀਆਂ ਨੌਕਰੀਆਂ ਕਰ ਰਹੇ ਹਨ, ਜਿਹੜੇ ਪੁਲਿਸ ਦੇ ਰਿਕਾਰਡ ਵਿਚ 'ਦਸ ਨੰਬਰੀਆ ਬਦਮਾਸ਼' ਵਜੋਂ ਦਰਜ ਹਨ। ਇਹੋ ਜਿਹੇ ਕੁਝ ਸੱਜਣ ਸ਼੍ਰੋਮਣੀ ਕਮੇਟੀ ਦੇ 'ਸਤਿਕਾਰਤ' ਮੈਂਬਰ ਵੀ ਬਣ ਜਾਂਦੇ ਹਨ। ਜੇ ਫੇਰ ਵੀ ਕੋਈ ਪੁਰਾਣੇ ਕਾਂਡਾਂ ਦੀ ਕਥਾ ਸੁਣਾ ਕੇ ਵੋਟਾਂ ਮੰਗ ਰਿਹਾ ਹੈ ਤਾਂ ਉਸ ਦੀ 'ਹਿੰਮਤ' ਦੀ ਦਾਦ ਦੇਣੀ ਬਣਦੀ ਹੈ।

ਇੱਕ ਬੰਦਾ ਉਦੋਂ ਨਕਸਲੀਆਂ ਨਾਲ ਸੰਬੰਧ ਰੱਖਣ ਦੇ ਦੋਸ਼ ਵਿਚ ਪੁਲਿਸ ਨੇ ਬਦਮਾਸ਼ਾਂ ਦੇ ਇਸ ਰਜਿਸਟਰ ਵਿਚ ਦਰਜ ਕੀਤਾ ਸੀ, ਜਦੋਂ ਪ੍ਰਕਾਸ਼ ਸਿੰਘ ਬਾਦਲ ਹੁਰੀਂ ਪਹਿਲੀ ਵਾਰੀ ਮੁੱਖ ਮੰਤਰੀ ਬਣੇ ਸਨ ਤੇ ਉਨ੍ਹਾਂ ਨੇ ਨਕਸਲੀਆਂ ਦੇ ਸਫਾਏ ਨੂੰ ਆਪਣਾ ਮੁੱਖ ਨਿਸ਼ਾਨਾ ਮਿਥਿਆ ਸੀ। ਜਦੋਂ ਦੂਜੀ ਵਾਰੀ ਬਾਦਲ ਸਾਹਿਬ ਮੁੱਖ ਮੰਤਰੀ ਬਣੇ, ਉਹ 'ਦਸ ਨੰਬਰੀਆ' ਹੀ ਸੀ, ਪਰ ਤੀਜੀ ਵਾਰੀ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਬਾਦਲ ਅਕਾਲੀ ਦਲ ਦੀ ਟਿਕਟ ਉਤੇ ਸ਼੍ਰੋਮਣੀ ਕਮੇਟੀ ਦਾ ਮੈਂਬਰ ਬਣ ਗਿਆ ਸੀ। ਫੇਰ ਉਸ ਦਾ ਨਾਂ ਉਸ ਰਜਿਸਟਰ ਵਿਚੋਂ ਕਟਵਾਇਆ ਗਿਆ ਸੀ, ਪਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਫੇਰ ਉਸੇ ਖਾਤੇ ਵਿਚ ਲਿਖਵਾ ਦਿੱਤਾ ਤੇ ਜਿਨ੍ਹਾਂ ਪੁਲਿਸ ਅਫਸਰਾਂ ਨੇ ਪਹਿਲਾਂ ਕੱਟਿਆ ਸੀ, ਉਨ੍ਹਾਂ ਨੇ ਉਸ ਕਾਰਵਾਈ ਦੌਰਾਨ ਕੀਤੇ ਆਪਣੇ ਦਸਖਤ ਵੀ ਆਪ ਕੀਤੇ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਇਹੋ ਜਿਹੇ ਕਈ ਹੋਰ ਵੀ ਹੋ ਸਕਦੇ ਹਨ, ਭਾਵੇਂ ਉਨ੍ਹਾਂ ਦੀ ਕਦੇ ਚਰਚਾ ਚੱਲਦੀ ਨਹੀਂ ਸੁਣੀ ਗਈ।

ਪੰਜਾਬ ਦੇ ਸਮਾਜ ਵਿਚ ਬਦ-ਇਖਲਾਕੀ ਨੂੰ ਬੜੀ ਮਾੜੀ ਸਮਝਿਆ ਜਾਂਦਾ ਹੈ। ਇਥੇ ਪਿੰਡ ਦੀ ਧੀ-ਭੈਣ ਨੂੰ ਸਾਰੇ ਪਿੰਡ ਦੀ ਧੀ-ਭੈਣ ਸਮਝਿਆ ਜਾਂਦਾ ਹੈ। ਇੱਕ ਸੱਜਣ ਨੇ ਵਿਆਹੇ ਹੋਣ ਦੇ ਬਾਵਜੂਦ ਆਪਣੇ ਪਿੰਡ ਦੀ ਦੂਜੇ ਪਿੰਡ ਵਿਚ ਵਿਆਹੀ ਕੁੜੀ ਨਾਲ ਸੰਬੰਧ ਬਣਾਏ, ਬਿਨਾਂ ਤਲਾਕ ਤੋਂ ਉਸ ਨੂੰ ਪਤੀ ਤੋਂ ਵੱਖ ਕਰ ਕੇ ਨਾਲ ਲੱਗਦੇ ਛੋਟੇ ਸ਼ਹਿਰ ਵਿਚ ਰੱਖਿਆ ਅਤੇ ਉਸ ਤੋਂ ਪੈਦਾ ਹੋਏ ਬੱਚਿਆਂ ਦੇ ਖਾਤੇ ਵਿਚ ਪਿਤਾ ਵਜੋਂ ਆਪਣਾ ਨਾਂ ਲਿਖਵਾ ਲਿਆ, ਉਹ ਵੀ ਸ਼੍ਰੋਮਣੀ ਕਮੇਟੀ ਦਾ ਮੈਂਬਰ ਹੀ ਨਹੀਂ, ਅਹੁਦੇਦਾਰ ਵੀ ਬਣ ਗਿਆ ਸੀ। ਇਸੇ ਸ਼੍ਰੋਮਣੀ ਕਮੇਟੀ ਦੇ ਇੱਕ ਮੈਂਬਰ ਉਤੇ ਇਹ ਦੋਸ਼ ਲੱਗਾ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਇੱਕ ਨੇਤਰਹੀਣ ਰਾਗੀ ਦੀ ਪਤਨੀ ਦੀ ਇੱਜ਼ਤ ਨੂੰ ਹੱਥ ਪਾਇਆ ਹੈ, ਪਰ ਉਸ ਦੋਸ਼ੀ ਦੇ ਖਿਲਾਫ ਕਾਰਵਾਈ ਕਰਨ ਦੀ ਥਾਂ ਰਾਗੀ ਸਿੰਘ ਨੂੰ ਪੰਜਾਹ ਕਿਲੋਮੀਟਰ ਦੂਰ ਦੇ ਗੁਰਦੁਆਰੇ ਡਿਊਟੀ ਕਰਨ ਤੋਰ ਦਿੱਤਾ ਗਿਆ ਸੀ। ਸ਼੍ਰੋਮਣੀ ਕਮੇਟੀ ਦਾ ਮੈਂਬਰ ਉਸ ਦੇ ਬਾਅਦ ਵੀ 'ਸਤਿਕਾਰਤ' ਰਿਹਾ ਸੀ। ਜਿਸ ਕਮੇਟੀ ਵਿਚ ਇਹੋ ਜਿਹੇ ਲੋਕ ਹਨ, ਉਸ ਦੇ ਕਿਸੇ ਅਧਿਕਾਰੀ ਦੀ 'ਰੰਗ-ਬਿਰੰਗੀ' ਸੀ ਡੀ ਬਜ਼ਾਰਾਂ ਵਿਚ ਆ ਜਾਵੇ ਤਾਂ ਥੋੜ੍ਹੀ ਹੈਰਾਨੀ ਹੁੰਦੀ ਹੈ, ਬਹੁਤੀ ਨਹੀਂ। ਇਸੇ ਕਮੇਟੀ ਦੇ ਇੱਕ ਅਧਿਕਾਰੀ ਦੇ ਭਤੀਜੇ ਨੂੰ ਕੁਝ ਸਾਲ ਪਹਿਲਾਂ ਪੁਲਿਸ ਨੇ ਗੁਰਦਾਸਪੁਰ ਵਿਚ ਫੜ ਕੇ ਉਸ ਕੋਲੋਂ ਡੇਢ ਦਰਜਨ ਦੇ ਕਰੀਬ ਮੋਟਰ ਸਾਈਕਲ ਬਰਾਮਦ ਕੀਤੇ ਸਨ। ਪਤਾ ਲੱਗਾ ਸੀ ਕਿ ਉਹ ਸਾਰੇ ਹਰਿਮੰਦਰ ਸਾਹਿਬ ਦੇ ਰਾਗੀ ਸਿੰਘਾਂ ਦੇ ਸਨ ਅਤੇ ਗੁਰੂ ਘਰ ਨੌਕਰੀ ਕਰਦਾ ਭਤੀਜਾ ਉਦੋਂ ਚੋਰੀ ਕਰਦਾ ਸੀ, ਜਦੋਂ ਉਹ ਡਿਊਟੀ ਕਰ ਰਹੇ ਹੁੰਦੇ ਸਨ ਤੇ ਉਸ ਨੂੰ ਪਤਾ ਹੁੰਦਾ ਸੀ ਕਿ ਹੁਣ ਉਹ ਦੋ ਘੰਟੇ ਉਥੋਂ ਉਠ ਨਹੀਂ ਸਕਦੇ। ਇਹੋ ਜਿਹੇ ਕੰਮ ਕਈ ਹੋਰ ਇਤਿਹਾਸਕ ਗੁਰਦੁਆਰਿਆਂ ਵਿਚ ਵੀ ਹੋਏ ਸਨ ਪਰ ਕਿਸੇ ਦੇ ਖਿਲਾਫ ਖਾਸ ਕਾਰਵਾਈ ਕਦੇ ਨਹੀਂ ਹੋਈ। ਮਿਸਾਲ ਵਜੋਂ ਪੰਜਾਬ ਵਿਚ ਇੱਕ ਧਰਮ ਅਸਥਾਨ ਦੇ ਪ੍ਰਬੰਧਕ ਉਤੇ ਸਾਮਾਨ ਚੋਰੀ ਕਰ ਕੇ ਵੇਚ ਦੇਣ ਦਾ ਦੋਸ਼ ਲੱਗਾ ਤਾਂ ਉਸ ਦੇ ਖਿਲਾਫ ਕਾਰਵਾਈ ਲਈ ਲੋਕਾਂ ਨੇ ਆਵਾਜ਼ ਉਚੀ ਕੀਤੀ। ਉਨ੍ਹੀਂ ਦਿਨੀਂ ਹਰਿਆਣੇ ਵਿਚ ਵੀ ਇੱਕ ਗੁਰੂ ਘਰ ਦੇ ਪ੍ਰਬੰਧਕ ਉਤੇ ਇਹੋ ਦੋਸ਼ ਲੱਗ ਗਿਆ ਤੇ ਕਾਰਵਾਈ ਕਰਨੀ ਜ਼ਰੂਰੀ ਹੋ ਗਈ। ਦੋਵਾਂ ਦੇ ਖਿਲਾਫ ਕਾਰਵਾਈ ਇਹ ਹੋਈ ਕਿ ਇੱਕ ਦੂਜੇ ਦੀ ਥਾਂ ਲਾ ਦਿੱਤਾ ਗਿਆ। ਬਾਬਾ ਬਕਾਲਾ ਵਿਚ ਨੌਂਵੇਂ ਗੁਰੂ ਸਾਹਿਬ ਦੇ ਗੁਰੂ ਘਰ ਦੇ ਇੱਕ ਅਧਿਕਾਰੀ ਦੇ ਖਿਲਾਫ ਸ਼ਿਕਾਇਤਾਂ ਆਈਆਂ ਤਾਂ ਉਸ ਨੂੰ ਗੋਇੰਦਵਾਲ ਸਾਹਿਬ ਤੀਜੇ ਗੁਰੂ ਸਾਹਬ



ਦੇ ਅਸਥਾਨ ਦੀ ਸੰਭਾਲ ਕਰਨ ਭੇਜ ਦਿੱਤਾ ਗਿਆ। ਹੁਣ ਉਥੇ ਅਖੰਡ ਪਾਠਾਂ ਦੀ ਜਾਅਲੀ ਬੁਕਿੰਗ ਅਤੇ ਪੈਸੇ ਬਾਹਰੋ-ਬਾਹਰ ਵੰਡਣ ਦੀ ਖਬਰ ਆ ਗਈ ਹੈ। ਜੇ ਤਾਂ ਏਸ ਕੁਚੱਜ ਨੂੰ ਸੁਚੱਜਾ ਪ੍ਰਬੰਧ ਕਿਹਾ ਜਾਂਦਾ ਹੈ, ਫਿਰ ਜਿਵੇਂ ਕੀਤਾ ਜਾ ਰਿਹਾ ਹੈ, ਇਹੋ ਜਿਹਾ 'ਪ੍ਰਬੰਧ' ਯਕੀਨੀ ਬਣਾਉਣ ਵਾਲਿਆਂ ਨੂੰ ਸੌ-ਬਟਾ-ਸੌ ਨੰਬਰ ਦੇ ਦੇਣੇ ਚਾਹੀਦੇ ਹਨ।

ਕੁਝ ਹੋਰ ਮਾਮਲੇ ਵੀ ਦੁਰ-ਪ੍ਰਬੰਧ ਅਤੇ ਇਸ ਵਿਚ ਕਮਾਈ ਕਰਨ ਨਾਲ ਜੁੜੇ ਹੋਏ ਹਨ। ਮਿਸਾਲ ਵਜੋਂ ਮੌਜੂਦਾ ਪੰਜਾਬ ਸਰਕਾਰ ਦੇ ਪਹਿਲੇ ਸਾਲ ਵਿਧਾਨ ਸਭਾ ਵਿਚ ਮਤਾ ਪਾਸ ਕੀਤਾ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਛਪਾਈ ਸਿਰਫ ਸ਼੍ਰੋਮਣੀ ਕਮੇਟੀ ਕਰਵਾਏਗੀ, ਹੋਰ ਕਿਸੇ ਨੂੰ ਇਹ ਕੰਮ ਕਰਨ ਦਾ ਅਧਿਕਾਰ ਨਹੀਂ ਹੋਵੇਗਾ ਅਤੇ ਜੇ ਕੋਈ ਕਰੇਗਾ ਤਾਂ ਉਸ ਦੇ ਵਿਰੁਧ ਕੇਸ ਦਰਜ ਹੋਵੇਗਾ। ਪਿਛਲੇ ਮਹੀਨੇ ਇਹ ਗੱਲ ਚਰਚਾ ਵਿਚ ਆ ਗਈ ਕਿ ਇੰਗਲੈਂਡ ਦੇ ਇੱਕ ਸਿੱਖ ਨੇ ਸ਼ਰਧਾ ਵਜੋਂ ਸੁਨਹਿਰੀ ਅੱਖਰਾਂ ਵਾਲੀਆਂ ਬੀੜਾਂ ਦੀ ਛਪਾਈ ਦਾ ਖਰਚਾ ਕੀਤਾ ਤੇ ਜਿਨ੍ਹਾਂ ਨੇ ਛਾਪੀਆਂ, ਉਨ੍ਹਾਂ ਨੇ ਭਰਪੂਰ ਗਲਤੀਆਂ ਨਾਲ ਛਾਪ ਦਿੱਤੀਆਂ ਹਨ। ਇਸ ਉਤੇ ਇਹ ਰੌਲਾ ਪੈ ਗਿਆ ਕਿ ਨਵਾਂ ਕਾਨੂੰਨ ਬਣਨ ਪਿੱਛੋਂ ਤਾਂ ਇਹ ਬੀੜਾਂ ਛਾਪਣ ਦਾ ਕਿਸੇ ਨੂੰ ਹੱਕ ਹੀ ਨਹੀਂ ਸੀ। ਜਿਸ ਸਿੱਖ ਨੇ ਸ਼ਰਧਾ ਵਜੋਂ ਪੈਸੇ ਦਿੱਤੇ ਸਨ ਅਤੇ ਛਪਾਈ ਦੇ ਖਰਚ ਨਾਲੋਂ ਚੌਗੁਣੇ ਪੈਸੇ ਉਸ ਦੀ ਜੇਬ ਵਿਚੋਂ ਕੱਢ ਲਏ ਗਏ ਸਨ, ਉਸ ਵਿਚਾਰੇ ਦੇ ਖਿਲਾਫ ਤਾਂ ਕਾਰਵਾਈ ਸ਼ੁਰੂ ਹੋ ਗਈ ਪਰ ਬੀੜਾਂ ਛਾਪਣ ਦੀ ਹਾਮੀ ਸ਼੍ਰੋਮਣੀ ਕਮੇਟੀ ਦੇ ਜਿਸ ਆਗੂ ਨੇ ਭਰੀ ਅਤੇ ਬੀੜਾਂ ਪੁਚਾਉਣ ਲਈ ਆਪਣੀ ਗੱਡੀ ਵੀ ਦਿੱਤੀ ਸੀ, ਉਸ ਬਾਰੇ ਚੁੱਪ ਵੱਟ ਲਈ ਗਈ। ਛਾਪਣ ਵਾਲੇ ਸੱਜਣਾਂ ਬਾਰੇ ਕਾਰਵਾਈ ਲਈ ਸ਼ਿਕਾਇਤਾਂ ਬੜੀ ਤੇਜ਼ੀ ਨਾਲ ਆਈਆਂ ਪਰ ਜਦੋਂ ਇਹ ਚਰਚਾ ਚੱਲੀ ਕਿ ਕਾਰਵਾਈ ਹੋਣ ਨਾਲ ਇਹ ਭੇਦ ਖੁੱਲ੍ਹ ਜਾਣਾ ਹੈ ਕਿ ਕਿਸ ਦੀ ਕਿੰਨੀ ਸੇਵਾ ਹੋਈ ਹੈ, ਫਿਰ ਕਾਰਵਾਈ ਦੀ ਰਫਤਾਰ ਮੱਠੀ ਹੋ ਗਈ।

ਇੱਕ ਹੋਰ ਮਾਮਲਾ ਸਿੱਖ ਧਰਮ ਅਸਥਾਨਾਂ ਦੀ ਕਾਰ-ਸੇਵਾ ਵਿਚ ਹੁੰਦੇ ਘਪਲਿਆਂ ਦਾ ਹੈ। ਪਹਿਲਾਂ ਤਾਂ ਇਹ ਹੀ ਗਲਤ ਗੱਲ ਹੈ ਕਿ ਕਾਰ ਸੇਵਾ ਉਨ੍ਹਾਂ ਹੱਥਾਂ ਵਿਚ ਦੇ ਦਿੱਤੀ ਜਾਵੇ, ਜਿਹੜੇ ਸਿੱਖ ਵਿਰਸੇ ਬਾਰੇ ਨਹੀਂ ਜਾਣਦੇ ਅਤੇ ਸਾਰੇ ਇਤਿਹਾਸਕ ਨਿਸ਼ਾਨ ਮਿਟਾ ਕੇ ਸੰਗਮਰਮਰ ਥੱਪਣ ਲੱਗੇ ਹੋਏ ਹਨ। ਦੂਜੀ ਗੱਲ ਇਹ ਕਿ ਕਾਰ-ਸੇਵਾ ਦਾ ਹੱਕ ਦੇਣ ਬਾਰੇ ਲੈਣ-ਦੇਣ ਹੋਣ ਦੇ ਚਰਚੇ ਵਾਰ-ਵਾਰ ਚੱਲਦੇ ਹਨ। ਕੁਝ ਸਾਲ ਪਹਿਲਾਂ ਇੱਕ ਕਾਰ-ਸੇਵਾ ਵਾਲੇ ਬਾਬੇ ਬਾਰੇ ਇਹ ਰੌਲਾ ਪਿਆ ਕਿ ਉਹ ਜਿਸ ਡੇਰੇ ਦਾ ਦੂਜੇ ਨੰਬਰ ਦਾ ਮੁਖੀ ਹੁੰਦਾ ਸੀ, ਉਥੋਂ ਤਿੰਨ ਕਰੋੜ ਰੁਪਏ ਲੈ ਕੇ ਦੌੜ ਗਿਆ ਹੈ। ਉਸ ਵਿਰੁਧ ਕੇਸ ਦਰਜ ਹੋਇਆ, ਉਸ ਦੀ ਗ੍ਰਿਫਤਾਰੀ ਵੀ ਪਾਈ ਗਈ, ਪਰ ਹੁਣ ਉਸੇ ਨੂੰ ਕਿਸੇ ਦੂਜੇ ਡੇਰੇ ਨਾਲ ਜੁੜਨ ਦੀ ਵੀ ਲੋੜ ਨਹੀਂ ਰਹੀ ਤੇ ਆਪਣੇ ਆਪ ਵਿਚ ਪੂਰਨ ਸੰਤ ਮੰਨ ਕੇ ਇੱਕ ਇਤਿਹਾਸਕ ਅਸਥਾਨ ਦੀ ਕਾਰ-ਸੇਵਾ ਸੌਂਪ ਦਿੱਤੀ ਗਈ ਹੈ। ਜਿਹੜਾ ਬੰਦਾ ਕੱਲ੍ਹ ਤੱਕ ਚੋਰ ਦੱਸਿਆ ਜਾ ਰਿਹਾ ਸੀ, ਉਹ ਰਾਤੋ-ਰਾਤ ਦੁੱਧ-ਧੋਤਾ ਕਿਵੇਂ ਹੋ ਗਿਆ, ਇਹ ਸਿਰਫ ਸ਼੍ਰੋਮਣੀ ਕਮੇਟੀ ਦੇ ਉਹ ਅਧਿਕਾਰੀ ਦੱਸ ਸਕਦੇ ਹਨ, ਜਿਹੜੇ ਏਦਾਂ ਦੇ ਕਮਜ਼ੋਰੀਆਂ ਵਾਲੇ ਬੰਦੇ ਆਪਣੇ ਲਈ ਫਾਇਦੇਮੰਦ ਸਮਝ ਕੇ ਸੱਜੇ-ਖੱਬੇ ਨੇੜੇ ਲਾਈ ਫਿਰਦੇ ਹਨ।

ਜਿਹੜੀ ਗੱਲ ਇਨ੍ਹਾਂ ਚੋਣਾਂ ਵਿਚ ਕਿਸੇ ਪਾਸੇ ਤੋਂ ਨਹੀਂ ਕਹੀ ਜਾ ਰਹੀ, ਉਹ ਇਹ ਹੈ ਕਿ ਗੁਰੂ ਨਾਨਕ ਸਾਹਿਬ ਨੇ ਪੰਜਾਬ ਦੀ ਪ੍ਰਚਲਿਤ ਭਾਸ਼ਾ ਵਿਚ ਆਪਣਾ ਸੰਦੇਸ਼ ਦਿੱਤਾ ਸੀ। ਸਿਰਫ ਪੰਜਾਬੀ ਵਿਚ ਹੀ ਨਹੀਂ, ਜਿਸ ਵੀ ਖੇਤਰ ਦੇ ਲੋਕਾਂ ਕੋਲ ਗਏ, ਉਥੋਂ ਦੀ ਭਾਸ਼ਾ ਵਿਚ ਕੁਝ ਨਾ ਕੁਝ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੇ ਹਿੰਦੂ ਧਰਮ ਨਾਲ ਜੁੜੇ ਲੋਕਾਂ ਨੂੰ ਸਮਝਾਉਣ ਲਈ ਇਹ ਕਿਹਾ ਸੀ:

ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ
ਹਈ ਤਾ ਪਾਡੇ ਘਤੁ॥

ਭਾਵ ਇਹ ਕਿ ਦਇਆ ਰੂਪੀ ਕਪਾਹ ਹੋਵੇ, ਸਬਰ-ਸੰਤੋਖ ਦਾ ਸੂਤ ਹੋਵੇ, ਜਤ ਦੀਆਂ ਗੰਢਾਂ ਅਤੇ ਸਤ (ਸੱਚ) ਦਾ ਵੱਟ ਚਾੜ੍ਹਿਆ ਹੋਵੇ, ਇਹੋ ਜਿਹਾ ਸੁੱਚੇ ਕਿਰਦਾਰ ਦਾ ਜਨੇਊ ਪਹਿਨਣਾ ਚਾਹੀਦਾ ਹੈ।

ਜਿਹੜੀਆਂ ਗੱਲਾਂ ਉਨ੍ਹਾਂ ਨੇ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਕਹੀਆਂ ਸਨ, ਉਹੋ ਮੁਸਲਮਾਨ ਭਾਈਚਾਰੇ ਬਾਰੇ ਵੀ ਉਨ੍ਹਾਂ ਨੇ ਇਨ੍ਹਾਂ ਸ਼ਬਦਾਂ ਵਿਚ ਕਹਿ ਦਿੱਤੀਆਂ ਸਨ:

ਮਿਹਰ ਮਸੀਤਿ ਸਿਦਕੁ ਮੁਸਲਾ
ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ
ਹੋਹੁ ਮੁਸਲਮਾਣੁ॥

ਭਾਵ ਇਹ ਕਿ ਮਿਹਰਾਂ ਰੂਪੀ ਮਸੀਤ ਵਿਚ ਨਿਵਾਸ ਕਰਿਆ ਕਰੋ, ਸਿਦਕ ਦਾ ਮੁਸਲਾ (ਨਮਾਜ ਪੜ੍ਹਨ ਵਾਸਤੇ ਵਿਛਾਉਣਾ) ਰੱਖੋ, ਹੱਕ-ਹਲਾਲ ਦੀ ਕਿਰਤ ਕਰ ਕੇ ਖਾਇਆ ਕਰੋ। ਅੱਖ ਦੀ ਸ਼ਰਮ ਨੂੰ ਸੁੰਨਤ ਸਮਝੋ, ਸੀਲ-ਹਲੀਮੀ ਨੂੰ ਰੋਜ਼ਾ ਮੰਨੋ, ਇਸ ਤਰ੍ਹਾਂ ਦੇ ਸੁੱਚੇ ਕਿਰਦਾਰ ਵਾਲੇ ਮੁਸਲਮਾਨ ਬਣੋ। ਕੀ ਇਹ ਗੱਲਾਂ ਸਿੱਖ ਸਮਾਜ ਨੂੰ ਦੱਸਣ ਦੀ ਲੋੜ ਨਹੀਂ ਹੈ? ਸ਼੍ਰੋਮਣੀ ਕਮੇਟੀ ਚੋਣਾਂ ਵਿਚ ਇਹ ਗੱਲ ਕੋਈ ਧਿਰ ਵੀ ਨਹੀਂ ਕਰ ਰਹੀ। ਆਪ ਗੱਲ ਤਾਂ ਕੀ ਕਰਨੀ ਹੈ, ਕੋਈ ਧਿਰ ਸਿੱਖਾਂ ਨੂੰ ਇਹ ਵੀ ਨਹੀਂ ਕਹਿੰਦੀ ਕਿ ਬੁੱਕਿੰਗ ਕਰਵਾ ਕੇ ਕੀਤੇ-ਕਰਾਏ ਪਾਠ ਲੈਣ ਦੀ ਥਾਂ ਗੁਰੂ ਬਾਬੇ ਦਾ ਸੰਦੇਸ਼ ਆਪ ਪੜ੍ਹੋ ਅਤੇ ਵਿਚਾਰ ਕੇ ਜੀਵਨ ਵਿਚ ਲਾਗੂ ਕਰਨ ਦਾ ਯਤਨ ਕਰੋ।

ਜਿਹੜੀ ਸ਼੍ਰੋਮਣੀ ਕਮੇਟੀ ਵਾਸਤੇ ਅੱਜ ਚੋਣਾਂ ਦੀ ਛਿੰਝ ਪੈ ਰਹੀ ਹੈ, ਇਸ ਦਾ ਪ੍ਰਬੰਧ ਇੱਕ ਸਮੇਂ ਗਦਰ ਲਹਿਰ ਦੇ ਮਹਾਨ ਬਾਬਿਆਂ ਕੋਲ ਵੀ ਹੁੰਦਾ ਸੀ। ਬਾਬਾ ਈਸ਼ਰ ਸਿੰਘ ਮਰਹਾਣਾ ਨੂੰ ਹਰਿਮੰਦਰ ਸਾਹਿਬ ਦੇ ਨਾਲ ਲੱਗਦੀ ਸਰਾਂ ਦੀ ਉਸਾਰੀ ਦੀ ਦੇਖ-ਰੇਖ ਦੀ ਜ਼ਿਮੇਵਾਰੀ ਸੌਂਪੀ ਗਈ ਤਾਂ ਉਹ ਰੋਜ਼ ਹਰੀਕੇ ਪੱਤਣ ਨੇੜੇ ਦੇ ਆਪਣੇ ਪਿੰਡੋਂ ਸਾਈਕਲ ਉਤੇ ਅੰਮ੍ਰਿਤਸਰ ਆ ਕੇ ਇਹ ਸੇਵਾ ਨਿਭਾਉਂਦੇ ਸਨ ਪਰ ਰੋਟੀ ਲੰਗਰ ਵਿਚੋਂ ਰੋਜ਼ ਖਾਣ ਦੀ ਥਾਂ ਆਪਣੇ ਘਰੋਂ ਪੋਣੇ ਵਿਚ ਦੋ ਰੋਟੀਆਂ ਅਤੇ ਅਚਾਰ ਦੀ ਫਾੜੀ ਰੱਖ ਕੇ ਲਿਆਉਂਦੇ ਸਨ। ਕੀ ਅੱਜ ਵਾਲੇ ਪ੍ਰਬੰਧਕਾਂ ਜਾਂ ਚੋਣਾਂ ਦੇ ਉਮੀਦਵਾਰਾਂ ਵਿਚ ਇੱਕ ਵੀ ਹੈ ਉਸ ਬਾਬੇ ਦੇ ਨੇੜੇ-ਤੇੜੇ ਦੇ ਕਿਰਦਾਰ ਵਾਲਾ? ਖਡੂਰ ਸਾਹਿਬ ਵਿਚ ਸੱਤ ਗੁਰੂ ਸਾਹਿਬਾਨ ਦੇ ਅਸਥਾਨ ਹਨ, ਉਥੋਂ ਦੇ ਗੁਰੂ ਘਰਾਂ ਦੀ ਸੰਭਾਲ ਦਾ ਜ਼ਿੰਮਾ ਕਈ ਸਾਲ ਨਾਗੋਕੇ ਪਿੰਡ ਵਾਲੇ ਕਾਮਰੇਡ ਦਲਬੀਰ ਸਿੰਘ ਕੋਲ ਰਿਹਾ, ਜੋ ਹਾਲੇ ਪਿਛਲੇ ਸਾਲ ਵਿਛੋੜਾ ਦੇ ਗਏ ਹਨ। ਏਸੇ ਸੇਵਾ ਨਿਭਾਉਣ ਕਾਰਨ ਉਨ੍ਹਾ ਨੂੰ ਕਾਮਰੇਡ ਬਜਾਏ ਉਮਰ ਭਰ 'ਜਥੇਦਾਰ' ਕਿਹਾ ਜਾਂਦਾ ਰਿਹਾ ਸੀ। ਉਨ੍ਹਾਂ ਦੇ ਵਕਤ ਕਦੇ ਵੀ ਉਥੇ ਕੋਈ ਮਾੜਾ ਕੰਮ ਨਹੀਂ ਸੀ ਵਾਪਰਿਆ ਅਤੇ ਜਿਸ ਦਿਨ ਉਨ੍ਹਾ ਦਾ ਸ਼ੋਕ ਸਮਾਗਮ ਹੋਇਆ ਸੀ, ਇਲਾਕੇ ਦੇ ਸੰਤਾਂ ਅਤੇ ਸੰਗਤਾਂ ਦੋਵਾਂ ਨੇ ਉਥੇ ਜਾ ਕੇ ਕਿਹਾ ਸੀ ਕਿ ਜਿਹੜਾ ਪ੍ਰਬੰਧ ਭਾਈ ਦਲਬੀਰ ਸਿੰਘ ਕਰ ਗਏ, ਉਹ ਆਪਣੇ ਆਪ ਵਿਚ ਮਿਸਾਲ ਸੀ।

ਅੱਜ ਕਾਮਰੇਡ ਗੁਰਦੁਆਰਾ ਪ੍ਰਬੰਧ ਵਿਚ ਸ਼ਾਮਲ ਨਹੀਂ, ਤੇ ਅਸੀਂ ਉਨ੍ਹਾਂ ਨੂੰ ਮੁੜ ਕੇ ਉਸ ਪਾਸੇ ਜਾਣ ਵਾਸਤੇ ਵੀ ਨਹੀਂ ਕਹਾਂਗੇ ਪਰ ਇਹ ਕਹਿਣਾ ਚਾਹੁੰਦੇ ਹਾਂ ਕਿ ਭਾਰਤ ਦੀ ਇਸ ਪਹਿਲੀ ਲੋਕਤੰਤਰੀ ਸੰਸਥਾ ਨੂੰ ਬਚਾਉਣ ਲਈ ਚੰਗੇ ਬੰਦੇ ਚੁਣੇ ਜਾਣ ਦੀ ਲੋੜ ਹੈ। ਕਈ ਲੋਕ ਇਸ ਨੂੰ 'ਸਿੱਖਾਂ ਦੀ ਪਾਰਲੀਮੈਂਟ' ਆਖ ਕੇ ਵਡਿਆਉਂਦੇ ਹਨ। ਜੇ ਇੰਜ ਕਹਿਣ ਦਾ ਮਤਲਬ ਭਾਰਤ ਦੀ ਪਾਰਲੀਮੈਂਟ ਦੀ ਬਰਾਬਰੀ ਕਰਨਾ ਹੈ, ਜਿਸ ਦੇ ਇੱਕ ਸੌ ਤਰਵੰਜਾ ਮੈਂਬਰਾਂ ਖਿਲਾਫ ਮੁਕੱਦਮੇ ਚੱਲ ਰਹੇ ਹਨ, ਫਿਰ ਤਾਂ ਥੋੜ੍ਹੀ ਕਸਰ ਹੀ ਰਹਿੰਦੀ ਹੈ, ਪਰ ਜੇ ਇਸ ਨੂੰ ਬਾਬੇ ਨਾਨਕ ਦੇ ਅਸੂਲਾਂ ਮੁਤਾਬਕ ਸੰਸਾਰ ਦੇ ਸਿੱਖਾਂ ਅਤੇ ਦੂਜੇ ਲੋਕਾਂ ਸਾਹਮਣੇ ਮਿਸਾਲ ਵਜੋਂ ਪੇਸ਼ ਕਰਨਾ ਹੈ ਤਾਂ ਵੱਡੇ ਸੁਧਾਰਾਂ ਦੀ ਲੋੜ ਹੈ। ਮਹੰਤਾਂ ਵਾਲੇ ਪ੍ਰਬੰਧ ਦੇ ਵਿਰੁੱਧ ਜਿਹੜੀ ਲਹਿਰ ਚੱਲੀ ਸੀ, ਉਸ ਨੂੰ 'ਮਹੰਤ ਵਿਰੋਧੀ ਲਹਿਰ' ਦੀ ਥਾਂ 'ਗੁਰਦੁਆਰਾ ਸੁਧਾਰ ਲਹਿਰ' ਕਿਹਾ ਗਿਆ ਸੀ, ਜੇ ਹੁਣ ਇਸ ਦੇ ਸੁਧਾਰ ਦੀ ਗੱਲ ਨਾ ਚਲਾਈ ਗਈ ਤਾਂ ਕਿਸੇ ਦਿਨ ਆਪ ਮੁਹਾਰੇ ਵੀ ਚੱਲ ਸਕਦੀ ਹੈ।

# .ਗਦਰ ਲਹਿਰ ਦੀ ਜਥੇਬੰਦਕ ਰਣਨੀਤੀ

.ਗਦਰ ਦੀਆਂ ਗੱਲਾਂ

***ਵੀਹਵੀਂ ਸਦੀ ਦੇ ਆਰੰਭ ਤੋਂ ਹੀ ਭਾਰਤ ਦੇ ਇਨਕਲਾਬੀਆਂ ਅਤੇ ਹੋਰ ਗਰਮ ਦਲ ਸੋਚਵਾਨਾਂ ਦਾ ਇਹ ਵਿਚਾਰ ਬਣਿਆ ਹੋਇਆ ਸੀ ਕਿ ਰਿਆਸਤਾਂ ਦੇ ਰਾਜਿਆਂ, ਜਾਗੀਰਦਾਰਾਂ ਅਤੇ ਹੋਰ ਟੋਡੀਆ ਦੇ ਠੁੰਮਣੇ ਤੋਂ ਬਿਨਾਂ ਭਾਰਤੀ ਅਵਾਮ ਵਿਚ ਅੰਗਰੇਜ਼ ਸਰਕਾਰ ਦੀ ਹੋਰ ਕੋਈ ਧਿਰ ਨਹੀਂ ਸੀ ਅਤੇ ਇਸ ਨੇ ਅਪਣੀ ਸੱਤਾ ਫੌਜਾਂ ਦੇ ਬਲਬੂਤੇ ਕਾਇਮ ਰੱਖੀ ਹੋਈ ਸੀ। ਗਦਰ ਲਹਿਰ ਦੇ ਆਗੂਆਂ ਦਾ ਇਹ ਵੀ ਖ਼ਿਆਲ ਸੀ ਕਿ ਭਾਰਤੀ ਫੌਜੀਆਂ ਨੂੰ ਜਿਹੜੇ ਮਾਮੂਲੀ ਤਨਖਾਹ ਉਤੇ ਭਰਤੀ ਕਰਕੇ ਸਾਮਰਾਜੀ ਮੁਲਕਗੀਰੀ ਲਈ ਪਰਦੇਸਾਂ ਨੂੰ ਧੱਕ ਦਿੱਤੇ ਜਾਂਦੇ ਹਨ; .ਗਦਰ ਦੇ ਹੱਕ ਵਿਚ ਪ੍ਰੇਰ ਲੈਣਾ ਆਸਾਨ ਹੋਵੇਗਾ।***

■ ਪਰੇਮ ਸਿੰਘ ■

ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਭਾਰਤੀ ਪਰਵਾਸੀਆਂ ਵੱਲੋਂ ਕੀਤਾ ਗਿਆ ਗ਼ਦਰ ਦਾ ਉਪਰਾਲਾ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਬਿਲਕੁਲ ਨਿਵੇਕਲੀ ਹੈਸੀਅਤ ਰੱਖਦਾ ਹੈ। ਇਹ ਨਿਵੇਕਲਾਪਣ ਨਿਰਾ ਇਸ ਗੱਲ ਵਿਚ ਨਹੀਂ ਸੀ ਕਿ ਹਥਿਆਰਬੰਦ ਰਾਜਪਲਟੇ ਦਾ ਯਤਨ ਉਸ ਸਮੇਂ ਕੀਤਾ ਗਿਆ ਜਦੋਂ ਦੇਸ਼ ਅੰਦਰ ਕੌਮੀ ਮੁਕਤੀ ਲਈ ਰਾਜਸੀ ਜਾਗ੍ਰਤੀ ਅਜੇ ਮੁਢਲੇ ਪੜਾਅ ਉਤੇ ਹੀ ਸੀ ਅਤੇ ਸਮਾਜਕ ਜੀਵਨ ਵਿਚ ਪਿਛਾਂਹ-ਖਿੱਚੂ ਅਤੇ ਸਰਕਾਰਪ੍ਰਸਤ ਤਬਕਿਆਂ ਦਾ ਦਬਦਬਾ ਕਾਇਮ ਸੀ। ਇਹ ਨਿਵੇਕਲਾਪਣ ਇਸ ਗੱਲ ਵਿਚ ਵੀ ਸੀ ਕਿ ਦੇਸ਼ ਅੰਦਰ ਕੋਈ ਅਜਿਹੀ ਵਰਨਣਯੋਗ ਇਨਕਲਾਬੀ ਜਥੇਬੰਦੀ ਮੌਜੂਦ ਨਹੀਂ ਸੀ ਜਿਹੜੀ ਬਾਹਰੋਂ ਆਏ ਵਿਦਰੋਹੀਆਂ ਨੂੰ ਸੰਭਾਲ ਲੈਂਦੀ ਅਤੇ ਤਜਵੀਜ਼ਸ਼ੁਦਾ ਇਨਕਲਾਬ ਵਿਚ ਉਨ੍ਹਾਂ ਲਈ ਸਹਾਇਕ ਸ਼ਕਤੀ ਵਜੋਂ ਕੰਮ ਕਰਦੀ। ਨਿਰਾ ਏਨਾ ਹੀ ਨਹੀਂ, ਉਸ ਸਮੇਂ ਦੇਸ਼ ਦੀ ਮੁੱਖ ਰਾਜਸੀ ਜਥੇਬੰਦੀ, ਇੰਡੀਅਨ ਨੈਸ਼ਨਲ ਕਾਂਗਰਸ ਜਿਸ ਨੇ ਮਗਰਲੇ ਵਰ੍ਹਿਆਂ ਵਿਚ ਆਜ਼ਾਦੀ ਦੇ ਅੰਦੋਲਨ ਵਿਚ ਵੱਡੀ ਭੂਮਿਕਾ ਨਿਭਾਈ, ਸਾਮਰਾਜੀ ਹਕੂਮਤ ਕੋਲੋਂ ਨਿਗੂਣੀਆਂ ਰਿਆਇਤਾਂ ਲੈਣ ਲਈ ਯਤਨਸ਼ੀਲ ਸੀ। ਉਸ ਕਾਂਗਰਸ ਪਾਰਟੀ ਤੋਂ ਕੋਈ ਉਮੀਦ ਵੀ ਨਹੀਂ ਰੱਖੀ ਜਾ ਸਕਦੀ ਸੀ। ਪਹਿਲੀ ਸੰਸਾਰ ਜੰਗ ਆਰੰਭ ਹੋਣ ਨਾਲ ਇਸ ਨੇ ਅੰਗਰੇਜ਼ ਸਰਕਾਰ ਪ੍ਰਤੀ ਵਫ਼ਾਦਾਰੀ ਦਾ ਅਹਿਦ ਕੀਤਾ ਸੀ ਜਿਹੜਾ ਮਗਰੋਂ ਜੰਗ ਦੇ ਵਰ੍ਹਿਆਂ ਵਿਚ ਦੁਹਰਾਇਆ ਜਾਂਦਾ ਰਿਹਾ ਸੀ।

ਗ਼ਦਰ ਪਾਰਟੀ ਦਾ ਵਿਉਂਤਿਆ ਇਹ ਇਨਕਲਾਬ ਇਸਦੇ ਆਗੂਆਂ ਦੇ ਇਸ ਵਿਸ਼ਵਾਸ ਉਤੇ ਟਿਕਿਆ ਹੋਇਆ ਸੀ ਕਿ ਅੰਗਰੇਜ਼ ਸਰਕਾਰ ਦੇ ਜੰਗ ਵਿਚ ਉਲਝੇ ਹੋਣ ਕਾਰਨ ਭਾਰਤ ਵਿਚ ਅੰਗਰੇਜ਼ੀ ਫੌਜ ਮਾਮੂਲੀ ਗਿਣਤੀ ਵਿਚ ਹੀ ਰਹਿ ਜਾਵੇਗੀ। ਹੋਇਆ ਵੀ ਇਵੇਂ ਹੀ। ਸਰਕਾਰ ਨੇ ਭਾਰਤ ਵਿਚਲੀ ਫੌਜ ਦੀ ਵੱਡੀ ਗਿਣਤੀ ਜੰਗ ਵਿਚ ਝੋਕ ਦਿੱਤੀ। ਗੋਰੀ ਤੇ ਦੇਸੀ, ਦੋਵੇਂ ਤਰ੍ਹਾਂ ਦੀਆਂ ਪਲਟਣਾਂ ਦੁਰੇਡੇ ਮੋਰਚਿਆਂ ਉਤੇ ਭੇਜ ਦਿੱਤੀਆਂ ਗਈਆਂ। ਅੰਗਰੇਜ਼ ਹਾਕਮਾਂ ਦਾ ਤਰਕ ਇਹ ਸੀ ਕਿ ਜੇ ਅਸੀਂ ਜੰਗ ਹਾਰ ਗਏ ਤਾਂ ਭਾਰਤ ਵਿਚ ਫੌਜ ਰੱਖ ਕੇ ਕੀ ਕਰਾਂਗੇ। ਗਦਰ ਪਾਰਟੀ ਦੇ ਆਗੂਆਂ ਦੀ ਸੋਚ ਅਨੁਸਾਰ ਇਹੋ ਮੌਕਾ ਸੀ ਜਦੋਂ ਭਾਰਤ ਵਿਚ ਵਿਦਰੋਹ ਸਫ਼ਲ ਹੋ ਸਕਦਾ ਸੀ। ਗਦਰ ਪਾਰਟੀ ਦੀ ਜਥੇਬੰਦਕ ਰਣਨੀਤੀ ਦਾ ਕੁੰਜੀਵਤ ਪੈਂਤੜਾ ਇਹ ਸੀ ਕਿ ਬਰਤਾਨਵੀ ਸਾਮਰਾਜ ਨੂੰ ਸੱਟ ਉਸ ਸਮੇਂ ਮਾਰੀ ਜਾਵੇ ਜਦੋਂ ਇਸ ਦੀ ਟਾਕਰਾ ਕਰਨ ਦੀ ਸ਼ਕਤੀ ਏਨੀ ਕਮਜ਼ੋਰ ਹੋਵੇ ਕਿ ਇਹ ਮੁਕਾਬਲਾ ਨਾ ਕਰ ਸਕੇ। ਵੀਹਵੀਂ ਸਦੀ ਦੇ ਆਰੰਭ ਤੋਂ ਹੀ ਭਾਰਤ ਦੇ ਇਨਕਲਾਬੀਆਂ ਅਤੇ ਹੋਰ ਗਰਮ ਦਲ ਸੋਚਵਾਨਾਂ ਦਾ ਇਹ ਵਿਚਾਰ ਬਣਿਆ ਹੋਇਆ ਸੀ ਕਿ ਰਿਆਸਤਾਂ ਦੇ ਰਾਜਿਆਂ, ਜਾਗੀਰਦਾਰਾਂ ਅਤੇ ਹੋਰ ਟੋਡੀਆ ਦੇ ਠੁੰਮਣੇ ਤੋਂ ਬਿਨਾਂ ਭਾਰਤੀ ਅਵਾਮ ਵਿਚ ਅੰਗਰੇਜ਼ ਸਰਕਾਰ ਦੀ ਹੋਰ ਕੋਈ ਧਿਰ ਨਹੀਂ ਸੀ ਅਤੇ ਇਸ ਨੇ ਅਪਣੀ ਸੱਤਾ ਫੌਜਾਂ ਦੇ ਬਲਬੂਤੇ ਕਾਇਮ ਰੱਖੀ ਹੋਈ ਸੀ। ਗਦਰ ਲਹਿਰ ਦੇ ਆਗੂਆਂ ਦਾ ਇਹ ਵੀ ਖ਼ਿਆਲ ਸੀ ਕਿ ਭਾਰਤੀ ਫੌਜੀਆਂ ਨੂੰ ਜਿਹੜੇ ਮਾਮੂਲੀ ਤਨਖਾਹ ਉਤੇ ਭਰਤੀ ਕਰਕੇ ਸਾਮਰਾਜੀ ਮੁਲਕਗੀਰੀ ਲਈ ਪਰਦੇਸਾਂ ਨੂੰ ਧੱਕ ਦਿੱਤੇ ਜਾਂਦੇ ਹਨ; ਗ਼ਦਰ ਦੇ ਹੱਕ ਵਿਚ ਪ੍ਰੇਰ ਲੈਣਾ ਆਸਾਨ ਹੋਵੇਗਾ। ਇਉਂ ਭਾਰਤੀ ਫੌਜੀਆਂ ਦੀ ਵਿਦਰੋਹ ਵਿਚ ਸ਼ਿਰਕਤ ਇਸ ਜਥੇਬੰਦਕ ਰਣਨੀਤੀ ਦਾ ਦੂਜਾ ਮਹੱਤਵਪੂਰਨ ਪੱਖ ਸੀ।

ਗ਼ਦਰ ਲਹਿਰ ਦੇ ਨਿਸ਼ਾਨਿਆਂ ਦੇ ਪ੍ਰਸੰਗ ਵਿਚ ਇਸ ਦੀ ਰਣਨੀਤੀ ਦਾ ਮੁਲੰਕਣ ਕਰਦੇ ਸਮੇਂ ਉਸ ਵਿਸ਼ੇਸ਼ ਘਟਨਾਕ੍ਰਮ ਨੂੰ ਧਿਆਨ ਵਿਚ ਰੱਖਣਾ ਯੋਗ ਹੈ ਜਿਸ ਦੀ ਤਰਤੀਬ ਨੇ ਜਥੇਬੰਦਕ ਤਿਆਰੀਆਂ ਉਤੇ ਅਸਰ ਪਾਇਆ ਅਤੇ ਲਹਿਰ ਦਾ ਰੁੱਖ ਅਤੇ ਇਸ ਦੇ ਨਤੀਜੇ ਨਿਰਧਾਰਿਤ ਕੀਤੇ। ਗ਼ਦਰ ਦੇ ਆਗੂਆਂ ਦੇ ਮੁਢਲੇ ਅਨੁਮਾਨ ਇਹ ਸਨ ਕਿ ਸੰਸਾਰ ਜੰਗ 1920 ਦੇ ਕਰੀਬ ਲੱਗੇਗੀ ਅਤੇ ਪਾਰਟੀ ਨੂੰ ਇਨਕਲਾਬ ਦੀਆਂ ਤਿਆਰੀਆਂ ਲਈ ਲੰਮਾਂ ਸਮਾਂ ਮਿਲ ਜਾਵੇਗਾ ਪਰ ਛੇਤੀ ਹੀ ਉਨ੍ਹਾਂ ਨੂੰ ਇਹ ਅਨੁਮਾਨ ਬਦਲਣੇ ਪਏ। ਜੰਗ ਛਿੜ ਜਾਣ ਸਮੇਂ ਇਹ ਤਿਆਰੀਆਂ ਅਜੇ ਆਰੰਭ ਹੀ ਹੋਈਆਂ ਸਨ। ਆਗੂਆਂ ਦੀ ਸੋਚ ਇਹ ਬਣ ਗਈ ਕਿ ਜੇ ਹੁਣ ਹੱਲਾ ਨਾ ਬੋਲਿਆ ਗਿਆ ਤਾਂ ਅਜਿਹਾ ਮੌਕਾ ਮੁੜ ਕੇ ਹੱਥ ਨਹੀਂ ਆਉਣਾ। ਉਪਰੰਤ ਗ਼ਦਰ ਪਾਰਟੀ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦੇ ਸੰਘਰਸ਼ ਦੀ ਹਮਾਇਤ ਵਿਚ ਨਿੱਤਰ ਪਈ ਸੀ ਅਤੇ ਇਸ ਜਦੋਜਹਿਦ ਨੂੰ ਜਾਇਜ਼ ਤੌਰ 'ਤੇ ਅਪਣੇ ਸੰਗਰਾਮ ਦਾ ਅੰਗ ਮੰਨਦੀ ਸੀ। ਤਾਕਤ ਦੇ ਜ਼ੋਰ ਨਾਲ ਜਿਸ ਤਰ੍ਹਾਂ ਇਸ ਜਹਾਜ਼ ਨੂੰ ਵੈਨਕੂਵਰ ਤੋਂ ਵਾਪਸ ਮੋੜਿਆ ਗਿਆ ਸੀ, ਉਸ ਨੇ ਨਾ ਕੇਵਲ ਗ਼ਦਰ ਪਾਰਟੀ ਦੇ ਪ੍ਰਚਾਰ ਦੀ ਹੋਰ ਪੁਸ਼ਟੀ ਕਰ ਦਿੱਤੀ ਸੀ, ਉਸ ਨੇ ਜਹਾਜ਼ ਦੇ ਮੁਸਫ਼ਰਾਂ ਨੂੰ ਇਨਕਲਾਬ ਦੀ ਲੜਾਈ ਵਿਚ ਸ਼ਰੀਕ ਕਰਨ ਦੇ ਹਾਲਾਤ ਵੀ ਪੈਦਾ ਕਰ ਦਿੱਤੇ ਸਨ।

ਗ਼ਦਰ ਲਹਿਰ ਦੇ ਜਥੇਬੰਦਕ ਸਰੋਕਾਰਾਂ ਦਾ ਮੁਲੰਕਣ ਕਰਦਿਆਂ ਇਤਿਹਾਸਕਾਰਾਂ ਅਤੇ ਲਿਖਾਰੀਆਂ ਦੀ ਸਾਂਝੀ ਮੁਸ਼ਕਲ ਇਹ ਰਹੀ ਹੈ ਕਿ ਲਹਿਰ ਦੇ ਇਸ ਪਹਿਲੂ ਬਾਰੇ ਗ਼ਦਰ ਪਾਰਟੀ ਦੀ ਅਪਣੀ ਕੋਈ ਅਧਿਕਾਰਿਤ ਲਿਖਤ ਪ੍ਰਾਪਤ ਨਹੀਂ ਸੀ। ਇਸ ਵਿਸ਼ੇ ਉਤੇ ਲਹਿਰ ਦੇ ਮੋਢੀਆਂ ਵੱਲੋਂ ਰਿਕਾਰਡ ਕਰਵਾਏ ਗਏ ਜਾਂ ਲਿਖਵਾਏ ਗਏ ਵਿਚਾਰ ਵੀ ਇਕਸਾਰ ਨਹੀਂ ਹਨ। ਵਧੇਰੇ ਲੇਖਕਾਂ ਦੇ ਬਿਰਤਾਤਾਂ ਤੋਂ ਜਿਹੜੀ ਤਸਵੀਰ ਉਭਰਕੇ ਸਾਹਮਣੇ ਆਉਂਦੀ ਹੈ, ਉਸ ਅਨੁਸਾਰ ਗ਼ਦਰ ਪਾਰਟੀ ਵਿਚ ਮੈਂਬਰਸ਼ਿਪ ਦੀ ਨਿਯਮਤ ਵਿਵਸਥਾ ਸੀ ਅਤੇ ਜਮਹੂਰੀ ਪ੍ਰਕਿਰਿਆ ਅਨੁਸਾਰ ਇਸ ਦੀਆਂ ਸਥਾਨਕ ਕਮੇਟੀਆਂ ਵੀ ਚੁਣੀਆਂ ਜਾਂਦੀਆਂ ਸਨ। ਉਪਰੰਤ ਇਕ ਕੇਂਦਰੀ ਕਾਰਜਸਾਧਕ ਕਮੇਟੀ ਵੀ ਸੀ ਪਰ ਮੈਂਬਰ ਲੈਣ ਲਈ ਕੋਈ ਲਿਖਤੀ ਨੇਮ, ਉਪਨੇਮ ਉਲੀਕੇ ਨਹੀਂ ਗਏ ਸਨ ਅਤੇ ਨਾ ਹੀ ਪਾਰਟੀ ਦਾ ਉਸ ਸਮੇਂ ਤੱਕ ਕੋਈ ਵਿਧਾਨ ਤਿਆਰ ਕੀਤਾ ਗਿਆ ਸੀ। ਇਉਂ ਇਹ ਹਾਲਤ ਦਾ ਵਿਰੋਧਾਭਾਸ ਹੀ ਸੀ ਕਿ ਇਨਕਲਾਬ ਦੀਆਂ ਤਿਆਰੀਆਂ ਵਿਚ ਲੱਗੀ ਹੋਈ ਪਾਰਟੀ ਦੇ ਮੈਂਬਰਾਂ ਲਈ ਕਿਸੇ ਤਰ੍ਹਾਂ ਦੀ ਅਜਮਾਇਸ਼ ਵਿਚੋਂ ਲੰਘਣਾ ਜ਼ਰੂਰੀ ਨਹੀਂ ਸਮਝਿਆ ਗਿਆ ਸੀ। ਨਾ ਹੀ ਕਿਸੇ ਭਰੋਸੇਯੋਗ ਮੈਂਬਰ ਦੀ ਸਿਫਾਰਿਸ਼ ਨੂੰ ਹੀ ਮੈਂਬਰੀ ਪ੍ਰਾਪਤੀ ਦੀ ਸ਼ਰਤ ਮੰਨਿਆਂ ਗਿਆ ਸੀ। ਜਿਹੜਾ ਵੀ ਕੋਈ ਪਰਵਾਸੀ ਉਤਸ਼ਾਹ ਦਿਖਾਉਂਦਾ ਜਾਂ ਮਾਲੀ ਯੋਗਦਾਨ ਪਾਉਣ ਲਈ ਤਿਆਰ ਹੋ ਜਾਂਦਾ, ਮੈਂਬਰ ਬਣਾ ਲਿਆ ਜਾਂਦਾ ਸੀ।

ਉਸ ਵਕਤ ਦੀ ਗ਼ਦਰ ਲਹਿਰ ਬਾਰੇ ਇਹ ਪ੍ਰਭਾਵ ਵੀ ਜਾਇਜ਼ ਹੀ ਹੈ ਕਿ ਇਸ ਵਿਚ ਆਗੂਆਂ ਅਤੇ ਵਰਕਰਾਂ ਵਿਚ ਉਹ ਪਾੜਾ ਨਹੀਂ ਸੀ ਜਿਹੜਾ ਅਕਸਰ ਹੀ ਵਧੇਰੇ ਰਾਜਸੀ ਪਾਰਟੀਆਂ ਵਿਚ ਪੈਦਾ ਹੋ ਜਾਇਆ ਕਰਦਾ ਹੈ। ਇਸ ਪ੍ਰਥਾ ਦਾ ਸਥਾਪਤ ਹੋ ਜਾਣਾ ਕਿ ਕੋਈ ਵਾਹਦ ਜਾਂ ਇਕੱਲਾ ਸ਼ਖ਼ਸ ਲੀਡਰ ਨਹੀਂ ਮੰਨਿਆ ਜਾਵੇਗਾ; ਪਾਰਟੀ ਦੇ ਪਰਪੱਕ ਜਮਹੂਰੀ ਲੱਛਣ ਦੀ ਤਸਦੀਕ ਕਰਦਾ ਸੀ। ਇਹ ਵੀ ਇਕ ਕਾਰਨ ਸੀ ਕਿ ਅਪਰੈਲ 1914 ਵਿਚ ਲਾਲਾ ਹਰ ਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਅਤੇ ਇਨਕਲਾਬ ਦੇ ਕਾਰਜ ਨਾਲੋਂ ਵੱਖ ਹੋ ਜਾਣ ਦੇ ਬਾਵਜੂਦ ਪਾਰਟੀ ਦੀ ਜਥੇਬੰਦੀ ਨੂੰ ਕੋਈ ਮਾਰੂ ਸੱਟ ਨਹੀਂ ਵੱਜੀ ਸੀ। ਇਹ ਤੱਥ ਮਹੱਤਵਪੂਰਨ ਹੈ ਕਿਉਂਕਿ ਹਰ ਦਿਆਲ ਨੂੰ ਇਸ ਲਹਿਰ ਦਾ ਉਸਰਈਆ ਮੰਨਣ ਵਾਲਿਆਂ ਦਾ ਖ਼ਿਆਲ ਸੀ ਕਿ ਉਸ ਵੱਲੋਂ ਲਹਿਰ ਨਾਲੋਂ ਵੱਖ ਹੋ ਜਾਣ ਨਾਲ ਪਾਰਟੀ ਖੇਰੂੰ-ਖੇਰੂੰ ਹੋ ਜਾਵੇਗੀ।

ਜੰਗ ਛਿੜ ਜਾਣ ਉਤੇ ਦੇਸ਼ ਵਾਪਸੀ ਲਈ ਦਿੱਤੇ ਗਏ ਸੱਦੇ ਕਾਰਨ ਫੌਜੀ ਸਿਖਲਾਈ ਅਤੇ ਹਵਾਈ ਜਹਾਜ਼ ਚਲਾਉਣ ਦੀ ਸਿਖਲਾਈ ਜਿਹੇ ਵਿਉਂਤੇ ਗਏ ਕੰਮ ਪੂਰੇ ਕੀਤੇ ਜਾਣੇ ਸੰਭਵ ਨਹੀਂ ਸਨ। ਦਫ਼ਤਰ ਅਤੇ ਅਖ਼ਬਾਰ ਚਲਦਾ ਰੱਖਣ, ਦੇਸ਼ ਪਰਤਣ ਲਈ ਵਾਲੰਟੀਅਰ ਤਿਆਰ ਕਰਨ, ਉਨ੍ਹਾਂ ਵੱਲੋਂ ਅਪਣੇ ਹਿਸਾਬ ਕਿਤਾਬ ਨਿਬੇੜਨ ਅਤੇ ਸਫ਼ਰ ਦੀ ਤਿਆਰੀ ਕਰਨ ਆਦਿ ਜਿਹੇ ਕੰਮ ਸਾਰੇ ਉਤਸ਼ਾਹ ਅਤੇ ਜੋਸ਼ੋ-ਖਰੋਸ਼ ਦੇ ਬਾਵਜੂਦ ਸਮਾਂ ਅਤੇ ਖੇਚਲ ਮੰਗਦੇ ਸਨ। ਇਨ੍ਹਾਂ ਹਾਲਾਤ ਵਿਚ ਗ਼ਦਰ ਪਾਰਟੀ ਵੱਲੋਂ ਜਥੇਬੰਦੀ ਨਾਲ ਸਬੰਧਿਤ ਕਈ ਰਸਮੀ ਕਾਰਵਾਈਆਂ ਬਕਾਇਦਗੀ ਨਾਲ ਕਰਨ ਲਈ ਵਕਤ ਨਹੀਂ ਸੀ। ਮੁੱਖ ਗੱਲ ਇਹ ਸੀ ਕਿ ਇਸ ਸਮੇਂ ਦੌਰਾਨ ਕਿਸੇ ਤਰ੍ਹਾਂ ਦਾ ਵਿਵਾਦ ਨਾ ਉੱਠਿਆ ਅਤੇ ਨਾ ਹੀ ਕਿਸੇ ਤਰ੍ਹਾਂ ਦੀਆਂ ਧੜੇਬੰਦੀਆਂ ਬਣੀਆਂ। ਗ਼ਦਰ ਦੀ ਅਸਫ਼ਲਤਾ ਤੋਂ ਬਾਅਦ ਦੇ ਸਮੇਂ ਵਿਚ ਸਭ ਕੁਝ ਹੋਇਆ। ਜੇ ਪਾਰਟੀ ਦੇ ਸਰਗਰਮ ਆਗੂਆਂ ਦੀ ਸਿਆਣੀ ਵਿਉਂਤਕਾਰੀ ਨਾ ਹੁੰਦੀ ਤਾਂ ਕੁਰਬਾਨੀ ਦੇ ਸਾਰੇ ਜਜ਼ਬਾਤ ਦੇ ਬਾਵਜੂਦ ਆਪਸੀ ਮਤਭੇਦਾਂ ਅਤੇ ਵਿਰੋਧਾਂ ਨੂੰ ਟਾਲਿਆ ਨਹੀਂ ਜਾ ਸਕਦਾ ਸੀ, ਖਾਸ ਤੌਰ ਉਤੇ ਉਸ ਹਾਲਤ ਵਿਚ ਜਦੋਂ ਮੈਂਬਰਾਂ ਨੂੰ ਸਾਰੇ ਕਾਰਵਿਹਾਰ ਛੱਡ ਕੇ ਸਿੱਧੇ ਇਨਕਲਾਬ ਦੀ ਲੜਾਈ ਵਿਚ ਕੁੱਦ ਪੈਣ ਲਈ ਕਿਹਾ ਜਾ ਰਿਹਾ ਸੀ।



*.ਗਦਰ ਹਾਲ, ਸਾਨ ਫਰਾਂਸਿਸਕੋ, ਅਮਰੀਕਾ।*

ਦੇਸ਼ ਪਰਤ ਆਉਣ ਤੋਂ ਬਾਅਦ ਗ਼ਦਰੀਆਂ ਨੇ ਵੱਖਰੀ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਕਰਨਾ ਸੀ। ਖੁੱਲ੍ਹੇ ਇਨਕਲਾਬੀ ਪ੍ਰਚਾਰ ਨਾਲ ਉਨ੍ਹਾਂ ਦੀਆਂ ਫੌਰਨ ਗ੍ਰਿਫਤਾਰੀਆਂ ਹੋ ਜਾਣੀਆਂ ਸਨ। ਇਹ ਕਹਿਣਾ ਔਖਾ ਹੈ ਕਿ ਭਾਰਤ ਵਿਚ ਉਨ੍ਹਾਂ ਵੱਲੋਂ ਵਿੱਢੀ ਜਾਣ ਵਾਲੀ ਮੁਹਿੰਮ ਦੇ ਪੂਰੇ ਵੇਰਵੇ ਉਨ੍ਹਾਂ ਨੇ ਕਿਸ ਹੱਦ ਤੱਕ ਪਹਿਲਾਂ ਉਲੀਕੇ ਹੋਏ ਸਨ, ਪਰ ਇਹ ਭੁਲੇਖਾ ਤਾਂ ਕਿਸੇ ਨੂੰ ਨਹੀਂ ਸੀ ਕਿ ਸਰਕਾਰੀ ਸ਼ਕਤੀ ਨਾਲ, ਭਾਵੇਂ ਇਹ ਉਨ੍ਹਾਂ ਦੇ ਅਨੁਮਾਨ ਅਨੁਸਾਰ ਕਮਜ਼ੋਰ ਹੀ ਸੀ, ਉਨ੍ਹਾਂ ਦੀ ਸਿੱਧੀ ਟੱਕਰ ਹੋਵੇਗੀ। ਇਸੇ ਲਈ 'ਗ਼ਦਰ' ਅਖ਼ਬਾਰ ਵਿਚ ਜਿੰਨਾ ਜ਼ੋਰ ਹਥਿਆਰਾਂ ਨਾਲ ਅੰਗਰੇਜ਼ ਹਕੂਮਤ ਨੂੰ ਉਲਟਾਉਣ ਉਤੇ ਸੀ, ਓਨਾ ਹੀ ਸ਼ਹੀਦੀਆਂ ਪਾਉਣ ਉਤੇ ਵੀ ਸੀ। ਵਾਪਸੀ ਉਤੇ ਹਾਲਤ ਇਹ ਬਣ ਗਈ ਕਿ ਬਾਬਾ ਸੋਹਨ ਸਿੰਘ ਭਕਨਾ ਸਮੇਤ ਬਹੁਤ ਸਾਰੇ ਆਗੂ ਜਹਾਜ਼ਾਂ ਤੋਂ ਉਤਰਦੇ ਸਾਰ ਹੀ ਗ੍ਰਿਫਤਾਰ ਕਰ ਲਏ ਗਏ ਪਰ ਕਈ ਆਗੂ ਅਤੇ ਸਰਗਰਮ ਵਰਕਰ ਬਚ ਵੀ ਨਿਕਲੇ ਅਤੇ ਉਨ੍ਹਾਂ ਨੇ ਓਨੀ ਦੇਰ ਤੱਕ ਇਨਕਲਾਬ ਦੇ ਯਤਨ ਜਾਰੀ ਰੱਖੇ ਜਦ ਤੱਕ ਉਹ ਗ੍ਰਿਫਤਾਰ ਨਾ ਕਰ ਲਏ ਗਏ।

ਇਹ ਉਨ੍ਹਾਂ ਗਦਰੀਆਂ ਦੀ ਚੌਕਸੀ ਦਾ ਹੀ ਪ੍ਰਮਾਣ ਸੀ ਕਿ ਉਹ ਬੰਦਰਗਾਹਾਂ ਉਤੇ ਹੁੰਦੀਆਂ ਤਲਾਸ਼ੀਆਂ ਵਿਚੋਂ ਸਹਿਜੇ ਹੀ ਨਿਕਲ ਗਏ ਅਤੇ ਕਿਸੇ ਕੋਲੋਂ ਕੋਈ ਹਥਿਆਰ ਬਰਾਮਦ ਵੀ ਨਾ ਹੋਇਆ। ਕਾਮਾਗਾਟਾ ਮਾਰੂ ਉਤੇ ਲਿਆਂਦਾ ਗਿਆ ਅਸਲਾ ਅਤੇ ਗ਼ਦਰ ਸਾਹਿਤ ਬਜ ਬਜ ਉਤੇ ਲੱਗਣ ਤੋਂ ਪਹਿਲਾਂ ਸਮੁੰਦਰ ਵਿਚ ਸੁੱਟ ਦਿੱਤਾ ਗਿਆ ਸੀ। ਪੁਲਿਸ ਦੀਆਂ ਨਜ਼ਰਾਂ ਤੋਂ ਬਚ ਗਏ ਇਨਕਲਾਬੀਆਂ ਸਾਹਮਣੇ ਸਵਾਲ ਇਹ ਸੀ ਕਿ ਆਪਣੇ ਮਿੱਥੇ ਨਿਸ਼ਾਨੇ ਨੂੰ ਪ੍ਰਾਪਤ ਕਿਵੇਂ ਕੀਤਾ ਜਾਵੇ? ਗ੍ਰਿਫਤਾਰੀਆਂ ਨੇ ਉਨ੍ਹਾਂ ਦੀਆਂ ਯੋਜਨਾਵਾਂ ਨੂੰ ਤਕੜੀ ਸੱਟ ਮਾਰੀ ਸੀ ਪਰ ਉਹ ਫਿਰ ਵੀ ਨਿਰਉਤਸ਼ਾਹ ਨਹੀਂ ਸਨ, ਡਰੇ ਤਾਂ ਬਿਲਕੁਲ ਹੀ ਨਹੀਂ ਸਨ। ਉਨ੍ਹਾਂ ਆਪਸੀ ਸਲਾਹ ਮਸ਼ਵਰੇ ਕੀਤੇ ਅਤੇ ਨਵੇਂ ਸਿਰਿਓਂ ਡਿਊਟੀਆਂ ਦੀ ਵੰਡ ਕੀਤੀ। ਪ੍ਰਚਾਰ ਦੇ ਕੰਮ ਨੂੰ ਅੱਗੇ ਤੋਰਨ ਲਈ ਲਿਟਰੇਚਰ ਛਾਪਣ ਦਾ ਕੋਈ ਪ੍ਰਬੰਧ ਨਾ ਹੋ ਸਕਿਆ ਭਾਵੇਂ ਇਹ ਉਨ੍ਹਾਂ ਦੀ ਜਥੇਬੰਦਕ ਰਣਨੀਤੀ ਦਾ ਅਨਿਖੜਵਾਂ ਅੰਗ ਸੀ ਅਤੇ ਇਨਕਲਾਬ ਦੇ ਵਿਚਾਰਾਂ ਨੂੰ ਪ੍ਰਸਾਰਨ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਹਥਿਆਰ। ਹੁਣ ਫੌਜੀਆਂ ਨੂੰ ਗ਼ਦਰ ਲਈ ਤਿਆਰ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ। ਜਿਸ ਬਾਰੇ ਉਂਜ 'ਗਦਰ' ਅਖ਼ਬਾਰ ਵਿਚ ਜੰਗ ਸ਼ੁਰੂ ਹੋਣ ਤੋਂ ਛੇਤੀ ਬਾਅਦ ਖੁੱਲ੍ਹਾ ਹੋਕਾ ਦਿੱਤਾ ਜਾ ਚੁੱਕਾ ਸੀ।

ਫੌਜ ਦੀਆਂ ਪਲਟਣਾਂ ਅਤੇ ਰਸਾਲਿਆਂ ਵਿਚ ਗ਼ਦਰ ਦਾ ਪ੍ਰਚਾਰ ਕਿਸ ਹੱਦ ਤੱਕ ਹੋ ਸਕਿਆ ਅਤੇ ਉਨ੍ਹਾਂ ਦਾ ਹੁੰਗਾਰਾ ਕਿਸ ਤਰ੍ਹਾਂ ਦਾ ਸੀ, ਇਸ ਬਾਰੇ ਅਨੁਮਾਨ ਵੱਖ-ਵੱਖ ਹਨ। ਗ਼ਦਰੀਆਂ ਦੇ ਆਪਣੇ ਬਿਆਨਾਂ ਤੋਂ ਪ੍ਰਭਾਵ ਇਹ ਪੈਂਦਾ ਹੈ ਕਿ ਜਿਨ੍ਹਾਂ ਫੌਜੀਆਂ ਨਾਲ ਵੀ ਸੰਪਰਕ ਬਣਾਏ ਜਾ ਸਕੇ ਸਨ, ਉਹ ਗ਼ਦਰ ਲਈ ਤਿਆਰ ਸਨ ਪਰ ਜਿੰਨੇ ਫੌਜੀਆਂ ਦੇ ਕੋਰਟ ਮਾਰਸ਼ਲ ਹੋਏ ਅਤੇ ਜਿੰਨਿਆਂ ਨੂੰ ਸਜ਼ਾਵਾਂ ਹੋਈਆਂ, ਉਨ੍ਹਾਂ ਦੀ ਗਿਣਤੀ ਕੁਝ ਦਰਜਨਾਂ ਤੋਂ ਵੱਧ ਨਹੀਂ ਸੀ। ਇਹ ਅਨੁਮਾਨ ਲਾਉਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਜੇ ਮੀਆਂ ਮੀਰ ਅਤੇ ਫਿਰੋਜ਼ਪੁਰ ਦੀਆਂ ਛਾਉਣੀਆਂ ਇਕ ਵਾਰ ਵਿਦਰੋਹੀ ਫੌਜੀਆਂ ਦੇ ਹੱਥ ਆ ਜਾਂਦੀਆਂ ਜਿਵੇਂ ਗ਼ਦਰੀਆਂ ਵਲੋਂ ਵਿਉਂਤਾਂ ਬਣਾਈਆਂ ਗਈਆਂ ਸਨ ਤਾਂ ਸਮੁੱਚਾ ਨਕਸ਼ਾ ਬਦਲ ਸਕਦਾ ਸੀ। ਫੌਜ ਵਿਚ ਬੇਚੈਨੀ ਬਾਰੇ ਗ਼ਦਰੀਆਂ ਨੂੰ ਮਿਲੀਆ ਖ਼ਬਰਾਂ ਗ਼ਲਤ ਨਹੀਂ ਸਨ ਅਤੇ ਜੇ ਉਨ੍ਹਾਂ ਉਤੇ ਇਹ ਪ੍ਰਭਾਵ ਪਿਆ ਸੀ ਕਿ ਵਿਦੇਸ਼ਾਂ ਵਿਚ ਜਾ ਕੇ ਹਿੰਦੁਸਤਾਨੀ ਫੌਜੀ ਅੰਗਰੇਜ਼ਾਂ ਲਈ ਮਰਨ ਬਾਰੇ ਉਤਸ਼ਾਹਹੀਣ ਸਨ ਤਾਂ ਇਹ ਪ੍ਰਭਾਵ ਵੀ ਜਾਇਜ਼ ਮੰਨਿਆ ਜਾ ਸਕਦਾ ਹੈ। ਇਸ ਲਈ ਗ਼ਦਰ ਲਹਿਰ ਦੇ ਆਗੂਆਂ ਦੀ ਭਾਰਤੀ ਫੌਜੀਆਂ ਉਤੇ ਨਿਰਭਰਤਾ ਬਿਲਕੁਲ ਨਿਰਾਧਾਰ ਨਹੀਂ ਸੀ ਪਰ ਫੌਜੀਆਂ ਦਾ ਇਸ ਤਰ੍ਹਾਂ ਦਾ ਰੋਅ ਹੋਣਾ ਇਕ ਗੱਲ ਸੀ, ਉਨ੍ਹਾਂ ਵੱਲੋਂ ਹਥਿਆਰ ਲੈ ਕੇ ਵਿਦਰੋਹੀਆਂ ਨਾਲ ਰਲ ਜਾਣਾ, ਅਸਲਾ ਲੁੱਟ ਲੈਣਾ ਅਤੇ ਅੰਗਰੇਜ਼ ਫੌਜੀਆਂ ਨੂੰ ਮਾਰ ਦੇਣਾ ਬਿਲਕੁਲ ਹੋਰ ਗੱਲ ਸੀ। ਇਹ ਕੰਮ ਤਦ ਹੀ ਸੰਭਵ ਸੀ ਜੇ ਫੌਜ ਵਿਚ ਕੇਵਲ ਟਾਵੇਂ-ਟਾਵੇਂ ਸੰਪਰਕ ਹੀ ਨਾ ਹੁੰਦੇ ਸਗੋਂ ਕਾਰਜਸ਼ੀਲ ਜਥੇਬੰਦੀ ਹੁੰਦੀ, ਭਾਵੇਂ ਉਹ ਕਿੰਨੇ ਵੀ ਗੁਪਤ ਢੰਗ ਨਾਲ ਹੀ ਵਿਚਰ ਰਹੀ ਹੁੰਦੀ ਪਰ ਅਜਿਹੀ ਕੋਈ ਜਥੇਬੰਦੀ ਨਹੀਂ ਸੀ। ਇਉਂ ਫੌਜ ਵਿਚ ਵਿਦਰੋਹ ਨੂੰ ਫੈਲਾਉਣ ਬਾਰੇ ਉਹੋ ਕੁਝ ਹੋਇਆ ਜੋ ਸਾਧਾਰਨ ਨਾਗਰਿਕਾਂ ਨੂੰ ਇਸ ਵਿਚ ਸ਼ਾਮਲ ਕਰਨ ਦੇ ਮਾਮਲੇ ਵਿਚ ਸੀ। ਭਾਵ, ਆਪ ਮੁਹਾਰਤਾ ਉਤੇ ਨਿਰਭਰਤਾ।

ਗਦਰ ਦੇ ਕੁਝ ਬਿਰਤਾਂਤਾਂ ਵਿਚ ਕ੍ਰਾਂਤੀਕਾਰੀਆਂ ਦੇ ਕਿਸਾਨ ਪਿਛੋਕੜ ਦੇ ਹਵਾਲੇ ਨਾਲ ਉਨ੍ਹਾਂ ਨੂੰ ਗੁਪਤਵਾਸ ਲਈ ਨਾ ਤਜਰਬੇਕਾਰ ਦਰਸਾਇਆ ਗਿਆ ਹੈ ਪਰ ਹਕੀਕਤ ਇਹ ਹੈ ਕਿ ਉਨ੍ਹਾਂ ਦੀ ਜਥੇਬੰਦਕ ਰਣਨੀਤੀ ਵਿਚ ਗੁਪਤਵਾਸ ਦੀ ਕੋਈ ਗੁੰਜਾਇਸ਼ ਨਹੀਂ ਸੀ। ਉਹ ਇਸ ਗੱਲ ਲਈ ਤਿਆਰ ਨਹੀਂ ਸਨ ਕਿ ਪੁਲਿਸ ਤੋਂ ਲੁਕ-ਛਿਪ ਕੇ ਔਖਾ ਵਕਤ ਲੰਘਾ ਲੈਣ ਅਤੇ ਇਨਕਲਾਬ ਲਈ ਵਧੇਰੇ ਸੁਖਾਵੇਂ ਮਾਹੌਲ ਦੀ ਉਡੀਕ ਕਰਨ। ਜੋ ਵੀ ਉਨ੍ਹਾਂ ਦੀ ਨਿਸ਼ਚਾ ਸੀ ਅਤੇ ਜਿਵੇਂ ਵੀ ਉਨ੍ਹਾਂ ਨੇ ਸੋਚਿਆ ਵਿਚਾਰਿਆ ਸੀ, ਉਸ ਵਿਚ ਸਰਕਾਰੀ ਦਮਨ ਤੋਂ ਬਚਦਿਆਂ ਅਤੇ ਲੰਮਾ ਦਾਈਆ ਰੱਖ ਕੇ ਕੰਮ ਕਰਨ ਦੀ ਕੋਈ ਵਿਵਸਥਾ ਨਹੀਂ ਸੀ। ਜੇ ਇਉਂ ਸੋਚਿਆ ਗਿਆ ਹੁੰਦਾ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਇਕੋ ਸਮੇਂ ਦੇਸ਼ ਪਰਤਣ ਦੀ ਕੋਈ ਲੋੜ ਨਹੀਂ ਸੀ। ਉਹ ਤਾਂ ਇਕ ਤਰ੍ਹਾਂ ਨਾਲ ਗ਼ਦਰ ਦਾ ਢੋਲ ਵਜਾਉਂਦੇ ਹੋਏ ਸਰਕਾਰ ਨਾਲ ਸਿੱਧੀ ਟੱਕਰ ਲੈਣ ਲਈ ਆ ਰਹੇ ਸਨ। ਉਨ੍ਹਾਂ ਦੀ ਇਸ ਸੋਚ ਦੀ ਇਹ ਉੱਘੀ ਉਦਾਹਰਣ ਹੀ ਸੀ ਕਿ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਸਾਥੀਆਂ ਨੇ ਸਰਗਰਮੀ ਦੇ ਖੇਤਰ ਤੋਂ ਦੁਰੇਡੇ ਜਾ ਕੇ ਰੂਪੋਸ਼ ਹੋਣ ਦਾ ਮਨ ਬਣਾਇਆ ਅਤੇ ਸਰਹੱਦੀ ਇਲਾਕੇ ਵੱਲ ਤੁਰ ਵੀ ਪਏ ਪਰ ਫਿਰ ਇਹ ਸੋਚ ਕੇ ਪਰਤ ਆਏ ਕਿ ਅਸੀਂ ਤਾਂ ਅਮਰੀਕਾ ਤੋਂ ਇਨਕਲਾਬ ਕਰਨ ਆਏ ਸਾਂ, ਇਸ ਤਰ੍ਹਾਂ ਬਚ ਕੇ ਦਿਨ ਕਟੀ ਕਰਨ ਤਾਂ ਨਹੀਂ ਆਏ। ਇਸੇ ਪ੍ਰਸੰਗ ਵਿਚ ਰਾਸ ਬਿਹਾਰੀ ਬੋਸ ਦੀ ਭੂਮਿਕਾ ਦਾ ਜ਼ਿਕਰ ਕਰਨਾ ਯੋਗ ਹੈ। ਗ਼ਦਰੀਆਂ ਦਾ ਬੋਸ ਨੂੰ ਮੱਦਦ ਲਈ ਸੱਦਣਾ ਬਿਲਕੁਲ ਕੁਦਰਤੀ ਸੀ ਕਿਉਂਕਿ ਹਾਰਡਿੰਗ ਬੰਬ ਕੇਸ ਦੇ ਮੋਹਰੀ ਵਜੋਂ ਭਾਰਤ ਵਿਚਲੇ ਇਨਕਲਾਬੀਆਂ ਵਿਚ ਉਸ ਦਾ ਨਾਂ ਵੱਡਾ ਸੀ ਅਤੇ ਉਹ ਤਜਵੀਜ਼ਸ਼ੁਦਾ ਗ਼ਦਰ ਨਾਲ ਬੰਗਾਲੀ ਅਤੇ ਹੋਰ ਇਨਕਲਾਬੀ ਗਰੁੱਪਾਂ ਨੂੰ ਜੋੜਨ ਦੇ ਯਤਨ ਕਰ ਸਕਦਾ ਸੀ। ਗੁਪਤ ਕੇਂਦਰ ਦਾ ਸੁਝਾਅ ਵੀ ਉਸ ਵੱਲੋਂ ਦਿੱਤਾ ਗਿਆ ਮੰਨਿਆਂ ਜਾਂਦਾ ਹੈ। ਫਿਰ ਬੰਬ ਬਣਾਉਣ ਵਿਚ ਵੀ ਉਹ ਜਾਂ ਉਸ ਦੇ ਸਹਿਯੋਗੀ ਮਾਹਿਰ ਸਨ ਪਰ ਜਿੱਥੋਂ ਤੱਕ ਗੁਪਤਵਾਸ ਦਾ ਸਬੰਧ ਹੈ, ਇਸ ਮਾਮਲੇ ਵਿਚ ਉਸ ਦਾ ਅਪਣਾ ਤਜਰਬਾ ਵੀ ਕੇਵਲ ਦੋ ਸਾਲ ਦਾ ਹੀ ਸੀ, ਉਹ ਵੀ ਬਿਲਕੁਲ ਵੱਖਰੀ ਕਿਸਮ ਦਾ। ਇਕ ਦਲੇਰਾਨਾ ਸਾਕਾ ਕਰ ਕੇ ਸਭ ਦੀਆਂ ਨਜ਼ਰਾਂ ਤੋਂ ਓਝਲ ਹੋ ਜਾਣਾ ਅਤੇ ਕੇਵਲ ਹੋਰ ਗੁਪਤਵਾਸੀਆਂ ਨਾਲ ਹੀ ਸਬੰਧ ਰੱਖਣਾ ਇਕ ਗੱਲ ਹੈ ਪਰ ਪੁਲਿਸ ਤੋਂ ਲੁਕਦੇ ਹੋਏ ਲੋਕਾਂ ਵਿਚ ਸਰਗਰਮ ਰਹਿਣਾ ਵੱਖਰੀ ਤਰ੍ਹਾਂ ਦਾ ਗੁਪਤਵਾਸ ਹੈ। ਭਾਰਤ ਦੀ ਕਮਿਊਨਿਸਟ ਲਹਿਰ ਵਿਚ ਇਸ ਦੂਜੀ ਤਰ੍ਹਾਂ ਦੇ ਗੁਪਤਵਾਸ ਦੀਆਂ ਕਈ ਮਿਸਾਲਾਂ ਹਨ। ਗ਼ਦਰੀਆਂ ਦੀ ਜਥੇਬੰਦਕ ਰਣਨੀਤੀ ਵਿਚ ਜੇ ਗੁਪਤਵਾਸ ਦੀ ਗੁੰਜਾਇਸ਼ ਹੁੰਦੀ ਤਾਂ ਇਹ ਦੂਜੀ ਤਰ੍ਹਾਂ ਦਾ ਗੁਪਤਵਾਸ ਹੀ ਹੋਣਾ ਸੀ।

ਇਹ ਗ਼ਦਰ ਪਾਰਟੀ ਦੀ ਜਥੇਬੰਦਕ ਸਮਰੱਥਾ ਦਾ ਹੀ ਪ੍ਰਮਾਣ ਸੀ ਕਿ ਇਸ ਦੀਆਂ ਬਰਾਂਚਾਂ

*(ਬਾਕੀ ਸਫਾ 33 'ਤੇ)*

**.ਗਦਰ ਦੇ ਆਗੂਆਂ ਦੇ ਮੁਢਲੇ ਅਨੁਮਾਨ ਇਹ ਸਨ ਕਿ ਸੰਸਾਰ ਜੰਗ 1920 ਦੇ ਕਰੀਬ ਲੱਗੇਗੀ ਅਤੇ ਪਾਰਟੀ ਨੂੰ ਇਨਕਲਾਬ ਦੀਆਂ ਤਿਆਰੀਆਂ ਲਈ ਲੰਮਾਂ ਸਮਾਂ ਮਿਲ ਜਾਵੇਗਾ ਪਰ ਛੇਤੀ ਹੀ ਉਨ੍ਹਾਂ ਨੂੰ ਇਹ ਅਨੁਮਾਨ ਬਦਲਣੇ ਪਏ। ਜੰਗ ਛਿੜ ਜਾਣ ਸਮੇਂ ਇਹ ਤਿਆਰੀਆਂ ਅਜੇ ਆਰੰਭ ਹੀ ਹੋਈਆਂ ਸਨ। ਆਗੂਆਂ ਦੀ ਸੋਚ ਇਹ ਬਣ ਗਈ ਕਿ ਜੇ ਹੁਣ ਹੱਲਾ ਨਾ ਬੋਲਿਆ ਗਿਆ ਤਾਂ ਅਜਿਹਾ ਮੌਕਾ ਮੁੜ ਕੇ ਹੱਥ ਨਹੀਂ ਆਉਣਾ।**

# ਬਿਨੁ ਏਕ ਨਾਮ ਅਧਾਰ ਸਭ ਕਰਮ ਭਰਮ ਬਿਚਾਰ

ਡਾ. ਗੁਰਨਾਮ ਕੌਰ

ਪਿਛਲੇ ਲੇਖ ਵਿਚ ਅਸੀਂ 'ਸਵੈਯੇ' ਨੂੰ ਆਧਾਰ ਬਣਾ ਕੇ ਇੱਕ ਇਕਾਈ ਦੇ ਰੂਪ ਵਿਚ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਲੇਖ ਵਿਚ ਅਗਲੇ ਵੀਹ ਪਦਾਂ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ ਜੋ 'ਦਸਮ ਗ੍ਰੰਥ ਸ਼ਬਦਾਰਥ' ਵਿਚ ਅੰਕ ਇਕੱਤੀ ਤੋਂ ਪੰਜਾਹ ਤੱਕ 'ਤੋਮਰ ਛੰਦ' ਦੇ ਨਾਂ ਹੇਠ ਦਰਜ ਹਨ। ਉਪਰ ਦਿੱਤੀਆਂ ਸਿਰਲੇਖ ਦੀਆਂ ਪੰਕਤੀਆਂ ਤੋਮਰ ਛੰਦ ਰਚਨਾ ਦੀਆਂ ਅਖੀਰਲੀਆਂ ਪੰਕਤੀਆਂ ਹਨ ਜੋ ਇੱਕ ਤਰ੍ਹਾਂ ਨਾਲ ਇਸ ਇਕਾਈ ਵਿਚ ਦਿੱਤੇ ਵਿਚਾਰਾਂ ਦਾ ਨਿਚੋੜ ਹਨ ਕਿ ਇੱਕ ਨਾਮ ਦੇ ਆਸਰੇ ਤੋਂ ਬਿਨਾਂ ਬਾਕੀ ਸਭ ਧਾਰਮਿਕ ਕਰਮ ਨਿਸਫਲ ਹਨ ਜਿਸ ਬਾਰੇ ਆਸਾ ਦੀ ਵਾਰ 'ਚ 'ਨਾਮ ਵਿਹੂਣਾ ਗਾਵੈ ਗੀਤ' ਕਿਹਾ ਹੈ।



ਡਾ. ਗੁਰਨਾਮ ਕੌਰ

ਤੋਮਰ ਛੰਦ ਰਚਨਾ ਵਿਚ ਵੀ ਪਹਿਲਾਂ ਪਰਮਾਤਮਾ ਦੇ ਗੁਣਾਂ ਦਾ ਉਲੇਖ ਕਰਦਿਆਂ ਉਸ ਨੂੰ ਜਨਮ ਅਤੇ ਮਰਨ ਤੋਂ ਰਹਿਤ ਦੱਸਿਆ ਗਿਆ ਹੈ ਭਾਵ ਪਰਮਾਤਮਾ ਜਨਮ ਅਤੇ ਮਰਨ ਦੇ ਚੱਕਰ ਤੋਂ ਉਤੇ ਹੈ। ਉਹ ਸਾਰੀਆਂ ਅਠਾਰਾਂ ਵਿੱਦਿਆ ਦਾ ਗਿਆਤਾ ਹੈ, ਉਹ ਸਰਬ ਗਿਆਤਾ ਹੈ, ਸਭ ਕਾਸੇ ਦਾ ਗਿਆਨ ਰੱਖਦਾ ਹੈ। ਉਹ ਬੇਦਾਗ਼, ਨਿਰਦੋਖ, ਅਪਾਰ ਰੂਪ ਦਾ ਮਾਲਕ ਹੈ। ਨਾਸ ਰਹਿਤ, ਤੇਜ-ਪਰਤਾਪ ਵਾਲਾ ਅਤੇ ਖੁਲ੍ਹ-ਦਿਲਾ ਸਖੀ ਹੈ। ਉਸ ਦੀ ਹੋਂਦ ਮਾਇਆ ਤੋਂ ਨਿਰਲੇਪ ਸਰਬ-ਵਿਆਪਕ ਹੈ, ਜਿਸ ਦੇ ਰੂਪ ਨੂੰ ਜਾਣ ਸਕਣਾ ਕਠਿਨ ਹੈ। ਸਾਰਾ ਸੰਸਾਰ ਉਸ ਨੂੰ ਭਗਤਾਂ ਦਾ ਸ਼੍ਰੋਮਣੀ ਮੰਨਦਾ ਹੈ, ਉਹ ਸਾਰੇ ਭਗਤਾਂ ਦਾ ਸਰਬ-ਉਚ ਮਾਲਕ ਹੈ ਅਤੇ ਉਸ ਦੇ ਮੱਥੇ 'ਤੇ ਜੱਸ ਤੇ ਮਹਿਮਾ ਦਾ ਤਿਲਕ ਹੈ। ਉਹ ਧਰਤੀ ਦੀ ਜਿੰਦ-ਜਾਨ ਸੂਰਜ ਹੈ। ਉਸ ਦੀ ਹੋਂਦ ਅਪਾਰ ਰੂਪ ਦੀ ਮਾਲਕ ਹੈ। ਉਹ ਸਾਰੇ ਸੰਸਾਰ ਦੇ ਸੋਗ ਅਤੇ ਦੁੱਖ ਨੂੰ ਦੂਰ ਕਰਨ ਵਾਲਾ ਹੈ। ਉਹ ਰਸਮਾਂ ਅਤੇ ਕਾਲ ਤੋਂ ਰਹਿਤ ਹੈ ਅਤੇ ਸਾਰੇ ਕਰਮਾਂ ਅਤੇ ਧਰਮਾਂ ਵਿਚ ਨਿਪੁੰਨ ਹੈ:

ਅਕਲੰਕਰੂਪ ਅਪਾਰ॥
ਸਭ ਲੋਕ ਸੋਕ ਬਿਦਾਰ॥
ਕਲ ਕਾਲ ਕਰਮ ਬਿਹੀਨ॥
ਸਭ ਕਰਮ ਧਰਮ ਪ੍ਰਬੀਨ॥33॥

ਉਪਰਲੇ ਵਿਚਾਰ ਦੀ ਪ੍ਰੋੜਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਵੀ ਹੋ ਜਾਂਦੀ ਹੈ। ਗੁਰੂ ਅਮਰਦਾਸ ਫੁਰਮਾਉਂਦੇ ਹਨ ਕਿ ਉਹ ਪਿਆਰਾ ਪਰਮਾਤਮਾ ਆਪਣੇ ਭਗਤਾਂ 'ਤੇ ਆਪ ਤੁਠਦਾ ਹੈ, ਖੁਸ਼ ਹੁੰਦਾ ਹੈ ਅਤੇ ਆਪ ਹੀ ਉਸ ਨੇ ਉਨ੍ਹਾਂ ਨੂੰ ਆਪਣੇ ਨਾਲ ਜੋੜ ਲਿਆ ਹੈ, ਭਗਤਾਂ ਦੇ ਸਿਰ ਤੇ ਸੱਚਾ ਛੱਤਰ (ਵਡਿਆਈ ਦਾ) ਝੁਲਾ ਕੇ ਉਸ ਨੇ ਆਪ ਹੀ ਭਗਤਾਂ ਨੂੰ ਪਾਤਸ਼ਾਹੀ ਬਖਸ਼ੀ ਹੈ। ਅਜਿਹੇ ਭਗਤ ਸਤਿਗੁਰੂ ਦੀ ਦੱਸੀ ਹੋਈ ਕਾਰ ਕਮਾ ਕੇ ਸਦਾ ਸੁਖੀ ਅਤੇ ਪਵਿੱਤਰ ਰਹਿੰਦੇ ਹਨ:

ਭਗਤ ਜਨਾ ਕਉ ਆਪਿ ਤੁਠਾ
ਮੇਰਾ ਪਿਆਰਾ
ਆਪੇ ਲਇਅਨੁ ਜਨ ਲਾਇ॥
ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ
ਸਿਰਿ ਛਤੁ ਸਚਾ ਹਰਿ ਬਣਾਇ॥
ਸਦਾ ਸੁਖੀਏ ਨਿਰਮਲੇ
ਸਤਿਗੁਰ ਕੀ ਕਾਰ ਕਮਾਇ॥ (ਪੰਨਾ 590)

'ਅਕਾਲ ਉਸਤਤਿ' ਵਿਚ ਅੱਗੇ ਫੁਰਮਾਇਆ ਹੈ ਕਿ ਉਸ ਅਕਾਲ ਪੁਰਖ ਦੀ ਨਿਰਦੋਖ ਅਤੇ ਨਿਰਮਲ ਹੋਂਦ ਅਪਾਰ ਰੂਪ ਦੀ ਮਾਲਕ ਹੈ। ਉਹ ਸਾਰੇ ਸੰਸਾਰ ਦੇ ਸ਼ੋਕ ਅਤੇ ਦੁੱਖ ਨੂੰ ਦੂਰ ਕਰਨ ਵਾਲਾ ਹੈ। ਉਹ ਕਲਾ, ਕਲੇਸ਼, ਕਾਲ ਅਤੇ ਰਸਮਾਂ ਤੋਂ ਰਹਿਤ ਹੈ। ਧਰਮਾਂ ਦੇ ਸਾਰੇ ਕਰਮਾਂ ਵਿਚ ਨਿਪੁੰਨ ਹੈ। ਉਸ ਪਰਮ ਹਸਤੀ ਦਾ ਪ੍ਰਤਾਪ ਬੇਅੰਤ ਅਤੇ ਨਿਰਮਲ ਹੈ। ਉਹ ਅਖੰਡ, ਅਸੀਮ ਅਤੇ ਸੈਭੰ ਹੈ। ਉਹ ਸਭ ਸੰਸਥਾਵਾਂ ਥਾਪਣ ਵਾਲਾ ਹੈ। ਉਸ ਨੇ ਸਾਰੇ ਸੰਸਾਰ ਨੂੰ ਥਾਪਿਆ ਹੈ। ਉਹ ਦੁੱਖ ਅਤੇ ਪੀੜ ਤੋਂ ਰਹਿਤ ਰਹੱਸਮਈ ਹਸਤੀ ਹੈ ਜੋ ਅਖੰਡ ਹੈ, ਜਿਸ ਨੂੰ ਛੇਦਿਆ ਨਹੀਂ ਜਾ ਸਕਦਾ। ਚਾਰ ਮੂੰਹਾਂ ਵਾਲਾ ਬ੍ਰਹਮਾ ਅਤੇ ਵੇਦ ਉਸ ਦਾ ਗਾਇਨ ਕਰ ਰਹੇ ਹਨ। ਨਿਗਮ (ਵੇਦਾਂ ਦਾ ਮੰਤਰ ਭਾਗ) ਉਸ ਦਾ ਬਿਆਨ 'ਨੇਤਿ ਨੇਤਿ' (ਇਹ ਨਹੀਂ, ਇਹ ਨਹੀਂ) ਕਹਿ ਕੇ ਕਰਦੇ ਹਨ। ਚਾਰ ਮੂੰਹਾਂ ਵਾਲਾ ਬ੍ਰਹਮਾ ਉਸ ਨੂੰ ਬੇਅੰਤ ਕਹਿ ਕੇ ਪੁਕਾਰਦਾ ਹੈ। ਉਸ ਦਾ ਤਪ-ਤੇਜ ਨਾ ਤੋਲਿਆ ਜਾਣ ਵਾਲਾ ਅਤੇ ਮੋਹ ਮਾਇਆ ਤੋਂ ਨਿਰਲੇਪ ਹੈ, ਉਹ ਅਖੰਡ, ਬੇਅੰਤ ਅਤੇ ਨਾ ਥਾਪਿਆ ਜਾ ਸਕਣ ਵਾਲਾ ਹੈ:

ਜਿਹ ਨੇਤਿ ਨਿਗਮ ਕਹੰਤ॥
ਮੁਖ ਚਾਰ ਬਕਤ ਬਿਅੰਤ॥
ਅਨਭਿੰਜ ਅਤੁਲ ਪ੍ਰਤਾਪ॥
ਅਨਖੰਡ ਅਮਿਤ ਅਥਾਪ॥35॥

ਜਪੁਜੀ ਸਾਹਿਬ ਵਿਚ ਗੁਰੂ ਨਾਨਕ ਫੁਰਮਾਉਂਦੇ ਹਨ ਕਿ ਉਹ ਅਕਾਲ ਪੁਰਖ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਹੈ ਕਿਉਂਕਿ ਉਹ ਸਿਰਫ ਤੇ ਸਿਰਫ ਆਪਣੇ ਆਪ ਤੋਂ ਹੈ। ਉਸ ਨੂੰ ਨਾ ਹੀ ਪੈਦਾ ਕੀਤਾ ਜਾ ਸਕਦਾ ਹੈ ਨਾ ਹੀ ਸਾਡਾ ਬਣਾਇਆ ਬਣਦਾ ਹੈ ਭਾਵ ਕਿਸੇ ਹੋਰ ਹਸਤੀ ਰਾਹੀਂ ਸਥਾਪਤ ਨਹੀਂ ਕੀਤਾ ਜਾ ਸਕਦਾ:

ਥਾਪਿਆ ਨਾ ਜਾਇ ਕੀਤਾ ਨ ਹੋਇ॥
ਆਪੇ ਆਪਿ ਨਿਰੰਜਨੁ ਸੋਇ॥ (ਪੰਨਾ 2)

ਸੰਸਾਰ ਰਚਨਾ ਦੀ ਗੱਲ ਕਰਦਿਆਂ 'ਅਕਾਲ ਉਸਤਤਿ' ਵਿਚ ਦੱਸਿਆ ਗਿਆ ਹੈ ਕਿ ਉਸ ਸਿਰਜਣਹਾਰ ਨੇ ਇਸ ਸੰਸਾਰ ਦਾ ਪਾਸਾਰ ਪਾਸਾਰਿਆ ਹੈ। ਉਸ ਨੇ ਇਸ ਸੰਸਾਰ ਨੂੰ ਸੋਚ ਵਿਚਾਰ ਕੇ, ਪੂਰੀ ਚੇਤੰਨਤਾ ਅਤੇ ਵਿਉਂਤ ਅਨੁਸਾਰ ਰਚਿਆ ਹੈ। ਉਸ ਦਾ ਅਸੀਮ ਰੂਪ ਅਖੰਡ ਹੈ। ਉਸ ਦਾ ਤੇਜ ਨਾ ਤੋਲਿਆ ਜਾ ਸਕਣ ਵਾਲਾ ਅਤੇ ਬਹੁਤ ਹੀ ਸਕਤੀਸ਼ਾਲੀ ਹੈ। ਉਸ ਨੇ ਬੀਜ ਰੂਪੀ ਮੂਲ ਤੋਂ ਸਾਰਾ ਬ੍ਰਹਿਮੰਡ ਅਤੇ ਜਗਤ ਦੇ ਚੌਦਾਂ ਖੰਡ ਰਚੇ ਹਨ। ਇਸ ਸਾਰੇ ਸੰਸਾਰ ਦਾ ਪਾਸਾਰਾ ਉਸੇ ਨੇ ਕੀਤਾ ਹੈ ਪਰ ਆਪ ਉਹ ਨਿਰਾਕਾਰ ਅਤੇ ਉਦਾਰ ਰੂਪ ਹੈ। ਉਸ ਨੇ ਹੀ ਅਨੇਕਾਂ ਇੰਦਰ ਵਰਗੇ ਦੇਵਤੇ ਅਤੇ ਰਾਜੇ ਪੈਦਾ ਕੀਤੇ। ਕਈ ਬ੍ਰਹਮਾ ਅਤੇ ਵਿਸ਼ਨੂੰ ਵੀ ਵਿਚਾਰ ਉਪਰੰਤ ਉਸੇ ਨੇ ਪੈਦਾ ਕੀਤੇ। ਕਈ ਰਾਮਚੰਦਰ, ਕ੍ਰਿਸ਼ਨ ਵਰਗੇ (ਅਵਤਾਰ) ਅਤੇ (ਅੱਲਾ ਦੇ) ਰਸੂਲ, ਪੈਗੰਬਰ ਉਸੇ ਨੇ ਹੀ ਪੈਦਾ ਕੀਤੇ ਹਨ। ਪਰ ਇਹ ਸਭ ਉਸ ਪਰਮਾਤਮਾ ਦੀ ਭਗਤੀ ਤੋਂ ਬਿਨਾ ਉਸ ਅੱਗੇ ਕਬੂਲ ਨਹੀਂ ਹੁੰਦੇ:

ਜਿਹ ਕੋਟਿ ਇੰਦ੍ਰ ਨ੍ਰਿਪਾਰ॥
ਕਈ ਬ੍ਰਹਮ ਬਿਸਨ ਬਿਚਾਰ॥
ਕਈ ਰਾਮ ਕ੍ਰਿਸਨ ਰਸੂਲ॥
ਬਿਨ ਭਗਤਿ ਕੋ ਨ ਕਬੂਲ॥38॥

ਗੁਰੂ ਤੇਗ਼ ਬਹਾਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਨੁੱਖ ਨੂੰ ਆਗਾਹ ਕਰਦੇ ਹਨ ਕਿ ਪਰਮਾਤਮਾ ਦੇ ਨਾਮ ਤੋਂ ਬਿਨਾਂ ਮਨੁੱਖ ਦੁੱਖ ਪਾਉਂਦਾ ਹੈ। ਨਾਮ ਸਿਮਰਨ ਰਾਹੀਂ ਹੀ, ਪਰਮਾਤਮਾ ਦੇ ਨਾਮ ਦੀ ਭਗਤੀ ਰਾਹੀਂ ਹੀ ਸੰਸਿਆਂ ਅਤੇ ਭਰਮਾਂ ਤੋਂ ਮਨ ਮੁਕਤ ਹੋ ਸਕਦਾ ਹੈ ਅਤੇ ਇਸ ਦੀ ਸਮਝ ਮਨੁੱਖ ਨੂੰ ਗੁਰੂ ਪਾਸੋਂ ਆਉਂਦੀ ਹੈ:

ਹਰਿ ਕੇ ਨਾਮ ਬਿਨਾ ਦੁਖੁ ਪਾਵੈ॥
ਭਗਤਿ ਬਿਨਾ ਸਹਸਾ ਨਹ ਚੂਕੈ
ਗੁਰੁ ਇਹੁ ਭੇਦੁ ਬਤਾਵੈ॥1॥ ਰਹਾਉ॥
(ਪੰਨਾ 830)

ਉਸ ਨੇ ਸਮੁੰਦਰ ਅਤੇ ਵਿੰਧਿਆਂਚਲ ਵਰਗੇ ਵੱਡੇ ਪਰਬਤ, ਕਈ ਮੱਛ, ਕੱਛ ਵਰਗੇ ਅਵਤਾਰ ਅਤੇ ਸ਼ੇਸਨਾਗ, ਅਨੇਕਾਂ ਦੇਵਤੇ ਅਤੇ ਆਦਿ ਕੁਮਾਰ (ਬ੍ਰਹਮਾ ਦੇ ਪੁੱਤਰ ਸਨਕ, ਸਨੰਦਨ, ਸਨਾਤਨ ਅਤੇ ਸੰਤ ਕੁਮਾਰ), ਕਈ ਕ੍ਰਿਸਨ ਅਤੇ ਵਿਸ਼ਨੂੰ ਦੇ ਅਵਤਾਰ ਪੈਦਾ ਕੀਤੇ। ਕਈ ਇੰਦਰ ਵਰਗੇ ਉਸ ਪਰਮਾਤਮਾ ਦੇ ਬੂਹੇ 'ਤੇ ਝਾੜੂ ਫੇਰਨ ਵਾਲੇ ਹਨ। ਕਈ ਵੇਦ ਅਤੇ ਵੇਦਾਂ ਦੇ ਰਚੈਤਾ ਬ੍ਰਹਮਾ ਵਰਗੇ ਪੈਦਾ ਕੀਤੇ ਹਨ। ਕਈ ਰੁਦਰ ਵਰਗੇ ਵਿਸ਼ਾਲ ਕਾਇਆ ਵਾਲੇ ਅਤੇ ਕਈ ਬਹੁਤ ਹੀ ਛੋਟੀ ਕਾਇਆ ਵਾਲੇ ਬਣਾਏ ਹਨ। ਕਈ ਰਾਮ ਅਤੇ ਕ੍ਰਿਸ਼ਨ ਵਰਗੇ ਅਨੂਪ ਹਨ। ਬਹੁਤ ਸਾਰੇ ਕਵਿਤਾ ਰਚਣ ਵਾਲੇ ਕਵੀ ਹਨ। ਕਈ ਵੇਦਾਂ ਦਾ ਵਿਲੱਖਣ ਗਿਆਨ ਰੱਖਣ ਵਾਲੇ, ਅਨੇਕਾਂ ਭੇਦ ਦੱਸਣ ਵਾਲੇ ਹਨ। ਕਈ ਸ਼ਾਸਤਰਾਂ ਅਤੇ ਸਿਮ੍ਰਤੀਆਂ ਦਾ ਗਿਆਨ ਰੱਖਣ ਵਾਲੇ ਅਤੇ ਕਿਧਰੇ ਪੁਰਾਣਾਂ ਤੇ ਸ਼ਾਸਤਰਾਰਥ ਕਰਨ ਵਾਲੇ ਹਨ:

ਕਈ ਇੰਦ੍ਰ ਬਾਰ ਬੁਹਾਰ॥
ਕਈ ਬੇਦ ਅਉ ਮੁਖਚਾਰ॥
ਕਈ ਰੁਦ੍ਰ ਛੁਦ੍ਰ ਸਰੂਪ॥
ਕਈ ਰਾਮ ਕ੍ਰਿਸਨ ਅਨੂਪ॥40॥
ਕਈ ਕੋਕ ਕਾਬਿ ਭਣੰਤ॥
ਕਈ ਬੇਦ ਭੇਦ ਕਹੰਤ॥
ਕਈ ਸਾਸਤ੍ਰ ਸਿੰਮ੍ਰਿਤਿ ਬਖਾਨ॥
ਕਹੂੰ ਕਥਤ ਹੀ ਸੁ ਪੁਰਾਨ॥41॥

ਗੁਰੂ ਨਾਨਕ ਜਪੁਜੀ ਵਿਚ ਉਸ ਦੀ ਕੁਦਰਤਿ ਤੋਂ ਵਾਰੇ ਜਾਂਦਿਆਂ ਕਹਿੰਦੇ ਹਨ ਕਿ ਉਸ ਦੇ ਇੱਕ ਆਦੇਸ਼ ਨਾਲ ਸ੍ਰਿਸ਼ਟੀ ਰਚੀ ਗਈ ਅਤੇ ਲੱਖਾਂ ਦਰਿਆ ਬਣ ਗਏ, ''ਕੀਤਾ ਪਸਾਉ॥ ਏਕੋ ਕਵਾਉ॥ ਤਿਸੁ ਤੇ ਹੋਇ ਲਖ ਦਰੀਆਉ॥'' ਪਰਮਾਤਮਾ ਨੂੰ ਪਾਉਣ ਦੇ ਲਈ ਵੱਖ ਵੱਖ ਤਰ੍ਹਾਂ ਦੀਆਂ ਧਾਰਮਿਕ ਕ੍ਰਿਆਵਾਂ ਕਰਨ ਵਾਲਿਆਂ ਦੀਆਂ ਅਨੇਕ ਵੰਨਗੀਆਂ ਮਿਲ ਜਾਂਦੀਆਂ ਹਨ ਜਿਵੇਂ ਬਹੁਤ ਸਾਰੇ ਅਜਿਹੇ ਹਨ ਜਿਹੜੇ ਅਗਨੀ ਨੂੰ ਪੂਜਣ ਵਾਲੇ ਹਨ, ਹੋਮ ਯੱਗ ਆਦਿ ਕਰਦੇ ਹਨ। ਕਈ ਹੋਰ ਪੁੱਠੇ ਲਟਕ ਕੇ ਕਠਿਨ ਤਪੱਸਿਆ ਕਰਦੇ ਹਨ। ਅਨੇਕਾਂ ਅਜਿਹੇ ਹਨ ਜਿਹੜੇ ਬਾਹਵਾਂ ਉਤਾਂਹ ਵੱਲ ਚੁੱਕ ਕੇ ਜਪ ਅਤੇ ਤਪ ਕਰਦੇ ਹਨ। ਕਈ ਤਿਆਗੀ ਹਨ ਅਤੇ ਕਈਆਂ ਨੇ ਸੰਨਿਆਸੀਆਂ ਦਾ ਭੇਖ ਧਾਰਿਆ ਹੋਇਆ ਹੈ। ਕਿਧਰੇ ਜੋਗੀਆਂ ਅਤੇ ਉਦਾਸੀਆਂ ਦੇ ਭੇਖ ਹਨ। ਕਿਧਰੇ ਜੋਗੀ ਨਿਉਲੀ ਕਰਮ ਕਰ ਰਹੇ ਹਨ ਅਤੇ ਕਿਧਰੇ ਪਉਣ-ਆਹਾਰੀ, ਮਹਿਜ ਹਵਾ ਭੱਖ ਕੇ ਜਿਉਣ ਵਾਲੇ, ਵਰਤ ਰੱਖਣ ਵਾਲੇ ਹਨ। ਕਈ ਹੋਰ ਅਜਿਹੇ ਹਨ ਜਿਹੜੇ ਅਨੇਕਾਂ ਤੀਰਥਾਂ ਤੇ ਇਸ਼ਨਾਨ ਕਰਕੇ ਪੁੰਨ-ਦਾਨ ਕਰਦੇ ਹਨ। ਕਿਧਰੇ ਬਲੀ ਦੇ ਕੇ, ਯੱਗ ਆਦਿ ਕਰਕੇ ਦਾਨ ਕੀਤਾ ਜਾ ਰਿਹਾ ਹੈ:

## ਗੁਰਮਤਿ ਚਿੰਤਨ

ਕਹੂੰ ਨਿਵਲੀ ਕਰਮ ਕਰੰਤ॥
ਕਹੂੰ ਪਉਨ ਅਹਾਰ ਦੁਰੰਤ॥
ਕਹੂੰ ਤੀਰਥ ਦਾਨ ਅਪਾਰ॥
ਕਹੂੰ ਜੱਗ ਕਰਮ ਉਦਾਰ॥43॥

ਵੱਖ ਵੱਖ ਧਾਰਮਿਕ ਕ੍ਰਿਆਵਾਂ ਦਾ ਹੋਰ ਵਿਸਥਾਰ ਵਿਚ ਜ਼ਿਕਰ ਕਰਦਿਆਂ ਕਿਹਾ ਹੈ ਕਿ ਕਿਧਰੇ ਅਸਚਰਜ ਕਿਸਮ ਨਾਲ ਹੋਮ ਯੱਗ ਹੋ ਰਹੇ ਹਨ ਅਤੇ ਕਿਧਰੇ ਇਨਸਾਫ ਨੂੰ ਰਾਜ-ਧਰਮ ਵਾਂਗ ਨਿਭਾਇਆ ਜਾ ਰਿਹਾ ਹੈ। ਕਿਧਰੇ ਸ਼ਾਸਤਰਾਂ ਅਤੇ ਸਿਮ੍ਰਤੀਆਂ ਦੀ ਰੀਤ ਪ੍ਰਚਲਿਤ ਹੈ ਕਿਧਰੇ ਇਸ ਦੇ ਉਲਟ ਰੀਤਾਂ ਪ੍ਰਚਲਿਤ ਹਨ। ਕਈ ਸਾਰਾ ਸਮਾਂ ਦੇਸ਼-ਦੇਸ਼ ਘੁੰਮਦੇ ਆਪਣਾ ਸਮਾਂ ਯਾਤਰਾ ਵਿਚ ਹੀ ਲੰਘਾ ਰਹੇ ਹਨ ਅਤੇ ਕਈ ਇੱਕੋ ਥਾਂ 'ਤੇ ਸਥਿਤ ਤਪ ਕਰਦੇ ਰਹਿੰਦੇ ਹਨ। ਕਈ ਜਲ ਵਿਚ ਬੈਠ ਕੇ ਜਾਪ ਕਰਦੇ ਹਨ ਅਤੇ ਕਈ ਧੂਣੀਆਂ ਤਪਾ ਕੇ ਸਰੀਰ ਤੇ ਸੇਕ ਸਹਿੰਦੇ ਤਪ ਕਰਦੇ ਹਨ:

ਕਈ ਦੇਸਿ ਦੇਸਿ ਫਿਰੰਤ॥
ਕਈ ਏਕ ਠੋਰ ਇਸਥੰਤ॥
ਕਹੂੰ ਕਰਤ ਜਲ ਮਹਿ ਜਾਪ॥
ਕਹੂੰ ਸਹਤ ਤਨ ਪਰ ਤਾਪ॥45॥

ਕਈ ਆਮ ਵੱਸੋਂ ਤੋਂ ਦੂਰ ਜੰਗਲਾਂ ਵਿਚ ਜਾ ਕੇ ਰਹਿੰਦੇ ਹਨ ਅਤੇ ਤਪ ਕਰਦੇ ਹਨ ਅਤੇ ਕਈ ਧੂਣੀਆਂ ਤਪਾਉਂਦੇ ਅਤੇ ਸੇਕ ਸਹਿੰਦੇ ਹਨ। ਕਿਧਰੇ ਗ੍ਰਿਹਿਸਥ ਨੂੰ ਅਤੇ ਕਿਧਰੇ ਰਾਜ-ਰੀਤ ਨੂੰ ਸ੍ਰੇਸ਼ਟ ਮੰਨਿਆ ਜਾਂਦਾ ਹੈ। ਕਿਧਰੇ ਰੋਗ ਅਤੇ ਭਰਮ ਤੋਂ ਰਹਿਤ ਹਨ ਅਤੇ ਕਿਧਰੇ ਕਰਮ ਕਰਦੇ ਹੋਏ ਵੀ ਅਕਰਮ ਹਨ। ਕਿਧਰੇ ਸਿਆਣੇ, ਸਤਿਕਾਰਯੋਗ ਸ਼ੇਖ ਹਨ ਅਤੇ ਕਿਧਰੇ ਬ੍ਰਾਹਮਣ ਦਾ ਸਤਿਕਾਰ ਹੋ ਰਿਹਾ ਹੈ ਅਤੇ ਕਿਧਰੇ ਨੀਤੀ-ਰਾਜ ਨੂੰ ਸਭ ਤੋਂ ਉਤਮ ਮੰਨਿਆ ਜਾ ਰਿਹਾ ਹੈ। ਇਥੇ ਇਹ ਸਾਰਾ ਵਰਣਨ ਕਰਨ ਤੋਂ ਭਾਵ ਇਹੀ ਹੈ ਕਿ ਸੰਸਾਰ ਵਿਚ ਅਨੇਕਾਂ ਧਾਰਮਿਕ ਭੇਖ ਹਨ ਅਤੇ ਅਲੱਗ ਅਲੱਗ ਕਿਸਮ ਦੀਆਂ ਉਨ੍ਹਾਂ ਦੀਆਂ ਧਾਰਮਿਕ ਰੀਤਾਂ ਹਨ:

ਕਹੂੰ ਰੋਗ ਰਹਤ ਅਭਰਮ॥
ਕਹੂੰ ਕਰਮ ਰਹਤ ਅਕਰਮ॥
ਕਹੂੰ ਸ਼ੇਖ ਬ੍ਰਹਮ ਸਰੂਪ॥
ਕਹੂੰ ਨੀਤਿ ਰਾਜ ਅਨੂਪ॥47॥

ਕਿਧਰੇ ਲੋਕ ਰੋਗ ਅਤੇ ਸੋਗ ਤੋਂ ਨਿਆਰੇ ਹੋ ਕੇ ਰਹਿ ਰਹੇ ਹਨ ਅਰਥਾਤ ਅਟੱਕ ਜੀਵਨ ਜੀ ਰਹੇ ਹਨ ਅਤੇ ਕਿਧਰੇ ਇੱਕੋ ਦੀ ਭਗਤੀ ਕਰ ਰਹੇ ਹਨ, ਇੱਕ ਦੇ ਅਧੀਨ ਹਨ। ਕਿਧਰੇ ਗ਼ਰੀਬ ਜਨਤਾ ਹੈ ਅਤੇ ਦੂਸਰੇ ਪਾਸੇ ਰਾਜਕੁਮਾਰ ਹਨ। ਕਿਧਰੇ ਵੇਦਾਂ ਦੇ ਮੰਤਰ ਇਕੱਠੇ ਕਰਨ ਵਾਲੇ ਵਿਆਸ ਰਿਸ਼ੀ ਦੇ ਅਵਤਾਰ ਹਨ। ਕਿਧਰੇ ਬ੍ਰਾਹਮਣ ਬ੍ਰਹਮਾ ਦੇ ਰਚੇ ਵੇਦ-ਮੰਤਰ ਰਟ ਰਹੇ ਹਨ ਅਤੇ ਕਿਧਰੇ ਸ਼ੇਖ ਬਣ ਕੇ ਉਸ ਪਰਵਦਗਾਰ ਦਾ ਨਾਮ ਜਪ ਰਹੇ ਹਨ। ਕਿਧਰੇ ਵੈਰਾਗੀ ਸਾਧੂ ਅਤੇ ਕਿਧਰੇ ਸੰਨਿਆਸੀਆਂ ਦੇ ਸਰੂਪ ਨਜ਼ਰ ਆਉਂਦੇ ਹਨ। ਕਿਧਰੇ ਉਦਾਸੀ ਸੰਪਰਦਾ ਦੇ ਵੱਖ ਵੱਖ ਫਿਰਕੇ ਘੁੰਮ ਰਹੇ ਹਨ:

ਕਹੂੰ ਰੋਗ ਸੋਗ ਬਿਹੀਨ॥
ਕਹੂੰ ਏਕ ਭਗਤਿ ਅਧੀਨ॥
ਕਹੂੰ ਰੰਕ ਰਾਜ ਕੁਮਾਰ॥
ਕਹੂੰ ਬੇਦ ਬਿਆਸ ਅਵਤਾਰ॥48॥
ਕਈ ਬ੍ਰਹਮ ਬੇਦ ਰਟੰਤ॥
ਕਈ ਸੇਖ ਨਾਮ ਉਚਰੰਤ॥
ਬੈਰਾਗਿ ਕਹੂੰ ਸਨਿਆਸਿ॥
ਕਹੂੰ ਫਿਰਤ ਰੂਪ ਉਦਾਸਿ॥49॥

ਇਸ ਚਰਚਾ ਤੋਂ ਸਪਸ਼ਟ ਹੈ ਕਿ ਦਸਮ ਗੁਰੂ ਨੇ ਧਾਰਮਿਕ ਅਤੇ ਸਭਿਆਚਰਕ ਵੰਨ-ਸਵੰਨਤਾ ਨੂੰ ਪ੍ਰਵਾਨ ਕਰਦਿਆਂ ਕਿਹਾ ਹੈ ਕਿ ਸੰਸਾਰ ਵਿਚ ਬਹੁਤ ਕਿਸਮ ਦੇ ਧਾਰਮਿਕ ਅਤੇ ਸੰਪਰਦਾਇਕ ਭੇਦ ਹਨ ਅਤੇ ਇਨ੍ਹਾਂ ਨੂੰ ਮੰਨਣ ਵਾਲੇ ਵੀ ਅਨੇਕ ਹਨ। ਬਿਲਕੁਲ ਇੱਕ-ਦੂਸਰੇ ਦੇ ਉਲਟ ਭੇਖ ਵੀ ਪ੍ਰਚਲਿਤ ਹਨ ਪਰ ਇਨ੍ਹਾਂ ਸਾਰੇ ਧਾਰਮਿਕ ਭੇਖਾਂ ਦੇ ਜ਼ਿਕਰ ਤੋਂ ਬਾਅਦ ਅੰਤਿਮ ਨਤੀਜਾ ਇਹ ਕੱਢਦੇ ਹਨ ਕਿ ਜਿੰਨੇ ਮਰਜ਼ੀ ਧਾਰਮਿਕ ਭੇਖ ਮਨੁੱਖ ਕਰਦਾ ਰਹੇ ਪਰ ਜੇ ਉਹ ਪਰਮਾਤਮਾ ਦੇ ਨਾਮ ਦੇ ਰੰਗ ਵਿਚ ਨਹੀਂ ਰੰਗਿਆ ਹੋਇਆ ਤਾਂ ਇਹ ਸਾਰੇ ਧਾਰਮਿਕ ਕਰਮ ਮਹਿਜ ਦਿਖਾਵਾ ਹਨ, ਫੋਕੇ ਹਨ। ਉਪਰ ਦੱਸੇ ਇਨ੍ਹਾਂ ਸਾਰੇ ਧਾਰਮਿਕ ਕਰਮਾਂ ਨੂੰ ਫੋਕਟ ਮੰਨੋ। ਪ੍ਰਸ਼ਨ ਪੈਦਾ ਹੁੰਦਾ ਹੈ ਕਿਉਂ? ਕਿਉਂਕਿ ਇੱਕ ਪਰਮਾਤਮਾ ਦੇ ਨਾਮ ਦੇ ਆਸਰੇ ਤੋਂ ਬਿਨਾਂ ਸਾਰੇ ਕਰਮ ਭਰਮ-ਮੂਲਕ ਹਨ:

ਸਭ ਕਰਮ ਫੋਕਟ ਜਾਨ॥
ਸਭ ਧਰਮ ਨਿਹਫਲ ਮਾਨ॥
ਬਿਨੁ ਏਕ ਨਾਮ ਅਧਾਰ॥
ਸਭ ਕਰਮ ਭਰਮ ਬਿਚਾਰ॥50॥

ਇਹ ਗੁਰੂ ਸਾਹਿਬਾਨ ਵੱਲੋਂ ਦਿੱਤਾ ਇੱਕ ਸਰਬ-ਵਿਆਪਕ ਸਿਧਾਂਤ ਹੈ ਕਿ ਉਸ ਦੇ ਨਾਮ ਸਿਮਰਨ ਤੋਂ ਬਿਨਾਂ ਕਿਸੇ ਵੀ ਧਾਰਮਿਕ ਭੇਖ ਵਿਚ ਰਹਿ ਕੇ ਕੀਤੇ ਕਰਮ, ਕਿਸੇ ਵੀ ਧਰਮ ਦੇ ਅਧੀਨ ਕੀਤੀਆਂ ਰਸਮਾਂ ਅਤੇ ਕ੍ਰਿਆਵਾਂ ਮਹਿਜ ਰਸਮੀ ਅਤੇ ਦਿਖਾਵਾ ਹੀ ਹਨ। ਇਹ ਸਿਧਾਂਤ ਸਿਰਫ ਦੂਸਰੇ ਧਾਰਮਿਕ ਭੇਖਾਂ ਦੇ ਸਬੰਧ ਵਿਚ ਹੀ ਵਰਣਨ ਨਹੀਂ ਕੀਤਾ ਗਿਆ, ਜੇ ਸਿੱਖ ਧਾਰਮਿਕ ਕਰਮਾਂ ਨੂੰ ਮਹਿਜ ਰਸਮਾਂ ਦੇ ਰੂਪ ਵਿਚ ਕਰਦੇ ਹਨ ਅਤੇ ਨਾਮ ਦੇ ਅਨੁਸਾਰੀ ਨਹੀਂ ਹਨ ਤਾਂ ਇਹ ਸਿੱਖ ਧਰਮ ਨੂੰ ਮੰਨਣ ਵਾਲਿਆਂ 'ਤੇ ਵੀ ਉਵੇਂ ਹੀ ਲਾਗੂ ਹੁੰਦਾ ਹੈ।

ਗੁਰੂ ਅਰਜਨ ਦੇਵ ਇਸ ਦਾ ਜ਼ਿਕਰ ਸ੍ਰੀ ਰਾਗੁ ਵਿਚ ਬਹੁਤ ਹੀ ਵਿਸਥਾਰ ਵਿਚ ਕਰਦੇ ਹਨ ਕਿ ਮੈਨੂੰ ਸਮਝ ਨਹੀਂ ਲਗਦੀ ਕਿ ਪਰਮਾਤਮਾ ਨੂੰ ਕਿਹੜੀ ਗੱਲ ਜਾਂ ਵਿਧੀ ਚੰਗੀ ਲਗਦੀ ਹੈ? ਉਹ ਆਪਣੇ ਮਨ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ ਕਿ ਹੇ ਮਨ! ਤੂੰ ਉਹ ਰਸਤਾ ਲੱਭ ਜਿਸ ਤੇ ਚੱਲਿਆਂ ਉਹ ਖੁਸ਼ ਹੋ ਜਾਵੇ। ਜ਼ਿਕਰ ਕਰਦੇ ਹਨ ਕਿ ਸਮਾਧੀਆਂ ਲਾਉਣ ਵਾਲੇ ਲੋਕ ਸਮਾਧੀਆਂ ਲਾਉਂਦੇ ਹਨ ਅਤੇ ਵਿਦਵਾਨ ਲੋਕ ਧਰਮ ਤੇ ਚਰਚਾ ਕਰਦੇ ਹਨ ਪਰ ਉਸ ਨੂੰ ਕਿਸ ਨੇ ਸਮਝਿਆ ਹੈ? ਵੈਸ਼ਨਵ ਭਗਤ ਵਰਤ, ਤੁਲਸੀ ਮਾਲਾ, ਤੀਰਥ ਇਸ਼ਨਾਨ ਆਦਿ ਸੰਜਮ ਕਰਦੇ ਹਨ। ਜੋਗੀ ਆਪਣੇ ਆਪ ਨੂੰ ਮੁਕਤ ਹੋ ਗਿਆ ਆਖਦੇ ਹਨ। ਤਪ ਕਰਨ ਵਾਲੇ ਸਾਧੂ ਤਪ ਕਰਨ ਵਿਚ ਹੀ ਮਸਤ ਰਹਿੰਦੇ ਹਨ। ਮੋਨ ਧਾਰਨ ਵਾਲੇ ਸਾਧੂ ਮੋਨ ਧਾਰੀ ਰੱਖਦੇ ਹਨ ਅਤੇ ਸੰਨਿਆਸੀ ਸੰਨਿਆਸ ਵਿਚ, ਬ੍ਰਹਮਚਾਰੀ ਬ੍ਰਹਮਚਰਯ ਵਿਚ ਅਤੇ ਉਦਾਸੀ ਉਦਾਸੀ ਭੇਖ ਵਿਚ ਮਸਤ ਰਹਿੰਦੇ ਹਨ। ਕੋਈ ਕਹਿੰਦਾ ਹੈ ਭਗਤੀ ਨੌਂ ਕਿਸਮ ਦੀ ਹੈ। ਪੰਡਿਤ ਉਚੀ ਉਚੀ ਵੇਦ ਪੜ੍ਹਦਾ ਹੈ ਤੇ ਗ੍ਰਹਿਸਥੀ ਗ੍ਰਹਿਸਥ-ਧਰਮ ਵਿਚ ਮਸਤ ਰਹਿੰਦਾ ਹੈ। ਕੋਈ ਅਲੱਖ ਅਲੱਖ ਪੁਕਾਰਦੇ ਹਨ ਅਤੇ ਕਈ ਖਾਸ ਕਿਸਮ ਦਾ ਪਹਿਰਾਵਾ ਪਹਿਨਦੇ ਹਨ। ਕਈ ਲੋਕ ਕਈ ਕਿਸਮ ਦੇ ਨਾਟਕ-ਚੇਟਕ, ਜਗਰਾਤਾ ਅਤੇ ਕਈ ਅਨੇਕਾਂ ਤੀਰਥਾਂ 'ਤੇ ਇਸ਼ਨਾਨ ਕਰਦੇ ਹਨ। ਬਹੁਤ ਸਾਰੇ ਅਜਿਹੇ ਹਨ ਜੋ ਭੁੱਖੇ ਰਹਿੰਦੇ ਹਨ, ਕਈ ਦੂਜਿਆਂ ਨਾਲ ਛੂੰਹਦੇ ਨਹੀਂ। ਅਨੇਕਾਂ ਹਨ ਜੋ ਗੁਫਾਵਾਂ ਵਿਚ ਲੁਕ ਕੇ ਰਹਿੰਦੇ ਹਨ ਤੇ ਕਿਸੇ ਨੂੰ ਦਰਸ਼ਨ ਨਹੀਂ ਦੇਂਦੇ। ਕਈ ਆਪਣੇ ਆਪ ਵਿਚ ਹੀ ਗਿਆਨਵਾਨ ਬਣੇ ਹੋਏ ਹਨ। ਇਨ੍ਹਾਂ ਸਾਰਿਆਂ ਵਿਚੋਂ ਕੋਈ ਵੀ ਆਪਣੇ ਆਪ ਨੂੰ ਕਿਸੇ ਤੋਂ ਘੱਟ ਨਹੀਂ ਸਮਝਦਾ। ਸਭ ਇਹੀ ਕਹਿੰਦੇ ਹਨ ਕਿ ਉਸ ਨੇ ਪਰਮਾਤਮਾ ਨੂੰ ਲੱਭ ਲਿਆ ਹੈ। ਪਰ ਭਗਤ ਉਹੀ ਹੈ ਜਿਸ ਨੂੰ ਪਰਮਾਤਮਾ ਨੇ ਆਪਣੇ ਨਾਲ ਮਿਲਾ ਲਿਆ ਹੈ। ਮੈਂ ਇਹ ਸਾਰੇ ਉਪਾ ਅਤੇ ਦਲੀਲਾਂ ਛੱਡ ਦਿੱਤੀਆਂ ਹਨ ਅਤੇ ਪਰਮਾਤਮਾ ਦੀ ਸ਼ਰਨ ਆ ਗਿਆ ਹਾਂ ਅਤੇ ਗੁਰੂ ਦੇ ਚਰਨੀਂ ਲੱਗ ਗਿਆ ਹਾਂ:

ਜਾਨਉ ਨਹੀ ਭਾਵੈ ਕਵਨ ਬਾਤਾ॥
ਮਨ ਖੋਜਿ ਮਾਰਗੁ॥1॥ ਰਹਾਉ॥
ਸਗਲ ਉਕਤਿ ਉਪਾਵਾ॥
ਤਿਆਗੀ ਸਰਨਿ ਪਾਵਾ॥
ਨਾਨਕੁ ਗੁਰ ਚਰਣਿ ਪਰਾਤਾ॥ (ਪੰਨਾ 71)

## ਸਿਆਣਿਆਂ ਦਾ ਕਿਹਾ

(1) ਰਾਜਨੀਤੀ ਦੇ ਕੋਸ਼ ਵਿਚ ਤਰਸ, ਦਿਆ ਅਤੇ ਹਮਦਰਦੀ ਆਦਿ ਸ਼ਬਦ ਨਹੀਂ ਹੁੰਦੇ।

(2) ਜ਼ਮਾਨੇ ਦੇ ਰੰਗ ਵੇਖੋ, ਫਾਸੀਆਂ ਚੜ੍ਹ ਚੜ੍ਹ ਦੇਸ਼ ਆਜ਼ਾਦ ਕਰਵਾਉਣ ਵਾਲਿਆਂ ਦੀ ਘਟਗਿਣਤੀ ਦੇ ਕਤਲੇਆਮ ਉਤੇ ਕਿਸੇ ਨੇ ਵੀ ਹਮਦਰਦੀ ਨਹੀਂ ਪ੍ਰਗਟਾਈ। ਸਭ ਚਲਦੀ ਗੱਡੀ 'ਤੇ ਸਵਾਰ ਹੋ ਗਏ, ਉਸ ਸਮੇਂ ਸਾਡੇ ਨਾਲ ਗੁਰੂ ਭਰੋਸੇ ਤੋਂ ਬਿਨਾਂ ਹੋਰ ਕੋਈ ਨਹੀਂ ਸੀ।

(3) ਕਮਜ਼ੋਰਾਂ, ਘਟਗਿਣਤੀਆਂ ਅਤੇ ਗੁਲਾਮਾਂ ਨੂੰ ਵਾਰ ਵਾਰ ਕਤਲੇਆਮਾਂ ਦੀ ਹਨੇਰੀ ਝੱਖ ਵਿਚੋਂ ਲੰਘਣਾ ਪੈਂਦਾ ਹੈ।

(4) ਤਾਰੀਖੀ ਸੱਚ ਦੀ ਆੜ ਹੇਠ ਕੌਮੀ ਮੌਤ ਲਈ ਪਹਿਲੋਂ ਕੁੱਝ ਸਿਆਣੇ ਤੇ ਦਲੇਰ ਮਰਦ ਹੀ ਜੁੜਦੇ ਹਨ, ਵਹੀਰ ਨੂੰ ਤਾਂ ਸੱਚ ਦੇ ਹਾਲਾਤ ਦੀ ਚਲਦੀ ਤਸਵੀਰ ਦਿਖਾ ਕੇ ਪਿਛੇ ਲਾਇਆ ਜਾਂਦਾ ਹੈ।

(5) ਸਾਧਾਂ ਸੰਤਾਂ ਨੂੰ ਕੋਈ ਪੁੱਛੇ, ਤੁਸਾਂ ਗੁਰੂ ਘਰ ਉਸਾਰਿਆ ਹੈ ਜਾਂ ਨਾਮ ਦੇਣ ਦੀਆਂ ਦੁਕਾਨਾਂ ਖੋਲੀਆਂ ਹਨ।

(6) ਬਾਬਿਆਂ ਅਤੇ ਅਖੌਤੀ ਸੰਤ ਲਾਣੇ ਨੇ ਤਾਰੀਖੀ ਗੁਰਦੁਆਰਿਆਂ ਦੀ ਪੱਟੀ ਮੇਸ ਕਰ ਛੱਡੀ ਹੈ।

(7) ਚੋਣ ਕਾਂਗਰਸ ਦੀ ਹੋਵੇ ਜਾਂ ਅਕਾਲੀਆਂ ਦੀ, 'ਬਾਬਿਆਂ' ਦੀ ਮਿਹਰ ਦਾ ਸੱਜਾ ਹੱਥ ਕਾਂਗਰਸ ਦੇ ਸਿਰ ਉਤੇ ਅਤੇ ਖੱਬਾ ਹੱਥ ਅਕਾਲੀਆਂ ਦੇ ਮੋਢੇ 'ਤੇ।

(8) ਅੰਨਿਆਂ ਦੇ ਗੰਜੇ ਯਾਰ।

(9) ਖੁਰਦੇ ਅਤੇ ਲੁੱਟੇ ਜਾਂਦੇ ਪੰਜਾਬ ਦੀ ਸਮੱਸਿਆ ਨੇ ਹਰ ਈਮਾਨਦਾਰ ਬੁੱਧੀਜੀਵੀ ਦਾ ਦਰ ਆ ਖੜਕਾਇਆ ਹੈ।

(10) ਜੀਹਦੀ ਕੌਮੀ ਵਿਰਾਸਤ ਹੀ ਲੁੱਟੀ ਜਾਵੇ, ਉਹਦਾ ਰਹਿੰਦਾ ਹੀ ਕੀ ਹੈ?

(11) ਸਰ ਫਜ਼ਲ ਹੁਸੈਨ ਠੀਕ ਹੀ ਆਖਦਾ ਸੀ, ਸਿੱਖਾਂ ਨੂੰ ਭਾਣੇ ਬੀਤ ਜਾਣ ਪਿਛੋਂ ਹੀ ਅਕਲ ਆਉਂਦੀ ਹੈ।

(12) ਆਪਣੀ ਤਾਰੀਖੀ ਵਿਰਾਸਤ ਨੂੰ ਭੁੱਲ ਜਾਣਾ ਹੀ ਕੌਮੀ ਖਾਤਮੇ ਦੀ ਪੱਕੀ ਨਿਸ਼ਾਨੀ ਹੈ।

(13) ਜਦ ਘਰ ਦੇ ਸਕੇ ਸੋਦਰੇ ਹੀ ਦੁਸ਼ਮਣ ਲੁਟੇਰੇ ਬਣ ਜਾਣ, ਉਹ ਘਰ ਨਹੀਂ ਵਸਦਾ। ਦੇਸ਼ ਦੇਸ਼ ਨਹੀਂ ਰਹਿੰਦਾ।

(14) ਕਰਮਾਂ ਤੋਂ ਹੀਣੇ ਪੁੱਤ ਕਪੁੱਤ ਹੋ ਜਾਂਦੇ ਹਨ ਪਰ ਬਾਪੂ ਕਬਾਪੂ ਨਹੀਂ ਹੁੰਦੇ।

(15) ਭੱਜਲਾਂ ਅਤੇ ਗੱਦਾਰਾਂ ਨੂੰ ਸੁਧਾਰਨ ਉਤੇ ਸੁਨਹਿਰੀ ਸਮਾਂ ਬਰਬਾਦ ਨਾ ਕਰੋ।

(16) ਅੱਜ ਨੂੰ ਗਲਵਕੜੀ 'ਚ ਘੁੱਟ ਲਵੋ, ਭਲਕ ਆਉਣ ਤੱਕ ਸ਼ਾਇਦ ਤੁਸੀਂ ਆਪ ਵੀ ਨਾ ਹੋਵੋ।

(17) ਪੂਜਾ ਦਾ ਧਾਨ ਖਾਣ ਵਾਲਿਆਂ ਅੰਦਰ ਸਿਦਕ ਈਮਾਨ ਕਿੱਥੇ ਰਹਿੰਦਾ ਹੈ।

(18) ਕਿਸਾਨ, ਮਜ਼ਦੂਰ, ਆਮ ਆਦਮੀ, ਵਤਨ ਦੇ ਅਸਲ ਵਾਰਸ, ਅੰਗਰੇਜ਼ ਸਮੇਂ ਵੀ ਕੁੱਟੇ ਜਾਂਦੇ ਸੀ ਅਤੇ ਅੱਜ ਵੀ ਆਜ਼ਾਦ ਭਾਰਤ ਵਿਚ ਕੁੱਟੇ ਜਾਂਦੇ ਹਨ। ਅੰਗਰੇਜ਼ਾਂ ਤੋਂ ਵੀ ਅੱਗੇ ਲੰਘ ਕੇ ਕਾਂਗਰਸੀਆਂ, ਭਾਜਪਾ ਅਤੇ ਅਕਾਲੀਆਂ ਨੇ ਤਾਂ ਇਨ੍ਹਾਂ ਦੇ ਕਪੜੇ ਲਾਹ ਕੇ ਖੁਦਕਸ਼ੀਆਂ ਦੇ ਰਾਹ ਪਾ ਦਿੱਤੇ।

(19) ਆਪਣੇ ਪੰਜਾਬ ਦੇ ਆਪ ਵਾਰਸ ਬਣੋ, ਹਰਾਮ ਖਾਣੇ ਗਿੱਦੜਾਂ ਤੋਂ ਲੋਕ ਬੇਹੱਦ ਤੰਗ ਹਨ।

(20) ਪੰਜਾਬ ਦੀ ਮਿੱਟੀ ਸੋਨਾ ਸੀ, ਜਿਹੜੀ ਅਕਾਲੀਆਂ ਨੇ ਸੈਂਟਰ ਨਾਲ ਰਲ ਕੇ ਭੁੱਬਲ ਬਣਾ ਦਿੱਤੀ ਹੈ।

(21) ਪੰਥ ਦਰਦੀਓ, ਪੰਜਾਬ ਨੂੰ ਬਚਾ ਲਵੋ! ਵਰਨਾ ਕਾਂਗਰਸੀਆਂ, ਭਾਜਪਾ ਅਤੇ ਅਕਾਲੀਆਂ ਨੇ ਤਾਂ ਇਹਦੇ ਹੱਡ ਵੀ ਵੇਚ ਕੇ ਖਾ ਜਾਣੇ ਹਨ।

(22) ਆਪਣੇ ਬਜ਼ੁਰਗ ਸੂਰਮਿਆਂ ਦੇ ਰਾਹ 'ਤੇ ਤੁਰਦੇ, ਪੰਜਾਬ ਦੇ ਸੂਰਮੇ ਪੁੱਤਰ ਬਣੋ ਤੇ ਬਿਪਤਾ ਵਿਚ ਘਿਰੀ ਪੰਜਾਬ ਦੀ ਧਰਤੀ ਮਾਂ ਅਤੇ ਪੰਜਾਬੀ ਬੋਲੀ ਮਾਂ ਨੂੰ ਛੁਟਕਾਰਾ ਦਿਵਾਓ।

(23) ਪਾਂਡਵਾਂ ਨੇ ਸ਼ਕੁਨੀ ਨਾਲ ਜੂਆ ਖੇਡਿਆ, ਰਾਜ ਭਾਗ ਨਾਲ ਦਰੋਪਦੀ ਵੀ ਹਾਰ ਦਿੱਤੀ, ਨੰਗੀ ਕਰਵਾ ਲਈ। ਅੱਜ ਦੇ ਕੌਰਵਾਂ, ਪੰਜਾਬਣ ਦਰੋਪਦੀ ਦੀ ਪੱਤ ਦਿੱਲੀ ਦੀਆਂ ਗਲੀਆਂ ਵਿਚ ਨੰਗੀ ਕਰਕੇ ਫੇਰੀ। ਅਸੀਂ ਅਣਖ ਵਾਲੇ ਸਿੱਖ ਮਰੇ ਕਿਉਂ ਨਹੀਂ?

(24) ਆਪਣੇ ਰਾਜ ਬਿਨਾਂ ਪੱਤ ਨੰਗੀ ਹੀ ਨਹੀਂ ਹੁੰਦੀ ਬਲਕਿ ਲੁੱਟੀਦੀ ਵੀ ਹੈ।

(25) ਜਜ਼ਬਾਤ ਤੋਂ ਅਸਲੀ ਹਥਿਆਰ ਹੁੰਦੇ ਹਨ, ਇਹ ਤਾਕਤ ਬਣ ਕੇ ਬਚਾਉਂਦੇ ਹਨ।

ਪੇਸ਼ਕਾਰ-ਪਰਮਜੀਤ ਸਿੰਘ ਦਾਖਾ

ISBN # 978-0-9781624-9-8

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਇਕ ਪੁੱਤ ਦੇਈਂ ਨਾ ਰੱਬਾ !

*ਜਿਹੜੇ ਚਿੱਕੜ ਵਿਚ ਨੱਚਣ ਲੱਗ ਪੈਣ, ਸਮਝੋ ਉਹ ਆਪਣੇ ਆਪ ਨੂੰ ਮੂੰਹ ਤੱਕ ਲਬੇੜਨ ਦੇ ਯਤਨ 'ਚ ਸਫ਼ਲ ਹੋ ਰਹੇ ਹਨ। ਸ਼ਾਂਤੀ ਵੇਲੇ ਲੜਾਈਆਂ ਦੀਆਂ ਤਿਆਰੀਆਂ ਵਿਚ ਸਾਰਾ ਜ਼ੋਰ ਲੱਗਦਾ ਹੁੰਦਾ ਹੈ। ਬੱਸ ਰਾਜ਼ ਤੇ ਭੇਤ ਹੀ ਸਮਝ ਨਹੀਂ ਆ ਰਹੇ ਹੁੰਦੇ। ਪੁੱਤ ਇਕ ਸੀ, ਧੱਕੇ ਨਾਲ ਸਾਧ ਬਣ ਗਿਆ। ਲੋਕੀਂ ਪੈਰੀਂ ਪੈਣ ਲੱਗ ਪਏ। ਸਾਧ ਦੇ ਅੰਦਰੋਂ ਜਿੰਨ ਵਾਂਗ ਬਦਮਾਸ਼ ਨਿਕਲ ਆਇਆ। ਤੁਸੀਂ ਵੀ ਮੰਨੋ ਕਿ ਦੁਨੀਆਂ ਕਦੇ ਕਦੇ ਘੱਟ ਵੀ ਤੋਲਣ ਲੱਗ ਪੈਂਦੀ ਹੈ ਕਿਉਂਕਿ ਸਾਧਾਰਨ ਬੰਦੇ 'ਤੇ ਮੁਕੱਦਮਾ ਚੱਲੇ ਤਾਂ ਕੋਈ ਗੱਲ ਨਹੀਂ। ਜੇ ਸਾਧ 'ਤੇ ਸ਼ਰਧਾ ਲੈ ਕੇ ਆਈਆਂ ਬਲਾਤਕਾਰ ਦਾ ਸ਼ਿਕਾਰ ਹੋ ਗਈਆਂ ਹੋਣ, ਕਤਲਾਂ ਦੇ ਇਲਜ਼ਾਮ ਲੱਗੇ ਹੋਣ, ਅਦਾਲਤਾਂ ਵਾਰ ਵਾਰ ਘੜੀਸ ਰਹੀਆਂ ਹੋਣ ਤੇ ਲੋਕ ਫਿਰ ਵੀ 'ਰੱਬ' ਕਹਿਣ ਤਾਂ ਕੀ ਕਰੀਏ? ਕੋਈ ਪੜ੍ਹੀ ਲਿਖੀ ਔਰਤ, ਕਿਸੇ ਬਦਨਾਮ ਸਾਧ ਦੀ ਚੇਲੀ ਤਾਂ ਹੋ ਸਕਦੀ ਹੈ ਪਰ ਵਿਕਸਤ ਮੁਲਕ 'ਚ ਰਹਿ ਕੇ ਆਖੇ, 'ਮੇਰੀ ਧੀ ਦਾ ਅਪ੍ਰੇਸ਼ਨ ਹੋ ਰਿਹਾ ਸੀ, ਬਾਬਾ ਜੀ ਆਏ, ਡਾਕਟਰਾਂ ਤੋਂ ਔਜ਼ਾਰ ਫੜੇ ਤੇ ਤੀਹ ਸੈਕਿੰਡ 'ਚ ਸਫ਼ਲ ਅਪ੍ਰੇਸ਼ਨ ਕਰਕੇ ਲੋਪ ਹੋ ਗਏ। ਡਾਕਟਰ ਕਹਿਣ ਬਿਮਾਰੀ ਤਾਂ ਕੋਈ ਨਿਕਲੀ ਹੀ ਨਹੀਂ।' ਦੱਸੋ, ਮੱਥਾ ਮਾਰੀਏ ਕਿ ਟੇਕੀਏ? ਸੱਚ ਹੈ ਕਿ ਇਕ ਪੁੱਤ ਵਾਲੇ ਸਿਰਫ਼ ਵੀਹ ਪ੍ਰਤੀਸ਼ਤ ਮਾਪੇ ਖ਼ੁਸ਼ਹਾਲ ਤੇ ਬਾਗੋਬਾਗ ਹਨ ਤੇ ਇਕ ਧੀ ਵਾਲੇ ਅੱਸੀ ਫੀਸਦੀ ਮਾਂ-ਬਾਪ ਨੂੰ ਧੀ ਨੇ ਚੇਤਾ ਹੀ ਨਹੀਂ ਆਉਣ ਦਿੱਤਾ ਪੁੱਤ ਦਾ। ਬੰਦਾ ਐਵੇਂ ਭਾਅ ਦਾ ਪੱਟਿਆ ਹੋਇਐ। ਆਪ ਤੋਂ ਐਸ ਦੁਨੀਆਂ 'ਚ ਨਾਂ ਨਹੀਂ ਬਣਾ ਹੋਇਆ, ਪੁੱਤ ਤੋਂ ਮਰਨ ਉਪਰੰਤ ਆਸ ਕਰਦੇ ਨੇ। ਬੰਦਾ ਜਦੋਂ ਕੂਚ ਕਰਦੈ ਤਾਂ ਹਾਲਤ 'ਝੋਟੇ ਦੇ ਨਾਲ ਹੀ ਜੂੰਆਂ ਮਰਨ' ਵਾਲੀ ਹੁੰਦੀ ਐ। ਮੈਨੂੰ ਪਤੈ ਕਿ ਇਹ ਦੁਖਦੀ ਗਾਥਾ ਕਿਸੇ ਨਾਲ ਮੇਲ ਵੀ ਖਾਵੇਗੀ, ਤੁਹਾਨੂੰ ਕਈ ਵਰ੍ਹੇ ਪਹਿਲਾਂ ਦਾ ਸਿਰਫ਼ 'ਕਲਯੁਗੀ ਪੁੱਤ ਵਲੋਂ ਮਾਂ ਦਾ ਕਤਲ' ਸਿਰਲੇਖ ਚੇਤੇ ਹੈ, ਤੇ ਮੈਨੂੰ ਵਿਆਖਿਆ। ਲਿਖਣ 'ਚ ਦੇਰੀ ਇਸ ਕਰਕੇ ਹੋ ਗਈ ਕਿਉਂਕਿ ਮੇਰੇ ਅੱਖਰ ਮੈਥੋਂ ਪਹਿਲਾਂ ਰੋਣ ਲੱਗ ਪੈਂਦੇ ਸਨ!...*

ਦੇਖਿਆ ਜਾਵੇ ਤਾਂ ਜੋਤਸ਼ੀਆਂ ਕੋਲ ਕੁਝ ਵੀ ਨਹੀਂ ਹੁੰਦਾ। ਉਹ ਸਿਰਫ਼ ਵਿਗੜੇ ਹੋਏ ਮਾਨਸਿਕ ਸੰਤੁਲਨ ਨੂੰ ਤਬਲੇ ਵਾਂਗ ਸੁਰ ਕਰਨ ਦੀ ਮੁਹਾਰਤ ਰੱਖਦੇ ਹਨ, ਤੇ ਗੱਲਾਂ ਦਾ ਸੁਰੀਲਾ ਗੀਤ ਬਣਾਉਣਾ ਹੋਰ ਕਿਸੇ ਨੂੰ ਆਉਂਦਾ ਹੀ ਨਹੀਂ ਹੁੰਦਾ। ਇਸ ਗੱਲ ਨੂੰ ਹਰ ਕੋਈ ਜਾਣਦਾ ਹੈ ਕਿ ਜੋਤਿਸ਼, ਗਿਆਨ ਬਣ ਕੇ ਪੰਡਿਤਾਂ ਦੇ ਹੱਥਾਂ 'ਚੋਂ ਨਿਕਲ ਕੇ ਮੁਕੰਮਲ ਵਪਾਰਕ ਧੰਦਾ ਬਣ ਗਿਆ ਹੈ। ਇਸ ਗੱਲ ਦੀ ਤਸਦੀਕ ਕਈ ਸਮਾਚਾਰ ਪੱਤਰਾਂ ਨੇ ਗਾਹਕ ਪੱਟਣ ਦੇ ਦਿਲ ਲੁਭਾਉਣੇ ਇਸ਼ਤਿਹਾਰ ਛਾਪ ਕੇ ਵੀ ਕਰ ਦਿੱਤੀ ਹੈ। ਖ਼ੈਰ! ਜੋਤਿਸ਼ ਦਾ ਬੜਾ ਇਤਿਹਾਸਕ ਪੱਖ ਰਿਹਾ ਹੈ। ਵੱਡੇ-ਵੱਡੇ ਰਾਜਿਆਂ, ਵਿਦਵਾਨਾਂ ਨੇ ਧੀਆਂ ਪੁੱਤਰ ਸਵੰਬਰ ਰਚਾ ਕੇ ਜੋਤਸ਼ੀਆਂ ਨੂੰ ਪੁੱਛ ਕੇ ਵਿਆਹੇ ਹਨ। ਵਿਗਿਆਨ ਨੇ ਇਹ ਤਾਂ ਸਿੱਧ ਕਰ ਦਿੱਤਾ ਹੈ ਕਿ ਜਿਹੜੇ ਸ਼ੁੱਕਰ, ਸ਼ਨੀ, ਮੰਗਲ ਤੇ ਬੁੱਧ ਜੋਤਸ਼ੀਆਂ ਨੇ ਲੱਭੇ ਸਨ, ਉਹ ਦੇਵਤੇ ਨਹੀਂ, ਗ੍ਰਹਿ ਹਨ। ਪਹਿਲਾਂ ਧੋਤੀ, ਟੋਪੀ ਜਾਂ ਪਗੜੀ ਬੰਨ੍ਹ ਕੇ, ਤਿਲਕ ਲਗਾ ਕੇ, ਨਿਗ੍ਹਾ ਠੀਕ ਵੀ ਹੋਵੇ ਤਾਂ ਵੀ ਐਨਕਾਂ ਥਾਣੀਂ ਹੱਥ ਰੇਖਾਵਾਂ ਦੇਖੀਆਂ ਜਾਂਦੀਆਂ ਸਨ, ਪਰ ਹੁਣ ਇਹ ਕੰਮ ਕੋਟ-ਟਾਈ ਲਾ ਕੇ ਮੇਜ ਕੁਰਸੀਆਂ 'ਤੇ ਬਹਿ ਕੇ ਕੀਤਾ ਜਾਣ ਲੱਗ ਪਿਆ ਹੈ। ਅਕਾਸ਼ਬਾਣੀ ਜਲੰਧਰ ਨੇ ਆਸਾ ਸਿੰਘ ਮਸਤਾਨਾ ਤੇ ਸੁਰਿੰਦਰ ਕੌਰ ਦਾ ਗੀਤ 'ਪੰਡਿਤ ਜੀ ਕੀ ਏ ਲਾਲ ਮੇਰਾ...ਇਹ ਮੁੰਡਾ ਨਿਰਾ ਸ਼ਨਿਚਰ ਈ...' ਵਜਾ ਕੇ ਫੀਤਾ ਹੀ ਘਸਾ ਦਿੱਤਾ ਸੀ। ਜੋਤਸ਼ੀਆਂ ਨੇ ਇਕ ਮਾਂ ਨੂੰ ਪੁੱਤ ਦੇ ਦਿੱਤਾ ਹੋਊ, ਪਰ ਸ਼ਨਿਚਰੀ ਕਿੰਨਾ ਕੁ ਨਿਕਲਿਆ, ਇਹਦਾ ਖੁਲਾਸਾ ਤਾਂ ਅੱਗੇ ਚੱਲ ਕੇ ਕਰਾਂਗਾ, ਪਰ ਪਹਿਲਾਂ ਇਕ ਜਣੀ ਦੀ ਦਰਦਨਾਕ ਵੰਨਗੀ ਪੜ੍ਹ ਕੇ ਤੁਹਾਡੀਆਂ ਵੀ ਅੱਖਾਂ ਸ਼ਾਇਦ ਕਹਿਣ ਲੱਗ ਪੈਣ ਕਿ ਠਹਿਰ ਜਾ ਜ਼ਰਾ, ਭਾਖੜੇ ਆਲਾ ਇਕ ਗੇਟ ਖੋਲ੍ਹ ਲਈਏ!

ਲਾਹੌਰ ਦੇ ਕਵੀ ਅਨਵਰ ਮਸੂਦ ਨੂੰ ਉਹ ਸਾਰੇ ਲੋਕ ਜਾਣਦੇ ਹਨ ਜਿਹੜੇ ਕਵਿਤਾ ਦੇ ਦਰਦ ਦਾ ਭਾਵ ਅਤੇ ਹਾਸ-ਰਸ ਦਾ ਰਾਹ ਜਾਣਦੇ ਹਨ। ਉਹ ਹਸਾਉਂਦਾ ਵੀ ਰੱਜ ਕੇ ਹੈ ਤੇ ਰੋਣ ਲਈ ਵੀ ਦਿਲ ਖੋਲ੍ਹ ਕੇ ਕਹਿੰਦਾ ਹੈ। ਸਾਰੀ ਉਮਰ ਉਹ ਅਧਿਆਪਕ ਰਿਹਾ। ਜਿਹੜਾ ਦ੍ਰਿਸ਼ ਮੈਂ ਦਿਖਾਉਣ ਲੱਗਾ ਹਾਂ, ਜਿਨ੍ਹਾਂ ਦੇ 'ਲੱਸੀ ਤੇ ਚਾਹ ਦੀ ਲੜਾਈ' ਸੁਣ ਕੇ ਦੰਦ ਅੰਦਰ ਵੜਨ ਦਾ ਨਾਂ ਨਹੀਂ ਲੈਂਦੇ ਸਨ, ਉਹ ਪੱਲੇ ਨਾਲ ਹੰਝੂ ਪੂੰਝਦੇ ਸਨ। ਅਨਵਰ ਮਸੂਦ ਜਦੋਂ ਅਧਿਆਪਕ ਸੀ ਤਾਂ ਉਹਦੇ ਕੋਲ ਲਾਗਲੇ ਪਿੰਡ ਦੇ ਦੋ ਮੁੰਡੇ ਬਸ਼ੀਰਾ ਤੇ ਅਕਰਮ ਪੜ੍ਹਦੇ ਸਨ। ਅਕਰਮ ਮਾਂ ਦਾ 'ਕੱਲਾ ਤੇ ਲਾਡਲਾ ਪੁੱਤ। ਇਕ ਦਿਨ ਬਸ਼ੀਰਾ ਜਦੋਂ ਲੇਟ ਸਕੂਲ ਆਇਆ ਤਾਂ ਮਸੂਦ ਨੇ ਫਾਲਨ ਕਰ ਲਿਆ ਕਿ ਪੁੱਤ ਫਰਲਾਂਗ 'ਤੇ ਤੇਰਾ ਪਿੰਡ, ਤੇ ਲੇਟ ਕਿਵੇਂ ਆਇਐਂ:

ਆਹ ਤੇਰਾ ਪਿੰਡ ਤੇ ਆਹ ਈ ਸਕੂਲ
ਜਾਏਂਗਾ ਤੂੰ ਮੇਰੇ ਕੋਲੋਂ ਹੱਡੀਆਂ ਭਨਾ ਕੇ
ਆਇਆ ਏਂ ਤੂੰ ਅੱਜ
ਦੋਵੇਂ ਟੱਲੀਆਂ ਘਸਾ ਕੇ...

ਤੇ ਬਸ਼ੀਰ ਦਾ ਜਵਾਬ ਸੁਣ ਕੇ ਮਸੂਦ ਹੱਥੋਂ ਡੰਡਾ ਤੇ ਅੱਖਾਂ 'ਚੋਂ ਹੰਝੂ ਛੁੱਟ ਗਏ। 'ਕੱਲੀ 'ਕੱਲੀ ਸਤਰ ਸ਼ਨਿਚਰੀ ਪੁੱਤ ਦੇ ਕਾਰਨਾਮੇ 'ਤੇ ਕੁਰਲਾ ਪਈ:

ਮਾਸਟਰ ਜੀ ਮੇਰੀ ਗੱਲ
ਧਿਆਨ ਨਾਲ ਸੁਣ ਲਓ



ਮਾਈ ਇਹਦੀ ਮਾਸਟਰ ਜੀ
ਘਰ ਸਾਡੇ ਆਈ ਸੀ
ਮੂੰਹ 'ਤੇ ਨੀਲ ਸਨ
ਸੁੱਜਾ ਹੋਇਆ ਹੱਥ ਸੀ
ਅੱਖਾਂ ਵਿਚ ਅੱਥਰੂ
ਤੇ ਬੁੱਲ੍ਹਾਂ 'ਤੇ ਰੱਤ ਸੀ
ਕਹਿਣ ਲੱਗੀ ਸੋਹਣਿਆ
ਵੇ ਪੁੱਤਰ ਬਸ਼ੀਰਿਆ
ਮੇਰਾ ਵੀ ਤੇ ਕੰਮ ਇਕ
ਕਰੀਂ ਅੱਜ ਹੀਰਿਆ
ਰੋਟੀ ਮੇਰੇ ਅਕਰਮੇ ਦੀ
ਲਈ ਜਾਹ ਮਦਰੱਸੇ
ਅੱਜ ਫਿਰ ਮੇਰੇ ਨਾਲ
ਤੁਰ ਗਿਆ ਰੁੱਸ ਕੇ
ਘਿਓ ਵਿਚ ਗੁੰਨ੍ਹ ਕੇ
ਪਰੌਂਠੇ ਮੈਂ ਤਾਂ ਪੱਕੇ ਨੇ
ਤੇ ਰੀਝ ਨਾਲ ਰਿੰਨ੍ਹਿਆ ਏ
ਆਂਡਿਆਂ ਦਾ ਹਲਵਾ
ਪੋਣੇ ਵਿਚ ਬੰਨ੍ਹ ਕੇ
ਤੇ ਮੇਰੇ ਹੱਥ ਦਿੱਤੀ ਸੂ
ਇਹੀਓ ਗੱਲ ਆਖਦੀ ਸੀ
ਮੁੜ ਮੁੜ ਮਾਸਟਰ ਜੀ
ਛੇਤੀ ਨਾਲ ਜਾਈਂ ਬੀਬਾ
ਦੇਰੀਆਂ ਨਾ ਲਾਈਂ ਬੀਬਾ
ਉਹਦੀਆਂ ਤੇ ਲੁਸਦੀਆਂ
ਹੋਣਗੀਆਂ ਆਂਦਰਾਂ
ਭੁੱਖਾ ਭਾਣਾ ਅੱਜ ਪੁੱਤ
ਸਕੂਲ ਤੁਰ ਗਿਆ ਏ
ਰੋਟੀ ਉਸ ਦਿੱਤੀ ਏ
ਮੈਂ ਭੱਜਾ ਲਗਾ ਆਇਆ ਏਂ
ਅਕਰਮੇ ਨੇ ਨੇਰ੍ਹ ਅੱਜ
ਨੇਰ੍ਹ ਜਿਹਾ ਪਾਇਆ ਏ...।

ਅਕਰਮੇ ਨੇ ਨੇਰ੍ਹ ਅੱਜ
ਨੇਰ੍ਹ ਜਿਹਾ ਪਾਇਆ ਏ
ਮਾਈ ਨੂੰ ਇਹ ਮਾਰਦੈ
ਤੇ ਬੜਾ ਡਾਢਾ ਮਾਰਦੈ
ਅੱਜ ਇਸ ਭੈੜੇ ਨੇ
ਹੱਦ ਹੀ ਮੁਕਾਈ ਏ
ਉਹਨੂੰ ਮਾਰ ਮਾਰ ਕੇ
ਮਧਾਣੀ ਭੰਨ੍ਹ ਸੁੱਟੀ ਸੂ
ਬੰਦੇ ਕੱਠੇ ਹੋਏ ਸੀ
ਤੇ ਉਥੋਂ ਭੱਜ ਵੱਗਿਆ
ਚੁੱਕ ਕੇ ਕਿਤਾਬਾਂ ਤੇ
ਸਕੂਲ ਵੱਲ ਭੱਜਿਆ

ਜਦੋਂ ਹਰਨਾਕਸ਼ ਦੇ ਘਰ ਪ੍ਰਹਿਲਾਦ ਪੈਦਾ ਹੋਇਆ ਸੀ ਤਾਂ ਇਤਿਹਾਸ ਦਾ ਪੁੱਠਾ ਗੇੜ ਦੇਖ ਕੇ ਲੋਕ ਕਹਿੰਦੇ ਸਨ, 'ਆਹ ਹੈ ਭਗਵਾਨ ਦਾ ਕ੍ਰਿਸ਼ਮਾ।' ਉਂਜ ਹਰ ਮਾਂ ਸੋਚਦੀ ਕਿ ਉਹਦਾ ਪੁੱਤ ਸਰਵਣ ਵਰਗਾ ਹੋਵੇ ਤੇ ਸਿਕੰਦਰ ਵਰਗਾ ਬਾਦਸ਼ਾਹ ਬਣੇ, ਪਰ ਜਦੋਂ ਸ਼ਰੀਫ਼ ਮਾਂ ਬਾਪ ਦੇ ਘਰ ਬਦਮਾਸ਼, ਲਫੰਗਾ ਜੰਮ ਪਏ ਤਾਂ ਲੋਕ ਮੱਥਾ ਭੰਨ੍ਹ ਕੇ ਆਖਦੇ ਨੇ, 'ਆਹ ਕਿਹੜੇ ਜਨਮਾਂ ਦਾ ਵੈਰ ਲੈ ਲਿਆ ਡਾਢਿਆ। ਜਿਸ ਸ਼ਨਿਚਰੀ ਪੁੱਤਰ ਦੀ ਬਾਤ ਅੱਗੇ ਮੈਂ ਤੋਰਨ ਲੱਗਾ ਹਾਂ, ਵਿਦਵਾਨ ਤਾਂ ਕੀ, ਯੂਨੀਵਰਸਿਟੀਆਂ ਵੀ ਕਹਿ ਦੇਣਗੀਆਂ, 'ਜੋਤਿਸ਼ ਤਾਂ ਜਿੱਤ ਗਿਆ ਹੈ, ਪਰ ਮੁਕੱਦਰ ਹਾਰ ਗਏ ਹਨ।'

ਇਸ ਗੱਲ ਨੂੰ ਹੁਣ 'ਇਕ ਵਾਰੀ' ਨਹੀਂ ਕਹਿ ਸਕਦੇ, ਇਹਦਾਂ ਹੁਣ ਵਾਰ ਵਾਰ ਹੋਣ ਲੱਗ ਪਿਆ ਹੈ। ਪਾਕਿਸਤਾਨ ਨਾਲ ਲਗਦੀ ਸਰਹੱਦ 'ਤੇ ਮਾਲਵੇ ਦੇ ਨਿੱਕੇ ਜਿਹੇ ਪਿੰਡ ਦਾ ਹਾਸ਼ਿਆਂ ਤੇ ਸ਼ਾਂਤੀ 'ਚ ਲਿਪਟਿਆ ਮੁੱਠੀ ਜਿੱਡਾ ਘਰ। ਕਿਸਮਤ ਸਿੰਘ ਤੇ ਤਕਦੀਰ ਕੌਰ ਪਤੀ-ਪਤਨੀ ਦੇ ਨਾਂ ਏਦਾਂ ਜਿਵੇਂ ਰੱਬ ਇਨ੍ਹਾਂ ਦੇ ਗੁਆਂਢ 'ਚ ਰਹਿੰਦਾ ਹੋਵੇ। ਵਿਆਹ ਤੋਂ ਪਿੱਛੋਂ ਕਿੰਨੇ ਸਾਲ ਔਲਾਦ ਨਾ ਹੋਈ। ਕੋਈ ਗੁਰੂ-ਪੀਰ, ਚੇਲਾ-ਚਪਟਾ, ਮੜ੍ਹੀ-ਮਸਾਣੀ ਨ੍ਹੀਂ ਛੱਡੀ ਜਿਥੇ ਦੋਹਾਂ ਜਣਿਆਂ ਨੇ ਡਾਢੇ ਨੂੰ ਕਿਹਾ ਨਾ ਹੋਊ, 'ਸਾਡੇ ਘਰ ਵੱਲ ਵੀ ਧਿਆਨ ਕਰ, ਕੁੱਖ ਵੱਲ ਵੇਖ।' ਰੱਬ ਨੇੜੇ ਤਾਂ ਲੱਗਾ ਪਰ ਜ਼ਾਲਮ ਬਣ ਕੇ ਟੱਕਰਨ ਲੱਗ ਪਿਆ। ਉਪਰੋਥਲੀ ਕੁੜੀਆਂ ਤਾਂ ਚਾਰ ਹੋਈਆਂ ਪਰ ਕੋਈ ਜੰਮਦੀ ਮਰ ਗਈ ਤੇ ਕੋਈ ਛਿਲਾ ਲੰਘਾ ਕੇ। ਡਾਕਟਰਾਂ ਕੋਲ ਦੋਹਾਂ ਭਾਗਾਂ ਵਾਲਿਆਂ ਧੂੜ ਤਾਂ ਬਥੇਰੀ ਫੱਕੀ ਪਰ ਰਮਜ਼ ਹੱਥ ਨਾ ਲੱਗੀ। ਦੋਵੇਂ ਜਣੇ ਕਦੇ 'ਕੱਲੇ ਬਹਿ ਕੇ ਸੋਚਦੇ, 'ਮਾਂ-ਬਾਪ ਨੇ ਕੀ ਸੋਚ ਕੇ ਰੱਖੇ ਹੋਣਗੇ ਨਾਂ?'

ਤਕਦੀਰ ਕੌਰ ਫਿਰਦੀ ਤਾਂ ਜਿਉਂਦੀ ਸੀ ਪਰ ਤਕਦੀਰ ਰੁੱਸ ਜਾਵੇ ਤਾਂ ਮਨਾ ਲਵੇ, ਉਹ ਤਾਂ ਦੁਸ਼ਮਣ ਬਣ ਗਈ ਸੀ। ਜਦੋਂ ਆਂਢ-ਗੁਆਂਢ ਦੀਆਂ ਜਨਾਨੀਆਂ ਦੀਆਂ ਗੱਲਾਂ ਉਹਦੇ ਕੋਲ ਪੁੱਜਦੀਆਂ, 'ਲੈ ਵਿਚਾਰੀ ਦੇ ਰੱਬ ਮਾਰਦਾ ਵੀ ਮੱਥੇ 'ਚ ਪੱਥਰ ਐ ਪਰ ਪੱਥਰ ਟੁੱਟ ਜਾਂਦੇ, ਮੱਥਾ ਬਚ ਹੀ ਜਾਂਦੈ।' ਕੋਈ ਆਖਦੀ, 'ਹੁਣ ਤਾਂ ਉਮਰ ਵੀ ਲੰਘ ਗਈ ਦੋਹਾਂ ਦੀ, ਸਬਰ ਈ ਕਰ ਲੈਣ।'

ਕਿਤੇ ਖ਼ਬਰ ਲੱਗ ਗਈ ਕਿ ਫਲਾਣਾ ਜੋਤਸ਼ੀ ਹੱਥ ਬੜੇ ਦੇਖਦੈ ਤੇ ਉਪਾਅ ਵੀ ਕਿਆ ਕਮਾਲ ਕਰਦੈ। ਕਿਸਮਤ ਤੇ ਤਕਦੀਰ ਕੱਠੀਆਂ ਹੋ ਕੇ ਉਥੇ ਚਲੇ ਗਈਆਂ ਤੇ ਜਦੋਂ ਅੱਧਖੜ ਉਮਰ 'ਚ ਤਕਦੀਰ ਕੌਰ ਦਾ ਪੈਰ ਭਾਰੀ ਹੋਇਆ ਤਾਂ ਦੋਵੇਂ ਜਣੇ ਤਾਂ ਜਾਣਕਾਰ ਜੋਤਿਸ਼ੀ ਤੋਂ ਵਾਰੇ ਵਾਰੇ ਜਾਂਦੇ ਸਨ, ਪਰ 'ਉਹ ਕਿਹੜਿਆਂ ਰੰਗਾਂ ਵਿਚ ਰਾਜ਼ੀ' ਵਿਚਲੇ ਭੇਤ ਦਾ ਕਿਸੇ ਨੂੰ ਪਤਾ ਨ੍ਹੀਂ ਸੀ। ਬੱਤੋਂ ਲੰਘ ਕੇ ਬੱਚਾ ਹੋਵੇ ਤਾਂ ਸ਼ਰਮ ਘੇਰ ਘੇਰ ਕੇ ਅੰਦਰ ਵਾੜਦੀ ਹੈ ਤੇ ਵਿਚਾਰੀ ਤਕਦੀਰੋ ਵੀ ਸੱਤ-ਅੱਠ ਮਹੀਨੇ ਫਿਰ ਘਰ ਦੀਆਂ ਕੰਧਾਂ ਦੇ ਓਹਲੇ ਹੀ ਰਹੀ।

ਘਰ 'ਚ ਖ਼ੁਸ਼ੀ ਆਈ ਤੂਫ਼ਾਨ ਬਣ ਕੇ। ਲਾਲ ਦਾ ਲਾਲ ਮੂੰਹ ਦੇਖ ਕੇ ਤਕਦੀਰ ਸੋਚਿਆ ਕਰੇ, 'ਲਗਦੈ ਤਾਂ ਹੈ ਪਈ ਜੇ ਨਕਾਲ ਨਾਲ ਕਿਆਰਾ ਭਰ ਗਿਐ ਤਾਂ ਜੋਤਿਸ਼ੀ ਦੇ ਕਹਿਣ ਵਾਂਗ 'ਪੁੱਤ ਬਾਦਸ਼ਾਹ ਹੋਊ, ਨੋਟਾਂ 'ਚ ਖੇਡੂ।'

ਏਨਾ ਲਾਡ ਕਿ ਕਿਸਮਤ ਸਿੰਘ ਤੇ ਤਕਦੀਰ ਕੌਰ ਚੁੰਮ-ਚੁੰਮ ਕੇ ਹੀ ਪੁੱਤ ਨੂੰ ਨਹਾਉਣ ਜੋਗਾ ਨਾ ਛੱਡਦੇ।

ਜਿਹੜੀ ਗੱਲ ਪਿੰਡ ਆਲੇ ਜਾਂ ਗਲੀ-ਗੁਆਂਢ ਸੋਚਦਾ ਸੀ, ਉਹ ਵਾਪਰੀ ਹੀ ਨਹੀਂ। ਲੋਕ ਕਹਿਣ ਦਰਖ਼ਤ ਜਿਹੜਾ ਇਕ ਫਲ ਦੇਵੇ, ਸੁੱਖ ਨਾਲ ਵਜ਼ਨੀ ਵੀ ਹੁੰਦੈ ਤੇ ਮਿੱਠਾ ਵੀ। ਨਾਂ ਵੀ ਜੋਤਿਸ਼ੀ ਨੇ ਕਿਹਾ ਰੱਬ ਵਾਂਗ 'ਰ' ਤੇ ਰੱਖੋ ਤੇ ਰਣਜੀਤ ਸਿੰਹੁ।...ਤੇ ਮਾਂ-ਬਾਪ ਨੂੰ ਬਾਦਸ਼ਾਹ ਦੇ ਸੁਪਨੇ ਆਉਣੇ ਸੁਭਾਵਿਕ ਸਨ। ਚਾਵਾਂ ਤੇ ਖ਼ੁਸ਼ੀਆਂ ਦੇ ਰੌਲੇ 'ਚ ਹੀ ਰਣਜੀਤ ਸਕੂਲ ਚਲੇ ਗਿਆ ਤੇ ਫਿਰ ਦਸਵੀਂ ਪਾਸ ਕਰ ਗਿਆ।

ਕਿਸਮਤ ਸਿੰਘ ਨੂੰ ਮਿਰਗੀ ਦੀ ਬਿਮਾਰੀ

(ਬਾਕੀ ਸਫਾ 35 'ਤੇ)

## ਸਮੇਂ ਨੇ ਇਕ ਨਾ ਮੰਨੀ...

### ਧੁੱਪੇ ਬੈਠੀਆਂ ਯਾਦਾਂ

ਜਿੱਥੇ ਸੰਗੀਤ ਹੋਵੇ, ਕਲਾ ਹੋਵੇ, ਉਥੇ ਕੁਝ ਵੀ ਪੁਰਾਣਾ ਨਹੀਂ ਹੁੰਦਾ। ਜਿਹੜੇ ਜ਼ਿੰਦਗੀ 'ਚ ਨੱਚਦੇ ਹੀ ਰਹੇ ਹਨ, ਉਨ੍ਹਾਂ ਨੂੰ ਰੱਬ ਰਾਹ 'ਚ ਟੱਕਰ ਪੈਂਦਾ ਹੈ। ਪੰਜਾਬ ਦੇ ਸੁਰੀਲੇ ਗਾਇਕ ਸਰਦੂਲ ਸਿਕੰਦਰ ਨਾਲ ਮੇਰੀਆਂ ਯਾਦਾਂ ਸ਼ਾਇਦ ਕਲਾਵੇ 'ਚ ਵੀ ਨਾ ਆਉਣ। ਮੈਂ ਉਹਨੂੰ ਸੁਣਦਾ ਵੀ ਰਿਹਾ, ਪ੍ਰਸ਼ੰਸਕ ਵੀ ਰਿਹਾ। ਉਹਦੇ ਨਾਲ ਘੁਲਦਾ ਵੀ ਰਿਹਾ ਤੇ ਅਸੀਂ ਮਜ਼ਾਕ ਵਿਚ ਇਕੋ ਰਜਾਈ 'ਚ ਘੁਲਦੇ ਰਹੇ, ਉਪਰੋਥਲੀ ਹੁੰਦੇ ਰਹੇ, ਪਰ ਉਹ ਵੀ ਉਹੀ ਹੈ, ਮੈਂ ਵੀ ਉਹੀ ਹਾਂ। ਉਹ ਵੀ ਨਿਆਣੇ ਨਿੱਕਿਆਂ ਵਾਲਾ ਹੋ ਗਿਐ, ਥੋੜ੍ਹਾ ਜਿਹਾ ਫਰਕ ਇਹ ਪਿਆ ਹੈ ਕਿ ਉਹ ਸਮਰੱਥ ਕਲਾਕਾਰ ਅਮਰ ਨੂਰੀ ਨਾਲ ਵਿਆਹਿਆ ਹੋਇਐ ਤੇ ਮੈਂ ਸਾਧਾਰਨ ਪਤਨੀ ਕਸ਼ਮੀਰ ਕੌਰ ਨਾਲ ਪਰ ਵੱਡਾ ਫਰਕ ਸਮੇਂ ਨੇ ਪਾਇਆ ਹੈ। ਅਸੀਂ ਰਹਿੰਦੇ ਹੈ, ਇਵੇਂ ਅਸੀਂ ਦੋਵੇਂ ਹੁਣ ਤੱਕ ਪਿਆਰ 'ਚ ਡੁੱਬੇ ਹੀ ਹੋਏ ਹਾਂ। ਉਹ ਮੇਰਾ ਮਿੱਤਰ, ਦੋਸਤ, ਯਾਰ, ਭਰਾ, ਆਲੋਚਕ ਯਾਨਿ ਪ੍ਰੇਮਿਕਾ ਨਾਲੋਂ ਵੀ ਕਿਤੇ ਵੱਧ।

ਇਹ ਤਸਵੀਰ ਸਾਧਾਰਨ ਲਗਦੀ ਹੋਵੇਗੀ ਪਰ ਇਹ ਖਾਸ ਹੈ। ਇਸ ਕਰਕੇ ਨਹੀਂ ਕਿ ਇਹਦੇ ਵਿਚ ਛੱਬੀ ਸਾਲ ਪੁਰਾਣਾ ਗੁਰਦਾਸ ਮਾਨ ਦਿਸ ਰਿਹਾ ਹੈ, ਸਗੋਂ ਇਸ ਕਰਕੇ ਕਿ ਇਹ ਸੰਗੀਤ ਘਰਾਣੇ ਦੀ ਸਾਂਭਣਯੋਗ ਮੂਰਤ ਹੈ। ਇਹਦੇ 'ਚ ਸਰਦੂਲ ਦੀਆਂ ਭੈਣਾਂ, ਗਮਦੂਰ ਦੀ ਪਤਨੀ ਭਾਬੀ ਪ੍ਰਕਾਸ਼ ਕੌਰ, ਪ੍ਰਾਹੁਣੇ, ਭਾਣਜੇ, ਭਤੀਜੇ, ਰੋਪੜ ਵਾਲਾ ਗਾਇਕ ਪਵਨ ਦਿਸ ਰਹੇ ਹਨ।

ਫੋਟੋ ਦਾ ਸਥਾਨ ਲਲਹੇੜੀ ਰੋਡ, ਖੰਨਾ ਹੈ। ਇਹ ਸਰਦੂਲ ਦੀ ਪਹਿਲੀ ਕੋਠੀ ਸੀ। ਘਰ



ਨੇੜੇ ਹਾਂ, ਘਰ ਦੂਰ ਹੋ ਗਏ ਨੇ। ਉਹਦਾ ਵੱਡਾ ਗਮਦੂਰ ਸਾਡੇ ਦੇਖਦਿਆਂ ਦੇਖਦਿਆਂ ਤੁਰ ਗਿਆ ਹੈ, ਛੋਟੇ ਭਰਪੂਰ ਜੋ ਛੱਟੀ ਨਾਲ ਤਬਲਾ ਵਜਾਉਣ ਵਾਲਾ ਇਕੋ ਇਕ ਸਫ਼ਲ ਵਾਦਕ ਹੈ, ਦੇ ਵਿਆਹ ਦੀਆਂ ਤਸਵੀਰਾਂ ਕੱਲ੍ਹ ਅਖ਼ਬਾਰਾਂ 'ਚ ਛਾਪਦੇ ਸੀ, ਅੱਜ ਉਹ ਧੀਆਂ-ਪੁੱਤਰਾਂ ਲਈ ਰਿਸ਼ਤੇ ਲੱਭਣ ਲੱਗ ਪਿਆ ਹੈ। ਸਮਾਂ ਭਾਵੇਂ ਕਿਸੇ ਹੋਰ ਦੇ ਹੱਕ ਵਿਚ ਵੋਟ ਪਾ ਗਿਆ ਹੋਵੇ, ਪਰ ਸਰਦੂਲ ਗਾਇਕੀ ਦਾ ਬਾਦਸ਼ਾਹ ਸਿਕੰਦਰ ਹੈ, ਉਹ ਗਾਇਕੀ ਨਾਲੋਂ ਵੀ ਸੁਰਾਂ ਦੇ ਨੇੜੇ ਹੈ। ਜਿਵੇਂ ਪ੍ਰੇਮੀ, ਪ੍ਰੇਮਿਕਾ ਦੀਆਂ ਅੱਖਾਂ ਵਿਚ ਡੁੱਬ ਜਾਂਦਾ ਦੇ ਵਿਹੜੇ 'ਚ ਇੱਥੇ ਹੀ ਸੁਰਿੰਦਰ ਸ਼ਿੰਦੇ ਵਾਲੀ, ਵਾਇਆ ਚਰਨਜੀਤ ਅਹੂਜਾ ਹੋ ਕੇ ਆਈ ਸਰਦੂਲ ਦੀ ਪਹਿਲੀ ਕਾਰ ਅੰਬੈਸਡਰ ਖੜ੍ਹੀ ਹੈ। ਇਸ ਘਰ 'ਚ ਪਰਿਵਾਰ ਦੇ ਬਾਹਰਲੇ ਮੈਂਬਰਾਂ 'ਚੋਂ ਸ਼ਾਇਦ ਮੈਂ ਹੀ ਸਭ ਤੋਂ ਵੱਧ ਰੋਟੀਆਂ ਖਾਧੀਆਂ ਹੋਣ। ਕੋਈ ਵੀ ਦਰਖ਼ਤ ਫਲ ਦੇ ਕੇ ਝੂਰਦਾ ਨਹੀਂ, ਬਸੰਤ ਵਿਚ ਨਵੇਂ ਪੱਤਿਆਂ ਨਾਲ ਖ਼ੁਸ਼ੀ ਦੀ ਬਾਜ਼ੀ ਖੇਡ ਰਿਹਾ ਹੁੰਦਾ ਹੈ ਤੇ ਹੰਢਣਸਾਰ ਯਾਰ ਦੀ ਗੱਲ ਕਰਕੇ ਲੱਗਦੈ ਕਿ ਲੱਠੇ ਦੀ ਚਾਦਰ ਦੀ ਤਾਂ ਐਵੇਂ ਰੌਲੀ ਹੈ।

-ਐਸ. ਅਸ਼ੋਕ ਭੌਰਾ

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਸਮੇਂ ਦਾ ਸ਼ੋਰ

ਸਭ ਬੇਲੇ-ਤਬੇਲੇ ਆਬਾਦ ਹੋ ਗਏ, ਬਦਲ ਗਈ ਜ਼ਮਾਨੇ ਦੀ ਤੋਰ ਮੀਆਂ।
ਕੁੱਤੀ ਡੱਕ'ਤੀ ਵਿਚਾਰੀ ਜੇਲ੍ਹ ਅੰਦਰ, ਮਾਲ ਲੁੱਟ ਕੇ ਭੱਜ ਗਏ ਚੋਰ ਮੀਆਂ।
ਚੰਨ ਚੜ੍ਹਦਾ ਤਾਂ ਪਹਿਲਾਂ ਵਾਂਗ ਹੀ ਏ, ਪਰ ਹਟ ਗਈ ਵਿਲਕਣੋਂ ਚਕੋਰ ਮੀਆਂ।
ਭਾਈ-ਭੈਣਾਂ ਨੂੰ ਟਿੱਚਰਾਂ ਕਰਨ ਲੱਗ ਪਏ, ਕੀ ਹੋਵੇਗਾ ਪਤਾ ਨਹੀਂ ਹੋਰ ਮੀਆਂ।
ਨੱਚਣ ਵਾਲੀਆਂ ਲੋਕ ਨਚਾਉਣ ਲੱਗੀਆਂ, ਕਰਦੇ ਗਾਇਕ ਕਈ ਬਹੁਤਾ ਹੀ ਬੋਰ ਮੀਆਂ।
ਸੌਣ-ਹਾੜ੍ਹ ਤਾਂ ਸੁੱਕੇ ਹੀ ਲੰਘ ਜਾਂਦੇ, ਪੈਲਾਂ ਪਾਉਣੀਆਂ ਭੁੱਲ ਗਏ ਮੋਰ ਮੀਆਂ।
ਕੱਟੇ ਵਾਂਗ ਪਲੇ ਨੇ ਸਾਧ ਫਿਰਦੇ, ਅੰਦਰ ਡੇਰਿਆਂ ਦੇ ਕਰਦੇ ਜ਼ੋਰ ਮੀਆਂ।
ਵਿਆਹੁਣ ਨਾਲੋਂ ਹੁਣ ਭੱਜਦੀਆਂ ਵੱਧ ਕੁੜੀਆਂ, ਚੜ੍ਹੀ ਕੈਸੀ ਜਵਾਨੀ ਦੀ ਲੋਰ ਮੀਆਂ।
'ਭੌਰੇ' ਡਾਢਾ ਹੀ ਪਾਊਗਾ ਨੱਥ ਇਹਦੇ, ਜਿਹੜਾ ਸਮੇਂ ਨੇ ਪਾਇਆ ਏ ਸ਼ੋਰ ਮੀਆਂ।

# ਸਿੱਖੀ, ਸੰਤ, ਡੇਰਾ ਅਤੇ ਗੁਰਦੁਆਰਾ

## ਭਖਦੇ ਮਸਲੇ

**ਮਝੈਲ ਸਿੰਘ ਸਰਾਂ**

***ਸਿੱਖ ਸੰਗਤਾਂ ਲਈ ਅੱਜਕੱਲ੍ਹ ਬੜੀ ਵੱਡੀ ਅਤੇ ਇਮਤਿਹਾਨ ਦੀ ਘੜੀ ਆ ਗਈ ਹੈ। ਹੁਣ ਤੱਕ ਜੇ ਕਿਤੇ ਕੋਈ ਮਨਮਤੀਆ ਸੰਤ ਬਾਬਾ ਆਪਣੇ ਡੇਰੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਪ ਹੁਦਰੀਆਂ ਕਰਕੇ ਗੁਰਮਤਿ ਸਿਧਾਂਤ ਨੂੰ ਸੱਟ ਮਾਰਨ ਦੀ ਹਰਕਤ ਕਰਦਾ ਹੈ ਤਾਂ ਸਭ ਤੋਂ ਪਹਿਲਾਂ ਸਿੱਖ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕਰਦੇ ਨੇ ਕਿ ਇਹੋ ਜਿਹੇ ਸਾਧ ਨੂੰ ਨੱਥ ਪਾਵੇ, ਪਰ ਹੁਣ ਅੱਗੇ ਤੋਂ ਸਿੱਖ ਕਿੱਥੇ ਰੋਣਾ ਰੋਣਗੇ, ਕਿਉਂਕਿ ਸ਼੍ਰੋਮਣੀ ਕਮੇਟੀ 'ਤੇ ਵੀ ਹੁਣ ਡੇਰੇਦਾਰਾਂ ਦਾ ਕਬਜ਼ਾ ਹੋਣ ਜਾ ਰਿਹਾ ਹੈ। ਇਸ ਗੱਲ ਦਾ ਪੂਰਾ ਖ਼ਦਸ਼ਾ ਹੈ ਕਿ ਸ਼੍ਰੋਮਣੀ ਕਮੇਟੀ ਕਿਤੇ ਵੱਡੇ ਡੇਰੇ ਵਿਚ ਹੀ ਨਾ ਤਬਦੀਲ ਹੋ ਜਾਵੇ! ਫਿਰ ਇਹ ਕੋਈ ਵੱਡੀ ਗੱਲ ਨਹੀਂ ਹੋਣੀ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅਜਾਇਬ ਘਰ ਵਿਚ ਅਕਾਲ ਚਲਾਣਾ ਕਰ ਚੁੱਕੇ ਸੰਤਾਂ ਦੇ ਜੋੜੇ (ਜੁੱਤੀਆਂ) ਰੱਖੇ ਜਾਣਗੇ ਦਰਸ਼ਨਾਂ ਲਈ।***

ਗੁਰਦੁਆਰਾ! ਬੱਸ ਨਾਮ ਹੀ ਕਾਫੀ ਹੁੰਦਾ ਹੈ ਸਿੱਖ ਲਈ, ਆਪਣੀ ਜ਼ਿੰਦਗੀ ਦੇ ਝੰਜਟ-ਝਮੇਲਿਆਂ ਤੋਂ ਛੁਟਕਾਰਾ ਪਾਉਣ ਦਾ। ਗੁਰਦੁਆਰਾ ਸਿੱਖ ਲਈ ਕੇਵਲ ਕੋਈ ਬਿਲਡਿੰਗ ਦਾ ਨਾਂ ਨਹੀਂ, ਬਲਕਿ ਇਹ ਤਾਂ ਉਹਦੇ ਲਈ ਰੱਬ ਦੇ ਦਰਬਾਰ ਦਾ ਉਹ ਪਵਿੱਤਰ ਦਰ ਹੈ, ਜਿੱਥੇ ਉਹਦੇ ਸਵਾਲੀ ਬਣ ਕੇ ਝੁਕੇ ਨੂੰ ਹਰ ਮੁਰਾਦ ਪੂਰੀ ਹੋਣ ਦੀ ਆਸ ਬੱਝੀ ਹੁੰਦੀ ਹੈ। ਜ਼ਿੰਦਗੀ 'ਚ ਜੇ ਕਿਤੇ ਹਰ ਪਾਸਿਓਂ ਹੀ ਨਿਰਾਸ਼ਾ ਮਿਲੀ ਹੋਵੇ ਤਾਂ ਵੀ ਗੁਰਦੁਆਰੇ ਆ ਕੇ ਕੋਈ ਅੰਦਰੂਨੀ ਤਸੱਲੀ ਮਹਿਸੂਸ ਕਰਦਾ ਹੈ ਤੇ ਜ਼ਿੰਦਗੀ 'ਚ ਢਾਰਸ ਦਾ ਸਬੱਬ ਵੀ ਬਣਦਾ ਹੈ। ਗੁਰਦੁਆਰੇ ਦੀ ਹਰ ਚੀਜ਼ ਅਤੇ ਵਰਤਾਰਾ ਇਕ ਅਹਿਸਾਸ ਦਿਵਾਉਂਦੈ ਜਿਉਂਦੀ ਜਾਗਦੀ ਕੌਮ ਦਾ। ਕੇਸਰੀ ਨਿਸ਼ਾਨ ਥੱਲੇ ਆ ਕੇ ਸਿੱਖ ਤਾਂ ਕੀ, ਹੋਰ ਵੀ ਕੋਈ ਇਹੋ ਮਹਿਸੂਸ ਕਰਦਾ ਹੈ ਕਿ ਹੁਣ ਸੱਚੇ ਪਰਵਰਦਗਾਰ ਦੀ ਪਨਾਹ ਵਿਚ ਆ ਗਿਆਂ। ਗੁਰੂ ਗ੍ਰੰਥ ਸਾਹਿਬ ਅੱਗੇ ਜਦੋਂ ਹੱਥ ਜੋੜ ਕੇ ਖੜ੍ਹਦਾ ਹੈ ਤਾਂ ਆਪਣੇ ਆਪ ਦਸ ਗੁਰੂ ਸਾਹਿਬਾਨ ਦੇ ਸਨਮੁਖ ਖੜ੍ਹਾ ਮਹਿਸੂਸ ਕਰਦਾ ਹੈ। ਉਹਨੂੰ ਅਹਿਸਾਸ ਹੁੰਦਾ ਹੈ ਕਿ ਖਾਮੋਸ਼ੀ 'ਚ ਕੀਤੀ ਉਹਦੀ ਅਰਦਾਸ ਆਪ ਰੱਬ ਸੱਚੇ ਨੇ ਸੁਣੀ ਹੈ। ਦੁਖੀ ਮਨ ਨਾਲ ਮਾਰਿਆ ਨਿਹੋਰਾ ਵੀ ਉਹਨੂੰ ਸਕੂਨ ਦੇ ਜਾਂਦਾ ਹੈ ਤੇ ਜਦੋਂ ਮੱਥਾ ਟੇਕਦਾ ਹੈ ਤਾਂ ਇਹ ਮਹਿਸੂਸ ਕਰਦਾ ਹੈ ਕਿ ਬਾਬੇ ਨਾਨਕ ਨੇ ਉਹਦੀ ਕੰਡ 'ਤੇ ਹੱਥ ਫੇਰਿਐ। ਗੁਰੂ ਗ੍ਰੰਥ ਸਾਹਿਬ ਅੱਗੇ ਸਜਾਏ ਸ਼ਸਤਰਾਂ ਵਿਚੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਚੜ੍ਹਦੀ ਕਲਾ ਦਾ ਝਲਕਾਰਾ, ਡਿੱਗਦੇ ਨੂੰ ਥੰਮੀ ਦਾ ਸਹਾਰਾ ਦੇ ਜਾਂਦਾ ਹੈ ਤੇ ਗੁਰੂ ਦਾ ਪ੍ਰਸਾਦਿ ਸਿੱਖ ਨੂੰ ਦੁਨੀਆਂ ਦੀਆਂ ਤਮਾਮ ਕੀਮਤੀ ਸ਼ੈਆਂ ਨਾਲੋਂ ਕਿਤੇ ਵੱਧ ਵਡਮੁੱਲੀ ਦਾਤਿ ਹੁੰਦੀ ਹੈ। ਗੁਰਦੁਆਰੇ ਅੰਦਰ ਗੁਰਬਾਣੀ ਦਾ ਕੀਰਤਨ ਸੁਣਦਿਆਂ ਮਹਿਸੂਸ ਹੁੰਦਾ ਹੈ ਕਿ ਸਾਡੇ ਭਗਤ-ਸੰਤ ਕੋਲ ਹੀ ਤਾਂ ਬੈਠੇ ਦੁੱਖ-ਸੁੱਖ ਦੇ ਭਾਈਵਾਲ ਬਣੇ ਹੋਏ ਹਨ। ਅਰਦਾਸ ਵਿਚ ਜੁੜੇ ਨੂੰ ਸਾਰੇ ਸ਼ਹੀਦ ਉਥੇ ਹੀ ਕਿਤੇ ਹਾਜ਼ਰ ਹੋਣ ਦਾ ਅਹਿਸਾਸ ਹੁੰਦਾ ਹੈ, ਜਦੋਂ ਉਹ ਸੁਣਦਾ ਹੈ ਕਿ ਬੰਦ ਬੰਦ ਕਟਵਾ ਕੇ, ਖੋਪੜੀਆਂ ਲੁਹਾ ਕੇ ਵੀ ਤੇਰਾ ਭਾਣਾ ਮਿੱਠਾ ਲਗਦਾ ਹੈ। ਫਿਰ ਆਪਣਾ ਦੁੱਖ ਤਾਂ ਕੁਝ ਵੀ ਨਹੀਂ ਲੱਗਦਾ, ਜਦੋਂ ਸੁਣਦਾ ਹੈ ਕਿ ਮਾਂਵਾਂ ਆਪਣੇ ਹੀ ਬੱਚਿਆਂ ਦੀਆਂ ਆਂਦਰਾਂ ਦੇ ਹਾਰ ਗਲਾਂ 'ਚ ਪੁਆ ਕੇ, ਦਿਨਾਂ ਬੱਧੀ ਭੁੱਖੀਆਂ ਭਾਣੀਆਂ ਰਹਿ ਕੇ, ਸਵਾ ਸਵਾ ਮਣ ਦੇ ਪੀਸਣੇ ਪੀਂਹਦੀਆਂ ਰਹੀਆਂ ਪਰ ਸਿਦਕ ਤੋਂ ਨਾ ਹਾਰੀਆਂ। ਅੰਤ ਵਿਚ ਜਦੋਂ ਗੁਰਦੁਆਰਿਆਂ ਦਾ ਧਿਆਨ ਧਰ ਕੇ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ ਤਾਂ ਆਪ ਹੀ ਬੰਦਾ ਹੌਲਾ ਫੁੱਲ ਹੋ ਜਾਂਦਾ ਹੈ।

ਇਹ ਬਰਕਤਾਂ ਸਿਰਫ਼ ਗੁਰਦੁਆਰੇ ਵਿਚ ਹੀ ਮਿਲ ਸਕਦੀਆਂ ਹਨ, ਕੇਵਲ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ। ਦੁਨੀਆਂ ਦੀਆਂ ਕਾਮਯਾਬੀਆਂ, ਖੁਸ਼ੀਆਂ, ਖੇੜਿਆਂ ਨੂੰ ਸਿੱਖ ਸਦਾ ਹੀ ਗੁਰੂ ਦੀ ਬਖ਼ਸ਼ਿਸ਼ ਮੰਨਦਾ ਹੋਇਆ, ਗੁਰਦੁਆਰੇ ਜਾ ਕੇ ਹੀ ਸ਼ੁਕਰਾਨਾ ਕਰਦਾ ਹੈ। ਗੁਰਦੁਆਰਾ ਸਿੱਖ ਦੀ ਰੂਹ ਨੂੰ ਤਰੋਤਾਜ਼ਾ ਤਾਂ ਕਰਦਾ ਹੀ ਹੈ, ਨਾਲ ਦੀ ਨਾਲ ਸਵੈਮਾਣਤਾ ਨਾਲ ਵੀ ਭਰਪੂਰ ਕਰ ਦਿੰਦਾ ਹੈ ਤੇ ਭਾਈਚਾਰਕ ਸਾਂਝ ਐਨੀ ਪੱਕੀ ਕਿ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੇ ਸਿਧਾਂਤ ਮੁਤਾਬਿਕ ਇਕ-ਦੂਸਰੇ ਲਈ ਆਪਾ ਵਾਰਨ ਵਾਲੇ ਹੁੰਦੇ ਹਨ। ਦਰਅਸਲ, ਸਿੱਖ ਲਈ ਗੁਰਦੁਆਰੇ ਦੀ ਐਨੀ ਅਹਿਮੀਅਤ ਹੈ ਕਿ ਲਫ਼ਜ਼ਾਂ ਵਿਚ ਬਿਆਨ ਕਰਨੀ ਬੜੀ ਮੁਸ਼ਕਿਲ ਹੈ। ਗੁਰਦੁਆਰੇ ਤੋਂ ਬਗੈਰ ਸਿੱਖ ਜ਼ਿੰਦਗੀ ਨੂੰ ਅਧੂਰੀ ਮਹਿਸੂਸ ਕਰਦਾ ਹੈ ਅਤੇ ਅਧੂਰੀ ਜ਼ਿੰਦਗੀ ਉਹ ਜੀਅ ਨਹੀਂ ਸਕਦਾ। ਇਸ ਕਰਕੇ ਸਿੱਖਾਂ ਨੇ ਜਿੱਥੇ ਵੀ ਉਹ ਵਸੇ, ਸਭ ਤੋਂ ਪਹਿਲਾਂ ਆਪਣਾ ਗੁਰਦੁਆਰਾ ਬਣਾਇਆ, ਆਪਣੇ ਘਰ ਬਾਅਦ 'ਚ। ਗੁਰਦੁਆਰੇ ਸਿੱਖਾਂ ਨੂੰ ਆਪਣੇ ਸਾਹਾਂ ਤੋਂ ਵੀ ਵੱਧ ਪਿਆਰੇ ਹਨ। ਤਵਾਰੀਖ ਗਵਾਹ ਹੈ ਕਿ ਸਿੱਖ ਆਪਣੀਆਂ ਜਾਨਾਂ 'ਤੇ ਖੇਲ ਕੇ ਵੀ ਗੁਰਦੁਆਰਿਆਂ ਦੀ ਪਵਿੱਤਰਤਾ ਅਤੇ ਆਨ-ਸ਼ਾਨ ਨੂੰ ਕਾਇਮ ਰੱਖਦੇ ਰਹੇ ਹਨ। ਜਿੰਨੀ ਭਾਵਨਾ ਨਾਲ ਸਿੱਖ ਗੁਰਦੁਆਰੇ ਨਾਲ ਜੁੜਿਆ ਹੈ, ਹੋਰ ਕਿਸੇ ਵੀ ਧਰਮ ਦਾ ਪੈਰੋਕਾਰ ਆਪਣੇ ਧਾਰਮਿਕ ਸਥਾਨ ਨਾਲ ਨਹੀਂ ਜੁੜਿਆ; ਭਾਵੇਂ ਉਨ੍ਹਾਂ ਦੀ ਗਿਣਤੀ ਸਿੱਖਾਂ ਨਾਲੋਂ ਕਿਤੇ ਵੱਧ ਹੈ। ਜਿੰਨੀਆਂ ਕੁਰਬਾਨੀਆਂ ਸਿੱਖ ਕੌਮ ਨੇ ਗੁਰਦੁਆਰਿਆਂ ਲਈ ਕੀਤੀਆਂ, ਸ਼ਾਇਦ ਕਿਸੇ ਹੋਰ ਕੌਮ ਨੇ ਨਹੀਂ। ਕੀ ਕਾਰਨ ਹੈ ਇਸ ਦਾ?

'ਗੁਰਦੁਆਰਾ' ਨਾਮ ਆਪ ਗੁਰੂ ਸਾਹਿਬਾਨ ਨੇ ਦਿੱਤਾ। ਗੁਰਬਾਣੀ ਵਿਚ ਗੁਰਦੁਆਰਾ ਸ਼ਬਦ ਬੜੀ ਵਾਰੀ ਆਇਆ। ਅਨੰਦ ਸਾਹਿਬ ਬਾਣੀ ਵਿਚ ਦੋ ਵਾਰੀ ਗੁਰਦੁਆਰਾ ਸ਼ਬਦ ਆਇਆ ਹੈ- 'ਜਿਸਨੋ ਕਥਾ ਸੁਣਾਇਹਿ ਆਵੇ, ਗੁਰਦੁਆਰੈ ਸੁੱਖ ਪਾਵਹੇ' ਅਤੇ 'ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰ ਦਿਖਾਇਆ'। ਗੁਰ ਸ਼ਬਦ ਨੂੰ ਸਿੱਖ ਆਪਣੇ ਸੀਨੇ ਨਾਲ ਲਾ ਕੇ ਰੱਖਦੇ ਹਨ। ਇਸ ਕਰਕੇ ਸਿੱਖਾਂ ਲਈ ਗੁਰਦੁਆਰੇ ਦਾ ਕੋਈ ਵੀ ਬਦਲਵਾਂ ਨਾਂ ਹੋ ਹੀ ਨਹੀਂ ਸਕਦਾ, ਕਿਉਂਕਿ ਗੁਰੂ ਦੇ ਬੋਲ ਰੱਬੀ ਫਰਮਾਨ ਹਨ ਤੇ ਪੂਰੀ ਜ਼ਿੰਦਗੀ ਸਿੱਖ ਨੇ ਇਸ 'ਤੇ ਪਹਿਰਾ ਦੇਣਾ ਹੈ ਤੇ ਪਹਿਰੇਦਾਰ ਦਾ ਇਹ ਪਹਿਲਾ ਫ਼ਰਜ਼ ਹੈ ਕਿ ਹਰ ਹੀਲੇ ਉਸ ਦੀ ਹਿਫ਼ਾਜ਼ਤ ਕਰੇ ਜਿਸ 'ਤੇ ਉਹਦੀ ਡਿਊਟੀ ਹੁੰਦੀ ਹੈ ਤੇ ਗੁਰੂ ਦੇ ਸਿੱਖ ਬਾਖ਼ੂਬੀ ਇਸ ਨੂੰ ਨਿਭਾਉਂਦੇ ਵੀ ਆ ਰਹੇ ਹਨ ਪਰ ਆਹ ਹੁਣ ਜਦੋਂ ਦਾ ਸੰਤਵਾਦ ਕੁਝ ਜ਼ਿਆਦਾ ਹੀ ਵਧੀ ਜਾਂਦਾ ਹੈ ਅਤੇ ਨਾਲ ਹੀ ਡੇਰਿਆਂ ਦੀ ਗਿਣਤੀ ਵੀ ਵਧੀ ਜਾਂਦੀ ਹੈ, ਉਦੋਂ ਤੋਂ ਸਿੱਖੀ ਭੇਸ ਵਿਚ ਕਈ ਸੰਤ ਬਾਬਿਆਂ ਨੇ ਗੁਰੂ ਬਖ਼ਸ਼ਿਸ਼ 'ਗੁਰਦੁਆਰਾ' ਨਾਂ ਨੂੰ ਵੀ ਚੁਣੌਤੀ ਦੇ ਕੇ, ਆਪਣਿਆਂ ਡੇਰਿਆਂ ਦੀ ਦਿੱਖ ਗੁਰਦੁਆਰਿਆਂ ਵਾਲੀ ਬਣਾ ਕੇ ਨਵੇਂ ਨਾਂ ਰੱਖਣੇ ਸ਼ੁਰੂ ਕਰ ਦਿੱਤੇ ਹਨ। ਇਹੋ ਜਿਹੇ ਗੁਰਦੁਆਰਾ ਨੁਮਾ ਡੇਰੇ ਦਾ ਨਾਂ ਭਾਵੇਂ ਪਰਮੇਸ਼ਦੁਆਰ ਹੋਵੇ ਭਾਵੇਂ ਠਾਠ, ਭਾਵੇਂ ਨਿਰਮਲ ਕੁਟੀਆ ਭਾਵੇਂ ਗੁਰਜੋਤਿ ਪ੍ਰਕਾਸ਼, ਤੇ ਭਾਵੇਂ ਸਚਖੰਡ ਹੀ ਕਿਉਂ ਨਾ ਰੱਖਿਆ ਹੋਵੇ, ਉਹ ਕਦੇ ਵੀ ਗੁਰਦੁਆਰੇ ਨਹੀਂ ਕਹਾਉਂਦੇ ਕਿਉਂਕਿ ਇਨ੍ਹਾਂ ਡੇਰਿਆਂ ਵਿਚ ਦੇਹਧਾਰੀ ਦੀ ਮਾਨਤਾ ਪਹਿਲਾਂ ਹੁੰਦੀ ਹੈ ਅਤੇ ਸ਼ਬਦ ਗੁਰੂ ਦੀ ਸਿਰਫ ਰਸਮ ਮਾਤਰ।

ਜੇ ਉਹ ਗੁਰੂ ਬਖ਼ਸ਼ੇ ਗੁਰਦੁਆਰੇ ਨਹੀਂ ਤਾਂ ਫਿਰ ਸੱਚ ਜਾਣਿਓਂ, ਉਥੇ 'ਗੁਰੂ ਰਹਿਮਤ' ਵੀ ਨਹੀਂ ਵਰਤਦੀ ਅਤੇ ਗੁਰੂ ਦੇ ਸਿੱਖਾਂ ਨੂੰ ਉਥੇ ਕਦੇ ਵੀ ਰੂਹਾਨੀਅਤ ਦੀ ਤ੍ਰਿਪਤੀ ਨਹੀਂ ਹੁੰਦੀ ਕਿਉਂਕਿ ਨਕਲੀ ਕਦੇ ਵੀ ਅਸਲੀ ਨਹੀਂ ਹੁੰਦਾ। ਹਾਂ! ਇਹ ਵੱਖਰੀ ਗੱਲ ਆ ਕਿ ਡੇਰੇਦਾਰ ਦੇ ਸ਼ਰਧਾਲੂਆਂ ਨੂੰ ਭਾਵੇਂ ਉਥੇ ਸਭ ਕੁਝ ਮਿਲਦਾ ਹੋਊਗਾ, ਸਮੇਤ ਪੁੱਤਰਾਂ ਦੀਆਂ ਦਾਤਾਂ ਦੇ ਕਿਉਂਕਿ ਉਥੇ ਦਾ ਦੇਹਧਾਰੀ ਸੰਤ ਬਾਬਾ ਪੂਰਾ ਸਮਰੱਥ ਹੁੰਦਾ ਹੈ। ਬਾਬਾ ਰਾਮ ਰਾਇ ਦੇ ਗੁਰਬਾਣੀ ਦਾ ਸਿਰਫ਼ ਇਕੋ ਸ਼ਬਦ ਹੀ ਬਦਲਣ 'ਤੇ ਗੁਰੂ ਹਰਿ ਰਾਇ ਸਾਹਿਬ ਨੇ ਸਾਰੀ ਉਮਰ ਮੂੰਹ ਨਹੀਂ ਦੇਖਿਆ ਅਤੇ ਸੰਗਤ ਨੂੰ ਵੀ ਇਹੋ ਫਰਮਾਨ ਜਾਰੀ ਕੀਤਾ; ਹਾਲਾਂਕਿ ਰਾਮ ਰਾਇ ਨੂੰ ਗੁਰਬਾਣੀ ਦਾ ਬਹੁਤ ਗਿਆਨ ਸੀ ਤੇ ਉਹ ਧਰਮੀ ਵੀ ਵੱਡਾ ਸੀ। ਹੁਣ ਫਿਰ ਅੱਜ ਦੇ ਉਨ੍ਹਾਂ ਡੇਰੇਦਾਰਾਂ ਨੂੰ ਕਿਸ ਵਰਗ 'ਚ ਰੱਖੀਏ ਜਿਨ੍ਹਾਂ ਨੇ 'ਗੁਰਦੁਆਰੇ' ਦੀ ਬਜਾਏ ਵੱਖਰੇ ਨਾਂ ਵੱਡੇ ਵੱਡੇ ਗੇਟਾਂ 'ਤੇ ਲਿਖੇ ਹੋਏ ਹਨ? ਕੀ ਇਹ ਗੁਰੂ ਨੂੰ ਚੁਣੌਤੀ ਨਹੀਂ?

ਬਹੁਤੇ ਸਿੱਖ ਵੀਰ-ਭੈਣਾਂ ਇਹ ਸੋਚਦੇ ਹੋਣਗੇ ਕਿ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ, ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਵੀ ਛਕਾਇਆ ਜਾਂਦਾ ਹੈ, ਸਭ ਕੁਝ ਹੀ ਤਾਂ ਧਾਰਮਿਕ ਹੁੰਦਾ ਹੈ, ਫਿਰ ਇਹ ਡੇਰੇ ਗੁਰਦੁਆਰੇ ਕਿਉਂ ਨਹੀਂ ਅਖਵਾ ਸਕਦੇ ਅਤੇ ਕਿਉਂ ਨਹੀਂ ਉਥੇ 'ਗੁਰੂ ਰਹਿਮਤ' ਵਰਤਦੀ? ਬੱਸ, ਇਹੋ ਜਿਹੀਆਂ ਗੱਲਾਂ ਹੀ ਚੰਗਿਆਂ ਭਲਿਆਂ ਨੂੰ ਸ਼ਸ਼ੋਪੰਜ ਵਿਚ ਪਾ ਦਿੰਦੀਆਂ ਹਨ ਅਤੇ ਸਿੱਖ ਦੁਬਿਧਾ ਵਿਚ ਪੈ ਜਾਂਦਾ ਹੈ। ਇਸ ਦੁਬਿਧਾ ਦਾ ਫਾਇਦਾ ਡੇਰੇਦਾਰ ਦੇ ਸ਼ਰਧਾਲੂ ਪ੍ਰਚਾਰਕ ਉਠਾਉਂਦੇ ਹਨ, ਤੇ ਉਹ ਗੁਰਬਾਣੀ ਦੇ ਪਵਿੱਤਰ ਸ਼ਬਦ ਸੰਤ, ਬ੍ਰਹਮਗਿਆਨੀ ਜਾਂ ਹੋਰ ਵੀ ਜਿੰਨੇ ਸ਼ਬਦ ਹਨ, ਸਹਿਜੇ ਸਹਿਜੇ ਡੇਰੇਦਾਰ (ਸੰਤ) 'ਤੇ ਢੁਕਾ ਕੇ ਉਹਨੂੰ ਹੀ ਰੱਬੀ ਅਵਤਾਰ ਸਾਬਿਤ ਕਰਨ 'ਤੇ ਲਾ ਦਿੰਦੇ ਹਨ। ਸ਼ਬਦ ਤਾਂ ਗੁਰਬਾਣੀ ਦਾ ਹੀ ਬੋਲਣਗੇ ਪਰ ਮਹਿਮਾ ਡੇਰੇ ਦੇ ਸੰਤ ਦੀ ਕਰਨਗੇ।

ਅੱਜਕੱਲ੍ਹ ਤਾਂ ਕਈ ਡੇਰਿਆਂ ਵਾਲੇ ਛੋਟੇ ਛੋਟੇ ਕਿਤਾਬਚੇ ਜਿਹੇ ਵੀ ਛਾਪ ਕੇ ਵੰਡਦੇ ਹਨ ਜਿਸ ਵਿਚ ਸਿਰਫ਼ ਤੇ ਸਿਰਫ਼ ਡੇਰੇ ਦੇ ਮੌਜੂਦਾ ਜਾਂ ਗੁਜ਼ਰ ਚੁੱਕੇ ਸੰਤਾਂ ਦਾ ਹੀ ਜੱਸ ਗਾਣ ਕੀਤਾ ਹੁੰਦਾ ਹੈ ਅਤੇ ਕਈ ਮਨਘੜਤ ਕਿੱਸੇ ਕਹਾਣੀਆਂ ਉਨ੍ਹਾਂ ਨਾਲ ਜੋੜੀਆਂ ਹੁੰਦੀਆਂ ਹਨ। ਹੋਰ ਨਹੀਂ ਤਾਂ ਇਹੋ ਹੀ ਬੜਾ ਵਧਾ ਚੜ੍ਹਾ ਕੇ ਲਿਖਿਆ ਹੁੰਦਾ ਹੈ ਕਿ ਇਕੱਲੇ ਸੰਤ ਨੇ ਇਕੋ ਹੀ ਚੌਂਕੜੇ 'ਚ ਆਖੰਡ ਪਾਠ ਆਪ ਕੀਤਾ ਜਾਂ ਸੁਣ ਲਿਆ। ਆਹ ਗੱਲਾਂ ਕੋਈ ਸਿੱਖੀ ਦੇ ਪ੍ਰਚਾਰ ਲਈ ਥੋੜ੍ਹਾ ਹਨ, ਇਹ ਤਾਂ ਬਾਬੇ ਸੰਤ ਨੂੰ ਗੁਰੂ ਨਾਲੋਂ ਵੀ ਉਚਾ ਦਿਖਾਉਣ ਲਈ ਕੀਤਾ ਢਕਵੰਜ ਹੈ। ਹਾਂ, ਇਹਦੇ ਨਾਲ ਡੇਰੇ ਦੇ ਸ਼ਰਧਾਲੂਆਂ ਦੀ ਗਿਣਤੀ ਬਥੇਰੀ ਵਧੀ ਜਾਂਦੀ ਆ!

ਇੱਥੇ ਆਪਾਂ ਇਕ ਗੱਲ ਸਾਂਝੀ ਕਰਾਂਗੇ ਜਿਸ ਤੋਂ ਗੁਰਦੁਆਰੇ ਅਤੇ ਡੇਰੇ ਵਿਚਲਾ ਫਰਕ ਸਾਡੀ ਸਮਝ ਵਿਚ ਆ ਜਾਵੇ। ਕੋਈ ਧਾਰਮਿਕ ਸਥਾਨ ਇਕੋ ਵਕਤ ਜਾਂ ਤਾਂ ਗੁਰਦੁਆਰਾ ਹੋ ਸਕਦਾ ਹੈ, ਜਾਂ ਫਿਰ ਡੇਰਾ। ਵਕਤ ਬੀਤਣ 'ਤੇ ਕੋਈ ਗੁਰਦੁਆਰਾ ਡੇਰੇ ਵਿਚ ਵੀ ਤਬਦੀਲ ਹੋ ਸਕਦਾ ਹੈ ਅਤੇ ਇਸੇ ਤਰ੍ਹਾਂ ਡੇਰਾ ਗੁਰਦੁਆਰੇ ਵਿਚ ਵੀ। ਗੱਲ ਗੁਰੂ ਨਾਨਕ ਸਾਹਿਬ ਦੇ ਵਕਤ ਦੀ ਹੀ ਹੈ ਜਦੋਂ ਉਨ੍ਹਾਂ ਨੇ ਉਦਾਸੀਆਂ ਤੋਂ ਬਾਅਦ ਢਾਈ ਮੁਰੱਬੇ ਜ਼ਮੀਨ ਮੁੱਲ ਲੈ ਕੇ ਕਰਤਾਰਪੁਰ ਵਸਾਇਆ। ਉਨ੍ਹਾਂ ਇਹ ਢਾਈ ਮੁਰੱਬੇ (62 ਏਕੜ) ਖੇਤੀ ਲਈ ਖਰੀਦੇ ਅਤੇ ਇਸ ਵਿਚ ਹੀ ਪਰਿਵਾਰ ਦੇ ਰਹਿਣ ਲਈ ਘਰ ਬਣਾਇਆ। ਇੱਥੇ ਹੀ ਆਪ ਦੇ ਦੋਵੇਂ ਸਪੁੱਤਰ ਵੱਡੇ ਹੋਏ। ਬਾਬਾ ਆਪ ਹੱਥੀਂ ਖੇਤੀ ਕਰਦਾ ਰਿਹਾ। ਹਰ ਆਏ ਗਏ ਸੰਤ ਮਹਾਂਪੁਰਸ਼ ਨੂੰ ਦਾਲ ਫੁਲਕਾ ਵੀ ਛਕਾਉਂਦਾ ਸੀ। ਲੋੜਵੰਦ ਦੀ ਆਪਣੀ ਕਿਰਤ ਵਿਚੋਂ ਬਣਦੀ ਸਰਦੀ ਮੱਦਦ ਵੀ ਬਾਬਾ ਕਰਦਾ ਰਿਹਾ।

ਇੱਥੋਂ ਜਾ ਕੇ ਹੀ ਗੁਰੂ ਨਾਨਕ ਨੇ ਅਚੱਲ ਵਟਾਲੇ ਸਿੱਧਾਂ ਨਾਲ ਗੋਸ਼ਟਾਂ ਕੀਤੀਆਂ ਅਤੇ ਉਨ੍ਹਾਂ ਦੀਆਂ ਮਨੌਤਾਂ ਨੂੰ ਇਕ ਇਕ ਕਰਕੇ ਗਲਤ ਸਾਬਿਤ ਕੀਤਾ ਤੇ ਦੱਸਿਆ ਕਿ ਘਰ ਗ੍ਰਿਹਸਥੀ ਚਲਾਉਣ ਵਾਲੇ ਲੋਕ ਹੀ ਰੱਬ ਦੇ ਨੇੜੇ ਹੁੰਦੇ ਹਨ। ਬਾਬੇ ਨਾਨਕ ਨੇ ਜਿਹੜਾ ਸਿੱਧਾ ਸਾਦਾ ਸਿੱਖੀ ਸਿਧਾਂਤ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਮਾਨਵਤਾ ਨੂੰ ਦਿੱਤਾ, ਉਹਨੂੰ ਆਪ ਹਕੀਕਤ ਵਿਚ ਕਰਤਾਰਪੁਰ ਰਹਿ ਕੇ ਜੀਵਿਆ। ਅਸਲ ਵਿਚ ਕਰਤਾਰਪੁਰ ਨੂੰ ਸਿੱਖੀ ਦਾ ਪਹਿਲਾ ਪ੍ਰਚਾਰ ਸੈਂਟਰ ਬਾਬੇ ਨਾਨਕ ਨੇ ਬਣਾਇਆ ਜਿੱਥੇ ਸਿਧਾਂਤ ਅਤੇ ਹਕੀਕਤ ਪ੍ਰਤੱਖ ਇਕੱਠੇ ਦਿਸਦੇ ਸੀ ਅਤੇ ਹਰ ਆਉਣ ਵਾਲੇ ਨੂੰ ਬਾਬਾ "ੴ ਸਤਿਨਾਮ" ਨਾਲ ਜੋੜਦਾ ਰਿਹਾ। ਹੁਣ ਤਾਂ ਸਾਡੇ ਮਨਾਂ ਵਿਚ ਸ. ਸੋਭਾ ਸਿੰਘ ਦੀ ਫੋਟੋ ਵਾਲਾ ਨਾਨਕ ਹੀ ਵਸਿਆ ਹੋਇਆ ਹੈ। ਅਸੀਂ ਕਦੇ ਨਹੀਂ ਸੋਚਿਆ ਕਿ ਢੱਗਿਆਂ ਨਾਲ 62 ਖੇਤਾਂ ਦੀ ਖੇਤੀ ਕਰਨ ਵਾਲਾ ਤਾਂ ਖੱਦਰ ਦਾ ਝੱਗਾ ਅਤੇ ਪੈਰੀਂ ਧੌੜੀ ਦੀ ਜੁੱਤੀ ਪਾ ਕੇ ਹਲ ਵਾਹੁੰਦਾ ਰਿਹਾ ਹੋਵੇਗਾ। ਕਿਰਤ ਕਰਦਾ ਵੀ ਉਹ ਰੱਬ ਨਾਲ ਜੁੜਿਆ ਰਿਹਾ ਕਿਉਂਕਿ ਦਿਨ-ਰਾਤ ਕੰਮ ਕਰਨ ਵਾਲੇ ਕੋਲ ਐਨਾ ਵਕਤ ਕਿੱਥੇ ਹੁੰਦਾ ਹੋਣਾ ਕਿ ਭੋਰਾ ਬਣਾ ਕੇ, ਦੁੱਧ ਚਿੱਟੇ ਕੱਪੜੇ ਪਾ ਕੇ, ਸ਼ੇਰ ਦੀ ਖੱਲ 'ਤੇ ਬਹਿ ਕੇ ਤਿੰਨ-ਤਿੰਨ ਦਿਨ ਸਿਮਰਨ ਕੀਤਾ ਜਾਵੇ।

ਬਾਬੇ ਨਾਨਕ ਦਾ ਸਿਧਾਂਤ ਤਾਂ ਸਪੱਸ਼ਟ ਹੈ ਕਿ ਕਿਰਤ ਕਰਦਿਆਂ ਸਿਮਰਨ ਵੀ ਕੀਤਾ ਜਾ ਸਕਦਾ ਹੈ। ਸਿਰਫ਼ ਚੌਂਕੜੀ ਮਾਰ ਕੇ, ਮਾਲਾ ਫੇਰ ਕੇ, ਰੱਬ ਰੱਬ ਕਰਨ ਵਾਲਾ ਕਿਰਤ ਨਹੀਂ ਕਰ ਸਕਦਾ। ਬਾਬੇ ਨਾਨਕ ਨੇ ਤਾਂ ਸਦਾ ਹੀ ਕਿਰਤੀ ਨੂੰ ਵਡਿਆਈ ਦਿੱਤੀ। ਉਨ੍ਹਾਂ ਨੇ ਜੀਵਨ ਦੇ ਜਿਹੜੇ 18 ਸਾਲ ਕਰਤਾਰਪੁਰ ਬਿਤਾਏ, ਉਹ ਕਿਰਤੀ, ਸੰਤ ਅਤੇ ਦਾਨੀ ਬਣ ਕੇ ਬਿਤਾਏ। ਉਨ੍ਹਾਂ ਦੇ ਪਰਲੋਕ ਸਿਧਾਰਨ ਤੋਂ ਕੁਝ ਸਮਾਂ ਪਹਿਲਾਂ ਕਰਤਾਰਪਰ ਸਾਹਿਬ ਵਿਚ ਸੰਗਤਾਂ ਦਾ ਆਉਣਾ ਕਾਫ਼ੀ ਵਧ ਗਿਆ ਸੀ। ਇੱਥੇ ਆ ਕੇ ਹਰ ਇਕ ਨੂੰ ਰੂਹ ਦੀ ਸ਼ਾਂਤੀ ਮਿਲਦੀ। ਬਾਬੇ ਨਾਨਕ ਦੇ ਬੋਲਾਂ ਵਿਚ ਲੋਕਾਂ ਨੂੰ ਰੱਬੀ ਬੋਲ ਸੁਣਾਈ ਦਿੰਦੇ ਸਨ। ਇਸ ਜਗ੍ਹਾ ਨੂੰ ਲੋਕੀਂ ਸਤਿਕਾਰ ਸਹਿਤ ਸਿਰ ਝੁਕਾਉਂਦੇ ਸਨ ਤੇ ਰੱਬ ਦਾ ਘਰ ਸਮਝਦੇ ਸਨ, ਕਿਉਂਕਿ ਜੋ ਬਰਕਤਾਂ ਇੱਥੇ ਸਨ, ਉਹ ਹੋਰ ਕਿਤੇ ਵੀ ਨਹੀਂ ਸਨ।

ਇਹੋ ਹੀ ਉਹ ਪਵਿੱਤਰ ਥਾਂ ਹੈ ਜਿੱਥੇ ਕਿਸੇ ਧਰਮ ਦੇ ਰਹਿਬਰ ਨੇ ਪਹਿਲੀ ਵਾਰ ਇਹ ਪਿਰਤ ਪਾਈ ਕਿ ਆਪਣੇ ਜਿਉਂਦੇ ਜੀਅ ਆਪਣੀ ਸਾਰੀ ਘਾਲ ਕਮਾਈ ਆਪਣੇ ਸੇਵਕ ਨੂੰ ਆਪਣੇ ਹੱਥੀਂ ਦੇ ਕੇ ਆਪਣੇ ਵਾਲਾ ਦਰਜਾ ਦਿੱਤਾ ਜਾਵੇ ਅਤੇ ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਬਣਾਇਆ। ਫਿਰ ਕੀ ਵਿਧ ਬਣੀ ਕਿ ਇਸ ਮਹਾਨ ਜਗ੍ਹਾ ਨੂੰ ਗੁਰੂ ਨਾਨਕ ਸਾਹਿਬ ਨੇ ਅੱਗੇ ਤੋਂ ਗੁਰੂ ਅੰਗਦ ਦੇਵ ਨੂੰ ਛੱਡ ਕੇ ਜਾਣ ਲਈ ਕਹਿ ਦਿੱਤਾ ਅਤੇ ਸਿੱਖੀ ਦੇ ਪ੍ਰਚਾਰ ਲਈ ਨਵੀਂ ਜਗ੍ਹਾ ਲੱਭਣ ਦਾ ਹੁਕਮ ਵੀ ਕਰ ਦਿੱਤਾ? ਨਾਲ ਹੀ ਬਾਬਾ ਬੁੱਢਾ ਵਰਗੇ ਬ੍ਰਹਮਗਿਆਨੀ ਨੂੰ ਆਪਣੇ ਗੁਰੂ ਨਾਲ ਹੀ ਤੋਰ ਦਿੱਤਾ ਜਦੋਂ ਕਿ ਸਿੱਖੀ ਦੇ ਪ੍ਰਚਾਰ ਲਈ ਕਰਤਾਰਪੁਰ ਸਾਹਿਬ ਬਹੁਤ ਢੁੱਕਵੀਂ ਜਗ੍ਹਾ ਸੀ ਅਤੇ ਸੰਗਤ ਸਾਰੀ ਜਾਣਦੀ ਵੀ ਸੀ।

ਅਸਲ ਵਿਚ, ਜਾਣੀ ਜਾਣ ਬਾਬੇ ਨਾਨਕ ਨੇ ਇਨ੍ਹਾਂ 18 ਵਰ੍ਹਿਆਂ ਦੌਰਾਨ ਆਪਣੇ ਸਪੁੱਤਰਾਂ ਨੂੰ ਵੱਡੇ ਹੁੰਦੇ ਦੇਖਿਆ ਅਤੇ ਉਨ੍ਹਾਂ ਦੇ ਵਿਚਾਰਾਂ ਵਿਚ ਆਉਂਦੀਆਂ ਤਬਦੀਲੀਆਂ ਵੀ। ਬਾਬਾ ਸ੍ਰੀ ਚੰਦ ਜੀ ਬੜੇ ਧਾਰਮਿਕ ਬਿਰਤੀ ਵਾਲੇ ਸਨ। ਘੰਟਿਆਂ ਬੱਧੀ ਬੈਠ ਕੇ ਰੱਬ ਦਾ ਸਿਮਰਨ ਕਰਨ ਵਾਲੇ, ਦੁਨਿਆਵੀ ਗੱਲਾਂ ਤੋਂ ਪੂਰੀ ਤਰ੍ਹਾਂ ਆਪਣੇ ਆਪ ਨੂੰ ਨਿਰਲੇਪ ਰੱਖਿਆ ਹੋਇਆ ਸੀ। ਜਿੱਥੇ ਗੁਰੂ ਨਾਨਕ ਸਾਹਿਬ ਢਲਦੀ ਉਮਰ ਵਿਚ ਆਪ ਖੇਤੀ ਕਰਦੇ ਸਨ, ਉਥੇ ਸ੍ਰੀ ਚੰਦ ਸਿਰਫ਼ ਭਗਵੇਂ ਕੱਪੜੇ ਪਾ ਕੇ ਚੌਕੀਆਂ ਲਾਉਂਦਾ ਸੀ।

ਕਹਿਣ ਤੋਂ ਭਾਵ ਹੈ ਕਿ ਬਾਬੇ ਨਾਨਕ ਨੇ ਉਹਦੇ ਵਿਚ ਹੱਥੀਂ ਕਿਰਤ ਕਰਨ ਨੂੰ ਗਾਇਬ ਪਾਇਆ ਜਿਹੜਾ ਸਿੱਖੀ ਦਾ ਮੁਢਲਾ ਅਸੂਲ ਹੈ। ਗੁਰੂ ਨਾਨਕ ਸਾਹਿਬ ਨੇ ਸਿੱਧਾਂ ਨੂੰ ਤਾਂ ਸਮਝਾ ਦਿੱਤਾ ਕਿ ਗ੍ਰਿਹਸਥੀ ਜੀਵਨ ਹੀ ਉਤਮ ਹੈ ਪਰ ਬਾਬਾ ਸ੍ਰੀ ਚੰਦ ਇਸ ਵੱਲੋਂ ਮੁਨਕਰ ਹੋਏ ਖੜ੍ਹੇ ਸਨ। ਗੁਰੂ ਨਾਨਕ ਸਾਹਿਬ ਦੇ ਪੰਥ ਨੇ ਤਾਂ ਸੰਤ ਸਿਪਾਹੀ ਦੇ ਸੰਕਲਪ ਨੂੰ ਅੱਪੜਨਾ ਸੀ ਅਤੇ ਸਦਾ ਚੜ੍ਹਦੀ ਕਲਾ ਵਿਚ ਰਹਿਣਾ ਸੀ। ਫਿਰ ਬਾਬਾ ਸ੍ਰੀ ਚੰਦ ਬਿਲਕੁਲ ਉਲਟ 'ਉਦਾਸੀ' ਜੀਵਨ ਬਤੀਤ ਕਰਨ ਦੀ ਗੱਲ ਕਰਦਾ ਸੀ। ਕਰਤਾਰਪੁਰ ਗੁਰੂ ਨਾਨਕ ਸਾਹਿਬ ਦਾ ਘਰ ਵੀ ਸੀ ਅਤੇ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਪੁੱਤਰਾਂ ਨੇ ਹੀ ਇੱਥੇ ਰਹਿਣਾ ਸੀ। ਫਿਰ ਬਾਬਾ ਸ੍ਰੀ ਚੰਦ ਜੀ ਨੇ ਜੋ ਪ੍ਰਚਾਰ ਕਰਨਾ ਸੀ, ਉਹ ਭਾਵੇਂ ਪੂਰਾ ਧਾਰਮਿਕ ਹੋਣਾ ਸੀ ਪਰ ਨਾਨਕ ਦੀ ਸਿੱਖੀ ਤੋਂ ਬਿਲਕੁਲ ਉਲਟ ਹੋਣਾ ਸੀ।

ਜੋਤ ਭਾਵੇਂ ਗੁਰੂ ਅੰਗਦ ਦੇਵ ਵਿਚ ਗੁਰੂ ਨਾਨਕ ਸਾਹਿਬ ਦੀ ਹੀ ਸੀ ਅਤੇ ਉਨ੍ਹਾਂ ਹੀ ਬਾਬੇ ਨਾਨਕ ਦੇ ਸਿਧਾਂਤ ਨੂੰ ਅੱਗੇ ਵਧਾਉਣਾ ਸੀ ਪਰ ਕਰਤਾਰਪੁਰ ਸਾਹਿਬ ਪਿਤਾ ਪੁਰਖੀ ਹੋਣ ਕਰਕੇ ਬਾਬਾ ਸ੍ਰੀ ਚੰਦ ਦਾ ਪ੍ਰਭਾਵ ਸੰਗਤਾਂ ਵਿਚ ਵਧ ਜਾਣਾ ਸੀ। ਸਿੱਖੀ ਉਤੇ ਉਦਾਸੀ ਮੱਤ ਭਾਰੂ ਹੋਣ ਦਾ ਖਤਰਾ ਬਾਬੇ ਨਾਨਕ ਨੇ ਉਦੋਂ ਹੀ ਜਾਣ ਲਿਆ ਸੀ। ਉਨ੍ਹਾਂ ਨੂੰ ਇਹ ਪੂਰਾ ਯਕੀਨ ਹੋ ਗਿਆ ਸੀ ਕਿ ਉਨ੍ਹਾਂ ਤੋਂ ਪਿੱਛੋਂ ਸਿੱਖੀ ਪ੍ਰਚਾਰ ਦੇ ਕੇਂਦਰ ਨੂੰ ਬਾਬਾ ਸ੍ਰੀ ਚੰਦ ਡੇਰੇ ਦੇ ਤੌਰ 'ਤੇ ਵਰਤੇਗਾ ਅਤੇ ਸਿੱਖੀ ਦਾ ਇਹ ਕੇਂਦਰ, ਉਦਾਸੀ ਅਖਾੜਾ ਬਣ ਕੇ ਰਹਿ ਜਾਵੇਗਾ। ਇਸ ਲਈ ਗੁਰੂ ਅੰਗਦ ਦੇਵ ਲਈ ਇਹ ਸਥਾਨ ਸਿੱਖੀ ਦੇ ਪ੍ਰਚਾਰ ਲਈ ਬਹੁਤਾ ਕਾਰਆਮਦ ਸਾਬਿਤ ਨਹੀਂ ਹੋਣਾ, ਕਿਉਂਕਿ ਇਕੋ ਥਾਂ ਤੋਂ ਦੋ ਵੱਖਰੇ ਸਿਧਾਂਤਾਂ ਦੀ ਗੱਲ ਕਰਨੀ ਹੀ ਬੜੀ ਮੁਸ਼ਕਿਲ ਸੀ। ਇਸੇ ਲਈ ਗੁਰੂ ਅੰਗਦ ਦੇਵ ਨੂੰ ਇਹ ਥਾਂ ਛੱਡਣ ਲਈ ਕਿਹਾ ਕਿ ਖਡੂਰ ਸਾਹਿਬ ਜਾ ਕੇ ਸਿੱਖ ਫਲਸਫੇ ਦਾ ਸੰਗਤਾਂ 'ਚ ਪ੍ਰਚਾਰ ਕਰਨ।

ਬਾਬੇ ਨਾਨਕ ਨੇ ਆਪ, ਸ਼ੁਰੂ 'ਚ ਹੀ ਸਿੱਖਾਂ ਨੂੰ ਡੇਰਿਆਂ ਨਾਲ ਜੁੜਨ ਤੋਂ ਵਰਜ ਦਿੱਤਾ ਸੀ ਭਾਵੇਂ ਉਹ ਕਿੰਨੇ ਵੀ ਧਾਰਮਿਕ ਕਿਉਂ ਨਾ ਹੋਣ ਅਤੇ ਉਹਨੂੰ ਚਲਾਉਣ ਵਾਲਾ ਭਾਵੇਂ ਉਨ੍ਹਾਂ ਦੇ ਆਪਣੇ ਪੁੱਤ ਵਰਗਾ ਧਰਮੀ ਹੀ ਕਿਉਂ ਨਾ ਹੋਵੇ, ਕਿਉਂਕਿ ਜਿਹੜਾ ਡੇਰਾ ਸਿੱਖ ਫਲਸਫੇ ਤੋਂ ਥੋੜ੍ਹਾ ਜਿਹਾ ਵੀ ਇਧਰ ਉਧਰ ਹੋਇਆ, ਉਥੇ ਕਦੇ ਵੀ ਸਿੱਖੀ ਸਿਧਾਂਤ ਦੀ ਸੱਚੀ ਸੁੱਚੀ ਤੇ ਹਰ ਇਕ ਦੇ ਸਮਝ ਆਉਣ ਵਾਲੀ ਗੱਲ ਨਹੀਂ ਹੋਣੀ। ਉਥੇ ਤਾਂ ਸਿਰਫ਼ ਰੱਬ ਦੇ ਨਾਂ 'ਤੇ ਭੰਬਲਭੂਸਾ ਪ੍ਰਚਾਰਿਆ ਜਾਵੇਗਾ, ਕਿਉਂਕਿ ਇਸੇ ਭੰਬਲਭੂਸੇ ਨੇ ਤਾਂ ਡੇਰੇਦਾਰ ਦੀ ਮਾਨਤਾ ਵਿਚ ਵਾਧਾ ਕਰਨਾ ਹੁੰਦਾ ਹੈ। ਸਿੱਖੀ ਪ੍ਰਚਾਰ ਲਈ ਉਹ ਜਗ੍ਹਾ ਹੀ ਢੁੱਕਵੀਂ ਅਤੇ ਸਹੀ ਹੈ ਜਿੱਥੇ ਮਨੁੱਖਤਾ ਦੇ ਸਮੁੱਚੇ ਭਲੇ ਦੀ ਗੱਲ ਹੋਵੇ ਤੇ ਉਹ ਸਥਾਨ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਵੀ ਹੋਵੇ। ਇਹੋ ਜਿਹਾ ਸਥਾਨ ਫਿਰ ਗੁਰਦੁਆਰਾ ਹੀ ਬਣਿਆ, ਨਾ ਕਿ ਕੋਈ ਡੇਰਾ। ਗੁਰੂ ਨਾਨਕ ਸਾਹਿਬ ਨੇ ਤਾਂ ਡੇਰੇ ਅਤੇ ਗੁਰਦੁਆਰੇ ਵਿਚਲੇ ਫਰਕ ਨੂੰ ਆਪੇ ਹੀ ਸਪੱਸ਼ਟ ਕੀਤਾ ਹੋਇਐ। ਫਿਰ ਵੀ ਜੇ ਅੱਜ ਅਸੀਂ ਇਹ ਕਹੀਏ ਕਿ ਡੇਰੇ ਵੀ ਗੁਰਦੁਆਰੇ ਹੀ ਹਨ ਤਾਂ ਇਹ ਬਾਬੇ ਨਾਨਕ ਨੂੰ ਝੂਠਾ ਸਾਬਿਤ ਕਰਨ ਦੀ ਕੁਚਾਲ ਹੋਵੇਗੀ।

ਅੱਜ ਸਾਡੇ ਸਿੱਖ ਸਮਾਜ ਵਿਚ ਇਕੋ ਹੀ ਗੱਲ ਘਰ ਕਰ ਗਈ ਹੈ ਕਿ ਜਿੰਨਾ ਕੋਈ ਸੰਤ ਵੱਧ ਗਿਣਤੀ ਵਿਚ ਅੰਮ੍ਰਿਤ ਛਕਾਉਂਦਾ ਹੈ, ਉਨਾ ਹੀ ਉਹਨੂੰ ਗੁਰਮਤਿ ਦਾ ਵੱਡਾ ਪ੍ਰਚਾਰਕ ਸਮਝਿਆ ਜਾਂਦਾ ਹੈ, ਤੇ ਉਨੀ ਹੀ ਉਹਦੀ ਮਾਨਤਾ, ਸਗੋਂ ਮਾਨਤਾ ਨਾਲੋਂ ਪੂਜਾ ਵੱਧ ਹੋ ਰਹੀ ਹੈ। ਇਹੋ ਜਿਹਾ ਡੇਰੇਦਾਰ ਸੰਤ ਆਪ ਵੀ ਬੜਾ ਹੁੱਬ ਕੇ ਦੱਸਦੈ ਕਿ ਮੈਂ ਪੰਜ ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਹੈ। ਨਾਲ ਹੀ ਕਹੀ ਜਾਂਦਾ ਹੈ ਕਿ ਤਾਂ ਵੀ ਕੀ ਹੋ ਗਿਆ, ਜੇ ਉਨ੍ਹਾਂ ਵਿਚੋਂ ਢਾਈ ਲੱਖ ਨੇ ਅੰਮ੍ਰਿਤ ਛਕ ਕੇ ਤੋੜ ਦਿੱਤਾ। ਫਿਰ ਤਾਂ ਬਾਬੇ ਨਾਨਕ ਦੇ ਜਨੇਊ ਧਾਰਨ ਕਰਵਾਉਣ ਵਾਲੀ ਗੱਲ ਹੀ ਹੋ ਗਈ ਜਿਸ ਨੂੰ ਬਾਬੇ ਨੇ ਕਿਹਾ ਸੀ ਕਿ ਪੰਡਿਤਾ! ਮੈਂ ਟੁੱਟਣ ਵਾਲਾ ਜਨੇਊ ਨਹੀਂ ਪਾਉਣਾ। ਹੁਣ ਵਾਲੇ ਸੰਤ ਜਨੇਊ ਦੀ ਜਗ੍ਹਾ ਟੁੱਟਣ ਵਾਲੇ ਗਾਤਰੇ ਪਵਾ ਕੇ ਆਪਣੀ ਧੰਨ ਧੰਨ ਕਰਵਾਈ ਜਾਂਦੇ ਨੇ! ਕੀ ਅੰਮ੍ਰਿਤ ਛਕਾਉਣਾ/ਛਕਣਾ ਹੀ ਸਿਰਫ਼ ਸਿੱਖੀ ਦਾ ਅਖੀਰਲਾ ਪੌਡਾ ਹੈ? ਬੱਸ, ਗਿਣਤੀ ਹੀ ਵਧਾਉਣੀ ਹੈ, ਕੁਆਲਿਟੀ 'ਤੇ ਕੋਈ ਗੌਰ ਨਹੀਂ ਕਰਨਾ। ਇਹ ਕਿੱਥੋਂ ਦਾ ਖਾਲਸਈ ਨਿਸ਼ਾਨਾ ਹੋਇਆ? ਤਾਂ ਹੀ ਤਾਂ ਫਿਰ ਇੱਦਾਂ ਦੇ ਅੰਮ੍ਰਿਤਧਾਰੀ, ਡੇਰਿਆਂ ਵਿਚ ਮਨਾਈਆਂ ਜਾਂਦੀਆਂ ਬਰਸੀਆਂ 'ਤੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਖੁਸਰਿਆਂ ਵਾਂਗ ਨੱਚਦੇ ਫਿਰਦੇ ਨੇ! ਫਿਰ ਇਨ੍ਹਾਂ ਡੇਰਿਆਂ ਨੂੰ ਤੁਸੀਂ ਕਿੱਦਾਂ ਗੁਰਦੁਆਰੇ ਕਹਿ ਸਕੋਗੇ?

ਇਨ੍ਹਾਂ ਡੇਰਿਆਂ ਨੇ ਐਨੀ ਮਨਮਤਿ ਚਲਾਈ ਹੋਈ ਹੈ ਕਿ ਰਹੇ ਰੱਬ ਦਾ ਨਾਂ! ਕੁਝ ਵਰ੍ਹੇ ਪਹਿਲਾਂ ਸਮੂਹ ਸਿੱਖ ਜਗਤ ਨੇ 300 ਸਾਲਾ ਗੁਰਗੱਦੀ ਦਿਵਸ ਮਨਾਇਆ ਅਤੇ ਇਕ ਸੰਤ ਨੇ ਆਪਣੇ ਡੇਰੇ ਵਿਚ ਜੋ ਡਰਾਮਾ ਕੀਤਾ, ਮੈਂ ਤਾਂ ਉਹਦੀ ਵੀਡੀਓ ਹੀ ਦੇਖੀ ਹੈ ਜਿਸ ਵਿਚ ਉਹਨੇ ਪੰਜਾਬ ਦੀਆਂ ਦੋਹਾਂ ਸਿਰਕੱਢ ਪਾਰਟੀਆਂ ਦੇ ਸਿਰਕੱਢ ਲੀਡਰ ਵੀ ਸੱਦੇ ਹੋਏ ਸਨ। ਆਪ ਉਹ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਪੱਤਰਿਆਂ 'ਤੇ ਲਾਲ ਟਿੱਕੇ

***ਬਾਬੇ ਨਾਨਕ ਨੇ ਆਪ, ਸ਼ੁਰੂ 'ਚ ਹੀ ਸਿੱਖਾਂ ਨੂੰ ਡੇਰਿਆਂ ਨਾਲ ਜੁੜਨ ਤੋਂ ਵਰਜ ਦਿੱਤਾ ਸੀ ਭਾਵੇਂ ਉਹ ਕਿੰਨੇ ਵੀ ਧਾਰਮਿਕ ਕਿਉਂ ਨਾ ਹੋਣ ਅਤੇ ਉਹਨੂੰ ਚਲਾਉਣ ਵਾਲਾ ਭਾਵੇਂ ਉਨ੍ਹਾਂ ਦੇ ਆਪਣੇ ਪੁੱਤ ਵਰਗਾ ਧਰਮੀ ਹੀ ਕਿਉਂ ਨਾ ਹੋਵੇ, ਕਿਉਂਕਿ ਜਿਹੜਾ ਡੇਰਾ ਸਿੱਖ ਫਲਸਫੇ ਤੋਂ ਥੋੜ੍ਹਾ ਜਿਹਾ ਵੀ ਇਧਰ ਉਧਰ ਹੋਇਆ, ਉਥੇ ਕਦੇ ਵੀ ਸਿੱਖੀ ਸਿਧਾਂਤ ਦੀ ਸੱਚੀ ਸੁੱਚੀ ਤੇ ਹਰ ਇਕ ਦੇ ਸਮਝ ਆਉਣ ਵਾਲੀ ਗੱਲ ਨਹੀਂ ਹੋਣੀ। ਉਥੇ ਤਾਂ ਸਿਰਫ਼ ਰੱਬ ਦੇ ਨਾਂ 'ਤੇ ਭੰਬਲਭੂਸਾ ਪ੍ਰਚਾਰਿਆ ਜਾਵੇਗਾ, ਕਿਉਂਕਿ ਇਸੇ ਭੰਬਲਭੂਸੇ ਨੇ ਤਾਂ ਡੇਰੇਦਾਰ ਦੀ ਮਾਨਤਾ ਵਿਚ ਵਾਧਾ ਕਰਨਾ ਹੁੰਦਾ ਹੈ। ਸਿੱਖੀ ਪ੍ਰਚਾਰ ਲਈ ਉਹ ਜਗ੍ਹਾ ਹੀ ਢੁੱਕਵੀਂ ਅਤੇ ਸਹੀ ਹੈ ਜਿੱਥੇ ਮਨੁੱਖਤਾ ਦੇ ਸਮੁੱਚੇ ਭਲੇ ਦੀ ਗੱਲ ਹੋਵੇ ਤੇ ਉਹ ਸਥਾਨ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਵੀ ਹੋਵੇ। ਇਹੋ ਜਿਹਾ ਸਥਾਨ ਫਿਰ ਗੁਰਦੁਆਰਾ ਹੀ ਬਣਿਆ, ਨਾ ਕਿ ਕੋਈ ਡੇਰਾ।***

ਲਾਈ ਜਾਂਦਾ ਸੀ ਤੇ ਨਾਲੇ ਇਨ੍ਹਾਂ ਮੂਜੀ ਲੀਡਰਾਂ ਤੋਂ ਵੀ ਲਵਾ ਕੇ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਰਿਹਾ ਸੀ। ਉਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਵੀ ਉੱਚਾ ਹੋਣ ਦਾ ਢੌਂਗ ਰਚੀ ਬੈਠਾ ਸੀ।

ਇਕ ਹੋਰ ਬਹੁਤ ਮਕਬੂਲ ਡੇਰਾ ਹੈ। ਪੰਜਾਬ ਵਿਚ ਬਾਬੇ ਨਾਨਕ ਦੇ ਨਾਂ 'ਤੇ ਹੀ ਚਲਾਇਆ ਹੋਇਆ ਹੈ। ਲੋਕਾਂ ਵਿਚ ਸ਼ਰਧਾ ਵੀ ਬੜੀ ਹੈ ਇਸ ਡੇਰੇ ਦੀ। ਵੱਡੇ ਮਹਾਂਪੁਰਸ਼ ਦੇ ਗੁਜ਼ਰ ਜਾਣ 'ਤੇ ਦੂਜੇ ਨੰਬਰ ਵਾਲੇ ਦੇ ਪੱਗ ਬੰਨ੍ਹਣ ਦਾ ਰਿਵਾਜ ਹੈ। ਉਸ ਡੇਰੇ ਵਿਚ ਵੀ ਗੁਜ਼ਰੇ ਹੋਏ ਬਾਬੇ ਦੀਆਂ ਫੋਟੋਆਂ ਨੂੰ ਪਾਲਕੀਆਂ ਵਿਚ ਰੱਖ ਕੇ ਮੱਥੇ ਟਿਕਾਉਂਦੇ ਹਨ। ਉਥੇ ਗੱਲ ਫੋਟੋਆਂ ਤੱਕ ਸੀਮਿਤ ਹੀ ਨਹੀਂ, ਬਾਬੇ ਦੀਆਂ ਜੁੱਤੀਆਂ ਵੀ ਰੱਖੀਆਂ ਹੋਈਆਂ ਹਨ ਰੁਮਾਲਿਆਂ 'ਤੇ। ਉਥੇ ਜੁੱਤੀਆਂ ਦੀ ਪੂਜਾ ਕੀਤੀ ਜਾਂਦੀ ਹੈ। ਉਸ ਟਾਇਲਟ ਨੂੰ ਵੀ ਪੂਜਣ ਵਾਲਾ ਥਾਂ ਬਣਾ ਦਿੱਤਾ ਹੈ ਜਿਹੜੀ ਵੱਡਾ ਬਾਬਾ ਵਰਤਦਾ ਰਿਹਾ ਹੈ। ਡੇਰੇ ਦਾ ਵੱਡਾ ਸੰਤ ਬਾਹਰ ਵਿਦੇਸ਼ ਗਿਆ ਹੋਇਆ ਸੀ ਅਤੇ ਉਥੇ ਹੀ ਅਕਾਲ ਚਲਾਣਾ ਕਰ ਗਿਆ। ਜਿਸ ਤਾਬੂਤ ਵਿਚ ਉਹਦੀ ਦੇਹ ਇੰਡੀਆ ਲਿਆਂਦੀ ਗਈ, ਉਹਨੂੰ ਵੀ ਉਥੇ ਦਰਸ਼ਨਾਂ ਲਈ ਰੱਖਿਆ ਅਤੇ ਸ਼ਰਧਾਲੂ ਮੱਥਾ ਟੇਕਦੇ ਰਹੇ। ਕਿਹੜੀ ਗੁਰਮਤਿ ਦੀ ਗੱਲ ਹੈ ਇਸ ਵਿਚ? ਨਾਲੇ ਇਹ ਗੱਲ ਧਾਰਮਿਕ ਵੀ ਕਿੱਧਰੋਂ ਹੋ ਗਈ? ਜਿੱਥੇ ਜੁੱਤੀਆਂ ਤੇ ਟਾਇਲਟਾਂ ਨੂੰ ਮੱਥੇ ਟਿਕਾਏ ਜਾਣ? ਕੀ ਉਹ ਗੁਰਦੁਆਰਾ ਹੋ ਸਕਦਾ ਹੈ? ਇਹ ਫੈਸਲਾ ਮੇਰੇ ਭਰਾਵੋ ਤੇ ਭੈਣੋ, ਤੁਸੀਂ ਆਪ ਹੀ ਕਰ ਲਿਓ!

ਇਨ੍ਹਾਂ ਡੇਰੇਦਾਰ ਸੰਤਾਂ ਦੇ ਸੁਭਾਅ ਦਾ ਵੀ ਥੋੜ੍ਹਾ ਜਿਹਾ ਜ਼ਿਕਰ ਕਰ ਹੀ ਲਈਏ, ਕਿਉਂਕਿ ਘੰਟਿਆਂ ਬੱਧੀ ਸਿਮਰਨ ਕਰਨ ਵਾਲਿਆਂ, ਹਰ ਵਕਤ ਵਾਹਿਗੁਰੂ ਦੇ ਭੈਅ 'ਚ ਰਹਿਣ ਵਾਲਿਆਂ, ਆਪ ਹਰਿਮੋਨੀਅਮ ਵਜਾਉਣ ਤੇ ਕੀਰਤਨ ਕਰਨ ਵਾਲਿਆਂ, ਸਿੱਖਾਂ ਨੂੰ ਗੁਰੂ ਦੇ ਲੜ ਲਾਉਣ ਵਾਲਿਆਂ ਵਿਚ ਨਿਮਰਤਾ ਤਾਂ ਕੁੱਟ-ਕੁੱਟ ਕੇ ਭਰੀ ਹੁੰਦੀ ਹੈ। ਉਹ ਕਿਸੇ ਦਾ ਵੀ ਮੰਦਾ ਨਹੀਂ ਸੋਚ ਸਕਦੇ, ਹਉਮੈ ਹੰਕਾਰ ਤਾਂ ਇਨ੍ਹਾਂ ਦੇ ਨੇੜੇ-ਤੇੜੇ ਵੀ ਨਹੀਂ ਫਟਕ ਸਕਦਾ। ਮੰਦਾ ਤਾਂ ਇਨ੍ਹਾਂ ਮਹਾਂਪੁਰਖਾਂ ਨੇ ਕਿਸੇ ਨੂੰ ਕੀ ਬੋਲਣਾ ਬਲਕਿ ਸਦਾ ਹੀ ਅਸ਼ੀਰਵਾਦ ਦਿੰਦੇ ਹੋਣੇ ਹਨ ਕਿਉਂਕਿ ਆਪ ਇਨ੍ਹਾਂ ਦੀਆਂ ਰੂਹਾਂ ਗੁਰਬਾਣੀ ਅਤੇ ਗੁਰਮਤਿ ਨਾਲ ਜੁੜੀਆਂ ਹੋਣ ਕਾਰਨ ਪਵਿੱਤਰ ਹੋ ਗਈਆਂ ਹੁੰਦੀਆਂ ਹਨ, ਇਹੋ ਹੀ ਤਾਂ ਸੰਤ ਸੁਭਾਅ ਹੈ।

ਉਦਾਂ ਮੈਂ ਕਿਸੇ ਬਾਬੇ ਨੂੰ ਬਹੁਤਾ ਨੇੜਿਓਂ ਨਹੀਂ ਦੇਖਿਆ ਹੋਇਆ, ਫਿਰ ਵੀ ਇਕ ਬਹੁਤ ਹੀ ਮਸ਼ਹੂਰ ਬਾਬੇ ਦੇ 'ਕੌੜੇ ਸੁਭਾਅ' ਦੀ ਗੱਲ ਸਾਂਝੀ ਕਰ ਲਈਏ। ਇਹ ਸੰਤ ਥੋੜ੍ਹੇ ਹੀ ਦਿਨ ਹੋਏ, ਅਮਰੀਕਾ ਦੀ ਫੇਰੀ 'ਤੇ ਆਇਆ ਹੋਇਆ ਸੀ। ਕਹਿਣ ਨੂੰ ਤਾਂ ਸਾਰੇ ਗੁਰਮਤਿ ਪ੍ਰਚਾਰ ਹੀ ਕਹਿੰਦੇ ਨੇ ਪਰ ਅਸਲ 'ਚ ਇਹ ਕਰਨ ਆਉਂਦੇ ਨੇ ਉਗਰਾਹੀ। ਇਸ ਸੰਤ ਮਹਾਂਪੁਰਖ ਬਾਰੇ ਕੁਝ ਖ਼ਬਰਾਂ ਚੰਗੀਆਂ ਨਹੀਂ ਮਿਲ ਰਹੀਆਂ। ਕਈ ਤਾਂ ਇਖਲਾਕ ਨਾਲ ਵੀ ਸਬੰਧਤ ਹਨ ਅਤੇ ਇਕ ਕੇਸ ਵਿਚ ਤਾਂ ਮਨੁੱਖੀ ਅਧਿਕਾਰ ਸੰਸਥਾ ਨੇ ਕੋਰਟ ਵਿਚ ਕੇਸ ਵੀ ਕੀਤਾ ਹੋਇਆ ਹੈ। ਉਦਾਂ ਇਸ ਬਾਬੇ ਨੇ 300 ਸਾਲਾ ਗੁਰਗੱਦੀ ਦਿਵਸ ਮੌਕੇ 300 ਤਰ੍ਹਾਂ ਦੇ ਪਕਵਾਨ (ਖਾਣੇ) ਬਣਾ ਕੇ ਸੰਗਤਾਂ ਨੂੰ ਛਕਾਏ ਸਨ। ਇਸ ਬਾਬੇ ਦੇ ਆਚਰਨ 'ਤੇ ਉਠੀ ਉਂਗਲ ਕਰਕੇ ਕੁਝ ਸੋਝੀਵਾਨ ਸਿੱਖ ਵੀਰਾਂ ਭੈਣਾਂ ਨੇ ਇਹਦੇ ਪ੍ਰੋਗਰਾਮ ਦਾ ਬਾਈਕਾਟ ਕੀਤਾ ਅਤੇ ਰੋਸ ਮੁਜ਼ਾਹਰਾ ਵੀ ਕੀਤਾ।

ਇਸ ਬਾਰੇ ਅਖ਼ਬਾਰਾਂ ਵਿਚ ਕਾਫ਼ੀ ਚਰਚਾ ਹੋਈ। ਇਸ 'ਤੇ ਇਹ ਬਾਬਾ ਐਨਾ ਗੁੱਸੇ 'ਚ ਸੀ ਕਿ ਇਸ ਨੇ ਆਪਣੇ ਪ੍ਰੋਮੋਟਰ, ਮਤਲਬ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਨੂੰ ਕਿਹਾ ਕਿ ਜਿਹੜੇ ਲੋਕੀਂ ਐਥੇ ਮੇਰੀ ਮੁਖ਼ਾਲਫਤ ਕਰਦੇ ਨੇ, ਇਨ੍ਹਾਂ ਦੇ ਪਿਛਲੇ ਐਡਰੈਸ ਪਤੇ ਅਤੇ ਆਈ.ਡੀ. ਲੈ ਕੇ ਮੈਨੂੰ ਦਿਓ। ਜਦੋਂ ਇਨ੍ਹਾਂ ਵਿਚੋਂ ਕੋਈ ਇੰਡੀਆ ਆਇਆ ਤਾਂ ਉਥੇ ਮੈਂ ਇਨ੍ਹਾਂ ਨੂੰ ਸਬਕ ਸਿਖਾਊਂਗਾ। ਉਥੇ ਮੇਰੀ ਸਰਕਾਰੇ-ਦਰਬਾਰੇ ਵੀ ਪੂਰੀ ਪਹੁੰਚ ਆ।

ਕੀ ਇਹ ਸੰਤ ਬਚਨ ਹਨ ਜਾਂ ਬਦਮਾਸ਼ਾਂ ਵਾਲੀ ਧਮਕੀ? ਸਾਡੇ ਗੁਰੂ ਸਾਹਿਬਾਨ ਦੇ ਤਾਂ ਬਚਨ ਹਨ "ਸਾਧੋ ਮਨ ਕਾ ਮਾਨੁ ਤਿਆਗੋ" ਪਰ ਇਹ ਸਾਧ ਤਾਂ ਐਦਾਂ ਕਹਿੰਦਾ ਲੱਗਦਾ ਹੈ ਕਿ ਮਨ ਦਾ ਮਾਨ ਕਿੱਦਾਂ ਤਿਆਗਾਂ, ਮੇਰਾ ਤਾਂ ਲੂੰ-ਲੂੰ 'ਮਾਨ ਸਿਹੁੰ' ਬਣਿਆ ਪਿਆ। ਕੀ ਇਹੋ ਜਿਹੇ ਨਕਾਬਪੋਸ਼ ਸੰਤਾਂ ਦੇ ਕੀਤੇ ਗੁਰਮਤਿ ਪ੍ਰਚਾਰ ਦਾ ਅਸਰ ਸਹੀ ਤਰੀਕੇ ਨਾਲ ਸੰਗਤ 'ਤੇ ਪੈ ਸਕਦਾ ਹੈ? ਹੁਣ ਜੇ ਇਹੋ ਜਿਹੇ ਸੰਤਾਂ ਦੇ ਸ਼ਰਧਾਲੂ ਇਹਨੂੰ ਗੁਰੂ ਨਾਨਕ ਸਾਹਿਬ ਦਾ ਹੀ ਰੂਪ ਕਹਿਣ ਤਾਂ ਉਨ੍ਹਾਂ 'ਤੇ ਤਰਸ ਹੀ ਕੀਤਾ ਜਾ ਸਕਦਾ ਹੈ। ਗੁਰਬਾਣੀ ਵਿਚ ਇਹੋ ਜਿਹੇ ਸੰਤ ਅਤੇ ਉਹਦੇ ਸ਼ਰਧਾਲੂਆਂ ਨੂੰ "ਕੂੜਿਆਰ ਕੂੜਿਆਰੀ ਜਾਇ ਰਲੈ" ਕਿਹਾ ਹੋਇਆ ਹੈ। ਇਹੋ ਜਿਹਿਆਂ ਦੀ ਮਾਨਤਾ ਕਰਨ ਵਾਲਿਆਂ ਨੂੰ "ਠਾਕੁਰ ਛੋਡਿ ਦਾਸੀ ਕੋ ਸਿਮਰਹਿ ਮਨਮੁਖ ਅੰਗ ਅਧਿਆਨਾ" ਕਿਹਾ ਹੈ, ਤੇ ਗੁਰਬਾਣੀ ਨੇ ਗੁਰਸਿੱਖਾਂ ਨੂੰ ਹਦਾਇਤ ਵੀ ਕੀਤੀ ਹੋਈ ਹੈ "ਨਾਨਕ ਕਚੜਿਆ ਸਿਉ ਤੋੜਿ" ਤੇ ਗੁਰਮੁੱਖਾਂ ਨੂੰ ਕਿੱਥੇ ਜਾਣ ਲਈ ਕਿਹਾ ਹੈ "ਸਚਿਆਰ ਸਿੱਖ ਬੈਠੇ ਸਤਿਗੁਰ ਪਾਸਿ"।

> ***'ਗੁਰਦੁਆਰਾ' ਨਾਮ ਆਪ ਗੁਰੂ ਸਾਹਿਬਾਨ ਨੇ ਦਿੱਤਾ। ਗੁਰਬਾਣੀ ਵਿਚ ਗੁਰਦੁਆਰਾ ਸ਼ਬਦ ਬੜੀ ਵਾਰੀ ਆਇਆ ਹੈ। ਅਨੰਦ ਸਾਹਿਬ ਵਿਚ ਦੋ ਵਾਰੀ ਗੁਰਦੁਆਰਾ ਸ਼ਬਦ ਆਇਆ ਹੈ- 'ਜਿਸਨੋ ਕਥਾ ਸੁਣਾਇਹਿ ਆਵੇ, ਗੁਰਦੁਆਰੈ ਸੁੱਖ ਪਾਵਹੇ' ਅਤੇ 'ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰ ਦਿਖਾਇਆ'। ਗੁਰ ਸ਼ਬਦ ਨੂੰ ਸਿੱਖ ਆਪਣੇ ਸੀਨੇ ਨਾਲ ਲਾ ਕੇ ਰੱਖਦੇ ਹਨ। ਇਸ ਕਰਕੇ ਸਿੱਖਾਂ ਲਈ ਗੁਰਦੁਆਰੇ ਦਾ ਕੋਈ ਵੀ ਬਦਲਵਾਂ ਨਾਂ ਹੋ ਹੀ ਨਹੀਂ ਸਕਦਾ, ਕਿਉਂਕਿ ਗੁਰੂ ਦੇ ਬੋਲ ਰੱਬੀ ਫਰਮਾਨ ਹਨ ਤੇ ਪੂਰੀ ਜ਼ਿੰਦਗੀ ਸਿੱਖ ਨੇ ਇਸ 'ਤੇ ਪਹਿਰਾ ਦੇਣਾ ਹੈ ਤੇ ਪਹਿਰੇਦਾਰ ਦਾ ਇਹ ਪਹਿਲਾ ਫ਼ਰਜ਼ ਹੈ ਕਿ ਹਰ ਹੀਲੇ ਉਸ ਦੀ ਹਿਫ਼ਾਜ਼ਤ ਕਰੇ ਜਿਸ 'ਤੇ ਉਹਦੀ ਡਿਊਟੀ ਹੁੰਦੀ ਹੈ ਤੇ ਗੁਰੂ ਦੇ ਸਿੱਖ ਬਾਖ਼ੂਬੀ ਇਸ ਨੂੰ ਨਿਭਾਉਂਦੇ ਵੀ ਆ ਰਹੇ ਹਨ। ਆਹ ਹੁਣ ਜਦੋਂ ਦਾ ਸੰਤਵਾਦ ਕੁਝ ਜ਼ਿਆਦਾ ਹੀ ਵਧੀ ਜਾਂਦਾ ਹੈ ਅਤੇ ਨਾਲ ਹੀ ਡੇਰਿਆਂ ਦੀ ਗਿਣਤੀ ਵੀ ਵਧੀ ਜਾਂਦੀ ਹੈ, ਉਦੋਂ ਤੋਂ ਸਿੱਖੀ ਭੇਸ ਵਿਚ ਕਈ ਸੰਤ ਬਾਬਿਆਂ ਨੇ ਗੁਰੂ ਬਖ਼ਸ਼ਿਸ਼ 'ਗੁਰਦੁਆਰਾ' ਨਾਂ ਨੂੰ ਵੀ ਚੁਣੌਤੀ ਦੇ ਕੇ, ਆਪਣਿਆਂ ਡੇਰਿਆਂ ਦੀ ਦਿੱਖ ਗੁਰਦੁਆਰਿਆਂ ਵਾਲੀ ਬਣਾ ਕੇ ਨਵੇਂ ਨਾ ਰੱਖਣੇ ਸ਼ੁਰੂ ਕਰ ਦਿੱਤੇ ਹਨ।***

ਆਪਾਂ ਇਹ ਦੇਖ ਹੀ ਲਿਆ ਹੈ ਕਿ ਜਦੋਂ ਤੋਂ ਪੰਜਾਬ ਵਿਚ ਸੰਤਾਂ ਦੇ ਡੇਰਿਆਂ ਦੀ ਗਿਣਤੀ ਵਧੀ ਹੈ, ਉਦੋਂ ਤੋਂ ਹੀ ਸਿੱਖਾਂ ਵਿਚ ਪਤਿਤਪੁਣਾ ਵੀ ਵਧਿਆ ਹੈ। ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਏ ਸਰਬ ਪ੍ਰਵਾਣਿਤ ਪੰਥਕ ਫੈਸਲਿਆਂ ਵਿਰੁੱਧ ਆਵਾਜ਼ ਵੀ ਇਨ੍ਹਾਂ ਡੇਰਿਆਂ 'ਚੋਂ ਹੀ ਨਿਕਲਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ ਨੂੰ ਕਿਤੇ ਗੁੱਝੀ ਅਤੇ ਕਿਤੇ ਸਿੱਧੀ ਚੁਣੌਤੀ ਦੀਆਂ ਆਵਾਜ਼ਾਂ ਵੀ ਇਨ੍ਹਾਂ ਸੰਤ ਦੇ ਡੇਰਿਆਂ ਵਿਚੋਂ ਹੀ ਸੁਣਨ ਨੂੰ ਮਿਲਦੀਆਂ ਹਨ। ਪੁਰਾਣੀ ਕਹਾਵਤ ਹੈ, ਸੱਚੀ ਹੀ ਹੋਣੀ ਆ ਕਿ "ਇਲਾਜ ਨਾਲੋਂ ਪ੍ਰਹੇਜ਼ ਚੰਗਾ"। ਬੱਸ ਸਾਰੀਆਂ ਸਿੱਖ ਸੰਗਤਾਂ ਜੇ ਕਿਤੇ ਪ੍ਰਹੇਜ਼ ਕਰ ਲੈਣ ਤਾਂ ਉਮੀਦ ਹੈ ਕਿ ਇਨ੍ਹਾਂ ਡੇਰਿਆਂ 'ਤੇ ਜਾਣ ਤੋਂ ਤਾਂ ਭਲਾ ਹੀ ਹੋਊਗਾ। ਨਾਲੇ ਬਾਬੇ ਨਾਨਕ ਨੇ ਵੀ ਤਾਂ ਵਰਜਿਆ ਹੋਇਆ ਹੈ।

ਸਿੱਖ ਸੰਗਤਾਂ ਲਈ ਅੱਜਕੱਲ੍ਹ ਬੜੀ ਵੱਡੀ ਅਤੇ ਇਮਤਿਹਾਨ ਦੀ ਘੜੀ ਆ ਗਈ ਹੈ। ਹੁਣ ਤੱਕ ਜੇ ਕਿਤੇ ਕੋਈ ਮਨਮਤੀਆ ਸੰਤ ਬਾਬਾ ਆਪਣੇ ਡੇਰੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਪ ਹੁਦਰੀਆਂ ਕਰਕੇ ਗੁਰਮਤਿ ਸਿਧਾਂਤ ਨੂੰ ਸੱਟ ਮਾਰਨ ਦੀ ਹਰਕਤ ਕਰਦਾ ਹੈ ਤਾਂ ਸਭ ਤੋਂ ਪਹਿਲਾਂ ਸਿੱਖ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕਰਦੇ ਨੇ ਕਿ ਇਹੋ ਜਿਹੇ ਸਾਧ ਨੂੰ ਨੱਥ ਪਾਵੇ, ਪਰ ਹੁਣ ਅੱਗੇ ਤੋਂ ਸਿੱਖ ਕਿੱਥੇ ਰੋਣਾ ਰੋਣਗੇ, ਕਿਉਂਕਿ ਸ਼੍ਰੋਮਣੀ ਕਮੇਟੀ 'ਤੇ ਵੀ ਹੁਣ ਡੇਰੇਦਾਰਾਂ ਦਾ ਕਬਜ਼ਾ ਹੋਣ ਜਾ ਰਿਹਾ ਹੈ। ਇਸ ਗੱਲ ਦਾ ਪੂਰਾ ਖ਼ਦਸ਼ਾ ਹੈ ਕਿ ਸ਼੍ਰੋਮਣੀ ਕਮੇਟੀ ਕਿਤੇ ਵੱਡੇ ਡੇਰੇ ਵਿਚ ਹੀ ਨਾ ਤਬਦੀਲ ਹੋ ਜਾਵੇ! ਫਿਰ ਇਹ ਕੋਈ ਵੱਡੀ ਗੱਲ ਨਹੀਂ ਹੋਣੀ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅਜਾਇਬ ਘਰ ਵਿਚ ਅਕਾਲ ਚਲਾਣਾ ਕਰ ਚੁੱਕੇ ਸੰਤਾਂ ਦੇ ਜੋੜੇ (ਜੁੱਤੀਆਂ) ਰੱਖੇ ਜਾਣਗੇ ਦਰਸ਼ਨਾਂ ਲਈ। ਪਤਾ ਨਹੀਂ ਹੋਰ ਕੀ ਕੀ ਕੁਝ ਹੋਵੇ। ਸਭ ਕੁਝ ਗਾਇਬ ਹੋ ਜਾਣਾ; ਦੁਰਲੱਭ ਗੁਰਮਤਿ ਵਸਤਾਂ, ਗੁਰੂ ਸਾਹਿਬਾਨ ਦੇ ਪਵਿੱਤਰ ਸ਼ਸਤਰ, ਤੇ ਉਨ੍ਹਾਂ ਦੀ ਥਾਂ 'ਤੇ ਹੋਣਗੀਆਂ ਸੋਨੇ, ਚਾਂਦੀ ਦੀ ਮੁੱਠ ਵਾਲੀਆਂ ਖੂੰਡੀਆਂ ਜਿਨ੍ਹਾਂ ਦੇ ਸਹਾਰੇ ਡੇਰੇਦਾਰ ਤੁਰਦੇ ਹੁੰਦੇ ਸੀ।

27 ਸਾਲਾਂ ਤੋਂ ਆਪਾਂ ਕਹਿ ਰਹੇ ਹਾਂ ਕਿ ਫੌਜੀ ਹਮਲੇ ਵਿਚ ਹਿੰਦੁਸਤਾਨੀ ਫੌਜ ਨੇ ਕਿੰਨੀਆਂ ਇਤਿਹਾਸਕ ਅਤੇ ਦੁਰਲੱਭ ਵਸਤਾਂ ਦਾ ਨੁਕਸਾਨ ਕੀਤਾ। ਜੋ ਨੁਕਸਾਨ ਹੁਣ ਚਿੱਟੇ ਚੋਲਿਆਂ ਵਾਲਿਆਂ ਨੇ ਕਰਨਾ ਹੈ, ਉਹਦਾ ਕੋਈ ਅੰਦਾਜ਼ਾ ਹੀ ਨਹੀਂ। ਮਤ ਕੋਈ ਸਮਝੇ ਕਿ ਮੁਖਾਲਫ਼ਤ ਦਾ ਇਹ ਏਜੰਡਾ ਕਿਸੇ ਲਿਖਣ ਲਿਖਾਉਣ ਵਾਲੇ ਦੇ ਆਪਣੇ ਮਨ ਦਾ ਡੇਰੇਦਾਰ ਸੰਤਾਂ ਨੂੰ ਬਦਨਾਮ ਕਰਨ ਲਈ ਹੈ, ਬਲਕਿ ਸੱਚਾਈ ਹੈ ਜੋ ਸਾਹਮਣੇ ਦਿਸਦੀ ਹੈ ਕਿ ਭਾਵੇਂ ਕੋਈ ਵੀ ਸੰਤ ਸਮਾਜੀ ਸ਼੍ਰੋਮਣੀ ਕਮੇਟੀ ਦਾ ਮੈਂਬਰ ਨਹੀਂ ਸੀ, ਪਰ ਬਾਹਰੋਂ ਹੀ ਜਿਸ ਦਬਕੇ ਨਾਲ ਸ਼੍ਰੋਮਣੀ ਕਮੇਟੀ ਦੇ ਫੈਸਲਿਆਂ ਨੂੰ ਪ੍ਰਭਾਵਿਤ ਕੀਤਾ, ਉਹ ਚਿੱਟੇ ਦਿਨ ਵਾਂਗ ਹੈ ਤੇ ਹੁਣ ਜਦੋਂ 30 ਸੰਤ ਸਮਾਜੀ ਡੇਰੇਦਾਰਾਂ ਨੇ ਆਪ ਸ਼੍ਰੋਮਣੀ ਕਮੇਟੀ ਦੇ ਫੈਸਲੇ ਕਰਨੇ ਹਨ, ਤਾਂ ਫਿਰ ਦੇਖਿਓ ਕਿ ਕਿੱਦਾਂ ਧੱਜੀਆਂ ਉਡਦੀਆਂ ਹਨ ਗੁਰੂ ਬਾਬੇ ਨਾਨਕ ਦੇ ਨਿਰਮਲ ਪੰਥਕ ਸਿਧਾਂਤਾਂ ਦੀਆਂ। ਸਭ ਗੁਰੂ ਸ਼ਹਾਦਤਾਂ ਤੇ ਸਿੱਖ ਕੁਰਬਾਨੀਆਂ 'ਤੇ ਭਾਰੂ ਪੈ ਜਾਣੀਆਂ ਸੰਤ ਬਾਬਿਆਂ ਦੀਆਂ ਬਰਸੀਆਂ। ਰੱਬ ਕਰੇ, ਇਹ ਕੁਝ ਨਾ ਹੀ ਹੋਵੇ। ਮੈਨੂੰ ਲੱਗਦਾ ਹੈ ਕਿ ਗੁਰੂ ਨੂੰ ਪਿਆਰ ਕਰਨ ਵਾਲਾ ਹਰ ਬੰਦਾ ਵੀ ਇਹੋ ਚਾਹੁੰਦਾ ਹੈ। ਇਸ ਕਰਕੇ ਇਮਤਿਹਾਨ ਜਿਹੜਾ ਸਤੰਬਰ ਮਹੀਨੇ ਵਿਚ ਹੋ ਰਿਹਾ ਹੈ, ਲਈ ਸਮੂਹ ਸਿੱਖ, ਸੋਚ ਵਿਚਾਰ ਕੇ ਤਿਆਰੀ ਕਰ ਲੈਣ ਤਾਂ ਕਿ ਗੁਰੂ ਬਖ਼ਸ਼ੇ 'ਗੁਰਦੁਆਰੇ' ਗੁਰਦੁਆਰੇ ਹੀ ਬਣੇ ਰਹਿਣ ਜਿੱਥੋਂ ਸਦਾ ਹੀ ਗੁਰੂ ਰਹਿਮਤ ਬਰਸਦੀ ਹੈ।

ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਪੰਜਾਬ ਤੇ ਖਾਸ ਕਰਕੇ ਸਿੱਖਾਂ ਨਾਲ ਦਿੱਲੀ ਨੇ ਵਫਾ ਘੱਟ ਹੀ ਕੀਤੀ ਹੈ। ਡਰ ਇਹ ਹੈ ਕਿ ਹੁਣ ਕਿਤੇ ਸਿੱਖਾਂ ਦੀ ਮਿਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਇਕ ਵੱਡੇ ਟੱਬਰ ਤੋਂ ਛੁਟਕਾਰਾ ਪਾਉਂਦੇ ਪਾਉਂਦੇ ਰਾਜਧਾਨੀ ਵਾਲੇ ਟੱਬਰ ਨੂੰ ਨਾ ਸਾਰੀਆਂ ਵਾਗਾਂ ਫੜਾ ਬੈਠੀਏ। ਜੇ ਅਜਿਹਾ ਹੋਇਆ ਤਾਂ ਹੱਥਾਂ ਦੀਆਂ ਦਿੱਤੀਆਂ ਆਪਣੀਆਂ ਹੀ ਗੰਢਾਂ ਨੂੰ ਦੰਦਾਂ ਨਾਲ ਖੋਲ੍ਹਣਾ ਪੈ ਸਕਦਾ ਹੈ ਕਿਉਂਕਿ ਫਿਰ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਉਨ੍ਹਾਂ ਲੋਕਾਂ ਦਾ ਮਾਣ ਸਨਮਾਨ ਹੋਣ ਲੱਗ ਪਵੇਗਾ ਜਿਨ੍ਹਾਂ ਨੇ ਇਸ 'ਤੇ ਹਮਲਾ ਕੀਤਾ ਸੀ। ਬਹੁਤ ਧਿਆਨ ਰੱਖਣਾ ਪਵੇਗਾ ਕਿ ਕਿਤੇ ਅੱਜ ਦੀਆਂ ਮਿੱਠੀਆਂ ਗੋਲੀਆਂ ਕੱਲ੍ਹ ਨੂੰ ਬੰਦੂਕ ਦੀਆਂ ਗੋਲੀਆਂ ਨਾਲ ਬਣ ਜਾਣ।

# ਸ਼੍ਰੋਮਣੀ ਕਮੇਟੀ ਦੇ ਉਮੀਦਵਾਰਾਂ ਦੀਆਂ ਸੇਲਾਂ ਲੱਗੀਆਂ

**ਚੋਣ ਅਖਾੜਾ**

ਮੰਦਵਾੜੇ ਦਾ ਸਮਾਂ ਹੈ ਪਰ ਜਿਨ੍ਹਾਂ ਅਮੀਰ ਲੋਕਾਂ ਕੋਲ ਬੇਸ਼ੁਮਾਰ ਪੈਸਾ ਹੈ, ਉਹ ਮਿੱਟੀ ਦੇ ਭਾਅ ਘਰ, ਜ਼ਮੀਨਾਂ, ਜਾਇਦਾਦਾਂ ਖਰੀਦ ਰਹੇ ਹਨ। ਗਰੀਬ ਰੋ ਰਹੇ ਹਨ ਪਰ ਅਮੀਰ ਇਸ ਸਮੇਂ ਦਾ ਰੱਜ ਕੇ ਫਾਇਦਾ ਉਠਾ ਰਹੇ ਹਨ। ਬਿਲਕੁਲ ਇਹੋ ਹੀ ਹਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 18 ਸਤੰਬਰ ਨੂੰ ਹੋ ਰਹੀਆਂ ਚੋਣਾਂ ਦਾ ਹੈ।

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਇਹ ਤਮਾਸ਼ਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਰ ਰਿਹਾ ਹੈ ਅਤੇ ਇਹ ਤਮਾਸ਼ਾ ਦੇਖ ਵੀ ਉਹ ਆਪ ਹੀ ਰਿਹਾ ਹੈ। ਜਿਵੇਂ ਹੀ ਪਤਾ ਲੱਗਿਆ ਹੈ ਕਿ ਫਲਾਣਾ ਉਮੀਦਵਾਰ ਆਜ਼ਾਦ ਖੜ੍ਹਾ ਹੋ ਰਿਹਾ ਹੈ, ਜਾਂ ਉਸ ਇਲਾਕੇ ਦੇ ਲੋਕ ਉਸ ਨੂੰ ਖੜ੍ਹਾ ਕਰਨਾ ਚਾਹ ਰਹੇ ਹਨ, ਬਾਦਲ ਆਪ ਉਥੇ ਪਹੁੰਚ ਕੇ ਬੋਲੀ ਲਾਉਂਦਾ ਹੈ ਅਤੇ ਫੜ੍ਹਾਂ ਮਾਰਨ ਵਾਲੇ ਉਮੀਦਵਾਰਾਂ ਨੂੰ ਮੂੰਹ ਮੰਗੀਆਂ ਕੀਮਤਾਂ ਦੇ ਕੇ ਖਰੀਦ ਕੇ ਆਪਣੀ ਜੇਬ ਵਿਚ ਪਾਈ ਤੁਰਿਆ ਜਾਂਦਾ ਹੈ। ਸ਼ਰਮ ਆਉਂਦੀ ਹੈ ਪੜ੍ਹਨ ਅਤੇ ਸੁਣਨ ਵਾਲਿਆਂ ਨੂੰ ਕਿ ਇਨ੍ਹਾਂ ਲੋਕਾਂ ਦੀ ਅਣਖ ਜਾਂ ਗੈਰਤ ਮੁੱਢੋਂ ਹੀ ਮਰ ਗਈ ਹੈ?

ਜਿਨ੍ਹਾਂ ਉਮੀਦਵਾਰਾਂ ਦੀ ਪਹਿਲਾਂ ਇਹ ਖ਼ਬਰ ਆਉਂਦੀ ਹੈ ਕਿ ਉਹ ਬਾਦਲ ਦੇ ਟੋਲੇ ਖਿਲਾਫ਼ ਚੋਣ ਲੜ ਕੇ ਧਰਮ ਦਾ ਸਾਥ ਦੇਣਗੇ, ਉਨ੍ਹਾਂ ਦੀ ਹੀ ਅਗਲੇ ਦਿਨ ਇਹ ਖ਼ਬਰ ਆਉਂਦੀ ਹੈ ਕਿ ਪੰਜਾਬ ਨੂੰ ਲੁੱਟਣ ਵਾਲਾ ਅਮੀਰ ਆਦਮੀ ਬਾਦਲ ਇਨ੍ਹਾਂ 'ਧਰਮ ਦੇ ਰਾਖਿਆਂ' ਦੇ ਦੀਨ, ਈਮਾਨ ਅਤੇ ਜ਼ਮੀਰ ਸਭ ਕੁਝ ਪੈਸੇ ਤੇ ਚੌਧਰਾਂ ਵੱਟੇ ਖਰੀਦ ਲਿਆਇਆ। ਇਨ੍ਹਾਂ ਵਿਚ ਜ਼ਿਲ੍ਹਾ ਪ੍ਰਧਾਨ ਅਤੇ ਸਾਬਕਾ ਰਾਜ ਸਭਾ ਮੈਂਬਰ ਵਰਿੰਦਰ ਬਾਜਵਾ, ਵਿਚਾਰਾ ਹਰਬੰਸ ਸਿੰਘ ਮੰਝਪੁਰ ਅਤੇ ਤਾਜ਼ਾ ਖਬਰ ਅਨੁਸਾਰ ਪੰਥਕ ਮੋਰਚੇ ਦੇ 28 ਆਗੂ ਵੀ ਹਨ, ਜਿਨ੍ਹਾਂ ਵਿਚ ਚੋਣਾਂ ਲੜ ਰਹੇ ਚਾਰ-ਪੰਜ ਉਮੀਦਵਾਰ ਵੀ ਸ਼ਾਮਲ ਹਨ। ਇਹ ਸਭ ਬਾਦਲ ਨਾਲ ਜਾ ਰਲੇ ਹਨ। ਭਾਵ ਬਾਦਲ ਨੇ ਗੋਲਕਾਂ ਦਾ ਪੈਸਾ ਰੱਜ ਕੇ ਲੁਟਾਇਆ ਹੈ। ਇਸ ਕਾਮਯਾਬੀ ਤੋਂ ਖੁਸ਼ ਹੁੰਦਿਆਂ ਬਿਕਰਮਜੀਤ ਸਿੰਘ ਮਜੀਠੀਆ ਇਹ ਟਾਹਰਾਂ ਮਾਰ ਰਿਹਾ ਹੈ ਕਿ ਸਾਡੇ ਇੰਨੇ ਉਮੀਦਵਾਰ ਬਿਨਾ ਮੁਕਾਬਲੇ ਸਰਬਸੰਮਤੀ ਨਾਲ ਚੁਣੇ ਗਏ। ਇਹ ਸਰਬਸੰਮਤੀ ਕਿਵੇਂ ਹੋਈ? ਕਿਸੇ ਤੋਂ ਗੁੱਝੀ ਨਹੀਂ। ਇਹ ਸਭ ਭੁੱਖੇ ਭਿਖਾਰੀ ਜਿਨ੍ਹਾਂ ਹਲਕਿਆਂ ਤੋਂ ਉਮੀਦਵਾਰ ਸਨ, ਉਨ੍ਹਾਂ ਲੋਕਾਂ ਦੇ ਸਾਹਮਣੇ ਇਨ੍ਹਾਂ ਦੀ ਔਕਾਤ ਹੁਣ ਕੀ ਹੋਵੇਗੀ? ਉਂਜ, ਇਹ ਚੰਗਾ ਹੀ ਹੋਇਆ ਕਿ ਪਹਿਲਾਂ ਹੀ ਟੁਰ ਗਏ। ਪਿੱਛੋਂ ਵੀ ਇਨ੍ਹਾਂ ਨੇ ਬਾਦਲ ਦੇ ਬੈਂਚ 'ਚ ਹੀ ਸ਼ਾਮਲ ਹੋਣਾ ਸੀ।

ਹੁਣ ਵਾਰੀ ਆਉਂਦੀ ਹੈ ਸਾਰੀ ਸਿੱਖ ਕੌਮ ਜਾਂ ਜਨਤਾ ਦੀ। ਇਹ ਲੋਕ ਕਦੀ ਗਫਲਤ ਦੀ ਨੀਂਦ ਤੋਂ ਜਾਗਣਗੇ? ਜਾਂ ਸਦਾ ਲਈ ਸੁੱਤੇ ਹੀ ਰਹਿਣਗੇ? ਕਮਾਲ ਦੀ ਗੱਲ ਇਹ ਹੈ ਕਿ ਇਸ ਵੇਲੇ ਬਾਦਲ ਪੂਰੀ ਦੀ ਪੂਰੀ ਸਿੱਖ ਕੌਮ ਦੀ ਕਿਸਮਤ ਦਾ ਮਾਲਕ ਹੈ। ਜੇ ਬਾਦਲ ਹੈ ਤਾਂ ਸਿੱਖ ਕੌਮ ਹੈ, ਜੇ ਬਾਦਲ ਨਹੀਂ ਤਾਂ ਸਿੱਖ ਕੌਮ ਵੀ ਨਹੀਂ ਹੈ! ਅੱਜ ਚੋਣਾਂ ਅਤੇ ਸੇਲਾਂ ਦਾ ਸੀਜ਼ਨ ਹੈ, ਤੇ ਵੱਡੇ-ਵੱਡੇ ਦਮਗਜ਼ੇ ਮਾਰਨ ਵਾਲੇ ਲੋਕ ਵਿਕਾਊ ਬਣ ਕੇ ਆਪਣੀਆਂ ਕੀਮਤਾਂ ਵਸੂਲ ਕਰ ਰਹੇ ਹਨ।

ਅਣਖਾਂ, ਗੈਰਤਾਂ ਅਤੇ ਜ਼ਮੀਰਾਂ ਵੇਚਣ ਵਾਲੇ ਲੋਕਾਂ ਨੇ ਹਮੇਸ਼ਾ ਹੀ ਖ਼ੂਨ ਦੇ ਅੱਥਰੂ ਰੋਣ ਲਈ ਮਜਬੂਰ ਕੀਤਾ ਹੈ, ਵਰਨਾ ਜੋ ਮੇਰੇ ਦਸਮੇਸ਼ ਪਿਤਾ ਦੇ ਬੇਟੇ-ਬੇਟੀਆਂ ਹਨ, ਉਨ੍ਹਾਂ ਨੂੰ ਤਾਂ ਅਟਕ ਵਰਗੇ ਦਰਿਆ ਵੀ ਅਟਕਾ ਨਾ ਸਕੇ, ਇਹ ਨਿੱਕੀਆਂ ਚੌਧਰਾਂ ਤੇ ਕੁਰਸੀਆਂ ਕੀ ਚੀਜ਼ ਹਨ? ਕਾਸ਼! ਮੇਰੀ ਸਿੱਖ ਕੌਮ ਵਿਚੋਂ ਕਿਤੇ ਗੱਦਾਰ ਮਰ ਮੁੱਕ ਜਾਣ। ਆਪਣੇ ਸਤਿਗੁਰਾਂ ਦੇ ਦਿੱਤੇ ਹੋਏ ਸੋਹਣੇ ਆਚਰਨ ਅਤੇ ਕਿਰਦਾਰ ਨੂੰ ਨਿਭਾਉਣ ਵਾਲੇ ਸੂਰਬੀਰ ਅਤੇ ਯੋਧੇ ਗੁਰਸਿੱਖ ਕਤਾਰਾਂ ਬੰਨ੍ਹ ਕੇ ਬਾਦਲ ਟੋਲੇ ਦੇ ਸਾਹਮਣੇ ਆ ਖੜ੍ਹੇ ਹੋਣ ਅਤੇ ਛਾਤੀਆਂ ਠੋਕ ਕੇ, ਤੇ ਸੀਨੇ ਤਾਣ ਕੇ ਇਨ੍ਹਾਂ ਬੇਗੈਰਤ ਮਸੰਦਾਂ ਦੇ ਚੁੰਗਲ ਵਿਚੋਂ ਆਪਣੇ ਗੁਰਦੁਆਰਿਆਂ ਤੇ ਆਪਣੇ ਧਰਮ ਨੂੰ ਮੁਕਤ ਕਰਾ ਸਕਣ। ਰੋਣਾ ਆਉਂਦਾ ਹੈ ਕਿ ਕੀ ਹਰ ਬੰਦਾ ਬਾਦਲ ਦੇ ਸਾਹਮਣੇ ਇਵੇਂ ਹੀ ਘੁਟਣੇ ਟੇਕਦਾ ਰਹੇਗਾ? ਕੀ ਬਾਦਲ ਜਿਨ੍ਹੀਂ ਘਰੀਂ ਜਾ ਵੜਦਾ ਹੈ, ਉਹ ਲੋਕ ਮੋਮ ਦੇ ਪੁਤਲੇ ਬਣ ਜਾਂਦੇ ਹਨ ਅਤੇ ਬਾਦਲ ਉਨ੍ਹਾਂ ਨੂੰ ਜਿਵੇਂ ਵੀ ਚਾਹੇ ਮੋੜਦਾ ਹੈ, ਉਹ ਮੁੜ ਪੈਂਦੇ ਹਨ? ਕੀ ਬਾਦਲ ਬੰਗਾਲ ਦਾ ਕੋਈ ਜਾਦੂਗਰ ਤਾਂ ਨਹੀਂ ਬਣ ਗਿਆ ਜਿਸ ਦਾ ਜਾਦੂ ਹਰ ਬੰਦੇ 'ਤੇ ਚਲ ਰਿਹਾ ਹੈ? ਕੀ ਉਹ ਲੋਕ ਜਿਉਂਦੇ ਨਹੀਂ ਅਤੇ ਬੇਜ਼ਮੀਰੇ ਹਨ ਜੋ ਆਪਣੇ ਆਪ ਨੂੰ ਉਮੀਦਵਾਰ ਦੱਸ ਕੇ ਜਾਂ ਪੰਚ ਪ੍ਰਧਾਨੀ ਵਾਲੇ ਦੱਸ ਕੇ ਸਿਰਫ਼ ਆਪਣੀ ਬੋਲੀ ਹੀ ਲਵਾਉਂਦੇ ਹਨ? ਤੇ ਫਿਰ ਖਬਰ ਮਿਲਦੇ ਸਾਰ ਹੀ ਬਾਦਲ ਮਾਇਆ ਦੇ ਸੰਦੂਕ ਭਰ ਕੇ ਅਤੇ ਚੌਧਰਾਂ ਦੇ ਝੂਠੇ ਸਰਟੀਫਿਕੇਟ ਦੇ ਕੇ ਫੋਟੋ ਖਿਚਵਾ ਕੇ ਐਲਾਨ ਕਰਦਾ ਹੈ ਕਿ 'ਅੱਜ ਮੈਂ ਪੰਚ ਪ੍ਰਧਾਨੀ ਦੇ ਇੰਨੇ ਬੰਦੇ ਤੋੜੇ ਹਨ ਅਤੇ ਇੰਨੇ ਬੰਦੇ ਇਖਲਾਕ ਨਾਲੋਂ ਤੋੜ ਕੇ ਆਪਣੇ ਨਾਲ ਜੋੜੇ ਹਨ।'

ਰੱਬ ਜਾਣੇ ਅਜੇ ਹੋਰ ਕਿੰਨੀ ਕੁ ਖਰੀਦੋ-ਫਰੋਖਤ ਹੋਣੀ ਹੈ ਅਤੇ ਆਪਣੇ-ਆਪ ਨੂੰ ਗੁਰੂ ਦੇ ਲਾਡਲੇ ਕਹਾਉਣ ਵਾਲੇ ਹੋਰ ਕਿੰਨੇ ਕੁ ਵਿਕਣ ਲਈ ਤਿਆਰ ਬੈਠੇ ਹਨ? ਨਾ ਤਾਂ ਵਿਕਣ ਵਾਲਿਆਂ ਨੂੰ ਸ਼ਰਮ ਆ ਰਹੀ ਹੈ ਅਤੇ ਨਾ ਹੀ ਖਰੀਦਣ ਵਾਲੇ ਨੂੰ, ਪਰ ਆਮ ਲੋਕਾਂ ਨੂੰ ਜ਼ਰੂਰ ਸ਼ਰਮ ਆ ਰਹੀ ਹੈ ਕਿ 86 ਸਾਲਾਂ ਦਾ ਬਜ਼ੁਰਗ ਬੰਦਾ ਅਜੇ ਹੋਰ ਕੀ ਕੀ ਕਰਤਬ ਦਿਖਾਏਗਾ? ਇਸ ਬਜ਼ੁਰਗ ਬੰਦੇ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਤੋਂ ਲੈ ਕੇ ਦੁਨੀਆਂ ਦੇ ਹਰ ਮੁਲਕ ਵਿਚ ਬਣੇ ਗੁਰਦੁਆਰਿਆਂ ਵਿਚ ਕੁਰੱਪਟ ਨੀਤੀ ਕੁੱਟ-ਕੁੱਟ ਕੇ ਭਰ ਦਿੱਤੀ ਹੈ ਅਤੇ ਹਰ ਥਾਂ ਗੰਦੀ ਰਾਜਨੀਤੀ ਦਾ ਧੰਦਾ ਚਾਲੂ ਕਰਵਾ ਦਿੱਤਾ ਹੈ। ਜਦ ਸਾਡੇ ਸਿੱਖ ਕੌਮ ਦੇ ਸਰਬਉਚ ਧਾਰਮਿਕ ਅਸਥਾਨਾਂ 'ਤੇ ਹੀ ਬੇਈਮਾਨੀ, ਧੋਖਾਧੜੀ ਅਤੇ ਕੁਟਲ ਨੀਤੀ ਸ਼ਰ੍ਹੇਆਮ ਚੱਲ ਰਹੀ ਹੈ ਤਾਂ ਬਾਕੀ ਸਭ ਗੁਰੂ ਅਸਥਾਨਾਂ ਦੇ ਪ੍ਰਬੰਧਕੀ ਟੋਲੇ ਤਾਂ ਪਹਿਲਾਂ ਹੀ ਆਪਣੇ-ਆਪਣੇ ਰੱਸੇ ਖੋਲ੍ਹ ਕੇ ਬੈਠੇ ਹੋਏ ਹਨ। ਬਾਦਲ ਦੀ ਦੇਖਾ-ਦੇਖੀ ਅਤੇ ਜਥੇਦਾਰਾਂ ਦੇ ਰੋਜ਼ ਬਦਲਦੇ ਬਿਆਨਾਂ ਨੇ ਹਰ ਗੁਰੂ ਅਸਥਾਨ ਦੇ ਪ੍ਰਬੰਧਕਾਂ ਨੂੰ ਰੱਜ ਕੇ ਖੁੱਲ੍ਹ ਦੇ ਰੱਖੀ ਹੈ ਕਿ ਫਿਕਰ ਨਾ ਕਰੋ, ਅਸੀਂ ਕੋਈ ਵੀ ਐਸਾ ਹੁਕਮ ਨਹੀਂ ਫਰਮਾਵਾਂਗੇ ਜਿਸ ਤੋਂ ਤੁਹਾਨੂੰ ਕੋਈ ਖਤਰਾ ਪੈਦਾ ਹੋਵੇ! ਜਿੰਨਾ ਚਿਰ ਬਾਦਲਸ਼ਾਹੀ ਦਾ ਝੰਡਾ ਝੂਲ ਰਿਹਾ ਹੈ, ਤੁਸੀਂ ਬੇਫਿਕਰ ਰਹੋ ਅਤੇ ਆਪਣੇ ਪ੍ਰਬੰਧ ਚਲਾਓ, ਗੋਲਕਾਂ ਲੁੱਟੋ, ਮਨਮਤੀਆਂ ਕਰੋ ਅਤੇ ਜੇ ਕਿਧਰੇ ਨੇੜੇ-ਤੇੜੇ ਪਤਾ ਲੱਗ ਜਾਵੇ ਕਿ ਫਲਾਣੇ ਗੁਰੂਘਰ ਵਿਚ ਗੁਰਮਤਿ ਅਨੁਸਾਰ ਸਭ ਠੀਕ ਚੱਲ ਰਿਹਾ ਹੈ, ਉਥੇ ਸੁੱਖ ਸ਼ਾਂਤੀ ਹੈ, ਤਾਂ ਫਟਾ-ਫਟ ਦਸ ਬੰਦੇ ਇਕੱਠੇ ਹੋ ਕੇ ਉਥੇ ਜਾਵੋ ਅਤੇ ਫੌਰਨ ਕਬਜ਼ਾ ਕਰ ਲਵੋ, ਸਟੇਜ ਸੰਭਾਲ ਲਵੋ, ਬਾਦਲ ਦਾ ਦਿੱਤਾ ਹੋਇਆ ਨਾਅਰਾ ਲਾ ਦਿਓ, ਰੌਲਾ ਪਾ ਦਿਓ ਕਿ ਇਹ ਬੰਦੇ ਤਾਂ ਕਾਂਗਰਸ ਦੇ ਏਜੰਟ ਹਨ ਅਤੇ...ਦੇ ਚਮਚੇ। ਫਿਰ ਕੀ ਹੋਵੇਗਾ? ਕੋਰਟਾਂ ਵਿਚ ਕੇਸ ਚੱਲਣਗੇ। ਰੱਬ ਤੋਂ ਡਰਨ ਵਾਲੇ ਅਤੇ ਗੁਰੂ ਦਾ ਸਤਿਕਾਰ ਕਰਨ ਵਾਲੇ ਆਪੇ ਹਾਰ ਹੰਭ ਕੇ ਬੈਠ ਜਾਣਗੇ ਅਤੇ ਗੁਰੂਘਰ ਬਾਦਲਕਿਆਂ ਦੀ ਮਲਕੀਅਤ ਬਣ ਜਾਵੇਗਾ!!

ਹਨੇਰ ਸਾਈਂ ਦਾ, ਜਿਹੜਾ ਨੀਲੀ ਦਸਤਾਰ ਸਜਾ ਲਵੇ ਅਤੇ ਬਾਦਲ ਬਾਦਲ ਦਾ ਜਾਪ ਕਰੇ, ਉਹ ਤਾਂ ਹੋਇਆ ਪੱਕਾ ਸਿੰਘ, ਪਰ ਨੀਲੇ ਰੰਗ ਤੋਂ ਬਿਨਾ ਬਾਕੀ ਦੇ ਸਾਰੇ ਰੰਗਾਂ ਦੀਆਂ ਦਸਤਾਰਾਂ ਸਜਾਉਣ ਵਾਲੇ ਨਾ ਸਿੰਘ ਹਨ ਅਤੇ ਨਾ ਹੀ ਉਹ ਸਿੱਖ ਹਨ ਅਤੇ ਉਹ ਸਾਰੇ ਰੰਗ ਬਾਦਲ ਨੇ ਕਾਂਗਰਸ ਨੂੰ ਅਲਾਟ ਕੀਤੇ ਹੋਏ ਹਨ। ਬਾਦਲਕਿਆਂ ਨੂੰ ਕਦੀ ਵੀ ਵਿਚਾਰੀ ਬੀ.ਜੇ.ਪੀ. ਵਿਚ ਕੋਈ ਨੁਕਸ ਨਹੀਂ ਦਿਸਿਆ। ਉਹ ਤਾਂ ਸਾਰੇ ਬਾਦਲ ਲਈ ਦੁੱਧ ਨਾਲ ਇਸ਼ਨਾਨ ਕਰ ਕੇ ਆਏ ਹਨ। ਇਕ ਗੱਲ ਹੋਰ ਜਿਸ ਦਾ ਬਹੁਤੇ ਲੋਕਾਂ ਨੂੰ ਪਤਾ ਨਹੀਂ ਹੈ-ਗੁਰੂ ਪਿਆਰਿਓ, ਇਨ੍ਹਾਂ ਦੇ ਆਪਣੇ ਸਾਰੇ ਕੁੜਮ ਤਾਂ ਕਾਂਗਰਸੀ ਹੀ ਹਨ ਅਤੇ ਇਹ ਲੋੜ ਪੈਣ 'ਤੇ ਉਨ੍ਹਾਂ ਕੋਲ ਵੀ ਜਾ ਹਾਜ਼ਰ ਹੁੰਦੇ ਹਨ। ਬਾਕੀ ਇਨ੍ਹਾਂ ਨੂੰ ਜਿਥੇ ਵੀ ਕੋਈ ਸੱਚਾ ਸੁੱਚਾ ਇਨਸਾਨ ਸਿਰ ਚੁੱਕਦਾ ਦਿਖਾਈ ਦੇਵੇ ਤਾਂ ਇਹ ਉਥੇ ਜਾ ਕੇ ਆਪਣਾ ਨਾਅਰਾ ਵੀ ਬੁਲੰਦ ਕਰਦੇ ਹਨ ਕਿ ਭਾਈ ਉਠੋ, ਪੰਥ ਨੂੰ ਖਤਰਾ ਹੈ ਅਤੇ ਇਹ ਬੰਦਾ ਪੰਥ ਧ੍ਰੋਹੀ ਹੈ, ਬੱਸ ਇੰਨੇ ਨਾਲ ਹੀ ਉਸ ਸੱਚੇ ਇਨਸਾਨ ਦੇ ਚੁਫੇਰੇ ਮੁਸੀਬਤਾਂ ਦਾ ਹੜ੍ਹ ਆ ਜਾਂਦਾ ਹੈ।

ਦੇਖਿਆ ਜਾਵੇ ਤਾਂ ਕਸੂਰਵਾਰ ਅੱਜ ਸਿੱਖ ਕੌਮ ਹੀ ਹੈ! ਵਿਕਾਊ ਅਤੇ ਖਰੀਦਣ ਵਾਲੇ ਲੋਕਾਂ ਨੂੰ ਛੱਡ ਕੇ ਜੇ ਹਰ ਗੁਰਸਿੱਖ ਮਾਈ ਭਾਈ ਇਹ ਪ੍ਰਣ ਕਰ ਲਵੇ ਕਿ ਅੱਜ ਤੋਂ ਕਿਸੇ ਵੀ ਗੁਰੂਘਰ ਵਿਚ ਇਕ ਵੀ ਪੈਸਾ ਜਾਂ ਪੈਨੀ ਗੋਲਕ ਵਿਚ ਨਹੀਂ ਪਾਉਣੀ ਤਾਂ ਸਾਲਾਂ ਵਿਚ ਨਹੀਂ, ਮਹੀਨਿਆਂ ਵਿਚ ਨਹੀਂ, ਦੇਖਣਾ ਹਫ਼ਤਿਆਂ ਵਿਚ ਹੀ ਸਾਰੇ ਫੈਸਲੇ ਸੰਗਤਾਂ ਦੇ ਸਾਹਮਣੇ ਆ ਸਕਦੇ ਹਨ। ਇਹ ਮੱਸੇ ਰੰਘੜ ਅਤੇ ਮਸੰਦਾਂ ਦੀ ਔਲਾਦ ਵਰਗੇ ਲੀਡਰਾਂ ਨੂੰ ਦੌੜਨ ਲੱਗਿਆਂ ਰਾਹ ਵੀ ਨਹੀਂ ਜੇ ਲੱਭਣੇ। ਜਦ ਗੋਲਕਾਂ ਹੀ ਖਾਲੀ ਰਹਿਣਗੀਆਂ ਤਾਂ ਨਾ ਹੀ ਉਮੀਦਾਵਾਰ ਵਿਕਣਗੇ ਅਤੇ ਨਾ ਹੀ ਬਾਦਲਕੇ ਉਨ੍ਹਾਂ ਨੂੰ ਖਰੀਦ ਸਕਣਗੇ।

ਸੋ, ਗੁਰੂ ਪਿਆਰਿਓ, ਮਾਇਆ ਸਾਡੇ ਸੱਚੇ ਗੁਰੂ ਨੂੰ ਬਿਲਕੁਲ ਨਹੀਂ ਚਾਹੀਦੀ, ਮਾਇਆ ਤਾਂ ਪ੍ਰਬੰਧਕ ਬਣੇ ਬਾਦਲਕਿਆਂ ਨੂੰ ਚਾਹੀਦੀ ਹੈ। ਸੋ, ਸੰਗਤਾਂ ਨੂੰ ਦੋਵੇਂ ਹੱਕ ਜੋੜ ਕੇ ਬੇਨਤੀ ਹੈ ਕਿ ਜੇ ਚਾਹੁੰਦੇ ਹੋ ਕਿ ਸਾਡੇ ਗੁਰੂਘਰ ਸੁਰੱਖਿਅਤ ਅਤੇ ਆਜ਼ਾਦ ਰਹਿਣ ਤਾਂ ਗੁਰੂ ਦਾ ਵਾਸਤਾ ਜੇ! ਚੜ੍ਹਾਵੇ ਚੜ੍ਹਾਉਣੇ ਬੰਦ ਕਰ ਦਿਓ ਅਤੇ ਗੋਲਕਾਂ ਖਾਲੀ ਪਈਆਂ ਰਹਿਣ ਦਿਓ। ਫਿਰ ਦੇਖੋ, ਉਮੀਦਵਾਰ ਕਿਵੇਂ ਖਰੀਦੇ ਜਾਂਦੇ ਨੇ ਅਤੇ ਕੁਰੱਪਟ ਲੋਕ ਚੋਣਾਂ ਕਿਵੇਂ ਲੜਦੇ ਅਤੇ ਜਿੱਤਦੇ ਹਨ? ਮੇਰੀ ਕੌਮ ਦੇ ਪਿਆਰਿਓ, ਉੱਠੋ! ਜਾਗੋ!! ਹੋਰਨਾਂ ਨੂੰ ਵੀ ਜਗਾਵੋ!!! ਕੁਰੱਪਟ ਲੋਕਾਂ ਨੂੰ ਮੂੰਹ ਨਾ ਲਾਵੋ। ਜੇ ਤੁਸੀਂ ਹੁਣ ਵੀ ਇਨ੍ਹਾਂ ਨੂੰ ਅਪਨਾ ਲਿਆ ਤਾਂ ਯਾਦ ਰੱਖੋ, ਗੁਰੂ ਤੁਹਾਨੂੰ ਕਦੀ ਵੀ ਨਹੀਂ ਅਪਨਾਵੇਗਾ। ਮੈਂ ਤਾਂ ਗੁਰੂਘਰ ਅਤੇ ਆਪਣੀ ਕੌਮ ਦੀ ਚੌਕੀਦਾਰ ਹਾਂ। ਮੇਰਾ ਕੰਮ ਹੈ ਤੁਹਾਨੂੰ ਜਗਾਉਣਾ। ਮੇਰੀ ਆਵਾਜ਼ ਸੁਣੋ ਤੇ ਆਪਣੇ ਫ਼ਰਜ਼ ਪਛਾਣੋ!

# ਮਲਬੇ ਦਾ ਮਾਲਕ

***ਹਿੰਦੀ ਕਹਾਣੀਕਾਰ ਮੋਹਨ ਰਾਕੇਸ਼ ਦੀ ਇਹ ਕਹਾਣੀ ਦੇਸ਼ ਵੰਡ ਦੇ ਦੁਖਾਂਤ ਨੂੰ ਬਿਆਨਦੀ ਹੈ। ਪੰਜਾਬੀਆਂ ਨੇ ਇਸ ਦੁਖਾਂਤ ਦਾ ਦੂਹਰਾ-ਤੀਹਰਾ ਦਰਦ ਹੰਢਾਇਆ ਹੈ। ਇਹ ਦਰਦ ਹੌਲੀ ਹੌਲੀ ਫੈਲਦਾ ਫੈਲਦਾ ਅੰਬਰ ਜਿੱਡਾ ਹੋ ਜਾਂਦਾ ਹੈ ਅਤੇ ਬੀਤ ਰਹੇ ਪਲਾਂ ਨੂੰ ਬਹੁਤ ਬੋਝਲ ਕਰ ਦਿੰਦਾ ਹੈ; ਇੰਨੇ ਬੋਝਲ ਕਿ ਇਕ ਵਾਰ ਤਾਂ ਵਕਤ ਵੀ ਠਹਿਰ ਗਿਆ ਜਾਪਦਾ ਹੈ। ਵੰਡ ਤੋਂ ਕਈ ਸਾਲ ਬਾਅਦ ਪਾਕਿਸਤਾਨ ਤੋਂ ਭਾਰਤ 'ਆਪਣਿਆਂ' ਨੂੰ ਮਿਲਣ ਅਤੇ 'ਆਪਣਾ' ਘਰ ਦੇਖਣ ਆਇਆ ਬਜ਼ੁਰਗ ਜਿਸ ਗੁਆਂਢੀ ਪਹਿਲਵਾਨ ਨੂੰ ਇੰਨੀ ਅਪਣੱਤ ਨਾਲ ਮਿਲ ਰਿਹਾ ਹੈ, ਉਹ ਹੀ ਤਾਂ ਉਸ ਦੇ ਜਵਾਨ ਪੁੱਤ ਦਾ ਕਾਤਲ ਹੈ। ਇਸ ਕਹਾਣੀ ਵਿਚ ਮਨੁੱਖੀ ਮਨ ਦੀਆਂ ਉਨ੍ਹਾਂ ਵੱਖ ਵੱਖ ਪਰਤਾਂ ਦੀ ਗੱਲ ਕੀਤੀ ਗਈ ਹੈ ਜਿਹੜੀਆਂ ਕੁਝ ਖਾਸ ਵਕਤਾਂ ਵਿਚ ਹੀ ਖੁੱਲ੍ਹਦੀਆਂ ਹਨ। -ਸੰਪਾਦਕ***

## ਹਿੰਦੀ ਕਹਾਣੀ



**ਮੋਹਨ ਰਾਕੇਸ਼**

ਪੂਰੇ ਸਾਢੇ ਸੱਤ ਵਰ੍ਹਿਆਂ ਬਾਅਦ ਉਹ ਅੰਮ੍ਰਿਤਸਰ ਆਏ ਸਨ। ਹਾਕੀ ਦਾ ਮੈਚ ਦੇਖਣਾ ਤਾਂ ਐਵੇਂ ਬਹਾਨਾ ਹੀ ਸੀ। ਉਨ੍ਹਾਂ ਨੂੰ ਜ਼ਿਆਦਾ ਚਾਅ ਤਾਂ ਉਨ੍ਹਾਂ ਘਰਾਂ ਅਤੇ ਬਾਜ਼ਾਰਾਂ ਨੂੰ ਮੁੜ ਦੇਖਣ ਦਾ ਸੀ ਜਿਹੜੇ ਸਾਢੇ ਸੱਤ ਵਰ੍ਹੇ ਪਹਿਲਾਂ ਉਨ੍ਹਾਂ ਲਈ ਬੇਗਾਨੇ ਹੋ ਗਏ ਸਨ। ਹਰ ਸੜਕ 'ਤੇ ਮੁਸਲਮਾਨਾਂ ਦੀ ਕੋਈ ਨਾ ਕੋਈ ਟੋਲੀ ਘੁੰਮਦੀ ਫਿਰਦੀ ਨਜ਼ਰ ਆ ਰਹੀ ਸੀ। ਉਨ੍ਹਾਂ ਦੀਆਂ ਨਜ਼ਰਾਂ ਹਰ ਚੀਜ਼ ਨੂੰ ਬੜੀ ਉਤਸੁਕਤਾ ਨਾਲ ਨਿਹਾਰ ਰਹੀਆਂ ਸਨ, ਜਿਵੇਂ ਇਹ ਸ਼ਹਿਰ ਕੋਈ ਆਮ ਸ਼ਹਿਰ ਨਾ ਹੋ ਕੇ ਖਾਸ ਸ਼ਹਿਰ ਹੋਵੇ।

ਭੀੜੇ ਬਾਜ਼ਾਰਾਂ ਵਿਚੋਂ ਲੰਘਦਿਆਂ ਉਹ ਇਕ ਦੂਜੇ ਨਾਲ ਪੁਰਾਣੇ ਦਿਨਾਂ ਨੂੰ ਯਾਦ ਕਰ ਰਹੇ ਸਨ, "ਦੇਖ ਫਤੂ ਦੀਨਾ, ਮਿਸ਼ਰੀ ਬਾਜ਼ਾਰ ਵਿਚ ਹੁਣ ਮਿਸ਼ਰੀ ਦੀਆਂ ਦੁਕਾਨਾਂ ਕਿੰਨੀਆਂ ਥੋੜ੍ਹੀਆਂ ਰਹਿ ਗਈਆਂ ਨੇ... ਉਸ ਨੁੱਕਰ ਵਿਚ ਸੁੱਖੀ ਭਠਿਆਰਨ ਦੀ ਭੱਠੀ ਹੁੰਦੀ ਸੀ ਜਿੱਥੇ ਉਹ ਪਾਨਾਂ ਵਾਲਾ ਬੈਠਾ ਏ...ਏਧਰ ਲੂਣ ਮੰਡੀ ਦੇਖ ਲਓ, ਖਾਨ ਸਾਹਿਬ! ਉਥੋਂ ਦੀ ਇਕ-ਇਕ ਲਾਲੀ ਏਨੀ ਨਮਕੀਨ ਹੁੰਦੀ ਸੀ ਕਿ...।"

ਬੜੇ ਦਿਨਾਂ ਬਾਅਦ ਬਾਜ਼ਾਰਾਂ ਵਿਚ ਤੁਰਲੇਦਾਰ ਪੱਗਾਂ ਅਤੇ ਲਾਲ ਤੁਰਕੀ ਟੋਪੀਆਂ ਨਜ਼ਰ ਆ ਰਹੀਆਂ ਸਨ। ਲਾਹੌਰ ਤੋਂ ਆਏ ਮੁਸਲਮਾਨਾਂ ਵਿਚੋਂ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਸੀ ਜਿਨ੍ਹਾਂ ਨੂੰ ਵੰਡ ਕਾਰਨ ਮਜਬੂਰ ਹੋ ਕੇ ਅੰਮ੍ਰਿਤਸਰ ਛੱਡਣਾ ਪਿਆ। ਸਾਢੇ ਸੱਤ ਵਰ੍ਹਿਆਂ ਵਿਚ ਆਈਆਂ ਤਬਦੀਲੀਆਂ ਦੇਖ ਕੇ ਕਿਤੇ ਤਾਂ ਉਨ੍ਹਾਂ ਦੀਆਂ ਅੱਖਾਂ ਵਿਚ ਹੈਰਾਨੀ ਝਲਕਦੀ, ਤੇ ਕਿਤੇ ਉਨ੍ਹਾਂ ਨੂੰ ਵਿਗੋਚਾ ਵੀ ਹੁੰਦਾ, "ਵਾਹ ਕਟੜਾ ਜੈਮਲ ਸਿੰਘ ਏਨਾ ਚੌੜਾ ਕਿਵੇਂ ਹੋ ਗਿਆ? ਇਸ ਪਾਸੇ ਸਾਰੇ ਘਰ ਸੜ ਗਏ?... ਏਥੇ ਹਕੀਮ ਆਸਿਫ਼ ਅਲੀ ਦੀ ਦੁਕਾਨ ਹੁੰਦੀ ਸੀ ਨਾ। ਉਹ ਹੁਣ ਕਿਸੇ ਮੋਚੀ ਦੇ ਕਬਜ਼ੇ ਵਿਚ ਸੀ।"

ਤੇ ਕਿਤੇ-ਕਿਤੇ ਅਜਿਹੇ ਬੋਲ ਵੀ ਸੁਣਾਈ ਦਿੰਦੇ, "ਵਲੀ, ਇਹ ਮਸਜਿਦ ਜਿਉਂ ਦੀ ਤਿਉਂ ਖੜ੍ਹੀ ਹੈ। ਇਨ੍ਹਾਂ ਇੱਥੇ ਗੁਰਦੁਆਰਾ ਨਹੀਂ ਬਣਾਇਆ?"

ਜਿਹੜੇ ਰਸਤਿਓਂ ਪਾਕਿਸਤਾਨੀਆਂ ਦੀਆਂ ਟੋਲੀਆਂ ਲੰਘਦੀਆਂ, ਸ਼ਹਿਰ ਦੇ ਲੋਕ ਬੜੀ ਹੈਰਾਨੀ ਨਾਲ ਉਨ੍ਹਾਂ ਨੂੰ ਦੇਖਦੇ। ਕੁਝ ਲੋਕ ਅਜੇ ਵੀ ਮੁਸਲਮਾਨਾਂ ਨੂੰ ਆਉਂਦਿਆਂ ਦੇਖ ਕੇ ਸ਼ੱਕ ਜਿਹੇ ਨਾਲ ਪਾਸੇ ਹੋ ਜਾਂਦੇ; ਕੁਝ ਅੱਗੇ ਹੋ ਕੇ ਉਨ੍ਹਾਂ ਨੂੰ ਜੱਫੀਆਂ ਪਾ ਕੇ ਖ਼ੈਰ ਸੁੱਖ ਪੁੱਛਦੇ। ਆਮ ਤੌਰ 'ਤੇ ਮਿਲਣ ਵਾਲਿਆਂ ਨੂੰ ਉਹ ਅਜਿਹੇ ਸੁਆਲ ਪੁੱਛਦੇ ਕਿ ਅੱਜ ਕੱਲ੍ਹ ਲਾਹੌਰ ਦਾ ਕੀ ਹਾਲ ਏ? ਅਨਾਰਕਲੀ ਵਿਚ ਹੁਣ ਵੀ ਪਹਿਲਾਂ ਵਰਗੀ ਰੌਣਕ ਹੁੰਦੀ ਏ? ਸੁਣਿਐ ਸ਼ਾਹਆਲਮੀ ਗੇਟ ਵਾਲਾ ਬਾਜ਼ਾਰ ਬਿਲਕੁਲ ਨਵਾਂ ਬਣ ਗਿਆ ਏ? ਕ੍ਰਿਸ਼ਨ ਨਗਰ ਤਾਂ ਕੋਈ ਖਾਸ ਨਹੀਂ ਬਦਲਿਆ, ਉਥੋਂ ਦਾ ਰਿਸ਼ਵਤਪੁਰਾ ਕੀ ਰਿਸ਼ਵਤ ਦੇ ਪੈਸੇ ਨਾਲ ਬਣਿਆ ਏ? ਕਹਿੰਦੇ ਨੇ ਪਾਕਿਸਤਾਨ 'ਚ ਹੁਣ ਬੁਰਕਾ ਬਿਲਕੁਲ ਉਡ ਗਿਆ ਏ? ਇਹ ਸਹੀ ਏ ਭਲਾ? ਇਨ੍ਹਾਂ ਸੁਆਲਾਂ ਵਿਚੋਂ ਏਨਾ ਆਪਣਾਪਨ ਝਲਕਦਾ ਸੀ ਕਿ ਜਾਪਦਾ ਸੀ ਲਾਹੌਰ ਕੋਈ ਸ਼ਹਿਰ ਨਾ ਹੋ ਕੇ ਹਜ਼ਾਰਾਂ ਲੋਕਾਂ ਦਾ ਸਕਾ-ਸਬੰਧੀ ਹੋਵੇ ਜਿਸ ਬਾਰੇ ਜਾਣਨ ਲਈ ਸਾਰੇ ਉਤਸੁਕ ਨਜ਼ਰ ਆ ਰਹੇ ਸਨ। ਲਾਹੌਰ ਤੋਂ ਆਏ ਲੋਕ ਉਸ ਦਿਨ ਸ਼ਹਿਰ ਦੇ ਮਹਿਮਾਨ ਸਨ ਜਿਨ੍ਹਾਂ ਨੂੰ ਮਿਲ ਕੇ ਅਤੇ ਗੱਲਾਂ ਕਰ ਕੇ ਲੋਕਾਂ ਨੂੰ ਆਪਮੁਹਾਰੀ ਖੁਸ਼ੀ ਹੋ ਰਹੀ ਸੀ।

ਅੰਮ੍ਰਿਤਸਰ ਦਾ ਬਾਂਸਾਂ ਵਾਲਾ ਬਾਜ਼ਾਰ ਅਣਗੌਲਿਆ ਜਿਹਾ ਬਾਜ਼ਾਰ ਹੈ ਜਿੱਥੇ ਵੰਡ ਤੋਂ ਪਹਿਲਾਂ ਜ਼ਿਆਦਾਤਰ ਗ਼ਰੀਬ ਮੁਸਲਮਾਨ ਵਸਦੇ ਸਨ। ਉਥੇ ਬਾਂਸਾਂ ਅਤੇ ਸ਼ਤੀਰੀਆਂ ਦੀਆਂ ਦੁਕਾਨਾਂ ਹੁੰਦੀਆਂ ਸਨ। ਇਹ ਸਾਰੀਆਂ ਇਕ-ਇਕ ਕਰ ਕੇ ਸੜ ਗਈਆਂ ਸਨ। ਬਾਜ਼ਾਰ ਬਾਂਸਾਂ ਦੀ ਅੱਗ ਅੰਮ੍ਰਿਤਸਰ ਦੀ ਸਭ ਤੋਂ ਭਿਆਨਕ ਅੱਗ ਸੀ ਜਿਸ ਨਾਲ ਇਕ ਵਾਰ ਤਾਂ ਸਾਰਾ ਸ਼ਹਿਰ ਸੜਨ ਦਾ ਖ਼ਤਰਾ ਪੈਦਾ ਹੋ ਗਿਆ ਸੀ। ਬਾਜ਼ਾਰ ਬਾਂਸਾਂ ਦੇ ਆਲੇ-ਦੁਆਲੇ ਦੇ ਕਈ ਮੁਹੱਲੇ ਉਸ ਅੱਗ ਦੀ ਲਪੇਟ ਵਿਚ ਆ ਗਏ ਸਨ। ਖ਼ੈਰ! ਕਿਸੇ ਤਰ੍ਹਾਂ ਅੱਗ ਕਾਬੂ ਵਿਚ ਤਾਂ ਆ ਗਈ ਪਰ ਉਸ ਵਿਚ ਮੁਸਲਮਾਨਾਂ ਦੇ ਇਕ-ਇਕ ਘਰ ਨਾਲ ਹਿੰਦੂਆਂ ਦੇ ਵੀ ਚਾਰ-ਚਾਰ ਛੇ-ਛੇ ਘਰ ਸੜ ਕੇ ਸੁਆਹ ਹੋ ਗਏ। ਹੁਣ ਸਾਢੇ ਸੱਤ ਵਰ੍ਹਿਆਂ ਵਿਚ ਉਨ੍ਹਾਂ ਵਿਚੋਂ ਕਈ ਥਾਂਵਾਂ 'ਤੇ ਨਵੀਆਂ ਇਮਾਰਤਾਂ ਬਣ ਗਈਆਂ ਸਨ ਪਰ ਥਾਂ-ਥਾਂ ਮਲਬੇ ਦੇ ਢੇਰ ਅਜੇ ਵੀ ਨਜ਼ਰ ਆ ਰਹੇ ਸਨ। ਨਵੀਆਂ ਇਮਾਰਤਾਂ ਵਿਚ ਕਿਤੇ-ਕਿਤੇ ਲੱਗੇ ਮਲਬੇ ਦੇ ਢੇਰ ਬੜੇ ਅਜੀਬ ਜਿਹੇ ਦ੍ਰਿਸ਼ ਪੇਸ਼ ਕਰ ਰਹੇ ਸਨ।

ਬਾਜ਼ਾਰਾਂ ਬਾਂਸਾਂ ਵਿਚ ਉਸ ਦਿਨ ਵੀ ਬੜੀ ਚਹਿਲ-ਪਹਿਲ ਸੀ। ਉਸ ਬਾਜ਼ਾਰ ਦੇ ਜ਼ਿਆਦਾਤਰ ਬਾਸ਼ਿੰਦੇ ਤਾਂ ਆਪਣੇ ਘਰਾਂ ਨਾਲ ਹੀ ਸ਼ਹੀਦ ਹੋ ਗਏ ਸਨ, ਤੇ ਜਿਹੜੇ ਬਚ ਕੇ ਚਲੇ ਗਏ ਸਨ, ਉਨ੍ਹਾਂ ਵਿਚ ਸ਼ਾਇਦ ਹੀ ਪਰਤਣ ਦੀ ਹਿੰਮਤ ਰਹਿ ਗਈ ਸੀ। ਸਿਰਫ਼ ਇਕ ਦੁਬਲਾ ਪਤਲਾ ਬੁੱਢਾ ਮੁਸਲਮਾਨ ਹੀ ਉਸ ਉਜੜੇ ਬਾਜ਼ਾਰ ਵਿਚ ਆਇਆ ਅਤੇ ਉਥੋਂ ਦੀਆਂ ਨਵੀਆਂ ਅਤੇ ਸੜੀਆਂ ਇਮਾਰਤਾਂ ਨੂੰ ਦੇਖ ਕੇ ਜਿਵੇਂ ਕਿਸੇ ਭੁੱਲ-ਭੁਲੱਈਆ ਵਿਚ ਫਸ ਗਿਆ ਹੋਵੇ। ਖੱਬੇ ਪਾਸੇ ਮੁੜਦੀ ਗਲੀ ਕੋਲ ਪਹੁੰਚ ਕੇ ਉਹਦੇ ਪੈਰ ਅੰਦਰ ਵੱਲ ਮੁੜਨ ਲੱਗੇ ਪਰ ਫਿਰ ਉਹ ਘਬਰਾ ਕੇ ਬਾਹਰ ਹੀ ਖੜ੍ਹਾ ਰਿਹਾ ਜਿਵੇਂ ਉਹਨੂੰ ਯਕੀਨ ਨਾ ਆਇਆ ਹੋਵੇ ਕਿ ਇਹ ਉਹੋ ਗਲੀ ਹੈ ਜਾਂ ਕੋਈ ਹੋਰ ਜਿਸ ਵਿਚ ਉਹ ਜਾਣਾ ਚਾਹੁੰਦਾ ਹੈ। ਗਲੀ ਵਿਚ ਇਕ ਪਾਸੇ ਕੁਝ ਬੱਚੇ ਕੀੜੀ-ਕਾਢਾ ਖੇਡ ਰਹੇ ਸਨ, ਤੇ ਪਰ੍ਹਾਂ ਖੜ੍ਹੀਆਂ ਦੋ ਔਰਤਾਂ ਉਚੀ-ਉਚੀ ਆਵਾਜ਼ ਵਿਚ ਲੜਦੀਆਂ ਇਕ-ਦੂਜੀ ਨੂੰ ਗਾਲ੍ਹਾਂ ਕੱਢ ਰਹੀਆਂ ਸਨ।

"ਸਭ ਕੁਝ ਬਦਲ ਗਿਆ ਪਰ ਬੋਲੀਆਂ ਨਹੀਂ ਬਦਲੀਆਂ!" ਬੁੱਢੇ ਮੁਸਲਮਾਨ ਨੇ ਹੌਲੀ ਜਿਹੀ ਆਪਣੇ ਆਪ ਨੂੰ ਕਿਹਾ ਅਤੇ ਸੋਟੀ ਦੇ ਸਹਾਰੇ ਖੜ੍ਹਾ ਰਿਹਾ। ਉਹਦੇ ਗੋਡੇ ਪਜਾਮੇ ਵਿਚੋਂ ਬਾਹਰ ਨਿਕਲੇ ਹੋਏ ਸਨ, ਤੇ ਗੋਡਿਆਂ ਤੋਂ ਥੋੜ੍ਹੀ ਉਪਰ ਪਾਈ ਸ਼ੇਰਵਾਨੀ 'ਤੇ ਦੋ-ਤਿੰਨ ਟਾਕੀਆਂ ਲੱਗੀਆਂ ਨਜ਼ਰ ਆ ਰਹੀਆਂ ਸਨ। ਗਲੀ ਵਿਚੋਂ ਇਕ ਬੱਚਾ ਰੋਂਦਾ ਹੋਇਆ ਬਾਹਰ ਆਇਆ। ਉਹਨੇ ਉਸ ਨੂੰ ਪੁਚਕਾਰਦੇ ਹੋਏ ਕਿਹਾ, "ਏਧਰ ਆ ਬੇਟਾ, ਆ ਜਾ ਤੈਨੂੰ ਚੀਜੀ ਦਿਆਂਗਾ।" ਉਹ ਆਪਣੀ ਜੇਬ ਵਿਚ ਹੱਥ ਮਾਰ ਕੇ ਕੋਈ ਚੀਜ਼ ਲੱਭਣ ਲੱਗਾ। ਬੱਚਾ ਇਕ ਪਲ ਲਈ ਚੁੱਪ ਹੋ ਗਿਆ ਪਰ ਫਿਰ ਬੁੱਲ੍ਹ ਮਰੋੜ ਕੇ ਰੋਣ ਲੱਗਾ। ਏਨੇ ਨੂੰ ਸੋਲਾਂ ਸਤਾਰਾਂ ਵਰ੍ਹਿਆਂ ਦੀ ਕੁੜੀ ਗਲੀ ਵਿਚੋਂ ਦੌੜਦੀ ਹੋਈ ਆਈ, ਤੇ ਬੱਚੇ ਨੂੰ ਬਾਂਹ ਤੋਂ ਫੜ ਘੜੀਸਦੀ ਹੋਈ ਗਲੀ ਅੰਦਰ ਲੈ ਗਈ। ਬੱਚਾ ਰੋਂਦਾ ਹੋਇਆ ਆਪਣੀ ਬਾਂਹ ਛੁਡਾਉਣ ਦੀ ਜ਼ਿੱਦ ਕਰ ਰਿਹਾ ਸੀ। ਕੁੜੀ ਨੇ ਉਹਨੂੰ ਗੋਦੀ ਚੁੱਕ ਕੇ ਆਪਣੇ ਨਾਲ ਲਾ ਲਿਆ, ਤੇ ਉਹਦਾ ਮੂੰਹ ਚੁੰਮਦੀ ਹੋਈ ਕਹਿਣ ਲੱਗੀ, "ਚੁੱਪ ਕਰ ਜਾ ਮੇਰਾ ਵੀਰ। ਰੋਏਂਗਾ ਤਾਂ ਤੈਨੂੰ ਉਹ ਮੁਸਲਮਾਨ ਫੜ ਕੇ ਲੈ ਜਾਏਗਾ। ਚੁੱਪ ਕਰ ਜਾ, ਮੈਂ ਵਾਰੀ ਜਾਵਾਂ ਵੀਰਾ!"

ਬੁੱਢੇ ਮੁਸਲਮਾਨ ਨੇ ਬੱਚੇ ਨੂੰ ਦੇਣ ਲਈ ਜਿਹੜਾ ਪੈਸਾ ਕੱਢਿਆ ਸੀ, ਉਹ ਵਾਪਸ ਜੇਬ ਵਿਚ ਪਾ ਲਿਆ। ਸਿਰ ਤੋਂ ਟੋਪੀ ਲਾਹ ਕੇ ਸਿਰ ਖੁਰਕਿਆ ਤੇ ਟੋਪੀ ਕੱਛੇ ਮਾਰ ਲਈ। ਉਹਦਾ ਗਲਾ ਸੁੱਕ ਗਿਆ ਅਤੇ ਗੋਡੇ ਕੰਬਣ ਲੱਗ ਪਏ। ਉਹਨੇ ਗਲੀ ਦੇ ਬਾਹਰ ਦੀ ਬੰਦ ਦੁਕਾਨ ਦੇ ਬੂਹੇ ਦਾ ਸਹਾਰਾ ਲੈ ਲਿਆ ਤੇ ਸਿਰ 'ਤੇ ਟੋਪੀ ਪਾ ਲਈ। ਗਲੀ ਦੇ ਸਾਹਮਣੇ ਜਿੱਥੇ ਵੱਡੀਆਂ ਵੱਡੀਆਂ ਸ਼ਤੀਰੀਆਂ ਪਈਆਂ ਹੁੰਦੀਆਂ ਸਨ, ਉਥੇ ਹੁਣ ਤਿਮੰਜ਼ਿਲਾ ਮਕਾਨ ਉਸਰ ਗਿਆ ਸੀ। ਸਾਹਮਣੇ ਬਿਜਲੀ ਦੀ ਤਾਰ 'ਤੇ ਦੋ ਮੋਟੀਆਂ-ਮੋਟੀਆਂ ਇੱਲਾਂ ਚੁੱਪਚਾਪ ਬੈਠੀਆਂ ਹੋਈਆਂ ਸਨ। ਬਿਜਲੀ ਦੇ ਖੰਬੇ ਕੋਲ ਥੋੜ੍ਹੀ ਜਿਹੀ ਧੁੱਪ ਸੀ। ਉਹ ਕੁਝ ਪਲ ਧੁੱਪ ਵਿਚ ਉਡਦੇ ਮਹੀਨ ਜ਼ੱਰਿਆਂ ਨੂੰ ਦੇਖਦਾ ਰਿਹਾ। ਫਿਰ ਉਹਦੇ ਮੂੰਹੋਂ ਨਿਕਲਿਆ, "ਹੇ ਰੱਬਾ!"

ਇਕ ਨੌਜਵਾਨ ਚਾਬੀਆਂ ਦਾ ਗੁੱਛਾ ਘੁਮਾਉਂਦਾ ਹੋਇਆ ਗਲੀ ਵੱਲ ਆਇਆ ਤੇ ਬੁੱਢੇ ਨੂੰ ਉਥੇ ਖੜ੍ਹੇ ਦੇਖ ਕੇ ਪੁੱਛਿਆ, "ਕੀ ਗੱਲ ਮੀਆਂ ਜੀ ਇੱਥੇ ਕਿਵੇਂ ਖੜ੍ਹੇ ਓ?"

ਬੁੱਢੇ ਮੁਸਲਮਾਨ ਦੀ ਛਾਤੀ ਅਤੇ ਬਾਹਾਂ ਵਿਚ ਹਲਕੀ ਜਿਹੀ ਕੰਬਣੀ ਹੋਈ ਤੇ ਉਹਨੇ ਬੁੱਲ੍ਹਾਂ 'ਤੇ ਜੀਭ ਫੇਰਦੇ ਹੋਏ ਨੌਜਵਾਨ ਨੂੰ ਧਿਆਨ ਨਾਲ ਦੇਖਦਿਆਂ ਪੁੱਛਿਆ, "ਬੇਟੇ ਤੂੰ ਮਨੋਹਰੀ ਏਂ?"

ਨੌਜਵਾਨ ਨੇ ਚਾਬੀਆਂ ਦਾ ਗੁੱਛਾ ਹਿਲਾਉਣਾ ਬੰਦ ਕਰ ਕੇ ਉਨ੍ਹਾਂ ਨੂੰ ਮੁੱਠ ਵਿਚ ਘੁੱਟ ਲਿਆ, ਤੇ ਫਿਰ ਹੈਰਾਨ ਹੁੰਦਿਆਂ ਪੁੱਛਿਆ, "ਤੁਸੀਂ ਮੇਰਾ ਨਾਂ ਕਿਵੇਂ ਜਾਣਦੇ ਹੋ?"

"ਸਾਢੇ ਸੱਤ ਵਰ੍ਹੇ ਪਹਿਲਾਂ ਬੇਟੇ ਤੂੰ ਏਨਾ ਨਿੱਕਾ ਜਿਹਾ ਸੀ।" ਕਹਿ ਕੇ ਬੁੱਢੇ ਨੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ।

"ਤੁਸੀਂ ਅੱਜ ਪਾਕਿਸਤਾਨ ਤੋਂ ਆਏ ਹੋ?" ਮਨੋਹਰੀ ਨੇ ਪੁੱਛਿਆ।

"ਹਾਂ, ਪਰ ਪਹਿਲਾਂ ਅਸੀਂ ਇਸੇ ਗਲੀ ਵਿਚ ਰਹਿੰਦੇ ਸਾਂ।" ਬੁੱਢੇ ਨੇ ਕਿਹਾ, "ਮੇਰਾ ਬੇਟਾ ਚਿਰਾਗਦੀਨ ਤੁਹਾਡਾ ਦਰਜੀ ਹੁੰਦਾ ਸੀ। ਵੰਡ ਤੋਂ ਛੇ ਮਹੀਨੇ ਪਹਿਲਾਂ ਅਸੀਂ ਇੱਥੇ ਆਪਣਾ ਨਵਾਂ ਘਰ ਬਣਾਇਆ ਸੀ।"

"ਓਹ ਗਨੀ ਮੀਆਂ!" ਮਨੋਹਰੀ ਨੇ ਪਛਾਣਦਿਆਂ ਕਿਹਾ।

"ਹਾਂ ਬੇਟੇ, ਮੈਂ ਤੁਹਾਡਾ ਗਨੀ ਮੀਆਂ ਹਾਂ। ਚਿਰਾਗ ਅਤੇ ਉਹਦੇ ਬੀਵੀ ਬੱਚੇ ਤਾਂ ਹੁਣ ਮਿਲ ਨਹੀਂ ਸਕਦੇ ਪਰ ਮੈਂ ਸੋਚਿਆ ਕਿ ਇਕ ਵਾਰ ਆਪਣਾ ਘਰ ਹੀ ਦੇਖ ਲਵਾਂ...।" ਉਹਨੇ ਸਿਰ ਤੋਂ ਟੋਪੀ ਲਾਹ ਕੇ ਸਿਰ 'ਤੇ ਹੱਥ ਫੇਰਦਿਆਂ ਅੱਖਾਂ ਵਿਚ ਡਲ੍ਹਕ ਆਏ ਹੰਝੂਆਂ ਨੂੰ ਰੋਕ ਲਿਆ।

"ਤੁਸੀਂ ਤਾਂ ਸ਼ਾਇਦ ਬਹੁਤ ਪਹਿਲਾਂ ਹੀ ਇੱਥੋਂ ਚਲੇ ਗਏ ਸਓ।" ਮਨੋਹਰੀ ਨੇ ਆਪਣੇ ਬੋਲਾਂ ਵਿਚ ਸੰਵੇਦਨਾ ਭਰਦਿਆਂ ਕਿਹਾ।

"ਹਾਂ ਬੇਟੇ, ਮੇਰੀ ਬਦਕਿਸਮਤੀ ਸੀ ਕਿ ਇਕੱਲਾ ਹੀ ਪਹਿਲਾਂ ਨਿਕਲ ਗਿਆ। ਇੱਥੇ ਰਹਿੰਦਾ ਤਾਂ ਉਨ੍ਹਾਂ ਦੇ ਨਾਲ ਮੈਂ ਵੀ ...।" ਬੋਲਦੇ-ਬੋਲਦੇ ਉਹਨੂੰ ਅਹਿਸਾਸ ਹੋਇਆ ਕਿ ਉਹਨੂੰ ਅਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਉਹਨੇ ਅਗਲੀ ਗੱਲ ਮੂੰਹ ਵਿਚ ਹੀ ਰੋਕ ਲਈ ਪਰ ਅੱਖਾਂ ਵਿਚ ਡਲ੍ਹਕ ਆਏ ਅੱਥਰੂਆਂ ਨੂੰ ਵਗਣ ਦਿੱਤਾ।

"ਛੱਡੋ ਗਨੀ ਮੀਆਂ, ਹੁਣ ਪੁਰਾਣੀਆਂ ਗੱਲਾਂ ਨੂੰ ਫਰੋਲਣ ਦਾ ਕੀ ਫਾਇਦਾ," ਮਨੋਹਰੀ ਨੇ ਗਨੀ ਦੀ ਬਾਂਹ ਫੜਦਿਆਂ ਕਿਹਾ, "ਆਓ ਤੁਹਾਨੂੰ ਤੁਹਾਡਾ ਘਰ ਦਿਖਾ ਦਿਆਂ।"

ਗਲੀ ਵਿਚ ਇਹ ਗੱਲ ਇੰਜ ਫੈਲੀ ਕਿ ਬਾਹਰ ਇਕ ਮੁਸਲਮਾਨ ਖੜ੍ਹਾ ਹੈ ਜੋ ਰਾਮਦਾਸੀ ਦੇ ਮੁੰਡੇ ਨੂੰ ਚੁੱਕ ਕੇ ਲੈ ਚੱਲਿਆ ਸੀ...ਉਹਦੀ ਭੈਣ ਉਹਨੂੰ ਘਸੀਟ ਲਿਆਈ। ਨਹੀਂ ਤਾਂ ਮੁਸਲਮਾਨ ਉਹਨੂੰ ਚੁੱਕ ਕੇ ਲੈ ਗਿਆ ਹੁੰਦਾ। ਇਹ ਖ਼ਬਰ ਸੁਣਦਿਆਂ ਹੀ ਜਿਹੜੀਆਂ ਜਨਾਨੀਆਂ ਗਲੀ ਵਿਚ ਪੀੜ੍ਹੀਆਂ ਡਾਹ ਕੇ ਬੈਠੀਆਂ ਸਨ, ਆਪਣੀਆਂ-ਆਪਣੀਆਂ ਪੀੜ੍ਹੀਆਂ ਚੁੱਕ ਕੇ ਘਰਾਂ ਅੰਦਰ ਵੜ ਗਈਆਂ। ਗਲੀ ਵਿਚ ਖੇਡਦੇ ਬੱਚਿਆਂ ਨੂੰ ਵੀ ਉਨ੍ਹਾਂ ਨੇ ਆਵਾਜ਼ਾਂ ਮਾਰ-ਮਾਰ ਕੇ ਘਰਾਂ ਅੰਦਰ ਵਾੜ ਲਿਆ। ਮਨੋਹਰੀ ਜਦੋਂ ਗਨੀ ਨੂੰ ਲੈ ਕੇ ਗਲੀ ਵਿਚ ਆਇਆ ਤਾਂ ਗਲੀ ਵਿਚ ਸਿਰਫ਼ ਇਕ ਰੇਹੜੀ ਵਾਲਾ ਹੀ ਨਜ਼ਰ ਆ ਰਿਹਾ ਸੀ ਜਾਂ ਪਿੱਪਲ ਵਾਲੇ ਖੂਹ ਕੋਲ ਰੱਖਾ ਭਲਵਾਨ ਪਸਰ ਕੇ ਸੁੱਤਾ ਨਜ਼ਰ ਆ ਰਿਹਾ ਸੀ। ਘਰਾਂ ਦੀਆਂ ਬਾਰੀਆਂ ਅਤੇ ਬੂਹਿਆਂ ਪਿੱਛੋਂ ਕਈ ਚਿਹਰੇ ਬਾਹਰ ਵੱਲ ਝਾਕ ਰਹੇ ਸਨ। ਗਨੀ ਨੂੰ ਗਲੀ ਵਿਚ ਆਉਂਦਿਆਂ ਦੇਖ ਕੇ ਉਨ੍ਹਾਂ ਵਿਚ ਵਿਚਾਰਗੋਈਆਂ ਸ਼ੁਰੂ ਹੋ ਗਈਆਂ। ਸਾਰੀ ਦਾੜ੍ਹੀ ਚਿੱਟੀ ਹੋ ਜਾਣ ਦੇ ਬਾਵਜੂਦ ਲੋਕਾਂ ਨੇ ਚਿਰਾਗਦੀਨ ਦੇ ਪਿਓ ਅਬਦੁਲ ਗਨੀ ਨੂੰ ਪਛਾਣ ਲਿਆ ਸੀ।

"ਇੱਥੇ ਤੁਹਾਡਾ ਘਰ ਹੁੰਦਾ ਸੀ।" ਮਨੋਹਰੀ ਨੇ ਦੂਰੋਂ ਹੀ ਮਲਬੇ ਦੇ ਇਕ ਢੇਰ ਵੱਲ ਇਸ਼ਾਰਾ ਕਰਦਿਆਂ ਕਿਹਾ। ਗਨੀ ਇਕ ਪਲ ਲਈ ਤਾਂ ਠਿਠਕ ਕੇ ਪਾਟੀਆਂ ਨਜ਼ਰਾਂ ਨਾਲ ਓਧਰ ਦੇਖਦਾ ਰਿਹਾ। ਚਿਰਾਗ ਅਤੇ ਉਹਦੇ ਬੀਵੀ ਬੱਚਿਆਂ ਦੀ ਮੌਤ ਨੂੰ ਉਹ ਕਾਫ਼ੀ ਅਰਸਾ ਪਹਿਲਾਂ ਸਵੀਕਾਰ ਚੁੱਕਾ ਸੀ ਪਰ ਆਪਣੇ ਘਰ ਨੂੰ ਇਸ ਰੂਪ ਵਿਚ ਦੇਖ ਕੇ ਉਹਨੂੰ ਝੁਣਝੁਣੀ ਜਿਹੀ ਆਈ। ਇਹਦੇ ਲਈ ਤਾਂ ਉਹ ਤਿਆਰ ਨਹੀਂ ਸੀ! ਉਹਦਾ ਗਲਾ ਪਹਿਲਾਂ ਨਾਲੋਂ ਵੀ ਜ਼ਿਆਦਾ ਸੁੱਕ ਗਿਆ ਅਤੇ ਗੋਡੇ ਵੀ ਜ਼ਿਆਦਾ ਕੰਬਣ ਲੱਗੇ।

"ਇਹ ਮਲਬਾ?" ਉਹਨੇ ਬੇਵਿਸ਼ਵਾਸੀ ਨਾਲ ਪੁੱਛਿਆ।

ਮਨੋਹਰੀ ਨੇ ਉਹਦੇ ਚਿਹਰੇ ਦਾ ਬਦਲਿਆ ਹੋਇਆ ਰੰਗ ਦੇਖਿਆ। ਉਹਨੇ ਉਹਦੀ ਬਾਂਹ ਨੂੰ ਸਹਾਰਾ ਦਿੰਦੇ ਹੋਏ ਸਹਿਜ ਭਾਵ ਵਿਚ ਉਤਰ ਦਿੱਤਾ, "ਤੁਹਾਡਾ ਘਰ ਉਨ੍ਹਾਂ ਦਿਨਾਂ ਵਿਚ ਹੀ ਸੜ ਗਿਆ ਸੀ।"

ਗਨੀ ਸੋਟੀ ਦੇ ਸਹਾਰੇ ਕਿਸੇ ਤਰ੍ਹਾਂ ਮਲਬੇ ਤਕ ਪਹੁੰਚਿਆ। ਮਲਬੇ ਵਿਚ ਹੁਣ ਮਿੱਟੀ ਹੀ ਮਿੱਟੀ ਸੀ ਜਿਸ ਵਿਚ ਏਧਰ-ਓਧਰ ਸੜੀਆਂ ਹੋਈਆਂ ਇੱਟਾਂ ਫਸੀਆਂ ਹੋਈਆਂ ਸਨ। ਲੋਹੇ ਅਤੇ ਲੱਕੜ ਦਾ ਸਾਮਾਨ ਪਤਾ ਨਹੀਂ ਕਦੋਂ ਕੌਣ ਕੱਢ ਕੇ ਲੈ ਗਿਆ ਸੀ। ਸੜੇ ਹੋਏ ਬੂਹੇ ਦੀ ਚੁਗਾਠ ਪਤਾ ਨਹੀਂ ਕਿਵੇਂ ਬਚੀ ਰਹਿ ਗਈ ਸੀ ਜੋ ਮਲਬੇ ਦੇ ਢੇਰ ਵਿਚੋਂ ਬਾਹਰ ਨਿਕਲੀ ਹੋਈ ਸੀ। ਪਿੱਛੇ ਵੱਲ ਸੜੀਆਂ ਹੋਈਆਂ ਦੋ ਅਲਮਾਰੀਆਂ ਵੀ ਨਜ਼ਰ ਆ ਰਹੀਆਂ ਸਨ। ਜਿਨ੍ਹਾਂ ਦੀ ਕਾਲਖ 'ਤੇ ਹਲਕੀ-ਹਲਕੀ ਚਿਟਿਆਈ ਉਭਰ ਆਈ ਸੀ। ਮਲਬੇ ਦੇ ਨੇੜਿਓਂ ਦੇਖ ਕੇ ਗਨੀ ਨੇ ਕਿਹਾ, "ਇਹ ਰਹਿ ਗਿਆ ਹੈ ਸਿਰਫ਼ ਇਹ?" ਉਹਦੇ ਗੋਡੇ ਜੁਆਬ ਦੇ ਗਏ ਸਨ ਤੇ ਉਹ ਸੜੀ ਹੋਈ ਚੁਗਾਠ ਨੂੰ ਫੜ ਕੇ ਉਥੇ ਹੀ ਬਹਿ ਗਿਆ। ਇਕ ਪਲ ਲਈ ਉਹਦਾ ਸਿਰ ਚੁਗਾਠ ਨਾਲ ਜਾ ਲੱਗਿਆ, ਤੇ ਉਹਦੇ ਮੂੰਹੋਂ ਹੌਲੀ-ਹੌਲੀ ਵਿਲਕਣ ਦੀਆਂ ਆਵਾਜ਼ਾਂ ਆਉਣ ਲੱਗੀਆਂ, "ਹਾਏ ਓਏ! ਚਿਰਾਗਦੀਨਾ!"

ਸੜੇ ਹੋਏ ਬੂਹੇ ਦੀ ਚੁਗਾਠ ਸਾਢੇ ਸੱਤ ਵਰ੍ਹੇ ਮਲਬੇ ਵਿਚੋਂ ਸਿਰ ਕੱਢੀ ਖੜ੍ਹੀ ਤਾਂ ਰਹੀ ਪਰ ਉਹਦੀ ਲੱਕੜ ਪੂਰੀ ਤਰ੍ਹਾਂ ਭੁਰਦੀ ਜਾ ਰਹੀ ਸੀ। ਗਨੀ ਦੇ ਸਿਰ ਦੀ ਛੋਹ ਨਾਲ ਉਹਦੇ ਕਈ ਰੇਸ਼ੇ ਭੁਰ ਕੇ ਖਿੱਲਰ ਗਏ। ਕੁਝ ਰੇਸ਼ੇ ਗਨੀ ਦੀ ਟੋਪੀ ਅਤੇ ਵਾਲਾਂ 'ਤੇ ਆ ਡਿੱਗੇ। ਲੱਕੜ ਦੇ ਰੇਸ਼ਿਆਂ ਨਾਲ ਇਕ ਗੰਡੋਆ ਹੇਠਾਂ ਆ ਡਿੱਗਿਆ ਜੋ ਗਨੀ ਦੇ ਪੈਰਾਂ ਤੋਂ ਸੱਤ ਅੱਠ ਇੰਚ ਦੂਰ ਨਾਲੀ ਦੇ ਨਾਲ ਲੱਗੀਆਂ ਇੱਟਾਂ 'ਤੇ ਰੀਂਗਣ ਲੱਗਾ। ਉਹ ਆਪਣੇ ਲਈ ਕੋਈ ਆਸਰਾ ਲੱਭਣ ਲੱਗਾ। ਕਦੇ ਥੋੜ੍ਹਾ-ਥੋੜ੍ਹਾ ਸਿਰ ਚੁੱਕਦਾ ਪਰ ਇਕ ਦੋ ਵਾਰ ਸਿਰ ਪਟਕ ਕੇ ਫਿਰ ਨਿਰਾਸ਼ ਹੋ ਕੇ ਦੂਜੇ ਪਾਸੇ ਮੁੜ ਜਾਂਦਾ।

ਬਾਰੀਆਂ ਵਿਚੋਂ ਝਾਕਦੇ ਚਿਹਰਿਆਂ ਦੀ ਗਿਣਤੀ ਪਹਿਲਾਂ ਨਾਲੋਂ ਕਿਤੇ ਵਧ ਗਈ ਸੀ। ਉਨ੍ਹਾਂ ਵਿਚ ਵਿਚਾਰਗੋਈਆਂ ਹੋ ਰਹੀਆਂ ਸਨ ਕਿ ਅੱਜ ਜ਼ਰੂਰ ਕੁਝ ਨਾ ਕੁਝ ਹੋਏਗਾ... ਚਿਰਾਗਦੀਨ ਦਾ ਬਾਪ ਗਨੀ ਆ ਗਿਆ ਹੈ। ਇਸ ਲਈ ਸਾਢੇ ਸੱਤ ਵਰ੍ਹੇ ਪਹਿਲਾਂ ਵਾਪਰੀ ਘਟਨਾ ਅੱਜ ਫਿਰ ਖੁੱਲ੍ਹੇਗੀ। ਲੋਕਾਂ ਨੂੰ ਲੱਗ ਰਿਹਾ ਸੀ ਜਿਵੇਂ ਇਹ ਮਲਬਾ ਹੀ ਗਨੀ ਨੂੰ ਸਾਰੀ ਕਹਾਣੀ ਸੁਣਾ ਦੇਏਗਾ ਕਿ ਸ਼ਾਮ ਨੂੰ ਚਿਰਾਗ ਉਪਰ ਵਾਲੇ ਕਮਰੇ ਵਿਚ ਬੈਠਾ ਖਾਣਾ ਖਾ ਰਿਹਾ ਸੀ, ਜਦੋਂ ਰੱਖੇ ਭਲਵਾਨ ਨੇ ਉਸ ਨੂੰ ਹੇਠਾਂ ਸੱਦਿਆ ਕਿ ਉਹ ਇਕ ਮਿੰਟ ਆ ਕੇ ਗੱਲ ਸੁਣ ਜਾਵੇ... ਭਲਵਾਨ ਉਨ੍ਹਾਂ ਦਿਨਾਂ ਵਿਚ ਗਲੀ ਦਾ ਬਾਦਸ਼ਾਹ ਹੁੰਦਾ ਸੀ। ਹਿੰਦੂਆਂ 'ਤੇ ਉਹਦਾ ਕਾਫ਼ੀ ਦਬਦਬਾ ਸੀ। ਚਿਰਾਗ ਤਾਂ ਖ਼ੈਰ ਹੈ ਈ ਮੁਸਲਮਾਨ ਸੀ। ਚਿਰਾਗ ਹੱਥ ਵਿਚਲੀ ਗਰਾਹੀ ਵਿਚੇ ਛੱਡ ਕੇ ਹੇਠਾਂ ਆ ਗਿਆ। ਉਹਦੀ ਬੀਵੀ ਜ਼ੁਬੈਦਾ ਅਤੇ ਦੋਵੇਂ ਕੁੜੀਆਂ ਕਿਸ਼ਵਰ ਅਤੇ ਸੁਲਤਾਨਾ, ਬਾਰੀਆਂ ਵਿਚੋਂ ਹੇਠਾਂ ਦੇਖ ਰਹੀਆਂ ਸਨ। ਚਿਰਾਗ ਨੇ ਡਿਓੜੀ ਵਿਚੋਂ ਬਾਹਰ ਕਦਮ ਰੱਖਿਆ ਹੀ ਸੀ ਕਿ ਭਲਵਾਨ ਨੇ ਉਹਨੂੰ ਕਾਲਰ ਸਮੇਤ ਗਲਿਓਂ ਫੜ ਕੇ ਖਿੱਚਿਆ, ਤੇ ਗਲੀ ਵਿਚ ਸੁੱਟ ਕੇ ਉਹਦੀ ਛਾਤੀ 'ਤੇ ਚੜ੍ਹ ਗਿਆ। ਚਿਰਾਗ ਉਹਦੇ ਛੁਰੇ ਵਾਲੇ ਹੱਥ ਨੂੰ ਫੜੀ ਚੀਕ ਰਿਹਾ ਸੀ, "ਨਾ ਰੱਖੇ ਭਲਵਾਨ, ਮੈਨੂੰ ਨਾ ਮਾਰ। ਹਾਏ ਓਏ ਮੈਨੂੰ ਬਚਾਓ...ਹੈ ਕੋਈ, ਜ਼ੁਬੈਦਾ ਮੈਨੂੰ ਬਚਾ ਲੈ...।" ਉਪਰੋਂ ਜ਼ੁਬੈਦਾ ਚੀਕਦੀ ਹੋਈ ਹੇਠਾਂ ਡਿਓੜੀ ਵੱਲ ਭੱਜੀ। ਰੱਖੇ ਦੇ ਇਕ ਸ਼ਾਗਿਰਦ ਨੇ ਚਿਰਾਗ ਦੀਆਂ ਜੱਦੋ-ਜਹਿਦ ਕਰਦੀਆਂ ਬਾਹਾਂ ਨੂੰ ਕੱਸ ਲਿਆ, ਤੇ ਰੱਖਾ ਉਹਦੇ ਪੱਟਾਂ ਅਤੇ ਗੋਡਿਆਂ ਨੂੰ ਦਬਾਉਂਦਾ ਹੋਇਆ ਬੋਲਿਆ, "ਚੀਕਦਾ ਕਿਉਂ ਏਂ ... ਤੈਨੂੰ ਪਾਕਿਸਤਾਨ ਦੇ ਰਿਹਾਂ, ਲੈ!" ਤੇ ਜ਼ੁਬੈਦਾ ਦੇ ਹੇਠਾਂ ਪਹੁੰਚਣ ਤੋਂ ਪਹਿਲਾਂ ਹੀ ਉਹਨੇ ਚਿਰਾਗ ਨੂੰ ਪਾਕਿਸਤਾਨ ਦੇ ਦਿੱਤਾ।

ਆਲੇ-ਦੁਆਲੇ ਦੀਆਂ ਬਾਰੀਆਂ ਬੰਦ ਹੋ ਗਈਆਂ। ਜਿਹੜੇ ਲੋਕ ਇਸ ਵਾਕੇ ਦੇ ਚਸ਼ਮਦੀਦ ਗਵਾਹ ਸਨ, ਉਨ੍ਹਾਂ ਨੇ ਦਰਵਾਜ਼ੇ ਬੰਦ ਕਰਕੇ ਇਸ ਘਟਨਾ ਦੀ ਜ਼ਿੰਮੇਵਾਰੀ ਤੋਂ ਆਪਣੇ ਆਪ ਨੂੰ ਮੁਕਤ ਕਰ ਲਿਆ। ਬੰਦ ਬੂਹਿਆਂ ਵਿਚੋਂ ਵੀ ਉਨ੍ਹਾਂ ਨੂੰ ਕਈ ਚਿਰ ਤਕ ਜ਼ੁਬੈਦਾ, ਕਿਸ਼ਵਰ ਅਤੇ ਸੁਲਤਾਨਾ ਦੀਆਂ ਚੀਕਾਂ ਸੁਣਦੀਆਂ ਰਹੀਆਂ। ਰੱਖੇ ਭਲਵਾਨ ਅਤੇ ਉਹਦੇ ਬੇਲੀਆਂ ਨੇ ਉਨ੍ਹਾਂ ਨੂੰ ਰਾਤ ਨੂੰ ਪਾਕਿਸਤਾਨ ਦੇ ਕੇ ਵਿਦਾਅ ਕਰ ਦਿੱਤਾ ਪਰ ਦੂਜੇ ਤਰੀਕੇ ਨਾਲ। ਉਨ੍ਹਾਂ ਦੀਆਂ ਲਾਸ਼ਾਂ ਚਿਰਾਗ ਦੇ ਘਰੋਂ ਨਹੀਂ ਸਗੋਂ ਨਹਿਰ ਦੇ ਪਾਣੀ ਵਿਚ ਤਰਦੀਆਂ ਹੋਈਆਂ ਮਿਲੀਆਂ।

ਦੋ ਦਿਨਾਂ ਤੱਕ ਚਿਰਾਗ ਦੇ ਘਰ ਦੀ ਖਾਨਾ-ਤਲਾਸ਼ੀ ਹੁੰਦੀ ਰਹੀ। ਜਦੋਂ ਉਹਦਾ ਸਾਰਾ ਘਰ ਲੁੱਟਿਆ ਜਾ ਚੁੱਕਿਆ ਤਾਂ ਪਤਾ ਨਹੀਂ ਕੀਹਨੇ ਘਰ ਨੂੰ ਅੱਗ ਲਾ ਦਿੱਤੀ। ਰੱਖੇ ਭਲਵਾਨ ਨੇ ਸਹੁੰ ਖਾਧੀ ਸੀ ਕਿ ਉਹ ਅੱਗ ਲਾਉਣ ਵਾਲੇ ਨੂੰ ਜਿਉਂਦਾ ਧਰਤੀ 'ਤੇ ਗੱਡ ਦਏਗਾ ਕਿਉਂਕਿ ਉਹਨੇ ਇਸ ਘਰ 'ਤੇ ਅੱਖ ਰੱਖ ਕੇ ਹੀ ਚਿਰਾਗ ਨੂੰ ਮਾਰਨ ਦਾ ਫ਼ੈਸਲਾ ਕੀਤਾ ਸੀ। ਉਹਨੇ ਤਾਂ ਇਸ ਘਰ ਨੂੰ ਸ਼ੁੱਧ ਕਰਨ ਲਈ ਹਵਨ ਦੀ ਸਮੱਗਰੀ ਤੱਕ ਖਰੀਦੀ ਹੋਈ ਸੀ ਪਰ ਅੱਗ ਲਾਉਣ ਵਾਲੇ ਦਾ ਪਤਾ ਨਹੀਂ ਸੀ ਲੱਗ ਸਕਿਆ। ਇਸ ਕਰਕੇ ਉਹਨੂੰ ਜਿਉਂਦਾ ਧਰਤੀ 'ਚ ਗੱਡਣ ਦੀ ਨੌਬਤ ਨਹੀਂ ਸੀ ਆਈ। ਹੁਣ ਪਿਛਲੇ ਸਾਢੇ ਸੱਤ ਵਰ੍ਹਿਆਂ ਤੋਂ ਰੱਖਾ ਭਲਵਾਨ ਉਸ ਮਲਬੇ ਨੂੰ ਆਪਣੀ ਜਗੀਰ ਸਮਝਦਾ ਆ ਰਿਹਾ ਸੀ; ਜਿੱਥੇ ਉਹ ਨਾ ਤਾਂ ਕਿਸੇ ਨੂੰ ਗਾਂ-ਮੱਝ ਬੰਨ੍ਹਣ ਦਿੰਦਾ ਸੀ, ਤੇ ਨਾ ਕਿਸੇ ਨੂੰ ਢਾਬਾ ਲਾਉਣ ਦਿੰਦਾ। ਉਸ ਮਲਬੇ ਤੋਂ, ਬਿਨਾਂ ਉਹਦੀ ਆਗਿਆ, ਕੋਈ ਇੱਟ ਵੀ ਨਹੀਂ ਸੀ ਚੁੱਕ ਸਕਦਾ।

ਲੋਕਾਂ ਨੂੰ ਉਮੀਦ ਸੀ ਕਿ ਸਾਰੀ ਕਹਾਣੀ ਦਾ ਗਨੀ ਨੂੰ ਕਿਸੇ ਨਾ ਕਿਸੇ ਤਰ੍ਹਾਂ ਪਤਾ ਲੱਗ ਜਾਵੇਗਾ...ਜਿਵੇਂ ਮਲਬਾ ਦੇਖ ਕੇ ਉਸ ਨੂੰ ਆਪਣੇ ਆਪ ਹੀ ਸਾਰੀ ਘਟਨਾ ਦਾ ਪਤਾ ਲੱਗ ਜਾਵੇਗਾ। ਗਨੀ ਮਲਬੇ ਦੀ ਮਿੱਟੀ ਨਹੁੰਆਂ ਨਾਲ ਪੁੱਟ-ਪੁੱਟ ਕੇ ਆਪਣੇ ਉਪਰ ਸੁੱਟ ਰਿਹਾ ਸੀ, ਤੇ ਬੂਹੇ ਦੀ ਚੁਗਾਠ ਨੂੰ ਬਾਂਹ ਵਲਾਈ ਰੋ ਰਿਹਾ ਸੀ, "ਬੋਲ ਚਿਰਾਗਦੀਨਾ ਬੋਲ! ਤੂੰ ਕਿੱਥੇ ਚਲਾ ਗਿਆ ਓਏ! ਓਏ ਕਿਸ਼ਵਰੇ! ਓਏ ਸੁਲਤਾਨਾ। ਹਾਏ ਮੇਰੇ ਬੱਚੇ! ਓਏ...ਗਨੀ ਨੂੰ ਕਿੱਥੇ ਛੱਡ ਗਏ ਓਏ!"

ਭੁਰਭੁਰੀ ਚੁਗਾਠ ਦੇ ਰੇਸ਼ੇ ਝੜਦੇ ਜਾ ਰਹੇ ਸਨ।

ਪਿੱਪਲ ਹੇਠਾਂ ਸੁੱਤੇ ਰੱਖੇ ਭਲਵਾਨ ਨੂੰ ਕਿਸੇ ਨੇ ਜਾ ਜਗਾਇਆ ਜਾਂ ਫਿਰ ਉਹ ਉਂਜ ਹੀ ਉਠ ਗਿਆ; ਇਹ ਸੁਣ ਕੇ ਕਿ ਪਾਕਿਸਤਾਨੋਂ ਅਬਦੁਲ ਗਨੀ ਆਇਆ ਹੈ ਤੇ ਆਪਣੇ ਘਰ ਦੇ ਮਲਬੇ 'ਤੇ ਬੈਠਾ ਹੈ। ਉਹਦੇ ਗਲੇ ਵਿਚ ਥੁੱਕ 'ਕੱਠਾ ਹੋ ਗਿਆ ਜਿਸ ਨਾਲ ਉਹਨੂੰ ਖੰਘ ਜਿਹੀ ਛਿੜ ਗਈ, ਤੇ ਉਹਨੇ ਖੂਹ ਕੋਲ ਥੁੱਕ ਦਿੱਤਾ। ਮਲਬੇ ਵੱਲ ਦੇਖ ਕੇ ਉਹਦੀ ਛਾਤੀ ਵਿਚੋਂ ਧੌਂਕਣੀ ਵਰਗੀ ਆਵਾਜ਼ ਨਿਕਲੀ, ਤੇ ਉਹਦਾ ਹੇਠਲਾ ਬੁੱਲ੍ਹ ਬਾਹਰ ਨਿਕਲ ਆਇਆ।

"ਗਨੀ ਆਪਣੇ ਮਲਬੇ 'ਤੇ ਬੈਠਾ ਏ।" ਉਹਦੇ ਸ਼ਾਗਿਰਦ ਲੱਛੇ ਭਲਵਾਨ ਨੇ ਉਹਦੇ ਕੋਲ ਬੈਠਦਿਆਂ ਕਿਹਾ।

"ਮਲਬਾ ਉਹਦਾ ਕਿਵੇਂ ਹੋਇਆ? ਮਲਬਾ ਤਾਂ ਸਾਡਾ ਏ!" ਭਲਵਾਨ ਨੇ ਗਲੇ 'ਚ ਭਰੀ ਥੁੱਕ ਕਾਰਨ ਘਬਰਾਈ ਆਵਾਜ਼ ਵਿਚ ਕਿਹਾ।

"ਪਰ ਉਹ ਤਾਂ ਉਥੇ ਬੈਠਾ ਏ।" ਲੱਛੇ ਨੇ ਅੱਖਾਂ ਵਿਚ ਰਹੱਸਮਈ ਇਸ਼ਾਰਾ ਕੀਤਾ।

"ਬੈਠਾ ਏ ਤਾਂ ਬੈਠਾ ਰਹੇ। ਤੂੰ ਚਿਲਮ ਲਿਆ।" ਉਹਨੇ ਲੱਤਾਂ ਥੋੜ੍ਹੀਆਂ ਜਿਹੀਆਂ ਪਸਾਰ ਲਈਆਂ ਤੇ ਆਪਣੇ ਨੰਗੇ ਪੱਟਾਂ 'ਤੇ ਹੱਥ ਫੇਰਨ ਲੱਗਿਆ।

"ਮਨੋਹਰੀ ਨੇ ਜੇ ਉਹਨੂੰ ਕੁਝ ਦੱਸਿਆ ਦੁੱਸਿਆ ਤਾਂ..." ਲੱਛੇ ਨੇ ਚਿਲਮ ਭਰਨ ਲਈ ਉਠਦਿਆਂ ਉਹਨੂੰ ਬੜੀਆਂ ਭੇਤਭਰੀਆਂ ਨਜ਼ਰਾਂ ਨਾਲ ਦੇਖਿਆ।

"ਮਨੋਹਰੀ ਦੀ ਸ਼ਾਮਤ ਆਈ ਏ ਕੀ?"

ਲੱਛਾ ਚਲਾ ਗਿਆ।

ਖੂਹ 'ਤੇ ਪਿੱਪਲ ਦੇ ਸੁੱਕੇ ਪੱਤੇ ਖਿੱਲਰੇ ਹੋਏ ਸਨ। ਰੱਖਾ ਉਨ੍ਹਾਂ ਪੱਤਿਆਂ ਨੂੰ ਚੁੱਕ-ਚੁੱਕ ਕੇ ਹੱਥਾਂ ਵਿਚ ਮਸਲ ਰਿਹਾ ਸੀ। ਜਦੋਂ ਲੱਛੇ ਨੇ ਚਿਲਮ ਦੇ ਹੇਠਾਂ ਕੱਪੜਾ ਲਾ ਕੇ ਉਹਨੂੰ ਫੜਾਈ ਤਾਂ ਉਹਨੇ ਸੂਟਾ ਖਿੱਚਦਿਆਂ ਪੁੱਛਿਆ, "ਹੋਰ ਵੀ ਕਿਸੇ ਨਾਲ ਗਨੀ ਦੀ ਗੱਲਬਾਤ ਹੋਈ ਏ?"

"ਨਹੀਂ।"

"ਲੈ...।" ਉਹਨੇ ਖੰਘਦਿਆਂ ਚਿਲਮ ਲੱਛੇ ਨੂੰ ਫੜਾ ਦਿੱਤੀ। ਲੱਛੇ ਨੇ ਦੇਖਿਆ, "ਮਨੋਹਰੀ ਮਲਬੇ ਵਾਲੇ ਪਾਸਿਓਂ ਗਨੀ ਦੀ ਬਾਂਹ ਫੜੀ ਆ ਰਿਹਾ ਹੈ। ਉਹ ਕੋਡਾ ਜਿਹਾ ਹੋ ਕੇ ਚਿਲਮ ਦੇ ਲੰਬੇ-ਲੰਬੇ ਸੂਟੇ ਮਾਰਨ ਲੱਗਾ। ਉਹਦੀਆਂ ਨਜ਼ਰਾਂ ਇਕ ਪਲ ਰੱਖੇ ਦੇ ਚਿਹਰੇ 'ਤੇ ਟਿਕਦੀਆਂ, ਤੇ ਦੂਜੇ ਪਲ ਗਨੀ 'ਤੇ ਜਾ ਟਿਕਦੀਆਂ।

ਮਨੋਹਰੀ, ਗਨੀ ਦੀ ਬਾਂਹ ਫੜੀ ਉਸ ਤੋਂ ਇਕ ਕਦਮ ਅੱਗੇ ਚੱਲ ਰਿਹਾ ਸੀ, ਜਿਵੇਂ ਉਹਦੀ ਕੋਸ਼ਿਸ਼ ਹੋਵੇ ਕਿ ਗਨੀ ਖੂਹ ਦੇ ਕੋਲ ਰੱਖੇ ਭਲਵਾਨ ਨੂੰ ਬਿਨਾ ਦੇਖਿਆਂ ਲੰਘ ਜਾਵੇ ਪਰ ਰੱਖਾ ਜਿਸ ਤਰ੍ਹਾਂ ਪਸਰ ਕੇ ਬੈਠਾ ਸੀ, ਉਸ ਤੋਂ ਗਨੀ ਨੇ ਉਹਨੂੰ ਦੂਰੋਂ ਦੇਖ ਲਿਆ। ਖੂਹ ਕੋਲ ਪਹੁੰਚਦਿਆਂ-ਪਹੁੰਚਦਿਆਂ ਉਹਦੀਆਂ ਦੋਵੇਂ ਬਾਹਵਾਂ ਫੈਲ ਗਈਆਂ ਅਤੇ ਉਹਨੇ ਕਿਹਾ, "ਰੱਖੇ ਭਲਵਾਨ!"

ਰੱਖੇ ਨੇ ਧੌਣ ਚੁੱਕ ਕੇ ਅੱਖਾਂ ਰਤਾ ਕੁ ਮੀਚ ਕੇ ਉਹਨੂੰ ਦੇਖਿਆ। ਉਹਦੇ ਗਲੇ ਵਿਚ ਅਸਪਸ਼ਟ ਜਿਹੀ ਘਬਰਾਹਟ ਹੋਈ ਪਰ ਉਹ ਬੋਲਿਆ ਕੁਝ ਨਾ।

"ਰੱਖੇ ਭਲਵਾਨ ਮੈਨੂੰ ਪਛਾਣਿਆ ਨਹੀਂ?" ਗਨੀ ਨੇ ਬਾਹਾਂ ਹੇਠਾਂ ਕਰਦਿਆਂ ਕਿਹਾ, "ਮੈਂ ਗਨੀ ਹਾਂ, ਅਬਦੁਲ ਗਨੀ। ਚਿਰਾਗਦੀਨ ਦਾ ਅੱਬਾ!"

ਭਲਵਾਨ ਨੇ ਸ਼ੱਕੀ ਨਜ਼ਰਾਂ ਨਾਲ ਉਹਨੂੰ ਉਪਰ ਤੋਂ ਹੇਠਾਂ ਤੱਕ ਦੇਖਿਆ। ਅਬਦੁਲ ਗਨੀ ਦੀਆਂ ਅੱਖਾਂ ਵਿਚ ਉਹਨੂੰ ਦੇਖ ਕੇ ਚਮਕ ਆ ਗਈ। ਚਿੱਟੀ ਦਾੜ੍ਹੀ ਦੇ ਹੇਠਾਂ ਉਹਦੇ ਚਿਹਰੇ ਦੀਆਂ ਝੁਰੜੀਆਂ ਜ਼ਰਾ ਹੋਰ ਫੈਲ ਗਈਆਂ ਸਨ। ਰੱਖੇ ਦਾ ਹੇਠਲਾ ਬੁੱਲ੍ਹ ਫੜਕਿਆ। ਫਿਰ ਉਹਦੀ ਛਾਤੀ ਵਿਚੋਂ ਡੂੰਘਾ ਤੇ ਭਾਰਾ ਜਿਹਾ ਬੋਲ ਨਿਕਲਿਆ, "ਸੁਣਾ ਗਨੀਆ!"

ਗਨੀ ਨੇ ਫਿਰ ਬਾਹਾਂ ਫੈਲਾਈਆਂ ਪਰ ਭਲਵਾਨ ਵੱਲੋਂ ਕੋਈ ਹੁੰਗਾਰਾ ਨਾ ਦੇਖ ਕੇ ਉਵੇਂ ਦੀਆਂ ਉਵੇਂ ਰਹਿ ਗਈਆਂ। ਉਹ ਪਿੱਪਲ ਦੇ ਤਣੇ ਨਾਲ ਜੁੜ ਕੇ ਖੂਹ ਦੀ ਸਿੱਲ 'ਤੇ ਬਹਿ ਗਿਆ।

ਉਧਰ ਬਾਰੀਆਂ ਵਿਚ ਵਿਚਾਰਗੋਈਆਂ ਹੋਰ ਤੇਜ਼ ਹੋ ਗਈਆਂ ਕਿ ਹੁਣ ਦੋਵੇਂ ਆਹਮੋ-ਸਾਹਮਣੇ ਆ ਗਏ ਹਨ ਤਾਂ ਜ਼ਰੂਰ ਗੱਲ ਖੁੱਲ੍ਹੇਗੀ... ਹੋ ਸਕਦੈ, ਦੋਵਾਂ ਵਿਚ ਗਾਲ-ਮੰਦਾ ਵੀ ਹੋ ਜਾਵੇ...ਹੁਣ ਰੱਖਾ ਗਨੀ ਨੂੰ ਕੁਝ ਨਹੀਂ ਕਹਿ ਸਕਦਾ। ਹੁਣ ਉਹ ਦਿਨ ਨਹੀਂ ਰਹੇ...ਵੱਡਾ ਮਲਬੇ ਦਾ ਮਾਲਕ ਬਣਿਆ ਫਿਰਦੈ!... ਅਸਲ ਵਿਚ ਮਲਬਾ ਨਾ ਇਹਦਾ ਹੈ, ਨਾ ਗਨੀ ਦਾ। ਮਲਬਾ ਤਾਂ ਹੁਣ ਸਰਕਾਰ ਦੀ ਮਲਕੀਅਤ ਹੈ...ਕਿਸੇ ਨੂੰ ਗਾਂ ਦਾ ਕਿੱਲਾ ਤੱਕ ਨਹੀਂ ਗੱਡਣ ਦਿੱਤਾ... ਮਨੋਹਰੀ ਵੀ ਡਰਪੋਕ ਏ। ਉਹਨੇ ਗਨੀ ਨੂੰ ਦੱਸਿਆ ਕਿਉਂ ਨਹੀਂ ਕਿ ਰੱਖੇ ਨੇ ਹੀ ਚਿਰਾਗ ਅਤੇ ਉਹਦੇ ਬੀਵੀ ਬੱਚਿਆਂ ਨੂੰ ਮਾਰਿਆ ਏ? ਰੱਖਾ ਆਦਮੀ ਨਹੀਂ, ਸਾਨ੍ਹ ਹੈ ਕੋਈ। ਸਾਰਾ ਦਿਨ ਸਾਨ੍ਹ ਵਾਂਗ ਗਲੀ ਵਿਚ ਘੁੰਮਦਾ ਰਹਿੰਦਾ ਏ...। ਗਨੀ ਵਿਚਾਰਾ ਕਿੰਨਾ ਕਮਜ਼ੋਰ ਹੋ ਗਿਆ ਏ, ਦਾੜ੍ਹੀ ਵੀ ਸਾਰੀ ਚਿੱਟੀ ਹੋ ਗਈ ਏ।

ਗਨੀ ਨੇ ਖੂਹ ਦੀ ਸਿੱਲ 'ਤੇ ਬੈਠਦਿਆਂ ਕਿਹਾ, "ਦੇਖ ਰੱਖੇ ਭਲਵਾਨ, ਕੀ ਤੋਂ ਕੀ ਬਣ ਗਿਆ? ਭਰਿਆ ਭਰਾਇਆ ਘਰ ਛੱਡ ਕੇ ਗਿਆ ਸਾਂ ਤੇ ਅੱਜ ਇਹ ਮਿੱਟੀ ਦੇਖਣ ਆਇਆ ਹਾਂ। ਵੱਸਦੇ-ਰਸਦੇ ਘਰ ਦੀ ਇਹੀ ਨਿਸ਼ਾਨੀ ਬਚੀ ਏ। ਤੂੰ ਸੱਚ ਪੁੱਛੇਂ ਰੱਖੇ ਤਾਂ ਮੇਰਾ ਇਸ ਮਿੱਟੀ ਨੂੰ ਵੀ ਛੱਡ ਕੇ ਜਾਣ ਨੂੰ ਚਿੱਤ ਨਹੀਂ ਕਰਦਾ।" ਤੇ ਉਹਦੀਆਂ ਅੱਖਾਂ ਡਲ੍ਹਕ ਗਈਆਂ।

ਭਲਵਾਨ ਨੇ ਪਸਾਰੀਆਂ ਹੋਈਆਂ ਲੱਤਾਂ ਇਕੱਠੀਆਂ ਕਰ ਲਈਆਂ ਅਤੇ ਖੂਹ ਦੀ ਮੌਣ ਤੋਂ ਪਰਨਾ ਚੁੱਕ ਕੇ ਮੋਢੇ 'ਤੇ ਰੱਖ ਲਿਆ। ਲੱਛੇ ਨੇ ਚਿਲਮ ਉਹਦੇ ਵੱਲ ਕੀਤੀ ਤੇ ਉਹ ਸੂਟੇ ਮਾਰਨ ਲੱਗਾ।

"ਤੂੰ ਦੱਸ ਰੱਖੇ, ਇਹ ਸਭ ਹੋਇਆ ਕਿਵੇਂ?" ਗਨੀ ਅੱਥਰੂ ਰੋਕਦਾ ਹੋਇਆ ਉਹਨੂੰ ਪੁੱਛਣ ਲੱਗਾ, "ਤੁਸੀਂ ਤਾਂ ਸਾਰੇ ਕੋਲ ਸਓ, ਸਾਰਿਆਂ ਵਿਚ ਭਰਾਵਾਂ ਵਰਗਾ ਪਿਆਰ ਸੀ। ਜੇ ਉਹ ਚਾਹੁੰਦਾ ਤਾਂ ਤੁਹਾਡੇ ਵਿਚੋਂ ਕਿਸੇ ਦੇ ਘਰ ਵੀ ਲੁਕ ਸਕਦਾ ਸੀ? ਉਹਨੂੰ ਏਨੀ ਵੀ ਅਕਲ ਨਹੀਂ ਆਈ!"

"ਇੱਦਾਂ ਈ ਹੋਇਆ।" ਰੱਖੇ ਨੂੰ ਖ਼ੁਦ ਜਾਪਿਆ ਕਿ ਜਿਵੇਂ ਉਹਦੀ ਆਵਾਜ਼ ਸੁਭਾਵਕ ਨਾ ਹੋਵੇ। ਉਹਦੇ ਬੁੱਲ੍ਹ ਗਾੜ੍ਹੀ ਲਾਰ ਨਾਲ ਚਿਪਕ ਗਏ ਸਨ। ਉਹਦੀਆਂ ਮੁੱਛਾਂ ਦੇ ਹੇਠੋਂ ਮੁੜ੍ਹਕਾ ਉਹਦੇ ਬੁੱਲ੍ਹਾਂ ਵੱਲ ਆ ਰਿਹਾ ਸੀ। ਉਹਦੇ ਮੱਥੇ 'ਤੇ ਕਿਸੇ ਚੀਜ਼ ਦਾ ਦਬਾਅ ਪੈ ਰਿਹਾ ਸੀ ਤੇ ਉਹਦੀ ਰੀੜ੍ਹ ਦੀ ਹੱਡੀ ਕੋਈ ਢੋਅ ਭਾਲ ਰਹੀ ਸੀ।

"ਪਾਕਿਸਤਾਨ ਦਾ ਹੁਣ ਕੀ ਹਾਲ ਏ?" ਉਹਨੇ ਉਸੇ ਸੁਰ ਵਿਚ ਪੁੱਛਿਆ। ਉਹਦੇ ਗਲੇ ਦੀਆਂ ਨਾੜਾਂ ਆਕੜ ਗਈਆਂ ਸਨ। ਉਹਨੇ ਪਰਨੇ ਨਾਲ ਕੱਛਾਂ ਵਿਚੋਂ ਪਸੀਨਾ ਪੂੰਝਿਆ ਤੇ ਗਲੇ ਵਿਚੋਂ ਥੁੱਕ ਖਿੱਚ ਕੇ ਗਲੀ ਵਿਚ ਥੁੱਕ ਦਿੱਤਾ।

"ਮੈਂ ਕੀ ਦੱਸਾਂ ਰੱਖੇ।" ਗਨੀ ਦੋਵਾਂ ਹੱਥਾਂ ਨਾਲ ਸੋਟੀ 'ਤੇ ਭਾਰ ਪਾ ਕੇ ਝੁਕਦਾ ਹੋਇਆ ਕਹਿਣ ਲੱਗਾ, "ਮੇਰਾ ਹਾਲ ਪੁੱਛੇ ਤਾਂ... ਤਾਂ ਖ਼ੁਦਾ ਹੀ ਜਾਣਦਾ ਹੈ। ਮੇਰਾ ਚਿਰਾਗ ਨਾਲ ਹੁੰਦਾ ਤਾਂ ਗੱਲ ਹੀ ਹੋਰ ਹੁੰਦੀ... ਰੱਖੇ ਮੈਂ ਉਹਨੂੰ ਬੜਾ ਸਮਝਾਇਆ ਕਿ ਮੇਰੇ ਨਾਲ ਚੱਲ ਪਰ ਉਹ ਅੜਿਆ ਰਿਹਾ ਕਿ ਨਵਾਂ ਘਰ ਛੱਡ ਕੇ ਨਹੀਂ ਜਾਵਾਂਗਾ। ਇਹ ਆਪਣੀ ਗਲੀ ਹੈ। ਇੱਥੇ ਕੋਈ ਖਤਰਾ ਨਹੀਂ, ਪਰ ਭੋਲੇ ਕਬੂਤਰ ਨੇ ਇਹ ਨਹੀਂ ਸੋਚਿਆ ਕਿ ਗਲੀ ਵਿਚ ਖਤਰਾ ਨਾ ਸਹੀ, ਬਾਹਰ ਤੋਂ ਤਾਂ ਖਤਰਾ ਆ ਸਕਦਾ ਏ। ਘਰ ਨੂੰ ਬਚਾਉਣ ਲਈ ਚਾਰਾਂ ਨੇ ਜਾਨ ਗਵਾ ਲਈ।...ਰੱਖੇ, ਉਹਨੂੰ ਤੇਰੇ 'ਤੇ ਬੜਾ ਭਰੋਸਾ ਸੀ। ਕਹਿੰਦਾ ਹੁੰਦਾ ਸੀ ਕਿ ਰੱਖੇ ਦੇ ਹੁੰਦਿਆਂ ਕੋਈ ਮੇਰਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ, ਪਰ ਜਦੋਂ ਮੌਤ ਆਈ ਤਾਂ ਰੱਖੇ ਦੇ ਰੋਕਿਆਂ ਵੀ ਨਾ ਰੁਕੀ।"

ਰੱਖੇ ਨੇ ਸਿੱਧਾ ਹੋਣ ਦੀ ਕੋਸ਼ਿਸ਼ ਕੀਤੀ...ਉਹਦੀ ਰੀੜ੍ਹ ਦੀ ਹੱਡੀ ਵਿਚ ਪੀੜ ਜੁ ਹੋ ਰਹੀ ਸੀ। ਉਹਨੂੰ ਆਪਣੀ ਕਮਰ ਅਤੇ ਕੁੱਲ੍ਹਿਆਂ ਵਿਚ ਬੜਾ ਦਬਾਅ ਮਹਿਸੂਸ ਹੋ ਰਿਹਾ ਸੀ। ਢਿੱਡ 'ਚ ਅੰਤੜੀਆਂ ਕੋਲ ਜਿਵੇਂ ਕੋਈ ਚੀਜ਼ ਉਹਦੇ ਸਾਹ ਨੂੰ ਰੋਕ ਰਹੀ ਸੀ। ਉਹਦਾ ਸਾਰਾ ਜਿਸਮ ਮੁੜ੍ਹਕੇ ਨਾਲ ਭਿੱਜ ਗਿਆ ਸੀ ਤੇ ਉਹਦੇ ਪੈਰਾਂ ਦੇ ਤਲੂਆਂ ਵਿਚ ਝਨ-ਝਨਾਹਟ ਹੋ ਰਹੀ ਸੀ। ਕਦੇ-ਕਦੇ ਫੁਲਝੜੀਆਂ ਜਿਹੀਆਂ ਉਪਰੋਂ ਹੇਠਾਂ ਆਉਂਦੀਆਂ, ਤੇ ਉਹਦੀਆਂ ਅੱਖਾਂ ਸਾਹਮਣਿਓਂ ਤੈਰਦੀਆਂ ਹੋਈਆਂ ਨਿਕਲ ਜਾਂਦੀਆਂ। ਉਹਨੂੰ ਆਪਣੀ ਜੀਭ ਅਤੇ ਬੁੱਲ੍ਹਾਂ ਵਿਚਕਾਰ ਫਾਸਲਾ ਕੁਝ ਵਧੇਰੇ ਹੀ ਜਾਪ ਰਿਹਾ ਸੀ। ਉਹਨੇ ਪਰਨੇ ਨਾਲ ਬੁੱਲ੍ਹਾਂ ਦੇ ਕੋਨੇ ਪੂੰਝੇ। ਫਿਰ ਉਹਦੇ ਮੂੰਹੋਂ ਨਿਕਲਿਆ, "ਹੇ ਪ੍ਰਭੂ ਸੱਚਿਆ, ਤੂੰ ਹੀ ਤੂੰ ਏਂ, ਤੂੰ ਹੀ ਤੂੰ, ਤੂੰ ਹੀ ਤੂੰ...!"

ਗਨੀ ਨੂੰ ਜਾਪਿਆ ਕਿ ਭਲਵਾਨ ਦੇ ਬੁੱਲ੍ਹ ਸੁੱਕ ਗਏ ਨੇ ਅਤੇ ਉਹਦੀਆਂ ਅੱਖਾਂ ਦੇ ਆਲੇ-ਦੁਆਲੇ ਘੇਰੇ ਹੋਰ ਗੂੜ੍ਹੇ ਹੋ ਗਏ ਹਨ। ਉਹਨੇ ਉਹਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ, "ਜੀਅ ਭੈੜਾ ਨਾ ਕਰ ਰੱਖਿਆ। ਜੋ ਹੋਣਾ ਸੀ, ਸੋ ਹੋ ਗਿਆ। ਉਹ ਹੁਣ ਵਾਪਸ ਤਾਂ ਆ ਨਹੀਂ ਸਕਦਾ। ਖ਼ੁਦਾ ਨੇਕ ਦੀ ਨੇਕੀ ਕਾਇਮ ਰੱਖੇ ਤੇ ਬਦ ਦੀ ਬਦੀ ਮੁਆਫ਼ ਕਰ ਦੇਵੇ। ਮੇਰੇ ਲਈ ਚਿਰਾਗ ਨਹੀਂ ਤਾਂ ਨਾ ਸਹੀ, ਤੁਸੀਂ ਤੇ ਹੋ ਨਾ। ਮੈਨੂੰ ਇੱਥੇ ਆ ਕੇ ਇਹ ਤਸੱਲੀ ਤਾਂ ਹੋ ਗਈ ਕਿ ਉਨ੍ਹਾਂ ਸਮਿਆਂ ਦੀ ਕੋਈ ਯਾਦਗਾਰ ਤਾਂ ਹੈ। ਮੈਂ ਤੈਨੂੰ ਦੇਖ ਲਿਆ ਤਾਂ ਸਮਝੋ ਚਿਰਾਗ ਨੂੰ ਦੇਖ ਲਿਆ। ਅੱਲ੍ਹਾ ਤੁਹਾਨੂੰ ਤੰਦਰੁਸਤ ਰੱਖੇ। ਜਿਉਂਦੇ ਰਹੋ, ਖੁਸ਼ੀਆਂ ਮਾਣੋ!" ਤੇ ਗਨੀ ਸੋਟੀ 'ਤੇ ਭਾਰ ਪਾਉਂਦਾ ਉਠ ਖਲੋਤਾ। ਤੁਰਦਿਆਂ ਉਹਨੇ ਫਿਰ ਕਿਹਾ, "ਚੰਗਾ ਰੱਖੇ ਭਲਵਾਨ, ਮੈਨੂੰ ਯਾਦ ਰੱਖੀਂ!"

ਰੱਖੇ ਦੇ ਗਲੇ 'ਚੋਂ ਮੱਧਮ ਜਿਹੀ 'ਹਾਂ' ਨਿਕਲੀ, ਪਰਨਾ ਹੱਥ ਵਿਚ ਫੜੀ ਉਹਦੇ ਦੋਵੇਂ ਹੱਥ ਜੁੜ ਗਏ। ਗਨੀ ਗਲੀ ਦੇ ਆਲੇ-ਦੁਆਲੇ ਨੂੰ ਹਸਰਤ ਭਰੀਆਂ ਨਜ਼ਰਾਂ ਨਾਲ ਦੇਖਦਾ ਹੋਇਆ ਹੌਲੀ-ਹੌਲੀ ਗਲੀ ਵਿਚੋਂ ਬਾਹਰ ਚਲਾ ਗਿਆ।

ਉਪਰ ਬਾਰੀਆਂ ਵਿਚ ਥੋੜ੍ਹੀ ਦੇਰ ਤਕ ਵਿਚਾਰਗੋਈਆਂ ਚੱਲਦੀਆਂ ਰਹੀਆਂ ਕਿ ਮਨੋਹਰੀ ਨੇ ਗਲੀ ਵਿਚੋਂ ਬਾਹਰ ਨਿਕਲ ਕੇ ਜ਼ਰੂਰ ਗਨੀ ਨੂੰ ਸਭ ਕੁਝ ਦੱਸ ਦਿੱਤਾ ਹੋਵੇਗਾ... ਗਨੀ ਦੇ ਸਾਹਮਣੇ ਰੱਖੇ ਦਾ ਤਾਲੂ ਕਿਵੇਂ ਸੁੱਕ ਗਿਆ ਸੀ! ਰੱਖਾ ਹੁਣ ਕਿਹੜੇ ਮੂੰਹ ਨਾਲ ਲੋਕਾਂ ਨੂੰ ਮਲਬੇ ਕੋਲ ਗਾਂ ਬੰਨ੍ਹਣ ਤੋਂ ਰੋਕੇਗਾ? ਵਿਚਾਰੀ ਜ਼ੁਬੈਦਾ! ਵਿਚਾਰੀ ਕਿੰਨੀ ਚੰਗੀ ਸੀ! ਕਦੇ ਕਿਸੇ ਨੂੰ ਮੰਦਾ ਨਹੀਂ ਸੀ ਬੋਲਦੀ...ਰੱਖਾ ਮਰ ਜਾਣਾ... ਨਾ ਕਿਸੇ ਘਰ ਦਾ, ਨਾ ਘਾਟ ਦਾ। ਇਹਨੂੰ ਕਿਹੜਾ ਕਿਸੇ ਦੀ ਮਾਂ-ਭੈਣ ਦਾ ਲਿਹਾਜ ਏ?

ਥੋੜ੍ਹੀ ਦੇਰ ਬਾਅਦ ਜ਼ਨਾਨੀਆਂ ਘਰਾਂ ਵਿਚੋਂ ਨਿਕਲ ਕੇ ਗਲੀ ਵਿਚ ਆ ਗਈਆਂ। ਬੱਚੇ ਗਲੀ ਵਿਚ ਗੁੱਲੀ-ਡੰਡਾ ਖੇਡਣ ਲੱਗ ਪਏ ਤੇ ਬਾਰਾਂ ਤੇਰ੍ਹਾਂ ਵਰ੍ਹਿਆਂ ਦੀਆਂ ਦੋ ਕੁੜੀਆਂ ਆਪਸ ਵਿਚ ਗੁੱਥਮ-ਗੁੱਥਾ ਹੋਣ ਲੱਗ ਪਈਆਂ।

ਰੱਖਾ ਦੇਰ ਸ਼ਾਮ ਤਕ ਖੂਹ 'ਤੇ ਬੈਠਾ ਖੰਘਾਰਦਾ ਤੇ ਚਿਲਮ ਫੂਕਦਾ ਰਿਹਾ। ਕਈਆਂ ਨੇ ਉਥੋਂ ਲੰਘਦਿਆਂ, ਉਹਨੂੰ ਪੁੱਛਿਆ, "ਰੱਖੇ ਸ਼ਾਹ, ਸੁਣਿਐ ਅੱਜ ਗਨੀ ਪਾਕਿਸਤਾਨੋਂ ਆਇਆ ਸੀ?"

"ਆਇਆ ਸੀ...।" ਰੱਖੇ ਦਾ ਹਰ ਵਾਰ ਇਕੋ ਜੁਆਬ ਹੁੰਦਾ।

"ਫਿਰ...?"

"ਫਿਰ ਕੁਝ ਨਹੀਂ, ਚਲਾ ਗਿਆ।"

ਰਾਤ ਹੋਣ 'ਤੇ ਭਲਵਾਨ ਰੋਜ਼ ਵਾਂਗ ਗਲੀ ਦੇ ਬਾਹਰ ਸੱਜੇ ਹੱਥ ਵਾਲੀ ਦੁਕਾਨ ਦੇ ਥੜ੍ਹੇ 'ਤੇ ਆ ਬੈਠਾ। ਰੋਜ਼ ਹੀ ਉਹ ਰਾਹ ਜਾਂਦੇ ਜਾਣ-ਪਛਾਣ ਵਾਲਿਆਂ ਨੂੰ ਆਵਾਜ਼ਾਂ ਮਾਰ-ਮਾਰ ਕੇ ਬੁਲਾ ਲੈਂਦਾ ਤੇ ਉਨ੍ਹਾਂ ਨੂੰ ਸੱਟੇ ਦੇ ਗੁਰ ਅਤੇ ਸਿਹਤ ਦੇ ਨੁਸਖੇ ਦੱਸਦਾ ਹੁੰਦਾ ਸੀ ਪਰ ਉਸ ਦਿਨ ਉਹ ਲੱਛੇ ਨੂੰ ਆਪਣੀ ਵੈਸ਼ਨੋ ਦੇਵੀ ਦੀ ਯਾਤਰਾ ਦਾ ਹਾਲ ਸੁਣਾਉਂਦਾ ਰਿਹਾ ਜਿਹੜੀ ਉਸ ਨੇ ਪੰਦਰਾਂ ਸਾਲ ਪਹਿਲਾਂ ਕੀਤੀ ਸੀ। ਲੱਛੇ ਨੂੰ ਭੇਜ ਕੇ ਉਹ ਗਲੀ ਵਿਚ ਆਇਆ ਤਾਂ ਮਲਬੇ ਕੋਲ ਲੋਕੂ ਪੰਡਤ ਦੀ ਮੱਝ ਖੜ੍ਹੀ ਦੇਖ ਕੇ ਉਹ ਰੋਜ਼ ਦੀ ਆਦਤ ਵਾਂਗ ਉਹਨੂੰ ਧੱਕੇ ਦੇ ਕੇ ਪਰ੍ਹੇ ਕਰਨ ਲੱਗਾ: 'ਤਤ... ਤਤ... ਤੱਤ... ਹੱਤ...'

ਮੱਝ ਨੂੰ ਪਰ੍ਹੇ ਕਰਕੇ ਆਰਾਮ ਕਰਨ ਲਈ ਉਹ ਮਲਬੇ ਦੀ ਚੁਗਾਠ ਕੋਲ ਆ ਕੇ ਬਹਿ ਗਿਆ। ਗਲੀ ਉਸ ਸਮੇਂ ਬਿਲਕੁਲ ਸੁੰਨਸਾਨ ਸੀ। ਕਮੇਟੀ ਦੀ ਕੋਈ ਬੱਤੀ ਨਾ ਹੋਣ ਕਰ ਕੇ ਉਥੇ ਸ਼ਾਮ ਪੈਂਦਿਆਂ ਹੀ ਹਨੇਰਾ ਹੋ ਜਾਂਦਾ ਸੀ। ਮਲਬੇ ਦੇ ਹੇਠਾਂ ਨਾਲੀ ਦਾ ਪਾਣੀ ਹਲਕੀ ਜਿਹੀ ਆਵਾਜ਼ ਕਰਦਾ ਵਗ ਰਿਹਾ ਸੀ। ਰਾਤ ਦੀ ਖਾਮੋਸ਼ੀ ਨਾਲ ਮਿਲੀਆਂ ਹੋਈਆਂ ਕਈ ਤਰ੍ਹਾਂ ਦੀਆਂ ਹੌਲੀਆਂ-ਹੌਲੀਆਂ ਆਵਾਜ਼ਾਂ ਮਲਬੇ ਦੀ ਮਿੱਟੀ ਵਿਚੋਂ ਨਿਕਲ ਰਹੀਆਂ ਸਨ। ...ਚਿਊ... ਚਿਊ... ਚਿਊ... ਚਿਕ...ਚਿਕ... ਚਿਕ... ਚਿਰਰ ...ਚਿਰਰ... ਰੀ... ਰੀ... ਚਿਰਰ। ਕੋਈ ਭੁੱਲਿਆ ਭਟਕਿਆ ਕਾਂ ਪਤਾ ਨਹੀਂ ਕਿੱਥੋਂ ਉਡ ਕੇ ਚੁਗਾਠ 'ਤੇ ਆ ਬੈਠਾ। ਉਹਨੇ ਲੱਕੜ ਦੇ ਰੇਸ਼ੇ ਏਧਰ ਓਧਰ ਖਿਲਾਰ ਦਿੱਤੇ। ਕਾਂ ਦੇ ਉਥੇ ਬੈਠਦਿਆਂ ਹੀ ਮਲਬੇ ਦੇ ਇਕ ਕੋਨੇ ਵਿਚ ਲੇਟਿਆ ਕੁੱਤਾ ਗੁੱਰਾਉਂਦਾ ਹੋਇਆ ਉਠਿਆ ਅਤੇ ਭੌਂਕਣ ਲੱਗਾ। ਬਊ... ਬਊ... ਬਊ... ਬਊ..। ਕਾਂ ਸਹਿਮਿਆ ਹੋਇਆ ਕੁਝ ਦੇਰ ਚੁਗਾਠ 'ਤੇ ਬੈਠਾ ਰਿਹਾ। ਫਿਰ ਖੰਭ ਫੜਫੜਾਉਂਦਾ ਖੂਹ ਵਾਲੇ ਪਿੱਪਲ 'ਤੇ ਜਾ ਬੈਠਾ। ਕਾਂ ਦੇ ਉਡ ਜਾਣ 'ਤੇ ਕੁੱਤਾ ਕੁਝ ਹੋਰ ਹੇਠਾਂ ਆਇਆ ਅਤੇ ਭਲਵਾਨ ਵੱਲ ਮੂੰਹ ਕਰ ਕੇ ਭੌਂਕਣ ਲੱਗਾ। ਭਲਵਾਨ ਉਹਨੂੰ ਹਟਾਉਣ ਲਈ ਉਚੀ ਆਵਾਜ਼ ਵਿਚ ਹਟ... ਹਟ... ਦੁਰ... ਦੁਰ... ਕਰਨ ਲੱਗਾ।

ਪਰ ਕੁੱਤਾ ਹੋਰ ਨੇੜੇ ਆ ਕੇ ਹੋਰ ਤਿੱਖਾ ਭੌਂਕਣ ਲੱਗਾ... ਬਊ... ਬਊ... ਬਊ... ਬਊ...

"ਹੱਟ ਹੱਟ, ਦੁਰ...ਰ ਰ ਰ ਰ ਦੁਰ...ਹਰ।"

ਬਊ...ਬਊ...ਬਊ...।

ਭਲਵਾਨ ਨੇ ਵੱਟਾ ਚੁੱਕ ਕੇ ਮਾਰਿਆ। ਕੁੱਤਾ ਥੋੜ੍ਹਾ ਜਿਹਾ ਪਿੱਛੇ ਹਟ ਗਿਆ ਪਰ ਭੌਂਕਣੋਂ ਨਾ ਹਟਿਆ। ਭਲਵਾਨ ਮੂੰਹ ਹੀ ਮੂੰਹ ਵਿਚ ਕੁੱਤੇ ਨੂੰ ਮਾਂ ਦੀ ਗਾਲ ਕੱਢ ਕੇ ਉਥੋਂ ਉਠ ਖੜ੍ਹਾ ਹੋਇਆ ਤੇ ਹੌਲੀ-ਹੌਲੀ ਤੁਰਦਾ ਖੂਹ ਦੀ ਸਿੱਲ 'ਤੇ ਜਾ ਲੇਟਿਆ। ਭਲਵਾਨ ਦੇ ਉਥੋਂ ਜਾਂਦਿਆਂ ਹੀ ਕੁੱਤਾ ਗਲੀ ਵਿਚ ਆ ਗਿਆ ਤੇ ਖੂਹ ਵੱਲ ਮੂੰਹ ਕਰਕੇ ਭੌਂਕਣ ਲੱਗਾ। ਕਾਫੀ ਦੇਰ ਭੌਂਕਣ ਤੋਂ ਬਾਅਦ ਜਦੋਂ ਗਲੀ ਵਿਚ ਉਹਨੂੰ ਕੋਈ ਜਣਾ ਵੀ ਤੁਰਦਾ ਫਿਰਦਾ ਨਜ਼ਰ ਨਾ ਆਇਆ ਤਾਂ ਉਹ ਇਕ ਵਾਰ ਫਿਰ ਕੰਨ ਝਾੜ ਕੇ ਮਲਬੇ 'ਤੇ ਜਾ ਚੜ੍ਹਿਆ ਅਤੇ ਕੋਨੇ ਵਿਚ ਬਹਿ ਕੇ ਭੌਂਕਣ ਲੱਗਾ।



***ਬਾਜ਼ਾਰ ਬਾਂਸਾਂ ਦੀ ਅੱਗ ਅੰਮ੍ਰਿਤਸਰ ਦੀ ਸਭ ਤੋਂ ਭਿਆਨਕ ਅੱਗ ਸੀ ਜਿਸ ਨਾਲ ਇਕ ਵਾਰ ਤਾਂ ਸਾਰਾ ਸ਼ਹਿਰ ਸੜਨ ਦਾ ਖ਼ਤਰਾ ਪੈਦਾ ਹੋ ਗਿਆ ਸੀ। ਬਾਜ਼ਾਰ ਬਾਂਸਾਂ ਦੇ ਆਲੇ-ਦੁਆਲੇ ਦੇ ਕਈ ਮੁਹੱਲੇ ਉਸ ਅੱਗ ਦੀ ਲਪੇਟ ਵਿਚ ਆ ਗਏ ਸਨ। ਖ਼ੈਰ ! ਕਿਸੇ ਤਰ੍ਹਾਂ ਅੱਗ ਕਾਬੂ ਵਿਚ ਤਾਂ ਆ ਗਈ ਪਰ ਉਸ ਵਿਚ ਮੁਸਲਮਾਨਾਂ ਦੇ ਇਕ-ਇਕ ਘਰ ਨਾਲ ਹਿੰਦੂਆਂ ਦੇ ਵੀ ਚਾਰ-ਚਾਰ ਛੇ-ਛੇ ਘਰ ਸੜ ਕੇ ਸੁਆਹ ਹੋ ਗਏ। ਹੁਣ ਸਾਢੇ ਸੱਤ ਵਰ੍ਹਿਆਂ ਵਿਚ ਉਨ੍ਹਾਂ ਵਿਚੋਂ ਕਈ ਥਾਂਵਾਂ 'ਤੇ ਨਵੀਆਂ ਇਮਾਰਤਾਂ ਬਣ ਗਈਆਂ ਸਨ ਪਰ ਥਾਂ-ਥਾਂ ਮਲਬੇ ਦੇ ਢੇਰ ਅਜੇ ਵੀ ਨਜ਼ਰ ਆ ਰਹੇ ਸਨ। ਨਵੀਆਂ ਇਮਾਰਤਾਂ ਵਿਚ ਕਿਤੇ-ਕਿਤੇ ਲੱਗੇ ਮਲਬੇ ਦੇ ਢੇਰ ਬੜੇ ਅਜੀਬ ਜਿਹੇ ਦ੍ਰਿਸ਼ ਪੇਸ਼ ਕਰ ਰਹੇ ਸਨ।***

# .ਗ਼ਦਰ ਲਹਿਰ ਦੀ ਜਥੇਬੰਦਕ ਰਣਨੀਤੀ

***(ਸਫਾ 27 ਦੀ ਬਾਕੀ)***

ਸਿੰਘਾਪੁਰ, ਹਾਂਗਕਾਂਗ, ਸ਼ੰਘਾਈ, ਥਾਈਲੈਂਡ, ਮਲਾਇਆ, ਫਿਲਪਾਈਨਜ਼ ਜਿਹੇ ਥਾਵਾਂ ਉਤੇ ਕਾਇਮ ਕੀਤੀਆਂ ਗਈਆਂ। ਬਰਾਂਚਾਂ ਦੇ ਮੈਂਬਰ ਇੱਥੇ ਵਸੇ ਹੋਏ ਹਿੰਦੁਸਤਾਨੀ ਹੀ ਸਨ। ਇਹ ਕਹਿਣਾ ਔਖਾ ਹੈ ਕਿ ਗ਼ਦਰ ਲਹਿਰ ਦੇ ਆਗੂਆਂ ਨੂੰ ਸੰਭਾਵੀ ਸੰਸਾਰ ਜੰਗ ਦੇ ਹਾਲਾਤ ਵਿਚ ਇਨ੍ਹਾਂ ਥਾਵਾਂ ਦੀ ਰਣਨੀਤਕ ਮਹੱਤਤਾ ਬਾਰੇ ਕਿੰਨੀ ਸਮਝ ਸੀ ਪਰ ਜਿਸ ਢੰਗ ਨਾਲ ਇੱਥੇ ਵੀ ਗ਼ਦਰ ਸਾਹਿਤ ਵੰਡਿਆ ਗਿਆ ਅਤੇ ਦੇਸੀ ਪਲਟਣਾਂ ਨਾਲ ਸੰਪਰਕ ਬਣਾਏ ਗਏ, ਉਸ ਤੋਂ ਜ਼ਾਹਿਰ ਹੈ ਕਿ ਇਸ ਖੇਤਰ ਵਿਚ ਪਾਰਟੀ ਦੇ ਕੰਮ ਨੂੰ ਵੱਡੀ ਅਹਿਮੀਅਤ ਦਿੱਤੀ ਗਈ ਸੀ। ਇੱਥੋਂ ਵੀ ਇਨਕਲਾਬ ਵਿਚ ਹਿੱਸਾ ਲੈਣ ਲਈ ਗ਼ਦਰ ਦੇ ਵਾਲੰਟੀਅਰ ਦੇਸ਼ ਨੂੰ ਵਾਪਸ ਪਰਤੇ ਸਨ। ਗ਼ਦਰ ਪਾਰਟੀ ਦੇ ਕੁਝ ਆਗੂਆਂ ਦੀ ਸ਼ਮੂਲੀਅਤ ਨਾਲ ਬਰਮਾ ਵਿਚ ਗ਼ਦਰ ਫੈਲਾਉਣ ਦੇ ਗੰਭੀਰ ਯਤਨ ਕੀਤੇ ਗਏ ਸਨ। ਇਸ ਖੇਤਰ ਵਿਚ ਵਾਪਰੀਆਂ ਘਟਨਾਵਾਂ ਵਿਚ ਸਿੰਘਾਪੁਰ ਦੇ ਫੌਜੀਆਂ ਦੀ ਬਗਾਵਤ ਨੇ ਅੰਗਰੇਜ਼ੀ ਫੌਜ ਲਈ ਸਭ ਤੋਂ ਵੱਡਾ ਖ਼ਤਰਾ ਪੈਦਾ ਕਰ ਦਿੱਤਾ ਸੀ। ਬਰਮਾ ਉਤੇ ਹਮਲੇ ਦੀਆਂ ਸਕੀਮਾਂ ਵਿਚ ਜਰਮਨ ਏਜੰਟਾਂ ਦਾ ਵੀ ਹੱਥ ਸੀ।

ਦੂਰ ਪੂਰਬ ਦੇ ਇਸ ਖੇਤਰ ਵਿਚ ਇਨਕਲਾਬ ਲਈ ਕੀਤੇ ਗਏ ਯਤਨਾ ਦਾ ਵੇਰਵਾ ਸਰਕਾਰੀ ਰਿਪੋਰਟਾਂ, ਮੁਕੱਦਮਿਆਂ ਦੀਆਂ ਕਾਰਵਾਈਆਂ ਅਤੇ ਕੁਝ ਗ਼ਦਰੀਆਂ ਦੇ ਬਿਆਨਾਂ ਤੋਂ ਮਿਲਦਾ ਹੈ ਪਰ ਇਨ੍ਹਾਂ ਘਟਨਾਵਾਂ ਦੀ ਪੂਰੀ ਤਸਵੀਰ ਅਜੇ ਵੀ ਖੋਜਕਾਰਾਂ ਨੂੰ ਪ੍ਰਾਪਤ ਨਹੀਂ ਹੋ ਸਕੀ। ਉਂਜ, ਇਹ ਤਾਂ ਜ਼ਾਹਿਰ ਹੀ ਹੈ ਕਿ ਇੱਥੇ ਵੀ ਗ਼ਦਰੀਆਂ ਦਾ ਆਧਾਰ ਉਨ੍ਹਾਂ ਦਾ ਆਪਣਾ ਦੇਸ਼ ਭਗਤੀ ਦਾ ਜਜ਼ਬਾ ਅਤੇ ਉਨ੍ਹਾਂ ਦੀ ਕੁਰਬਾਨੀ ਦੇਣ ਲਈ ਤਤਪਰਤਾ ਹੀ ਸੀ। ਇੱਥੇ ਵੀ ਨਿਰਭਰਤਾ ਵਿਦਰੋਹ ਦੀ ਆਪ ਮੁਹਾਰਤਾ ਉਤੇ ਹੀ ਰੱਖੀ ਗਈ ਜਾਂ ਫਿਰ ਇਸ ਸੋਚ ਉਤੇ ਕਿ ਜੇ ਅੰਗਰੇਜ਼ਾਂ ਨੂੰ ਹਰਾ ਨਾ ਵੀ ਸਕੇ ਤਦ ਵੀ ਬਰਤਾਨਵੀ ਰਾਜ ਦੀਆਂ ਜੜ੍ਹਾਂ ਤਾਂ ਇਕ ਵਾਰ ਕਮਜ਼ੋਰ ਕਰ ਹੀ ਦਿੱਤੀਆਂ ਜਾਣਗੀਆਂ।


1914-15 ਦੇ ਇਸ ਗ਼ਦਰ ਬਾਰੇ ਪ੍ਰਕਾਸ਼ਤ ਸਾਹਿਤ ਵਿਚ ਉਸ ਸਮੇਂ ਦੇ ਪੰਜਾਬ ਨੂੰ ਰਾਜਸੀ ਤੌਰ 'ਤੇ "ਸੁੱਤਾ ਪਿਅ" ਦੱਸਿਆ ਜਾਂਦਾ ਰਿਹਾ ਹੈ। ਇਹ ਤੱਥ ਤਾਂ ਸਪੱਸ਼ਟ ਹੀ ਹੈ ਕਿ ਜਦੋਂ ਗ਼ਦਰੀਆਂ ਨੇ ਦੇਸ਼ ਵਾਸੀਆਂ ਨੂੰ ਇਨਕਲਾਬ ਦਾ ਹੋਕਾ ਦਿੱਤਾ ਤਾਂ ਉਨ੍ਹਾਂ ਵੱਲੋਂ ਹੁੰਗਾਰਾ ਨਾ ਭਰਿਆ ਗਿਆ ਪਰ ਇਹ ਵੀ ਹਕੀਕਤ ਹੈ ਕਿ ਇਹ ਹੋਕਾ ਕੇਵਲ ਗਿਣਤੀ ਦੇ ਲੋਕਾਂ ਤੱਕ ਪਹੁੰਚਿਆ ਅਤੇ ਫੌਰਨ ਹੀ ਬਹੁਤ ਸਾਰੇ ਗ਼ਦਰੀ ਫੜੇ ਵੀ ਗਏ। ਜੇ ਪੰਜਾਬ "ਸੁੱਤਾ ਪਿਆ" ਨਾ ਵੀ ਹੁੰਦਾ, ਤਦ ਵੀ ਇਸ ਹੋਕੇ ਦੇ ਹੁੰਗਾਰੇ ਨੂੰ ਦੇਰ ਲੱਗ ਸਕਦੀ ਸੀ ਕਿਉਂਕਿ ਦੇਸ਼ ਵਿਚ ਗ਼ਦਰੀਆਂ ਦੀ ਕੋਈ ਜਥੇਬੰਦੀ ਨਹੀਂ ਸੀ।

"ਸੁੱਤੇ ਪਏ" ਪੰਜਾਬ ਦੇ ਨਿਰਣੇ ਦੀ ਘਾਟ ਇਹ ਹੈ ਕਿ ਇਸ ਤੋਂ ਇਸ ਤੱਥ ਦੀ ਵਿਆਖਿਆ ਨਹੀਂ ਹੋ ਸਕਦੀ ਕਿ 1915 ਤੋਂ ਚਾਰ ਸਾਲ ਬਾਅਦ ਹੀ, 1919 ਵਿਚ ਇਹੋ ਪੰਜਾਬ ਰਾਜਸੀ ਜਵਾਲਾਮੁਖੀ ਦੇ ਰੂਪ ਵਿਚ ਸਾਹਮਣੇ ਕਿਵੇਂ ਆਇਆ? ਇਹ ਠੀਕ ਹੈ ਕਿ ਜੰਗ ਦੇ ਵਰ੍ਹਿਆਂ ਵਿਚ ਕੀਤੀ ਗਈ ਜਬਰੀ ਭਰਤੀ ਅਤੇ ਜੰਗੀ ਚੰਦਿਆਂ ਨੇ ਲੋਕਾਂ ਨੂੰ ਡਾਢਾ ਬੇਜ਼ਾਰ ਕੀਤਾ ਹੋਇਆ ਸੀ ਪਰ ਸਰਕਾਰ ਦੀਆਂ ਇਨ੍ਹਾਂ ਸਖ਼ਤੀਆਂ ਦਾ ਅਸਰ ਤਾਂ ਵਧੇਰੇ ਪੇਂਡੂ ਇਲਾਕਿਆਂ ਵਿਚ ਹੋਇਆ ਸੀ ਜਦ ਕਿ 1919 ਵਿਚ ਉਠਿਆ ਜਨਤਕ ਉਬਾਲ ਮੁਖ ਰੂਪ ਵਿਚ ਸ਼ਹਿਰਾਂ ਅਤੇ ਕਸਬਿਆਂ ਵਿਚ ਪ੍ਰਭਾਵੀ ਹੋਇਆ ਸੀ। ਰੋਲਟ ਬਿੱਲ ਜਿਹੜੇ ਉਂਜ ਇਸ ਨਾਗਰਿਕ ਵਿਦਰੋਹ ਦੇ ਕੇਂਦਰ ਵਿਚ ਸਨ, ਅਜੇ ਪੂਰੀ ਤਰ੍ਹਾਂ ਲੋਕਾਂ ਨੇ ਸਮਝੇ ਵੀ ਨਹੀਂ ਸਨ ਅਤੇ ਲਾਗੂ ਤਾਂ ਅਜੇ ਇਹ ਹੋਣੇ ਸਨ। ਇਸ ਤੋਂ ਕੇਵਲ ਇਕੋ ਨਤੀਜਾ ਇਹ ਨਿਕਲਦਾ ਹੈ ਕਿ ਜੰਗ ਦੇ ਖਾਤਮੇ ਸਮੇਂ ਪੰਜਾਬੀ ਅਵਾਮ ਭਰੇ ਪੀਤੇ ਸਨ ਅਤੇ ਉਨ੍ਹਾਂ ਦਾ ਰੋਸ ਜਿਸ ਵਿਚ ਜੰਗ ਸਮੇਂ ਦੀਆਂ ਸਖ਼ਤੀਆਂ ਵੀ ਇਕ ਕਾਰਨ ਸਨ, ਕਿਸੇ ਸਮੇਂ ਫੁੱਟ ਪੈਣ ਦਾ ਮੌਕਾ ਲੱਭ ਰਿਹਾ ਸੀ। ਰੋਲਟ ਬਿੱਲ ਵਿਰੁਧ ਰੋਸ ਦੇ ਸੱਦੇ ਨੇ ਉਹ ਮੌਕਾ ਪੈਦਾ ਕਰ ਦਿੱਤਾ।

1915 ਵਿਚ "ਸੁੱਤੇ ਪਏ" ਪੰਜਾਬ ਦੀ ਧਾਰਨਾ ਗ਼ੈਰ ਵਿਗਿਆਨਕ ਅਤੇ ਗ਼ੈਰ ਇਤਿਹਾਸਕ ਹੈ। ਸਾਮਰਾਜ ਵਿਰੋਧੀ ਭਾਵਨਾਵਾਂ 1915 ਵਿਚ ਵੀ ਜ਼ਰੂਰ ਵਿਆਪਕ ਹੋਣਗੀਆਂ ਪਰ ਉਹ ਦਬੀਆਂ ਰਹਿ ਗਈਆਂ ਕਿਉਂਕਿ ਪੰਜਾਬ ਵਿਚ 1905-07 ਦਾ ਕੌਮੀ ਉਭਾਰ ਸੀਮਿਤ ਹੋਣ ਦੇ ਬਾਵਜੂਦ ਡਾਢੀ ਸਖ਼ਤੀ ਨਾਲ ਦਬਾਅ ਦਿੱਤਾ ਗਿਆ ਸੀ ਅਤੇ ਫਿਰ 1913 ਤੱਕ ਤਾਂ ਪੰਜਾਬ ਵਿਚ ਸਰਕਾਰੀ ਜਬਰ ਕਾਰਨ ਕੋਈ ਪਬਲਿਕ ਸਰਗਰਮੀ ਨਹੀਂ ਹੋ ਸਕੀ ਸੀ। ਫਿਰ ਵੀ ਇਸ ਦਾ ਮਤਲਬ ਇਹ ਨਹੀਂ ਸੀ ਕਿ ਲੋਕ ਭਾਵਨਾਤਮਿਕ ਤੌਰ 'ਤੇ ਸਰਕਾਰਪ੍ਰਸਤ ਬਣ ਗਏ ਸਨ।

ਗ਼ਦਰੀ ਆਗੂਆਂ ਦੀ ਜਥੇਬੰਦਕ ਰਣਨੀਤੀ ਵਿਚ ਇਸ ਠੋਸ ਹਕੀਕਤ ਨੂੰ ਅੱਖੋਂ-ਪਰੋਖੇ ਕੀਤਾ ਗਿਆ ਸੀ ਕਿ ਦੇਸ਼ ਵਿਚ ਕੋਈ ਇਨਕਲਾਬੀ ਜਥੇਬੰਦੀ ਨਹੀਂ ਸੀ ਅਤੇ ਉਸ ਘੱਟੋ-ਘੱਟ ਲੋੜੀਂਦੇ ਸਮੇਂ ਦੀ ਕੋਈ ਗੁੰਜਾਇਸ਼ ਵੀ ਨਹੀਂ ਰੱਖੀ ਗਈ ਸੀ ਜਿਹੜਾ ਗ਼ਦਰ ਲਹਿਰ ਦੇ ਪ੍ਰਚਾਰ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਜ਼ਰੂਰੀ ਸੀ। ਰਣਨੀਤੀ ਦੀਆਂ ਇਹੋ ਘਾਟਾਂ ਇਨਕਲਾਬ ਦੀ ਅਸਫਲਤਾ ਦਾ ਕਾਰਨ ਬਣੀਆਂ।


# ਗ਼ਲਬਿਆਂ ਦੀ ਨਿਸ਼ਾਨਦੇਹੀ ਕਰਦੀ ਫ਼ਿਲਮ 'ਦਿ ਲਾਈਵਜ਼ ਔਫ਼ ਅਦਰਜ਼'



ਪਹਿਲੀ ਗੱਲ
ਜਤਿੰਦਰ ਮੌਹਰ
ਫੋਨ: +91 97799 34747

ਰੂਸੋ ਦਾ ਮਸ਼ਹੂਰ ਕਥਨ ਹੈ ਕਿ ਮਨੁੱਖ ਆਜ਼ਾਦ ਪੈਦਾ ਹੋਇਆ ਸੀ ਪਰ ਥਾਂ-ਥਾਂ ਬੇੜੀਆਂ ਨਾਲ ਜਕੜਿਆ ਹੋਇਆ ਹੈ। ਮਨੁੱਖੀ ਸੱਭਿਅਤਾ ਦਾ ਇਤਿਹਾਸ ਬੇੜੀਆਂ ਅਤੇ ਗ਼ਲਬਿਆਂ ਤੋਂ ਮੁਕਤ ਹੋਣ ਦੇ ਸੁਫਨਿਆਂ ਤੇ ਸੰਘਰਸ਼ਾਂ ਦੀ ਹੋਣੀ ਰਿਹਾ ਹੈ। ਗ਼ਲਬਾਂ ਨੇ ਜਦੋਂ ਢਾਂਚੇ ਦਾ ਰੂਪ ਧਾਰਿਆ ਤਾਂ ਮਨੁੱਖ ਲਈ ਹਾਲਾਤ ਬਦਤਰ ਹੁੰਦੇ ਗਏ। ਹੱਥ ਚਾਹੇ ਗ਼ਲਬਾਂ ਦਾ ਉੱਪਰ ਰਿਹਾ ਹੋਵੇ ਪਰ ਮਨੁੱਖ ਨੇ ਹਾਰਨਾ ਨਹੀਂ ਸਿੱਖਿਆ। ਉਹ ਹਰ ਤਰ੍ਹਾਂ ਦੇ ਦਾਬੇ ਅਤੇ ਗ਼ਲਬੇ ਤੋਂ ਮੁਕਤੀ ਪਾਉਣ ਦੇ ਨਿਸ਼ਾਨੇ ਵੱਲ ਸਬੂਤੇ ਕਦਮੀ ਤੁਰਦਾ ਰਿਹਾ ਹੈ। ਡਾਢਿਆਂ ਨੇ ਬੇਸ਼ੱਕ ਸਦੀਆਂ ਤੋਂ ਬੰਦੇ ਨੂੰ ਮਨੁੱਖ ਤੋਂ ਸ਼ਿਕਾਰੀ ਬਣਨ ਦਾ ਪਾਠ ਪੜ੍ਹਾਇਆ ਹੋਵੇ ਪਰ ਮਨੁੱਖ ਨੇ ਆਪਣਾ ਮੂਲ ਨਹੀਂ ਛੱਡਿਆ। ਨਾਖ਼ੁਸ਼ਗਵਾਰ ਹਾਲਾਤ ਵਿਚ ਬੰਦੇ ਨੇ ਬੰਦਾ ਹੋਣ ਦਾ ਸਬੂਤ ਦਿੱਤਾ ਹੈ। ਅਜਿਹੇ ਹੀ ਖ਼ੁਸ਼ਕ ਮੌਸਮਾਂ ਦੇ ਵੇਗ 'ਚੋਂ ਬੰਦੇ ਦਾ ਆਪਾ ਤਲਾਸ਼ਦੀ ਜਰਮਨ ਫ਼ਿਲਮ ਹੈ 'ਦਿ ਲਾਈਵਜ਼ ਔਫ ਅਦਰਜ਼' ਜੋ ਲੇਖਕ ਅਤੇ ਹਦਾਇਤਕਾਰ ਫਲੋਰੀਅਨ ਹੈਂਕਲ ਵਾਨ ਡੋਨਰਸਮਾਰਕ ਦੀ ਪਲੇਠੀ ਫ਼ਿਲਮ ਹੈ। ਫ਼ਿਲਮ ਅੱਸੀਵਿਆਂ ਦੇ ਅੱਧ ਵਿਚ ਪੂਰਬੀ ਜਰਮਨ ਦੀ ਖ਼ੁਫ਼ੀਆ ਪੁਲਿਸ 'ਸਟਾਸੀ' ਦੁਆਰਾ ਮੁਲਕਵਾਸੀਆਂ ਖ਼ਿਲਾਫ਼ ਚਲਾਏ ਦਹਿਸ਼ਤ-ਚੱਕਰ ਨੂੰ ਬੇਪਰਦ ਕਰਦੀ ਹੈ। ਸਟਾਸੀ ਵਿਚ ਪੌਣੇ ਤਿੰਨ ਲੱਖ ਖ਼ੁਫ਼ੀਆ ਅਫ਼ਸਰ ਅਤੇ ਪੰਜ ਲੱਖ ਤੋਂ ਵੱਧ ਮੁਖ਼ਬਰ ਸ਼ਾਮਲ ਸਨ। ਕੁਝ ਅੰਕੜਿਆਂ ਮੁਤਾਬਕ ਮੁਖ਼ਬਰਾਂ ਦੀ ਗਿਣਤੀ ਵੀਹ ਲੱਖ ਤੋਂ ਵੱਧ ਸੀ। ਇਨ੍ਹਾਂ ਵਿਚ ਕਲਾਕਾਰਾਂ ਅਤੇ ਬੁੱਧੀਜੀਵੀਆਂ ਤੋਂ ਲੈ ਕੇ ਹਰ ਤਬਕੇ ਦੇ ਲੋਕ ਸ਼ਾਮਲ ਸਨ। ਲੋਕਾਂ ਦੀ ਨਿੱਜੀ ਜ਼ਿੰਦਗੀ ਵਿਚ ਸਟਾਸੀ ਦਾ ਖੁੱਲਾ ਤੇ 'ਕਾਨੂੰਨੀ' ਦਖ਼ਲ, ਲੋਕਾਂ ਨੂੰ ਕਾਬੂ ਵਿਚ ਰੱਖਣ ਦਾ 'ਜਾਇਜ਼' ਅਮਲ ਸਮਝਿਆ ਜਾਂਦਾ ਸੀ। ਕਲਾਕਾਰਾਂ ਅਤੇ ਲੇਖਕਾਂ ਉੱਤੇ ਅੱਖ ਰੱਖਣ ਲਈ ਸਟਾਸੀ ਦੇ ਅੰਦਰ ਖ਼ਾਸ ਸੱਭਿਆਚਾਰਕ ਮਹਿਕਮਾ ਸੀ।

ਫ਼ਿਲਮ ਦਾ ਕਿਰਦਾਰ ਜਾਰਜ ਡਰੇਮੈਨ ਕਾਮਯਾਬ ਅਤੇ ਸਰਕਾਰ-ਪੱਖੀ ਨਾਟ-ਲੇਖਕ ਹੈ ਪਰ ਸੱਭਿਆਚਾਰ ਮੰਤਰੀ ਬਰੂਨੋ ਹੈਮਫ ਨੂੰ ਉਹਦੀ ਵਫ਼ਾਦਾਰੀ ਨੁਮਾਇਸ਼ੀ ਲੱਗਦੀ ਹੈ। ਉਹ ਲੇਖਕ ਦੀ ਜਾਸੂਸੀ ਦਾ ਕੰਮ ਖ਼ੁਫ਼ੀਆ ਅਫ਼ਸਰ ਗਰੂਬਿਟਜ਼ ਨੂੰ ਸੌਂਪਦਾ ਹੈ ਜੋ ਕੰਮ ਨੂੰ ਤਰੱਕੀ ਦਾ ਸਬੱਬ ਮੰਨਦਾ ਹੈ। ਗਰੂਬਿਟਜ਼, ਅਗਾਂਹ ਇਸ ਕੰਮ ਦਾ ਜ਼ਿੰਮਾ ਕੈਪਟਨ ਗੈਰਡ ਵੈਜ਼ਲਰ ਨੂੰ ਦਿੰਦਾ ਹੈ ਜੋ ਪੁੱਛਗਿੱਛ ਅਤੇ ਤਸ਼ੱਦਦ ਦੇ ਮਾਮਲੇ ਵਿਚ ਸਟਾਸੀ ਦੇ ਸਖ਼ਤ, ਬੇਰਹਿਮ ਅਤੇ ਹੁਨਰਮੰਦ ਅਫ਼ਸਰਾਂ ਵਿਚੋਂ ਹੈ। ਰਾਜ-ਪ੍ਰਬੰਧ ਦੇ ਇਨ੍ਹਾਂ ਬੇਨਾਮ ਅਤੇ ਅਣਥੱਕ ਕਲ-ਪੁਰਜਿਆਂ ਨੂੰ ਅੰਨ੍ਹਾ ਯਕੀਨ ਹੈ ਕਿ ਉਹ ਲੋਕਤੰਤਰੀ, ਦੇਸ਼-ਭਗਤ ਅਤੇ




ਸਮਾਜਪੱਖੀ ਢਾਂਚੇ ਦੀ ਤਰੱਕੀ ਵਿਚ ਅਹਿਮ ਯੋਗਦਾਨ ਪਾ ਰਹੇ ਹਨ। ਡਰੇਮੈਨ ਦੇ ਘਰ ਦੀਆਂ ਕੰਧਾਂ ਨੂੰ ਬਹੁਤ ਸਾਰੇ ਕੰਨ ਅਤੇ ਮੁੱਖ ਦਰਵਾਜ਼ੇ 'ਤੇ ਅੱਖ ਲਾ ਦਿੱਤੀ ਜਾਂਦੀ ਹੈ ਜੋ ਦਿਨ-ਰਾਤ ਵੈਜ਼ਲਰ ਅਤੇ ਉਸਦੇ ਸਹਾਇਕ ਕੋਲ ਚੁਗਲੀ ਖਾਂਦੇ ਹਨ। ਦੇਖਿਆ-ਸੁਣਿਆ ਦਰਜ ਕੀਤਾ ਜਾਂਦਾ ਹੈ। ਹੌਲੀ-ਹੌਲੀ ਵੈਜ਼ਲਰ ਨੂੰ ਜਾਸੂਸੀ ਦੀ ਅਸਲੀ ਵਜ੍ਹਾ ਪਤਾ ਲੱਗਦੀ ਹੈ। ਮੰਤਰੀ ਬਰੂਨੋ ਹੈਮਫ, ਡਰੇਮੈਨ ਦੀ ਅਦਾਕਾਰ ਪ੍ਰੇਮਿਕਾ ਕਰਿਸਟਾ ਉੱਤੇ ਆਸ਼ਕ ਹੈ। ਡਰੇਮੈਨ ਨੂੰ ਨੀਵਾਂ ਦਿਖਾਉਣ ਲਈ ਉਹ ਸਟਾਸੀ ਨੂੰ ਵਰਤਦਾ ਹੈ। ਗਰੂਬਿਟਜ਼ ਲਈ ਇਹ ਤਰੱਕੀ ਪਾਉਣ ਦਾ ਜ਼ਰੀਆ ਹੈ। ਸਮਾਂ ਬੀਤਣ ਨਾਲ ਵੈਜ਼ਲਰ ਨੂੰ ਅਹਿਸਾਸ ਹੁੰਦਾ ਹੈ ਕਿ ਡਰੇਮੈਨ ਅਤੇ ਕਰਿਸਟਾ ਚੰਗੇ ਪ੍ਰੇਮੀ, ਨਫ਼ੀਸ ਅਤੇ ਪਿਆਰੇ ਮਨੁੱਖ ਹਨ। ਦੋਹਾਂ ਪ੍ਰੇਮੀਆਂ ਨੂੰ ਸੁਣਦਿਆਂ-ਦੇਖਦਿਆਂ, ਵੈਜ਼ਲਰ ਮੋਹ-ਪਿਆਰ, ਸੈਕਸ, ਸੰਗੀਤ, ਸਾਹਿਤ ਅਤੇ ਕਲਾ ਬਾਰੇ ਦੁਬਾਰਾ ਸੋਚਣਾ ਸ਼ੁਰੂ ਕਰਦਾ ਹੈ। ਜਿਸ ਨੂੰ ਮੁਲਕ-ਵਾਸੀਆਂ 'ਤੇ ਸ਼ੱਕ ਕਰਨਾ ਸਿਖਾਇਆ ਗਿਆ ਸੀ ਅਤੇ ਬੰਦੇ ਦੀ ਪਛਾਣ ਦੁਸ਼ਮਣ ਦੇ ਰੂਪ 'ਚ ਪੜ੍ਹਾਈ ਗਈ ਹੈ, ਉਹਦੇ ਅੰਦਰਲਾ ਬੰਦਾ ਸਿਰ ਚੁੱਕਣ ਲੱਗਦਾ ਹੈ। ਦੂਜਿਆਂ ਦੀ ਨਿੱਜਤਾ ਵਿਚ ਗ਼ੈਰ-ਜ਼ਰੂਰੀ ਦਖ਼ਲ ਦੇਣ ਵਾਲੇ ਦਾ ਆਪਾ ਸਵਾਲਾਂ ਦੇ ਘੇਰੇ ਵਿਚ ਆ ਜਾਂਦਾ ਹੈ। ਨਾ ਚਾਹੁੰਦੇ ਹੋਏ ਵੀ ਉਸ ਦੀ ਮਨੁੱਖੀ ਤੰਦ ਡਰੇਮੈਨ ਤੇ ਕਰਿਸਟਾ ਨਾਲ ਜੁੜ ਜਾਂਦੀ ਹੈ। ਇਹੀ ਉਹਦੀ ਬੰਦੇ ਵਜੋਂ ਬਹਾਲੀ ਦਾ ਸੰਘਰਸ਼ ਹੈ। ਹੁਣ ਉਹ ਵੇਸਵਾ ਨੂੰ ਲੰਬੀ ਦੇਰ ਤੱਕ ਗੱਲਾਂ ਕਰਨ ਲਈ ਕਹਿੰਦਾ ਹੈ। ਬਰੈਖ਼ਤ ਨੂੰ ਪੜ੍ਹਦਾ ਤੇ ਸੰਗੀਤ ਸੁਣਦਾ ਹੈ। ਫ਼ਿਲਮ ਦੱਸਦੀ ਹੈ ਕਿ ਸਮੇਂ ਦਾ ਸੱਚ ਲਿਖਣਾ ਲੇਖਕ ਦੀ ਜ਼ਿੰਮੇਵਾਰੀ ਹੈ। ਉਹ ਮੁਲਕ ਦੀ ਚੇਤਨਾ ਦਾ ਨੁਮਾਇੰਦਾ ਬਣ ਕੇ ਸਰਕਾਰ ਨੂੰ ਜ਼ਿੰਮੇਵਾਰ ਬਣਾਉਂਦਾ ਹੈ। ਜ਼ਿੰਮੇਵਾਰੀ ਤੋਂ ਭੱਜੀ ਸਰਕਾਰ ਚੇਤਨਾ ਦੇ ਸੋਮਿਆਂ ਨੂੰ ਬੰਨ੍ਹ ਮਾਰਨ ਵਿਚ ਯਕੀਨ ਕਰਦੀ ਹੈ। ਪਾਬੰਦੀ, ਕਿਰਦਾਰਕੁਸ਼ੀ, ਜੇਲ੍ਹ ਅਤੇ ਖ਼ੁਦਕੁਸ਼ੀ ਜਿਹੇ ਵਰਤਾਰੇ ਨਾਬਰ-ਸੁਰਾਂ 'ਤੇ ਥੋਪੇ ਜਾਂਦੇ ਹਨ। ਸੰਨ 1977 ਵਿਚ ਪੂਰਬੀ ਜਰਮਨੀ ਨੇ ਖ਼ੁਦਕੁਸ਼ੀਆਂ ਦੇ ਅੰਕੜੇ 'ਕੱਠੇ ਕਰਨੇ ਬੰਦ ਕਰ ਦਿੱਤੇ ਸਨ। ਉਸੇ ਸਾਲ ਯੂਰਪ ਵਿਚ ਖ਼ੁਦਕੁਸ਼ੀਆਂ ਦੇ ਮਾਮਲੇ ਵਿਚ ਪੂਰਬੀ ਜਰਮਨੀ ਦਾ ਦੂਜਾ ਦਰਜਾ ਸੀ। ਇਸ ਅਣਮਨੁੱਖੀ ਰੁਝਾਨ ਦੀ ਕੜੀ ਪੰਜਾਬੀ ਸੰਗਤ ਨਾਲ ਵੀ ਜਾ ਜੁੜਦੀ ਹੈ ਜਦੋਂ ਸੂਬੇ ਦਾ ਉਪ ਮੁਖ ਮੰਤਰੀ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਕਾਰਨ ਦਿਲ ਦੀ ਬਿਮਾਰੀ ਦੱਸਦਾ ਹੈ। ਉੜੀਸਾ ਅਤੇ ਰਾਜਸਥਾਨ ਦੀਆਂ ਸਰਕਾਰਾਂ ਭੁੱਖਮਰੀ ਨਾਲ ਹੋਈਆਂ ਮੌਤਾਂ ਤੋਂ ਮੁੱਕਰ ਜਾਂਦੀਆਂ ਹਨ। ਸਾਡੇ ਮੁਲਕ ਭਾਰਤ ਵਿਚ ਆਰਥਿਕ ਤੰਗੀ ਸਦਕਾ ਹੋਈਆਂ ਮੌਤਾਂ ਕਿਸੇ ਖ਼ਾਤੇ ਨਹੀਂ ਪੈਂਦੀਆਂ। ਮੁਲਕ ਦੀ ਕੁਲ ਵਸੋਂ ਦੇ ਅਠੱਤਰ ਫ਼ੀਸਦੀ ਲੋਕਾਂ ਨੂੰ ਅਣਡਿੱਠ ਕੀਤਾ ਜਾਂਦਾ ਹੈ ਜੋ ਵੀਹ ਰੁਪਏ ਤੋਂ ਹੇਠਾਂ ਗੁਜ਼ਾਰਾ ਕਰਦੇ ਹਨ।

ਚੇਤਨ ਮਨੁੱਖਾਂ ਦਾ ਚੁੱਪ ਵੱਟਣਾ, ਮਰਨਾ ਜਾਂ ਮਾਰਿਆ ਜਾਣਾ ਲੋਕਾਈ ਦੇ ਸੁਫਨਿਆਂ ਅਤੇ ਉਮੀਦਾਂ ਨੂੰ ਧੁੰਦਲਾ ਕਰਦਾ ਹੈ। ਪਾਬੰਦੀਯਾਫ਼ਤਾ ਲੇਖਕ ਜੈਰਸਕਾ ਦੀ ਖ਼ੁਦਕੁਸ਼ੀ ਡਰੇਮੈਨ ਲਈ ਅਸਹਿਣਯੋਗ ਹੈ। ਦੁਖੀ ਡਰੇਮੈਨ ਪਿਆਨੋ ਉੱਤੇ ਬੀਥੋਵਨ ਦੀ ਮਸ਼ਹੂਰ ਸਿੰਫਨੀ 'ਅਪੈਸਨਤਾ' ਵਜਾਉਂਦਾ ਹੈ ਜੋ ਲੈਨਿਨ ਨੂੰ ਸਭ ਤੋਂ ਵੱਧ ਪਸੰਦ ਸੀ। ਉਹ ਕਰਿਸਟਾ ਨੂੰ ਦੱਸਦਾ ਹੈ, "ਲੈਨਿਨ ਨੇ ਕਿਹਾ ਸੀ ਕਿ ਜੇ ਮੈਂ ਇਹ ਸਿੰਫਨੀ ਸੁਣਦਾ ਰਿਹਾ ਤਾਂ ਇਨਕਲਾਬ ਪੂਰਾ ਨਹੀਂ ਕਰ ਸਕਦਾ।" ਲੇਖਕ ਸਵਾਲ ਕਰਦਾ ਹੈ, "ਜਿਸ ਆਦਮੀ ਨੇ ਸੱਚੇ ਦਿਲੋਂ ਸੰਗੀਤ ਸੁਣਿਆ ਹੋਵੇ, ਕੀ ਉਹ ਆਦਮੀ ਬੁਰਾ ਹੋ ਸਕਦਾ ਹੈ?" ਇਹ ਸਵਾਲ ਵੈਜ਼ਲਰ ਨੂੰ ਹਿਲਾ ਕੇ ਰੱਖ ਦਿੰਦਾ ਹੈ ਤੇ ਉਹ ਮੁੜ ਪਹਿਲਾਂ ਵਰਗਾ ਨਹੀਂ ਹੋ ਸਕਦਾ ਅਤੇ ਨਾ ਹੀ ਜਾਸੂਸੀ ਵਰਗੇ ਕੰਮ ਨੂੰ ਸ਼ਿੱਦਤ ਨਾਲ ਕਰ ਸਕਦਾ ਹੈ। ਉਹੀ ਗੱਲ ਜਿਸ ਬਾਰੇ ਪਾਸ਼ ਨੇ ਕਦੀ ਕਿਹਾ ਸੀ ਕਿ ਇਹ ਕੰਮ ਮਨੁੱਖ ਦੀ ਕੁਜਾਤ ਹੀ ਕਰ ਸਕਦੀ ਹੈ। ਇਹ ਮਨੁੱਖੀ ਜ਼ਿੰਦਗੀ ਦਾ ਸਤਿਕਾਰ ਨਾ ਕਰਨ ਵਾਲੀ ਸੋਚ ਦੀ ਦੁਸ਼ਟਤਾ ਹੈ ਜੋ ਸਮੁੱਚੀ ਮਨੁੱਖੀ ਹੋਂਦ ਨੂੰ ਸ਼ੱਕ ਦੇ ਘੇਰੇ ਵਿਚ ਲੈ ਆਉਂਦੀ ਹੈ, ਜਿਵੇਂ ਬੰਦੇ ਨੇ ਦੁਨੀਆਂ 'ਤੇ ਜੰਮ ਕੇ ਕੋਈ ਗੁਨਾਹ ਕੀਤਾ ਹੋਵੇ? ਮਨੁੱਖੀ ਖੋਪੜੀ 'ਤੇ ਟੁਣਕਦਾ ਹਕੂਮਤੀ ਡੰਡਾ ਗੁਨਾਹ ਦੇ ਅਹਿਸਾਸ ਨੂੰ ਜਿਉਂਦਾ ਰੱਖਦਾ ਹੈ। ਨਾਬਰੀ ਅਤੇ ਤਬਦੀਲੀ ਦੇ ਬੀਜ ਇਸੇ ਅਹਿਸਾਸ ਵਿਚੋਂ ਜੜ੍ਹ ਫੜਦੇ ਹਨ। ਡਰੇਮੈਨ ਖ਼ੁਦਕੁਸ਼ੀਆਂ ਦੇ ਵਰਤਾਰੇ ਬਾਰੇ ਲੇਖ ਲਿਖਣ ਦਾ ਬੀੜਾ ਚੁੱਕ ਲੈਂਦਾ ਹੈ। ਵੈਜ਼ਲਰ, ਡਰੇਮੈਨ ਦਾ ਬਚਾਅ ਕਰਦਾ ਹੋਇਆ ਜਾਣਕਾਰੀ ਮਹਿਕਮੇ ਅੱਗੇ ਨਸ਼ਰ ਨਹੀਂ ਕਰਦਾ। ਪੱਛਮੀ ਜਰਮਨੀ ਦੇ ਮੈਗਜ਼ੀਨ 'ਸਪੀਗਲ' ਵਿਚ ਛਪੀ ਰਿਪੋਰਟ ਪੜ੍ਹ ਕੇ ਸਰਕਾਰ ਆਪੇ ਤੋਂ ਬਾਹਰ ਹੋ ਜਾਂਦੀ ਹੈ। ਵੈਜ਼ਲਰ ਸ਼ੱਕ ਦੇ ਘੇਰੇ ਵਿਚ ਆਏ ਡਰੇਮੈਨ ਨੂੰ ਬਚਾਉਣ ਦੀ ਪੂਰੀ ਵਾਹ ਲਾਉਂਦਾ ਹੈ ਪਰ ਕੁਜਾਤ ਦੇ ਹੱਥ ਜ਼ਿਆਦਾ ਲੰਮੇ ਸਨ। ਵਾਧੂ ਕੰਨਾਂ ਅਤੇ ਅੱਖਾਂ ਦੀ ਸਿਆਸਤ ਕਰਿਸਟਾ ਦੀ ਅਣਿਆਈ ਮੌਤ ਬਣ ਜਾਂਦੀ ਹੈ। ਵੈਜ਼ਲਰ ਸਬੂਤ ਲੁਕੋਣ ਵਿਚ ਕਾਮਯਾਬ ਹੋ ਜਾਂਦਾ ਹੈ। ਸਬੂਤਾਂ ਦੀ ਘਾਟ ਅਤੇ ਕਰਿਸਟਾ ਦੀ ਮੌਤ ਕਰਕੇ ਡਰੇਮੈਨ ਨੂੰ ਬਖ਼ਸ਼ ਦਿੱਤਾ ਜਾਂਦਾ ਹੈ। ਵੈਜ਼ਲਰ ਦੀ ਬਦਲੀ ਡਾਕ ਮਹਿਕਮੇ ਦੇ ਖਿੜਕੀ ਰਹਿਤ ਅਤੇ ਦਮ-ਘੋਟੂ ਕਮਰੇ ਵਿਚ ਹੋ ਜਾਂਦੀ ਹੈ ਜਿੱਥੇ ਫਿਰ ਉਸ ਨੇ ਵੀਹ ਸਾਲ ਨੌਕਰੀ ਕਰਨੀ ਹੈ।

ਅਮਰੀਕਾ ਅਤੇ ਯੂਰਪ ਵਿਚ ਇਸ ਫ਼ਿਲਮ ਨੂੰ ਖ਼ੂਬ ਪ੍ਰਚਾਰਿਆ ਅਤੇ ਖ਼ਿਤਾਬਾਂ ਨਾਲ ਨਿਵਾਜਿਆ ਗਿਆ ਕਿਉਂਕਿ ਪੂਰਬੀ ਜਰਮਨੀ ਸੋਵੀਅਤ-ਸੰਘ ਦੀ ਅਗਵਾਈ ਹੇਠਲੇ ਸਮਾਜਵਾਦੀ ਬਲਾਕ ਵਿਚ ਗਿਣਿਆ ਜਾਂਦਾ ਸੀ। ਸਾਮਰਾਜੀ ਹਕੂਮਤਾਂ ਨੇ ਸਟਾਸੀ ਦੀ ਵਿਰਾਸਤ ਨੂੰ ਚਾਰ ਚੰਨ ਲਾਉਣ ਲਈ ਤਕਨੀਕੀ ਅਤੇ ਜੱਥੇਬੰਦਕ ਸੂਝ-ਬੂਝ ਦੀਆਂ ਸਿਖਰਾਂ ਛੂਹੀਆਂ ਹਨ। 'ਸਮਾਜਵਾਦੀ' ਢਾਂਚੇ ਦੀ ਪੁਲਿਸ ਹੋਣ ਦਾ ਵਿਤਕਰਾ ਵੀ ਨਹੀਂ ਕੀਤਾ। ਜਦੋਂ ਤੱਕ ਕੋਈ ਗ਼ਲਬਾ ਮਨੁੱਖਤਾ ਦੇ ਸਿਰ 'ਤੇ ਡੰਡਾ ਲੈ ਕੇ ਖੜ੍ਹਾ ਹੈ ਅਤੇ ਲੋਕ ਮਸਲਿਆਂ ਤੱਕ ਪਹੁੰਚ ਸਟਾਸੀ ਜਹੀਆਂ ਸੰਸਥਾਵਾਂ ਰਾਹੀਂ ਹੋ ਰਹੀ ਹੈ, ਉਦੋਂ ਤੱਕ ਨਾਬਰੀ ਦੀ ਸੁਰ ਨੀਵੀਂ ਨਹੀਂ ਹੋ ਸਕਦੀ। ਬੰਦੇ ਦੁਆਰਾ ਬੰਦੇ ਦੀ ਜਸੂਸੀ ਇਨ੍ਹਾਂ ਗ਼ਲਬਿਆਂ ਦਾ ਇਕ ਰੂਪ ਹੈ। ਮਨੁੱਖੀ ਸੰਵੇਦਨਾ ਨੂੰ ਕੇਂਦਰ ਵਿਚ ਰੱਖ ਕੇ ਰਚਾਇਆ ਸੰਵਾਦ ਮਨੁੱਖ ਦੀ ਕੁਜਾਤ ਦਾ ਅੰਤ ਕਰ ਸਕਦਾ ਹੈ। ਬਰੈਖ਼ਤ ਦੇ ਸ਼ਬਦਾਂ ਵਿਚ "ਜਦੋਂ ਸਾਰਾ ਜੰਗਲ ਫ਼ੌਜੀਆਂ ਨਾਲ ਭਰਿਆ ਹੋਵੇ, ਤੁਸੀਂ ਦਰੱਖ਼ਤਾਂ ਬਾਰੇ ਕਵਿਤਾ ਨਹੀਂ ਲਿਖ ਸਕਦੇ।"

# ਨੈਓਮੀ ਕਲੇਨ ਦੀ ਬੇਜੋੜ ਰਚਨਾ 'ਸਦਮਾ ਸਿਧਾਂਤ'

ਜਸਵੀਰ ਸਮਰ

ਨੈਓਮੀ ਕਲੇਨ ਦੀ ਬੇਜੋੜ ਕਿਰਤ 'ਦਿ ਸ਼ੌਕ ਡੌਕਟਰਾਈਨ: ਦਿ ਰਾਈਜ਼ ਔਫ ਡਿਜ਼ਾਸਟਰ ਕੈਪੀਟਲਿਜ਼ਮ' ਦਾ ਪੰਜਾਬੀ ਵਿਚ ਅਨੁਵਾਦ 'ਸਦਮਾ ਸਿਧਾਂਤ: ਤਬਾਹੀਪਸੰਦ ਸਰਮਾਏਦਾਰੀ ਦਾ ਉਭਾਰ' ਛਪਣਾ ਪੰਜਾਬ, ਪੰਜਾਬੀ ਅਤੇ ਪੰਜਾਬੀਆਂ ਦੇ ਧੰਨਭਾਗ ਹਨ। ਇਸ ਕਿਰਤ ਵਿਚ ਨੈਓਮੀ ਕਲੇਨ ਕਾਰਪੋਰੇਟ ਸਰਮਾਏਦਾਰੀ ਦੇ ਨਵ-ਉਦਾਰਵਾਦੀ ਏਜੰਡੇ ਨੂੰ ਕੁਲ ਦੁਨੀਆਂ 'ਤੇ ਥੋਪਣ ਅਤੇ ਅੱਗੇ ਵਧਾਉਣ ਲਈ ਅਮਰੀਕੀ ਸਾਮਰਾਜ ਵਲੋਂ ਇਸਤੇਮਾਲ ਕੀਤੇ ਜਾ ਰਹੇ ਸਦਮੇ ਦੇ ਵੱਖੋ ਵੱਖਰੇ ਰੂਪਾਂ ਦੇ ਅੰਤਰ-ਸਬੰਧਾਂ ਨੂੰ ਠੋਸ ਤਰਕਾਂ ਅਤੇ ਤੱਥਾਂ ਸਹਿਤ ਸਾਹਮਣੇ ਲਿਆਉਂਦੀ ਹੈ। ਨਾਲ ਹੀ ਇਨ੍ਹਾਂ ਪਿੱਛੇ ਕਾਰਜਸ਼ੀਲ ਸਾਂਝੇ ਨੀਤੀ-ਸੂਤਰ ਨੂੰ ਬੇਨਕਾਬ ਕਰਕੇ ਇਸ ਨੂੰ 'ਸਦਮਾ ਸਿਧਾਂਤ' ਦੇ ਰੂਪ ਵਿਚ ਪੇਸ਼ ਕਰਦੀ ਹੈ। ਕਾਰਪੋਰੇਟਾਂ ਦੇ ਸੁਪਰ-ਮੁਨਾਫ਼ਿਆਂ ਅਤੇ ਦੁਨੀਆਂ ਵਿਚ ਮੈਗਾ-ਤਬਾਹੀਆਂ ਦਾ ਗੂੜ੍ਹਾ ਰਿਸ਼ਤਾ ਨੈਓਮੀ ਕਲੇਨ ਦਾ ਬੁਨਿਆਦੀ ਥੀਸਿਜ਼ ਹੈ। ਉਹ ਦੱਸਦੀ ਹੈ ਕਿ ਸਦਮਾ ਸਿਧਾਂਤ ਕੌਮੀ ਹਿੱਤਾਂ ਦੀਆਂ ਰੋਕਾਂ ਰਾਹੀਂ ਮਹਿਫ਼ੂਜ਼ ਕੀਤੇ ਅਰਥਚਾਰਿਆਂ ਵਿਚ ਸੰਨ੍ਹ ਲਾਉਣ ਅਤੇ ਇਨ੍ਹਾਂ ਤੱਕ ਬੇਲਗਾਮ ਮੰਡੀ ਦਾ ਵਿਸਤਾਰ ਕਰਨ ਦਾ ਸੰਸਾਰ ਕਾਰਪੋਰੇਟ ਸਰਮਾਏਦਾਰੀ ਦਾ ਮੁੱਖ ਮਨਭਾਉਂਦਾ ਹਥਿਆਰ ਹੈ। ਇਸੇ ਲਈ ਹੀ ਇਹ ਵਿਸ਼ੇਸ਼ ਸਰਮਾਏਦਾਰੀ 'ਤਬਾਹੀਪਸੰਦ ਸਰਮਾਏਦਾਰੀ' ਹੈ। ਇਸ ਹਥਿਆਰ ਨੂੰ ਵੱਖੋ ਵੱਖਰੇ ਦੇਸ਼ਾਂ ਵਿਚ ਆਰਥਿਕ-ਸਿਆਸੀ ਸੰਕਟਾਂ, ਕੁਦਰਤੀ ਆਫ਼ਤਾਂ, ਜੰਗਾਂ ਜਾਂ ਹੋਰ ਰੂਪਾਂ ਵਿਚ ਤਬਾਹੀਆਂ ਜ਼ਰੀਏ ਨਵ-ਉਦਾਰਵਾਦੀ ਏਜੰਡੇ ਨੂੰ ਥੋਪਣ ਲਈ ਵਰਤਿਆ ਗਿਆ ਹੈ। ਜੇ ਕਿਸੇ ਦੇਸ਼ ਵਿਚ ਹਕੀਕੀ ਆਰਥਕ ਸੰਕਟ ਮੌਜੂਦ ਨਹੀਂ ਤਾਂ ਕਾਰਪੋਰੇਟ ਜਹਾਦ ਦਾ ਆਗੂ ਅਮਰੀਕਾ, ਉੱਥੇ ਜਾਅਲੀ ਸੰਕਟ ਖੜ੍ਹਾ ਕਰਕੇ ਆਪਣੇ ਲਈ ਮੁਆਫ਼ਕ ਹਾਲਾਤ ਪੈਦਾ ਕਰਦਾ ਹੈ।

ਕਲੇਨ ਸਦਮਿਆਂ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਕਾਰਪੋਰੇਟ ਸਰਮਾਏਦਾਰੀ ਦੀਆਂ ਸਮਕਾਲੀ ਕਾਰਵਾਈਆਂ ਨੂੰ ਬੇਨਕਾਬ ਕਰਦੀ ਹੈ। ਉਹ ਕਹਿੰਦੀ ਹੈ ਕਿ ਜਦੋਂ ਜੰਗਾਂ, ਦਹਿਸ਼ਤਵਾਦੀ ਹਮਲਿਆਂ, ਰਾਜ-ਪਲਟਿਆਂ ਅਤੇ ਕੁਦਰਤੀ ਆਫ਼ਤਾਂ ਨਾਲ ਦੇਸ਼ਾਂ ਵਿਚ ਆਪਾ-ਧਾਪੀ ਮਚੀ ਹੁੰਦੀ ਹੈ ਅਤੇ ਸਮਾਜ ਸਕਤੇ ਦੀ ਹਾਲਤ ਵਿਚ ਹੁੰਦੇ ਹਨ ਤਾਂ ਬਹੁ-ਕੌਮੀ ਕਾਰਪੋਰੇਸ਼ਨਾਂ ਅਤੇ ਇਨ੍ਹਾਂ ਦੇ ਹੱਥਠੋਕਾ ਸਿਆਸਤਦਾਨ ਇਨ੍ਹਾਂ ਦੇਸ਼ਾਂ ਨੂੰ ਹੋਰ ਸਦਮੇ ਦਿੰਦੇ ਹਨ ਅਤੇ ਇੰਜ ਪਹਿਲੇ ਸਦਮੇ ਰਾਹੀਂ ਬਣੀ ਵਿਆਪਕ ਖ਼ੌਫ਼ ਅਤੇ ਮਾਨਸਿਕ ਖਲਬਲੀ ਦੇ ਹਾਲਾਤ ਦਾ ਲਾਹਾ ਲੈ ਕੇ ਆਰਥਿਕ ਸਦਮਾ ਇਲਾਜ ਥੋਪ ਦਿੰਦੇ ਹਨ, ਤੇ ਜਦੋਂ ਲੋਕ ਆਪਣੇ ਕੌਮੀ ਅਤੇ ਸਮਾਜਿਕ ਹਿੱਤ ਖ਼ਤਰੇ ਮੂੰਹ ਆਏ ਦੇਖਕੇ ਇਨ੍ਹਾਂ ਦੀ ਰਾਖੀ ਲਈ ਸਦਮਾ ਰਣਨੀਤੀ ਦਾ ਵਿਰੋਧ ਕਰਨ ਦੇ ਰਾਹ ਪੈਂਦੇ ਹਨ ਤਾਂ ਪੁਲੀਸ, ਫ਼ੌਜ ਅਤੇ ਜੇਲ੍ਹਾਂ ਦੇ ਤਫ਼ਤੀਸ਼ੀ ਅਧਿਕਾਰੀ ਸਦਮੇ ਤੋਂ ਪੀੜਤ ਸਮਾਜਾਂ ਨੂੰ ਭਿਆਨਕ ਤਸੀਹਿਆਂ ਅਤੇ ਜਬਰ ਦੇ ਰੂਪ ਵਿਚ ਤੀਜਾ ਸਦਮਾ ਦਿੰਦੇ ਹਨ। ਉਹ ਇਰਾਕ ਵਿਰੁੱਧ ਅਮਰੀਕਾ ਦੀ ਪੂਰੀ ਤਰ੍ਹਾਂ ਨਹੱਕੀ ਤੇ ਧਾੜਵੀ ਜੰਗ ਅਤੇ ਇਰਾਕ ਉੱਪਰ ਕਬਜ਼ੇ ਨੂੰ ਸਦਮਾ ਸਿਧਾਂਤ ਦੀ ਹਿੰਸਾ ਦੀ ਸਿਖ਼ਰ ਕਹਿੰਦੀ ਹੈ।

'ਤਬਾਹੀਪਸੰਦ ਸਰਮਾਏਦਾਰੀ' ਦੇ ਸਿਧਾਂਤ ਅਤੇ ਅਮਲ ਦੀ ਪ੍ਰਮਾਣਿਕ ਤਸਵੀਰ ਪੇਸ਼ ਕਰਨ ਲਈ ਨੈਓਮੀ ਸੀ.ਆਈ.ਏ. ਵੱਲੋਂ ਕੈਨੇਡਾ ਦੀ ਮੈਕਗਿਲ ਯੂਨੀਵਰਸਿਟੀ ਵਿਚ ਤਸੀਹਿਆਂ ਬਾਰੇ ਕਰਵਾਈ ਖੋਜ ਨੂੰ ਆਰੰਭ ਬਿੰਦੂ ਬਣਾਉਂਦੀ ਹੈ। ਫਿਰ ਉਹ ਚਾਰ ਦਹਾਕਿਆਂ ਦੌਰਾਨ ਇੰਡੋਨੇਸ਼ੀਆ, ਚਿੱਲੀ, ਅਰਜਨਟਾਈਨਾ, ਬੋਲੀਵੀਆ, ਉਰੂਗੁਏ, ਪੋਲੈਂਡ, ਰੂਸ, ਦੱਖਣੀ ਅਫ਼ਰੀਕਾ, ਸ੍ਰੀ ਲੰਕਾ, ਥਾਈਲੈਂਡ, ਦੱਖਣੀ ਕੋਰੀਆ, ਇਰਾਕ ਅਤੇ ਹੋਰ ਦੇਸ਼ਾਂ ਵਿਚ ਵਾਪਰੀਆਂ ਇਤਿਹਾਸਕ ਘਟਨਾਵਾਂ ਦਾ ਵਿਸਥਾਰ ਸਹਿਤ ਅਤੇ ਤੱਥਪੂਰਨ ਵੇਰਵਾ ਦਿੰਦੀ ਹੋਈ ਇਨ੍ਹਾਂ ਥਾਵਾਂ 'ਤੇ ਸਦਮਾ ਸਿਧਾਂਤ ਨੂੰ ਅਮਲ ਵਿਚ ਆਉਂਦਾ ਦਰਸਾਉਂਦੀ ਹੈ।

ਨੈਓਮੀ ਕਾਰਪੋਰੇਟ ਸਰਮਾਏਦਾਰੀ ਦੇ ਬੁੱਧੀਜੀਵੀ ਫਰਾਂਸਿਸ ਫੂਕੂਯਾਮਾ ਦੇ 'ਇਤਿਹਾਸ ਦਾ ਅੰਤ' ਦੇ ਐਲਾਨ ਨੂੰ ਇਸੇ ਸਿਧਾਂਤਕ ਜਹਾਦ ਦੀ ਕੜੀ ਵਜੋਂ ਦੇਖਦੀ ਹੈ। ਉਹ ਕਾਰਪੋਰੇਟ ਸਰਮਾਏਦਾਰੀ ਦੇ ਬੁੱਧੀਜੀਵੀਆਂ ਵਲੋਂ ਸਿਰਜੀ ਇਸ ਸਿਧਾਂਤਕ ਮਿੱਥ ਦੇ ਬਖੀਏ ਉਧੇੜਦੀ ਹੈ ਕਿ ਖੁੱਲ੍ਹੀ ਮੰਡੀ ਦੀ ਸਰਮਾਏਦਾਰਾ ਵਿਚਾਰਧਾਰਾ ਅਜਿੱਤ ਤਾਕਤ ਸਾਬਤ ਹੋ ਗਈ ਹੈ ਅਤੇ ਇਸ ਦੀ ਆਲਮੀ ਫ਼ਤਹਿ ਜਮਹੂਰੀ ਅਮਲ ਰਾਹੀਂ ਹੋਈ ਹੈ। ਉਹ 'ਸਦਮਾ ਸਿਧਾਂਤ' ਰਾਹੀਂ ਇਸ ਬੁਨਿਆਦੀ ਧਾਰਨਾ ਨੂੰ ਮੁੜ ਸਥਾਪਤ ਕਰਦੀ ਹੈ ਕਿ ਖੁੱਲ੍ਹੀ ਮੰਡੀ ਅਤੇ ਜਮਹੂਰੀਅਤ ਆਪੋ ਵਿਚ ਬੇਮੇਲ ਵਰਤਾਰੇ ਹਨ ਅਤੇ ਖੁੱਲ੍ਹੀ ਮੰਡੀ ਦਾ ਨਵ-ਉਦਾਰਵਾਦ ਸਿਰਫ਼ ਹਿੰਸਾ ਰਾਹੀਂ ਹੀ ਲਾਗੂ ਕੀਤਾ




*ਨੈਓਮੀ ਕਲੇਨ ਦੀ ਕਿਰਤ 'ਦਿ ਸ਼ੌਕ ਡੌਕਟਰਾਈਨ' ਦੇ ਪੰਜਾਬੀ ਵਿਚ ਅਨੁਵਾਦ 'ਸਦਮਾ ਸਿਧਾਂਤ' ਦਾ ਟਾਈਟਲ*

ਜਾ ਸਕਦਾ ਹੈ। ਉਹ ਨਵ-ਉਦਾਰਵਾਦ ਦੇ ਏਜੰਡੇ ਦੀਆਂ ਭੰਡਾਬਰਦਾਰ ਤਾਕਤਾਂ ਦੇ ਬਿਆਨਾਂ ਰਾਹੀਂ ਇਸ ਨੂੰ ਸਿੱਧ ਕਰਦੀ ਹੈ ਜਿਨ੍ਹਾਂ ਦਾ ਕਥਨ ਹੈ ਕਿ ਸੰਕਟਾਂ, ਆਫ਼ਤਾਂ, ਜੰਗਾਂ, ਤਬਾਹੀਆਂ ਦਾ ਖ਼ਾਸ ਸਮਾਂ ਹੀ ਉਨ੍ਹਾਂ ਦੇ ਏਜੰਡੇ ਨੂੰ ਲਾਗੂ ਕਰਨ ਦਾ ਸਹੀ ਸਮਾਂ ਹੁੰਦਾ ਹੈ।

ਨੈਓਮੀ ਦਾ ਮੰਨਣਾ ਹੈ ਕਿ ਸਮਾਜ ਵਿਚ ਬੁਨਿਆਦੀ ਤਬਦੀਲੀ ਲਈ ਸਰਗਰਮ ਤਾਕਤਾਂ ਦੇ ਰਾਜਸੀ ਏਜੰਡੇ ਦੇ ਵਾਅਦੇ ਫਿਰ ਹੀ ਵਫ਼ਾ ਹੋ ਸਕਦੇ ਹਨ, ਜੇ ਉਹ ਨਵ-ਉਦਾਰਵਾਦ ਵਿਰੁੱਧ ਸਮਝੌਤਾਰਹਿਤ ਜੱਦੋਜਹਿਦ 'ਤੇ ਡਟੀਆਂ ਰਹਿੰਦੀਆਂ ਹਨ; ਨਹੀਂ ਤਾਂ ਉਹ ਵੀ ਉਸੇ ਤਰ੍ਹਾਂ ਦੀ ਬੇਵਫ਼ਾਈ ਅਤੇ ਗ਼ਦਾਰੀ ਭਰੀ ਭੂਮਿਕਾ ਨਿਭਾਉਣ ਲਈ ਸਰਾਪੀਆਂ ਜਾਣਗੀਆਂ ਜਿਸ ਤਰ੍ਹਾਂ ਦੀ ਭੂਮਿਕਾ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਪੋਲੈਂਡ ਦੀ ਸੌਲੀਡੈਰਿਟੀ ਲਹਿਰ ਅਤੇ ਦੱਖਣੀ ਅਫ਼ਰੀਕਾ ਵਿਚ ਨੈਲਸਨ ਮੰਡੇਲਾ ਦੀ ਅਫ਼ਰੀਕੀ ਨੈਸ਼ਨਲ ਕਾਂਗਰਸ ਵਲੋਂ ਨਿਭਾਈ ਗਈ। ਭਾਰਤ ਵਿਚ ਇਸੇ ਤਰ੍ਹਾਂ ਦੀ ਭੂਮਿਕਾ ਕੇਂਦਰ ਸਰਕਾਰ ਵਿਚ ਅਤੇ ਖ਼ਾਸ ਕਰਕੇ ਪੱਛਮੀ ਬੰਗਾਲ ਵਿਚ ਖੱਬੇ ਮੋਰਚੇ ਵੱਲੋਂ ਨਿਭਾਈ ਗਈ। ਉਂਝ, ਇਹ ਬਹੁਤ ਹੈਰਾਨੀ ਦੀ ਗੱਲ ਹੈ ਕਿ 'ਤਬਾਹੀਪਸੰਦ ਸਰਮਾਏਦਾਰੀ' ਬਾਰੇ ਲਿਖੀ ਇੰਨੀ ਅਹਿਮ ਅਤੇ ਨੁੱਕਦਾਰ ਕਿਤਾਬ ਵਿਚ ਭਾਰਤ ਸਰਕਾਰ ਵੱਲੋਂ ਅਪਣਾਈਆਂ ਆਰਥਿਕ ਨੀਤੀਆਂ/ਰਣਨੀਤੀਆਂ ਵਾਲੇ ਮਾਡਲ ਦਾ ਕਿਤੇ ਜ਼ਿਕਰ ਨਹੀਂ ਆਇਆ। ਇਹ ਮਾਡਲ ਜਿਹੜਾ ਅਵਾਮ ਵਿਚ ਲਗਾਤਾਰ ਪਾੜਾ ਵਧਾਉਣ ਦਾ ਬਾਇਸ ਬਣਿਆ ਹੈ ਅਤੇ 'ਗ੍ਰੀਨ ਹੰਟ' ਵਰਗੀਆਂ ਲੋਕ-ਮਾਰੂ ਕਾਰਵਾਈਆਂ ਤੱਕ ਜਾ ਅੱਪੜਿਆ ਹੈ। ਪਤਾ ਨਹੀਂ, ਨੈਓਮੀ ਤੋਂ ਭਾਰਤ ਦੇ ਮਾਡਲ ਦੀ ਗੱਲ ਕਿਵੇਂ ਛੁੱਟ ਗਈ ਹੈ!

ਨੈਓਮੀ ਕਲੇਨ ਭਾਵੇਂ ਸਰਮਾਏਦਾਰੀ ਦੀ ਖ਼ਾਸ ਵੰਨਗੀ 'ਤਬਾਹੀਪਸੰਦ ਸਰਮਾਏਦਾਰੀ' ਨੂੰ ਹੀ ਬੁਰਾਈ ਦੀ ਜੜ੍ਹ ਮੰਨਦੀ ਹੈ ਅਤੇ ਮਿੱਸੀ ਆਰਥਿਕਤਾ ਦੇ ਕੀਨਜ਼ਵਾਦੀ ਸਰਮਾਏਦਾਰਾ ਮਾਡਲ ਦੀ ਮੁਦਈ ਹੈ ਪਰ ਉਸ ਵੱਲੋਂ ਕੀਤਾ ਪਰਦਾਫਾਸ਼ ਲਾਜਵਾਬ ਹੈ ਅਤੇ ਡੂੰਘੀ ਖੋਜ ਨਾਲ ਲਬਰੇਜ਼ ਹੈ। ਇਸੇ ਰੌਸ਼ਨੀ ਵਿਚ ਉਹ ਵੈਨਜ਼ੁਏਲਾ, ਕਿਊਬਾ ਅਤੇ ਬੋਲੀਵੀਆ ਦੀ ਅਗਵਾਈ ਹੇਠ ਲਾਤੀਨੀ ਅਮਰੀਕਾ ਅਤੇ ਕੈਰੀਬੀਅਨ ਖੇਤਰ ਦੇ ਅੱਠ ਦੇਸ਼ਾਂ ਦੀ 'ਅਲਬਾ' ਲਹਿਰ ਨੂੰ ਨਵ-ਉਦਾਰਵਾਦ ਵਿਰੁੱਧ ਲੜਾਈ ਦੇ ਦਰੁਸਤ ਨਮੂਨੇ ਵਜੋਂ ਬੁਲੰਦ ਕਰਦੀ ਹੈ। ਸਮੁੱਚੇ ਰੂਪ ਵਿਚ, ਇਹ ਬੇਹੱਦ ਅਹਿਮ ਅਤੇ ਸਮਰੱਥ ਕਿਤਾਬ ਪਾਠਕ ਨੂੰ ਅਜੋਕੇ ਸੰਸਾਰ ਦੇ ਗਤੀ-ਅਮਲ ਨੂੰ ਸਮਝਣ ਲਈ ਠੋਸ ਦ੍ਰਿਸ਼ਟੀ ਮੁਹੱਈਆ ਕਰਦੀ ਹੈ। ਬਕੌਲ ਅਰੁੰਧਤੀ "ਨੈਓਮੀ ਕਲੇਨ ਨੇ ਸ਼ਾਨਦਾਰ, ਜੁਰਅਤਮੰਦ ਅਤੇ ਭਿਆਨਕਤਾ ਨੂੰ ਬਿਆਨਦੀ ਕਿਤਾਬ ਲਿਖੀ ਹੈ। ਇਹ ਉਸ ਚੀਜ਼ ਦੇ ਗੁਪਤ ਇਤਿਹਾਸ ਤੋਂ ਘੱਟ ਨਹੀਂ ਹੈ ਜਿਸ ਨੂੰ ਅਸੀਂ 'ਖੁੱਲ੍ਹੀ ਮੰਡੀ' ਕਹਿੰਦੇ ਹਾਂ। ਇਹ ਲਾਜ਼ਮੀ ਪੜ੍ਹੇ



*ਨੈਓਮੀ ਕਲੇਨ*

ਜਾਣ ਵਾਲੀ ਕਿਤਾਬ ਹੈ।" ਇਹ ਕਿਤਾਬ ਪੜ੍ਹ ਕੇ ਸੋਚ ਦੀ ਇਕ ਲੜੀ ਇਹ ਵੀ ਤੁਰਦੀ ਹੈ ਕਿ ਦੁਨੀਆਂ ਕਿੱਥੇ ਪਹੁੰਚ ਗਈ ਅਤੇ ਆਪਣਾ ਪੰਜਾਬ ਕਿੱਥੇ ਖੜ੍ਹਾ ਹੈ! ਦੁਨੀਆਂ ਨਾਲ ਵਰ੍ਹ ਮੇਲਣ ਲਈ ਪੰਜਾਬੀਆਂ ਨੂੰ ਇੰਨੀ ਹੀ ਬੌਧਿਕ ਬੁਲੰਦੀ 'ਤੇ ਪੁੱਜਣਾ ਪਵੇਗਾ ਅਤੇ 'ਪੰਜਾਬੀ ਬੱਲੇ-ਬੱਲੇ' ਦੇ ਖੋਲ ਵਿਚੋਂ ਬਾਹਰ ਨਿੱਕਲ ਕੇ ਬਹੁਤ ਅਗਾਂਹ ਤੱਕ ਦੇਖਣਾ ਪਵੇਗਾ। ਇਸ ਤੋਂ ਘੱਟ ਨਾਲ ਹੁਣ ਸੌਰੇਗਾ ਵੀ ਕੀ? ਇਹ ਕਿਤਾਬ ਹੁਣ ਤੱਕ ਦੁਨੀਆਂ ਦੀਆਂ 30 ਜ਼ੁਬਾਨਾਂ ਵਿਚ ਅਨੁਵਾਦ ਹੋ ਚੁੱਕੀ ਹੈ ਅਤੇ ਇਹ ਬੀਤੇ ਦਹਾਕੇ ਵਿਚ ਛਪੀਆਂ ਦੁਨੀਆਂ ਦੀਆਂ ਸਭ ਤੋਂ ਮਹੱਤਵਪੂਰਨ ਕਿਤਾਬਾਂ ਵਿਚੋਂ ਇਕ ਹੈ। ਪੰਜਾਬੀ ਵਿਚ ਇਸ ਕਿਤਾਬ ਦਾ ਅਨੁਵਾਦ ਬੂਟਾ ਸਿੰਘ ਨੇ ਕੀਤਾ ਹੈ ਜੋ ਆਪਣੇ 'ਬਾਬਾ ਬੂਝਾ ਸਿੰਘ ਪ੍ਰਕਾਸ਼ਨ, ਬੰਗਾ' ਰਾਹੀਂ ਵਧੀਆ ਪੁਸਤਕਾਂ ਪੰਜਾਬੀ ਪਾਠਕਾਂ ਤੱਕ ਲਗਾਤਾਰ ਪਹੁੰਚਾ ਰਹੇ ਹਨ।

# ਖਹਿੜਾ ਛੱਡ ਕੇ ਸਾਧਾਂ ਪਾਖੰਡੀਆਂ ਦਾ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਸੰਸਾਰ ਯਾਤਰਾ 'ਤੇ ਆਏ ਪ੍ਰਾਣੀ ਨੂੰ ਹਮੇਸ਼ਾ ਤਿੰਨ ਪੱਖਾਂ ਤੋਂ ਮਾਰ ਪਈ ਹੈ- ਮਾਨਸਿਕ, ਸਮਾਜਿਕ ਤੇ ਆਰਥਿਕ ਕਮਜ਼ੋਰੀ। ਇਨ੍ਹਾਂ ਪਿਛੇ ਲੜਾਈ, ਬਿਮਾਰੀ ਤੇ ਮੁਕੱਦਮੇ ਦਾ ਬਹੁਤ ਵੱਡਾ ਹੱਥ ਹੈ। ਜਿਸ ਘਰ ਵਿਚ ਇਨ੍ਹਾਂ ਤਿੰਨਾਂ ਵਿਚੋਂ ਇਕ ਵੀ ਪ੍ਰਵੇਸ਼ ਕਰ ਗਈ, ਸਮਝੋ ਉਸ ਘਰ ਦੀ ਖੁਸ਼ਹਾਲੀ ਖਤਮ ਹੋਣੀ ਸ਼ੁਰੂ ਹੋ ਗਈ, ਤੇ ਅੰਧ ਵਿਸ਼ਵਾਸ ਦੇ ਦਰਵਾਜ਼ੇ ਖੁੱਲ੍ਹਣ ਲੱਗ ਪਏ। ਕੋਈ ਅਮੀਰ ਹੋਣ ਲਈ, ਕੋਈ ਔਲਾਦ ਦੀ ਪ੍ਰਾਪਤੀ ਲਈ ਅਤੇ ਕੋਈ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਸਾਧਾਂ, ਸੰਤਾਂ ਜਾਂ ਪਾਖੰਡੀ ਸਿਆਣਿਆਂ ਦੇ ਪੈਰੀਂ ਜ਼ਰੂਰ ਡਿੱਗਦਾ ਹੈ, ਪਰ ਜਿਹੜਾ ਗੁਰਮੁਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰ ਨਾਜ਼ਰ ਜਾਣ ਕੇ ਉਸ ਦਾ ਓਟ-ਆਸਰਾ ਲੈਂਦਾ ਹੈ, ਉਹ ਮੜ੍ਹੀਆਂ ਮਸਾਣਾਂ ਨੂੰ ਨਹੀਂ ਪੂਜਦਾ। ਜੇ ਉਸ 'ਤੇ ਉਪਰੋਕਤ ਤਿੰਨਾਂ ਵਿਚੋਂ ਕੋਈ ਮੁਸੀਬਤ ਆਉਂਦੀ ਹੈ ਤਾਂ ਗੁਰੂ ਦਾ ਸਿੱਖ ਭਾਣਾ ਮੰਨ ਕੇ ਸਬਰ ਸੰਤੋਖ ਕਰ ਕੇ ਨਾਮ ਨਾਲ ਜੁੜ ਜਾਂਦਾ ਹੈ। ਮੈਂ ਤੁਹਾਡੇ ਨਾਲ ਇਸ ਬਾਰੇ ਹੀ ਕੁਝ ਹੱਡ ਬੀਤੀਆਂ ਸਾਂਝੀਆਂ ਕਰਨ ਲੱਗਾ ਹਾਂ।

ਪੋਹ-ਮਾਘ ਦੇ ਮਹੀਨਿਆਂ ਵਿਚ ਪਿੰਡਾਂ ਦੀਆਂ ਗਲੀਆਂ, ਰਾਹਾਂ ਵਿਚ ਭਗਵੇਂ ਕੱਪੜਿਆਂ ਵਾਲੇ ਰਮਤੇ ਸਾਧੂ ਸਵੇਰੇ-ਸਵੇਰੇ ਫੇਰੀ ਪਾਉਂਦੇ। ਉਹ ਉਚੀ-ਉਚੀ ਸ਼ਬਦ ਪੜ੍ਹਦੇ "ਨਾਮ ਜਪ ਲੈ ਨਿਮਾਣੀ ਜਿੰਦੇ, ਔਖੇ ਵੇਲੇ ਕੰਮ ਆਊਗਾ" ਜਾਂ "ਤੂੰ ਲੰਮੀਆਂ ਤਾਣ ਕੇ ਸੁੱਤਾ, ਨਾਮ ਵਾਲਾ ਸਮਾਂ ਹੱਥੋਂ ਕੱਢ 'ਤਾ"। ਇਹ ਸ਼ਬਦ ਉਹ ਬੜੀ ਸੁਰੀਲੀ ਤੇ ਮਿੱਠੀ ਆਵਾਜ਼ ਵਿਚ ਗਾਉਂਦੇ ਕਿ ਰਜਾਈਆਂ ਵਿਚ ਵੜਿਆਂ ਨੂੰ ਵੀ ਅਨੰਦ ਦੇ ਜਾਂਦੇ। ਫਿਰ ਇਹ ਸਾਧੂ ਘਰ ਘਰ ਕੇ ਗਜ਼ਾ ਮੰਗਦੇ। ਕੋਈ ਆਟਾ, ਚੌਲ, ਕਣਕ ਦੇ ਦਿੰਦਾ ਤੇ ਕੋਈ ਦਰੀ, ਖੇਸ, ਦੁਪੱਟਾ। ਫਿਰ ਇਹ ਅਗਲੇ ਪਿੰਡ ਚਲੇ ਜਾਂਦੇ।

ਇਸ ਤਰ੍ਹਾਂ ਹੀ ਇਕ ਰਮਤਾ ਸਾਧੂ ਤੜਕਿਓਂ, ਨਾਮ ਦੀ ਮਹਿਮਾ ਗਾਉਂਦਾ ਰਿਹਾ। ਦੁਪਹਿਰੇ ਫਿਰ ਉਸ ਨੇ ਨਾਮ ਦੀ ਮਹਿਮਾ ਸ਼ੁਰੂ ਕਰ ਦਿੱਤੀ। ਸਾਧੂ ਦੀ ਅੱਖ, ਮੂੰਹ ਦੇ ਬੋਲਾਂ ਨਾਲ ਮੇਲ ਨਹੀਂ ਸੀ ਖਾ ਰਹੀ। ਘੁੰਮ ਰਹੀਆਂ ਨਜ਼ਰਾਂ ਤੋਂ ਉਹ ਜਾਂ ਤਾਂ ਚੋਰ ਲੱਗਦਾ ਸੀ ਜਾਂ ਪੁਲਿਸ ਦਾ ਕੋਈ ਮੁਖਬਰ। ਅਸੀਂ ਪੰਜ-ਛੇ ਜਣਿਆਂ ਸਲਾਹ ਬਣਾਈ ਕਿ ਸਾਧੂ ਨੂੰ ਘੇਰ ਕੇ ਪੁੱਛਣਾ ਹੈ ਕਿ ਤੂੰ ਕੌਣ ਹੈ? ਪਰ ਸਾਨੂੰ ਸਿਆਣਿਆਂ ਬਜ਼ੁਰਗਾਂ ਨੇ ਇਸ ਤਰ੍ਹਾਂ ਕਰਨ ਤੋਂ ਰੋਕ ਦਿੱਤਾ। ਫਿਰ ਅਸੀਂ ਆਪਣੇ ਖੇਤਾਂ ਵੱਲ ਤੁਰ ਗਏ। ਜਦੋਂ ਮੈਂ ਵਾਪਸ ਘਰ ਆਇਆ ਤਾਂ ਉਹ ਸਾਧੂ ਸਾਡੇ ਵਿਹੜੇ ਵਿਚ ਨਵੀਂ ਦਰੀ ਫੜੀ ਖੜ੍ਹਾ ਸੀ। ਮੇਰੇ ਮਾਤਾ ਜੀ ਅਤੇ ਮੇਰੀ ਘਰਵਾਲੀ ਦੋਵੇਂ ਹੱਥ ਜੋੜੀ ਖੜ੍ਹੀਆਂ ਸਨ। ਸਾਧੂ ਪਤਾ ਨਹੀਂ ਕੀ ਕਹਿ ਰਿਹਾ ਸੀ। ਮੈਂ ਅੱਗੇ ਹੋ ਕੇ ਸਾਧੂ ਦੇ ਹੱਥੋਂ ਦਰੀ ਖੋਹਣ ਲੱਗਿਆ। ਮੈਂ ਪੂਰੇ ਜ਼ੋਰ ਨਾਲ ਦਰੀ ਆਪਣੇ ਵੱਲ ਖਿੱਚਾਂ ਅਤੇ ਸਾਧੂ ਦਰੀ ਆਪਣੇ ਵੱਲ। ਇਉਂ ਲੱਗ ਰਿਹਾ ਸੀ ਜਿਵੇਂ ਅਸੀਂ ਰੱਸਾਕਸ਼ੀ ਖੇਡਦੇ ਹੋਈਏ। ਮੈਂ ਮੂੰਹੋਂ ਬੋਲ ਰਿਹਾ ਸੀ ਕਿ "ਬੂਬਨੇ ਸਾਧਾ! ਸਾਡੀ ਦਰੀ ਵਾਪਸ ਕਰ। ਹਜ਼ਾਰ ਰੁਪਏ ਦੀ ਦਰੀ ਲਿਜਾਣ ਨੂੰ ਫਿਰਦਾ ਏਂ।"

ਮਾਤਾ ਜੀ ਕਹੇ, "ਪੁੱਤ ਸਾਧਾਂ ਨੂੰ ਇਸ ਤਰ੍ਹਾਂ ਨਹੀਂ ਬੋਲੀਦਾ। ਬਾਬਾ ਜੀ ਨੇ ਇਸ ਦਰੀ 'ਤੇ ਬੈਠ ਕੇ ਤਪ ਕਰਨਾ ਹੈ। ਤੂੰ ਛੇਤੀ ਬਾਹਰਲੇ ਦੇਸ਼ ਚਲਿਆ ਜਾਵੇਂ।" ਮਾਤਾ ਜੀ ਦੇ ਬੋਲਾਂ ਦਾ ਮੈਂ ਕੋਈ ਅਸਰ ਨਾ ਕੀਤਾ ਤੇ ਦਰੀ ਸਾਧੂ ਤੋਂ ਖੋਹ ਲਈ ਤੇ ਉਸ ਦੇ ਗਲ ਵਿਚ ਪਾਈ ਚਿੱਟੀ ਭੂਰੀ ਨੂੰ ਹੱਥ ਪਾ ਲਿਆ। ਸਾਧੂ ਭੂਰੀ ਛੁਡਾ ਕੇ ਬੂਹਾ ਟੱਪ ਗਿਆ। ਮਾਤਾ ਜੀ ਕਹਿੰਦੇ, "ਤੈਂ ਇਹ ਚੰਗਾ ਨਹੀਂ ਕੀਤਾ।" ਘਰ ਵਾਲੀ ਕਹਿੰਦੀ, "ਤੁਸੀਂ ਮਹਾਂਪੁਰਸ਼ਾਂ 'ਤੇ ਹੱਥ ਚੁੱਕਿਐ।" ਮੈਂ ਕਿਹਾ, "ਸਕੂਟਰ ਪਿੱਛੇ ਬੈਠ, ਤੈਨੂੰ ਮੁੱਲਾਂਪੁਰ ਮੰਡੀ ਵਿਚ ਇਸ ਤਰ੍ਹਾਂ ਦੇ ਵੀਹ ਮਹਾਂਪੁਰਸ਼ ਦਿਖਾ ਲਿਆਉਂਦਾ ਹਾਂ।" ਫਿਰ ਦੋਵੇਂ ਜਣੀਆਂ ਕੁਝ ਨਾ ਬੋਲੀਆਂ।

ਮੈਂ ਸਾਇਕਲ 'ਤੇ ਸਾਧੂ ਦਾ ਪਿੱਛਾ ਕੀਤਾ। ਸਾਧੂ ਪਿੰਡ ਦੇ ਦੂਜੇ ਪਾਸੇ ਕਿਸੇ ਦੇ ਘਰ ਇਕੱਠੀਆਂ ਕੀਤੀਆਂ ਦਰੀਆਂ, ਖੇਸ, ਦੁਪੱਟੇ ਆਦਿ ਆਟੋ ਰਿਕਸ਼ੇ ਵਿਚ ਲੱਦ ਰਿਹਾ ਸੀ। ਮੈਂ ਦੋ-ਚਾਰ ਬੰਦਿਆਂ ਨੂੰ ਸੱਦ ਕੇ ਸਾਧੂ ਦਰੀਆਂ ਲੱਦਦਾ ਦਿਖਾਇਆ ਕਿ ਦੇਖੋ ਨਾਮ ਦੇ ਨਾਂ 'ਤੇ ਕਿਵੇਂ ਕਮਾਈ ਹੁੰਦੀ ਹੈ। ਇਕ ਦਿਨ ਪਿੰਡ ਗੇੜਾ ਕੱਢਿਆ ਅਤੇ ਪੰਦਰਾਂ-ਵੀਹ ਹਜ਼ਾਰ ਦਾ ਸਾਮਾਨ ਇਕੱਠਾ ਕਰ ਲਿਆ, ਤੇ ਸਾਧੂ ਮਿਰਜ਼ੇ ਦੀ ਬੱਕੀ ਵਾਂਗ ਧੂੜਾਂ ਪੁੱਟਦਾ "ਔਹ ਗਿਆ, ਔਹ ਗਿਆ" ਕਰਵਾ ਕੇ ਅੱਖੋਂ ਉਹਲੇ ਹੋ ਗਿਆ। ਵਾਪਸ ਘਰ ਆ ਕੇ ਮਾਤਾ ਜੀ ਨੂੰ ਪੁੱਛਿਆ ਕਿ ਸਾਧੂ ਹੋਰ ਕੀ ਮੰਗਦਾ ਸੀ। ਮਾਤਾ ਜੀ ਝਕਦੇ-ਝਕਦੇ ਕਹਿੰਦੇ, "ਦੋ ਸੌ ਰੁਪਏ ਮੰਗਦਾ ਸੀ ਕਿ ਚੌਲਾਂ ਦੀ ਕੜਾਹੀ ਕਰਨੀ ਹੈ।"



ਚੰਗਾ ਹੋਇਆ ਮੈਂ ਘਰ ਪਹੁੰਚ ਗਿਆ ਸਾਂ, ਨਹੀਂ ਤਾਂ ਬੂਬਨੇ ਸਾਧੂ ਨੇ ਪੰਦਰਾਂ ਸੌ ਦੀ ਕੁੰਡੀ ਲਾ ਜਾਣੀ ਸੀ!

ਅੱਜਕੱਲ੍ਹ ਗੁਰਮੁੱਖ ਸੋਚ ਵਾਲਾ ਇਨਸਾਨ ਵੀ ਪਾਖੰਡੀ ਬਾਬਿਆਂ ਦੇ ਚੱਕਰਾਂ ਵਿਚ ਫਸ ਜਾਂਦਾ ਹੈ, ਕਿਉਂਕਿ ਇਨ੍ਹਾਂ ਬਾਬਿਆਂ ਨੇ ਆਪਣੇ ਪਾਖੰਡ ਦੇ ਠੱਗ-ਠੱਗੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਾਂ ਸੁਣ ਕੇ ਗੁਰੂ ਦਾ ਸਿੱਖ ਵੀ ਵਿਸ਼ਵਾਸ ਕਰਨ ਲੱਗ ਪੈਂਦਾ ਹੈ, ਪਰ ਪਤਾ ਲੱਗਣ 'ਤੇ ਵਾਪਸ ਮੁੜ ਆਉਂਦਾ ਹੈ।

ਮੈਂ ਅੱਜ ਤੱਕ ਗੁਰਦੁਆਰੇ ਤੋਂ ਇਲਾਵਾ ਕਦੇ ਕਿਤੇ ਨਹੀਂ ਗਿਆ ਪਰ ਜਦੋਂ ਪਹਿਲਾ ਭੁਜੰਗੀ ਹੋਇਆ ਤਾਂ ਉਸ ਨੂੰ ਪੰਜ ਕੁ ਮਹੀਨੇ ਬਾਅਦ ਰੋਦੇ ਨੂੰ ਸਾਹ ਚੜ੍ਹਨ ਲੱਗ ਪਿਆ। ਸਾਹ ਮੁੜਦਾ ਹੀ ਨਾ। ਹੱਥ-ਪੈਰ ਮੁੜ ਜਾਂਦੇ। ਨੀਲੇ ਹੋ ਜਾਂਦੇ। ਅਸੀਂ ਮੂੰਹ 'ਤੇ ਪਾਣੀ ਦੇ ਛਿੱਟੇ ਮਾਰਦੇ। ਜਦੋਂ ਸਾਹ ਵਾਪਸ ਆਉਂਦਾ ਤਾਂ ਭੁਜੰਗੀ ਨਿਢਾਲ ਹੋ ਜਾਂਦਾ। ਉਸ ਦੀ ਹਾਲਤ ਦੇਖ ਕੇ ਰੋਟੀ ਖਾਣ ਨੂੰ ਦਿਲ ਨਾ ਕਰਦਾ। ਅਰਦਾਸ ਕਰਦੇ ਕਿ ਹੇ ਪਰਮਾਤਮਾ! ਜੇ ਭੁਜੰਗੀ ਦੀ ਦਾਤ ਬਖਸ਼ੀ ਹੈ ਤਾਂ ਇਸ ਦੀ ਰੱਖਿਆ ਵੀ ਆਪ ਹੀ ਕਰੋ। ਫਿਰ ਭੁਜੰਗੀ ਦਾ ਡਾਕਟਰੀ ਇਲਾਜ ਵੀ ਕਰਵਾਉਣਾ ਸ਼ੁਰੂ ਕਰ ਦਿੱਤਾ ਪਰ ਫਰਕ ਨਾ ਪਿਆ। ਕੋਈ ਸਿਆਣੇ ਦੀ ਦੱਸ ਪਾਵੇ ਕਿ ਉਹ ਨਿੰਮ ਦੀ ਟਾਹਣੀ ਨਾਲ ਠੀਕ ਕਰ ਦਿੰਦਾ ਹੈ। ਕੋਈ ਕਹੇ ਫਲਾਣੇ ਥਾਂ ਸਿਆਣਾ ਤਵੀਤ ਕਰਕੇ ਗਲ ਪਾ ਦਿੰਦਾ ਹੈ। ਮੁੜ ਕੇ ਸਾਹ ਨਹੀਂ ਚੜ੍ਹਦਾ ਪਰ ਮੈਂ ਇਨ੍ਹਾਂ ਗੱਲਾਂ ਨੂੰ ਨਾ ਮੰਨਦਾ। ਆਖਿਰ ਮੇਰੇ ਸਹੁਰੇ ਮੈਨੂੰ ਨਵੀਂ ਉਮਰ ਦੇ ਇਕ ਸੰਤ ਦੀ ਮਹਿਮਾ ਸੁਣਾਉਂਦੇ ਉਸ ਦੇ ਡੇਰੇ ਲੈ ਗਏ।

ਟਿੱਬਿਆਂ ਵਾਲੀ ਜ਼ਮੀਨ (ਜੋ ਉਪਜਾਊ ਨਹੀਂ ਸੀ) ਨੂੰ ਪੱਧਰ ਕਰਕੇ, ਪ੍ਰਾਇਮਰੀ ਸਕੂਲ ਦੀ ਇਮਾਰਤ ਵਾਂਗ ਇਕੋ ਲਾਇਨ ਵਿਚ ਪੰਜ-ਛੇ ਕਮਰੇ ਬਣਾਏ ਹੋਏ ਸਨ। ਇਨ੍ਹਾਂ ਦੇ ਉਪਰ ਇਕ ਹੋਰ ਕਮਰਾ ਬਣਾਇਆ ਹੋਇਆ ਸੀ। ਥੋੜ੍ਹੀ ਦੂਰੀ 'ਤੇ ਲੰਗਰ ਬਣਾਉਣ ਵਾਸਤੇ ਰਸੋਈ ਅਤੇ ਬਰਾਂਡਾ ਛੱਤਿਆ ਹੋਇਆ ਸੀ। ਇਕ ਪਾਸੇ ਕਾਨਿਆਂ ਦੀ ਝੁੱਗੀ ਸੀ। ਉਪਰਲੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਅਸੀਂ ਜਾ ਕੇ ਮੱਥਾ ਟੇਕ ਕੇ ਥੱਲੇ ਆ ਗਏ। ਇਕ ਸੇਵਾਦਾਰ ਨੇ ਇਕ ਹੋਰ ਕਮਰੇ ਵਿਚ ਮੱਥਾ ਟੇਕਣ ਵਾਸਤੇ ਇਸ਼ਾਰਾ ਕੀਤਾ।

ਕਮਰੇ ਵਿਚ ਦੇਖਿਆ-ਡਬਲ ਬੈਡ ਵਿਛਿਆ ਹੋਇਆ ਸੀ ਤੇ ਉਪਰ ਸਾਧ ਦੀ ਫੋਟੋ ਰੱਖੀ ਹੋਈ ਸੀ (ਇਸ ਸਾਧੂ ਨੂੰ ਜੁਝਾਰੂ ਸਿੰਘਾਂ ਨੇ ਧੁਰ ਦੀ ਗੱਡੀ ਦੀ ਟਿਕਟ ਕਟਾ ਦਿੱਤੀ ਸੀ) ਰੁਮਾਲਿਆਂ ਨਾਲ ਸ਼ਿੰਗਾਰੇ ਬੈਡ 'ਤੇ ਫੋਟੋ ਦੇ ਅੱਗੇ ਮਾਇਆ ਦਾ ਢੇਰ ਲੱਗਾ ਹੋਇਆ ਸੀ। ਮੈਂ ਸਾਧ ਦੀ ਫੋਟੋ ਦੇਖ ਕੇ ਪੰਜਾਂ ਦਾ ਨੋਟ ਵਾਪਸ ਜੇਬ ਵਿਚ ਪਾ ਲਿਆ ਕਿਉਂਕਿ ਸਾਧ ਦੀਆਂ ਕਰਤੂਤਾਂ ਦੀਆਂ ਕਹਾਣੀਆਂ ਅੱਖੀਂ ਦੇਖਣ ਵਾਲਿਆਂ ਤੋਂ ਮੈਂ ਕੰਨੀਂ ਸੁਣੀਆਂ ਹੋਈਆਂ ਸਨ। ਮੈਂ ਅਤੇ ਘਰ ਵਾਲੀ ਭੁਜੰਗੀ ਨੂੰ ਲੈ ਕੇ ਬਾਹਰ ਆ ਗਏ। ਸਹੁਰਿਆਂ ਦੇ ਜ਼ਿਆਦਾ ਜ਼ੋਰ ਪਾਉਣ 'ਤੇ ਮੈਂ ਉਸ ਨਵੀਂ ਉਮਰ ਦੇ ਸੰਤ ਦੇ ਬਚਨ ਸੁਣਨ ਲਈ ਮੰਨ ਗਿਆ।

ਅਸੀਂ ਝੁੱਗੀ ਦੇ ਸਾਹਮਣੇ ਵਿਛੀ ਦਰੀ 'ਤੇ ਬੈਠ ਗਏ। ਜਦੋਂ ਵਾਹਵਾ ਰੌਣਕ ਹੋ ਗਈ ਤਾਂ ਸੰਤ ਬਾਬਾ ਝੁੱਗੀ ਵਿਚ ਬੈਠ ਗਿਆ। ਦੋ ਸੇਵਾਦਾਰ ਅੱਗੇ ਖਲੋ ਗਏ। ਪੰਜਵੇਂ ਨੰਬਰ 'ਤੇ ਸਾਡੀ ਵਾਰੀ ਆ ਗਈ। ਅਸੀਂ ਭੁਜੰਗੀ ਨੂੰ ਲੈ ਕੇ ਅੰਦਰ ਚਲੇ ਗਏ। ਮੈਂ ਉਥੇ ਵੀ ਮੱਥਾ ਨਾ ਟੇਕਿਆ। ਬਾਬੇ ਨੇ ਗਹਿਰੀ ਜਿਹੀ ਅੱਖ ਨਾਲ ਮੇਰੇ ਵੱਲ ਦੇਖਿਆ। ਪੰਜ-ਸੱਤ ਟੌਫੀਆਂ (ਕੈਂਡੀਆਂ) ਭੁਜੰਗੀ ਦੇ ਹੱਥ ਧਰ ਦਿੱਤੀਆਂ ਅਤੇ ਪੰਜ ਐਤਵਾਰ ਆਉਣ ਲਈ ਕਹਿ ਦਿੱਤਾ। ਨਾਲ ਸੇਵਾ ਲਾ ਦਿੱਤੀ ਗਿਆਰਾਂ ਬੋਰੀਆਂ ਸੀਮਿੰਟ, ਇਕ ਹਜ਼ਾਰ ਇੱਟ ਤੇ ਸਵਾ ਕੁਇੰਟਲ ਸਰੀਆ ਭਿਜਵਾ ਦਿਓ, ਭੁਜੰਗੀ ਦਾ ਸਾਹ ਚੜ੍ਹਨੋਂ ਹਟ ਜਾਵੇਗਾ। ਸੇਵਾਦਾਰ ਨੇ ਪਰਚੀ ਮੈਨੂੰ ਫੜਾ ਦਿੱਤੀ ਤੇ ਮੈਂ ਅੱਗੇ ਸੱਸ-ਸਹੁਰੇ ਨੂੰ ਫੜਾ ਕੇ ਕਿਹਾ, "ਤੁਸੀਂ ਹੀ ਮੈਨੂੰ ਇੱਥੇ ਲੈ ਕੇ ਆਏ ਸੀ ਤੇ ਹੁਣ ਇਹ ਸੇਵਾ ਵੀ ਤੁਸੀਂ ਹੀ ਕਰਿਓ।" ਫਿਰ ਇਹ ਸੇਵਾ ਹੋਈ ਜਾਂ ਨਾ, ਇਸ ਬਾਰੇ ਪਤਾ ਨਹੀਂ ਲੱਗਿਆ।

ਫਿਰ ਮੈਂ ਮਾਤਾ ਜੀ ਦੇ ਜ਼ਿਆਦਾ ਕਹਿਣ 'ਤੇ ਮੋਗੇ ਵੱਲ ਕਿਸੇ ਠੱਠ 'ਤੇ ਜਾਣਾ ਮੰਨ ਗਿਆ। ਲੋਕ ਕਹਾਣੀਆਂ ਸਨ ਕਿ ਇਸ ਠੱਠ ਦੇ ਸੰਤਾਂ ਦੇ ਬਚਨਾਂ ਨਾਲ ਸਭ ਦੁੱਖ ਤਕਲੀਫ ਦੂਰ ਹੁੰਦੇ ਹਨ। ਕਾਰੋਬਾਰ ਵਿਚ ਤਰੱਕੀ ਆਉਂਦੀ ਹੈ। ਬੇ-ਔਲਾਦਾਂ ਨੂੰ ਔਲਾਦ ਮਿਲਦੀ ਹੈ। ਜੇ ਕੁੜੀ-ਮੁੰਡੇ ਦਾ ਰਿਸ਼ਤਾ ਸਿਰੇ ਨਹੀਂ ਚੜ੍ਹਦਾ, ਉਹ ਵੀ ਉਥੇ ਜਾਣ ਨਾਲ ਸਿਰੇ ਚੜ੍ਹ ਜਾਂਦਾ ਹੈ। ਇਹ ਸਭ ਕੁਝ ਉਥੇ ਜਾਂਦੀ ਹੋਈ ਸੰਗਤ ਕਹਿ ਰਹੀ ਸੀ। ਮਾਤਾ ਜੀ ਨੇ ਦੁੱਧ ਦੀ ਬੋਤਲ ਭਰ ਕੇ ਝੋਲੇ ਵਿਚ ਪਾ ਦਿੱਤੀ ਸੀ ਅਤੇ ਸੰਤਾਂ ਤੋਂ ਬਚਨ ਲੈਣ ਲਈ ਵਾਰ-ਵਾਰ ਕਿਹਾ ਸੀ। ਸੰਤਾਂ ਦੇ ਨਾਂ ਦੀ ਮਹਿਮਾ ਗਾਉਂਦੀ ਸੰਗਤ ਉਥੇ ਪਹੁੰਚ ਗਈ। ਪਹਿਲਾਂ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਬੇਨਤੀ ਕੀਤੀ। ਫਿਰ ਸੰਤਾਂ ਦੇ ਬਚਨ ਸੁਣਨ ਲਈ ਲਾਈਨ ਵਿਚ ਖੜ੍ਹਾ ਹੋ ਗਿਆ। ਬੂਹੇ ਅੱਗੇ ਸਵਾ ਛੇ ਫੁੱਟ ਲੰਮਾ ਸੇਵਾਦਾਰ ਖੜ੍ਹਾ ਸੀ। ਉਹ ਜਿਸ ਨੂੰ ਚਾਹੁੰਦਾ ਸੱਦ ਕੇ ਅੰਦਰ ਸੰਤਾਂ ਕੋਲ ਭੇਜ ਰਿਹਾ ਸੀ। ਮੈਂ ਵੀ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਸੀ ਪਰ ਫਿਰ ਮੈਂ ਧਿਆਨ ਨਾਲ ਦੇਖਿਆ ਕਿ ਸੇਵਾਦਾਰ ਉਨ੍ਹਾਂ ਨੂੰ ਪਹਿਲ ਦੇ ਰਿਹਾ ਸੀ ਜਿਨ੍ਹਾਂ ਕੋਲ ਫਲ-ਫਰੂਟ ਦੀਆਂ ਟੋਕਰੀਆਂ ਹਨ ਜਾਂ ਸੁੱਕੇ ਮੇਵਿਆਂ ਨਾਲ ਭਰੇ ਹੋਏ ਡੱਬੇ ਹਨ ਜਾਂ ਫਿਰ ਜਿਨ੍ਹਾਂ ਨੂੰ ਸੇਵਾਦਾਰ ਜਾਣਦਾ ਸੀ। ਉਹੀ ਅੰਦਰ ਜਾ ਕੇ ਸੰਤਾਂ ਨਾਲ ਬਚਨ ਬਿਲਾਸ ਕਰ ਰਹੇ ਸਨ।

ਮੈਂ ਵਾਰੀ ਦੀ ਉਡੀਕ ਕਰਦਾ ਥੱਕ ਗਿਆ। ਆਖਿਰ ਦੀਵਾਨ ਹਾਲ ਵਿਚ ਆ ਕੇ ਬੈਠ ਗਿਆ। ਇਕ ਘੰਟੇ ਬਾਅਦ ਉਹ ਸੰਤ ਆਏ। ਨਾਲ ਪੰਜ ਬਾਡੀਗਾਰਡ ਬੰਦੂਕਾਂ ਸਮੇਤ ਪੁਜੀਸ਼ਨਾਂ ਲੈ ਕੇ ਖੜ੍ਹ ਗਏ। ਮੈਂ ਹੈਰਾਨ ਹੋ ਗਿਆ ਕਿ ਇਹ ਕੇਹਾ ਸੰਤ ਹੈ ਜਿਸ ਨੂੰ ਆਪਣੀ ਮੌਤ ਦਾ ਵੀ ਨਹੀਂ ਪਤਾ। ਇਹ ਕਿਹਨਾ ਬ੍ਰਹਮਗਿਆਨ ਹੈ ਕਿ ਮਰਨ ਵਾਲਾ ਦਿਨ ਵੀ ਨਹੀਂ ਦਿਖਾਈ ਦੇ ਰਿਹਾ। ਸੰਤਾਂ ਨੂੰ ਮੌਤ ਤੋਂ ਐਨਾ ਭੈਅ! ਇਨ੍ਹਾਂ ਦੀ ਤਾਂ ਕਿਸੇ ਨਾਲ ਦੁਸ਼ਮਣੀ ਵੀ ਨਹੀਂ, ਨਾ ਸਰਕਾਰ ਨਾਲ ਕੋਈ ਟੱਕਰ ਹੈ। ਫਿਰ ਆਪਣੇ ਤਨ ਦੇ ਬਚਾਉ ਲਈ ਬਾਡੀਗਾਰਡ ਕਿਉਂ? ਮੈਨੂੰ ਅੱਜ ਤੱਕ ਇਨ੍ਹਾਂ ਬੰਦੂਕਧਾਰੀ ਬਾਡੀਗਾਰਡਾਂ ਬਾਰੇ ਜਵਾਬ ਨਹੀਂ ਮਿਲਿਆ।

ਬ੍ਰਹਮਗਿਆਨੀ ਸੰਤ ਸੁੰਦਰ ਸਿੰਘ ਭਿੰਡਰਾਂਵਾਲਿਆਂ ਨੇ ਡਾਕਟਰ ਅਤੇ ਸੰਗਤ ਨੂੰ ਦੱਸ ਦਿੱਤਾ ਸੀ ਕਿ ਫਲਾਣੇ ਦਿਨ ਅਸੀਂ ਸਰੀਰ ਤਿਆਗ ਜਾਣਾ ਹੈ। ਬ੍ਰਹਮਗਿਆਨੀ ਸੰਤ ਨਿਰੰਜਣ ਸਿੰਘ ਵੈਦ ਬੋਪਾਰਾਏਕਲਾਂ ਵਾਲਿਆਂ ਨੇ ਸੇਵਾਦਾਰ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਫਲਾਣੇ ਦਿਨ ਇੰਨੇ ਵਜੇ ਅਸੀਂ ਮਨੁੱਖੀ ਚੋਲਾ ਤਿਆਗ ਦੇਣਾ ਹੈ। ਇਨ੍ਹਾਂ ਮਹਾਂਪੁਰਸ਼ਾਂ ਨੇ ਲੱਕੜ ਦੀਆਂ ਖੜਾਵਾਂ ਪਾ ਕੇ ਆਪਣਾ ਸਾਰਾ ਜੀਵਨ ਪੰਥ ਦੀ ਸੇਵਾ ਕਰਦਿਆਂ ਬਤੀਤ ਕੀਤਾ।

ਸਾਰੇ ਪਾਸਿਆਂ ਦੀ ਘੁੰਮ-ਘੁਮਾਈ ਤੋਂ ਬਾਅਦ ਮੈਂ ਅਤੇ ਘਰਵਾਲੀ ਸਵੇਰੇ ਅੰਮ੍ਰਿਤ ਵੇਲੇ ਭੁਜੰਗੀ ਦਾ ਮੱਥਾ ਗੁਰਦੁਆਰੇ ਟਿਕਾ ਲਿਆਉਂਦੇ। ਗੁਰਬਾਣੀ ਦੇ ਜਾਪ ਅਰੰਭ ਕਰ ਦਿੱਤੇ। ਹੌਲੀ-ਹੌਲੀ ਭੁਜੰਗੀ ਦਾ ਸਾਹ ਚੜ੍ਹਨੋਂ ਹਟ ਗਿਆ। ਸਿਹਤ ਵਧੀਆ ਹੋ ਗਈ। ਅੱਜ ਇਹ ਭੁਜੰਗੀ ਆਪਣੀ ਕਾਲਜ ਦੀ ਹਾਕੀ ਟੀਮ ਵਿਚ ਵਧੀਆ ਖਿਡਾਰੀ ਹੈ। ਸਿਰ 'ਤੇ ਕੇਸ ਤੇ ਸੋਹਣੀ ਦਸਤਾਰ ਸਜਾਉਂਦਾ ਹੈ। ਗੁਰੂ ਦੀ ਕ੍ਰਿਪਾ ਹੈ। ਕੱਲ੍ਹ ਕਿਸੇ ਨੇ ਨਹੀਂ ਦੇਖਿਆ। ਜੋ ਮਿਲਣਾ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਮਿਲਣਾ ਹੈ। ਸਾਧਾਂ, ਪਾਖੰਡੀਆਂ ਅਤੇ ਬੂਬਨਿਆਂ ਤੋਂ ਬਚ ਕੇ ਰਹੋ। ਜੋ ਕੁਝ ਮੰਗਣਾ ਹੈ, ਗੁਰੂ ਦੇ ਦੁਆਰ ਤੋਂ ਮੰਗੋ, ਜੋ ਦਾਤਾਂ ਦੇ ਕੇ ਮੰਗਦਾ ਨਹੀਂ। ਸੱਚੇ ਮਨ ਨਾਲ ਜੁੜਨ ਦੀ ਲੋੜ ਹੈ।

ਕੋਈ ਮੰਜ਼ਿਲ ਕਦੇ ਦੂਰ ਨਹੀਂ ਹੁੰਦੀ। ਸਿਰਫ ਵਿਸ਼ਵਾਸ ਅਤੇ ਦ੍ਰਿੜਤਾ ਨਾਲ ਕਦਮ ਅੱਗੇ ਪੁੱਟੋ। ਜਿੱਤ ਤੁਹਾਡੇ ਚਿਹਰੇ 'ਤੇ ਸਾਫ਼ ਦਿਖਾਈ ਦੇਵੇਗੀ। ਰੱਬ ਰਾਖਾ।

---

## ਨੈਣ-ਨਕਸ਼

(ਸਫਾ 29 ਦੀ ਬਾਕੀ)

ਪਤਾ ਨੀ ਕਿਥੋਂ ਚੰਬੜ ਗਈ ਤੇ ਆਪਣੇ ਚਾਰ ਕਨਾਲਾਂ 'ਚੋਂ ਪੱਠੇ ਵੱਢਦਾ ਪਾਣੀ ਦੀ ਲਿਸ਼ਕੋਰ ਨਾਲ ਦੌਰੇ 'ਚ ਗੁੱਟ ਗਿਆ। ਨੇਰ੍ਹੇ ਹੋਏ ਜਦੋਂ ਭਾਲ ਹੋਈ ਤਾਂ ਭੌਰ ਉਡਾਰੀ ਮਾਰ ਗਿਆ ਸੀ!

ਪੁੱਤ ਨੂੰ ਵਿਆਹੁਣ ਦਾ ਚਾਅ ਵਿਚੇ 'ਕੱਠਾ ਹੋ ਗਿਆ।

ਰਣਜੀਤ ਪੜ੍ਹਾਈ 'ਚ ਚੰਗਾ ਨਿਕਲਿਆ ਤੇ ਲੰਮਾ-ਝੰਮਾ ਵੀ। ਮਿੱਤਰਾਂ-ਦੋਸਤਾਂ ਦੇ ਇਸ਼ਾਰਿਆਂ 'ਤੇ 'ਇਕ ਐਂ, ਚੰਗੇ ਕਾਲਜ 'ਚ ਪੜ੍ਹ।'

...ਤੇ ਮਾਂ ਨੇ ਪੁੱਤ ਪਿੱਛੇ ਜਰ ਤੋਂ ਹੱਥ ਝਾੜ ਲਏ। ਵੱਡੇ ਸ਼ਹਿਰ ਦੇ ਵੱਡੇ ਕਾਲਜ ਵਿਚ ਦਾਖਲੇ ਲਈ ਚਾਰ ਕਨਾਲਾਂ ਢਾਈ ਲੱਖ ਨੂੰ ਵੇਚ'ਤੀ ਤੇ ਵਿਚੋਂ ਪੰਜਾਹ ਹਜ਼ਾਰ ਤਕਦੀਰ ਕੌਰ ਨੇ ਆਪਣੀ ਪੇਂਡੂ ਸਾਂਝਣ ਕੋਲ ਸੰਭਾਲ ਕੇ ਰੱਖ'ਤਾ। ਉਹਦਾ ਪੁੱਤ ਹਰਜੀਤ ਵੀ ਉਸੇ ਕਾਲਜ ਹੋ ਗਿਆ ਦਾਖਲ, ਉਹ ਤਾਂ ਚੰਗੇ ਘਰ ਦਾ ਸੀ।

ਸਾਲ ਕੁ ਦੋਵੇਂ ਮਿੱਤਰ ਪੜ੍ਹਾਈ 'ਚ ਚੰਗਾ ਚੱਲੇ, ਫਿਰ ਦੋਹਾਂ ਦੀ ਸੰਗਤ ਕੁਸੰਗਤ 'ਚ ਬਦਲ ਗਈ। ਲਾਡ ਦਾ ਰੂਪ ਵਿਗੜਨ ਲੱਗਾ। ਪੁੱਤ ਦੇ ਚਿਹਰੇ ਤੋਂ ਲਾਲੀ ਉਡਦੀ ਵੇਖ ਕੇ ਮਾਂ ਫਿਕਰ ਕਰਨ ਲੱਗੀ।

ਅਗਲੇ ਸਾਲ ਖਰਚਾ ਦੂਣਾ-ਚੌਣਾ ਹੋ ਗਿਆ।...ਤੇ ਨਸ਼ਿਆਂ ਦੀ ਪਟੜੀ ਚਲਦਾ ਚਲਦਾ ਰਣਜੀਤ ਸਮੈਕ ਵਾਲੀ ਟ੍ਰੇਨ ਚੜ੍ਹ ਗਿਆ। ਪਿਓ ਦਾ ਡਰ ਚੁੱਕਿਆ ਗਿਆ ਸੀ ਤੇ ਪੁੱਤ ਨੂੰ ਜੁਆਨ ਹੋਇਆ ਦੇਖ ਕੇ ਮਾਂ ਨਿਹੱਥੀ ਹੋ ਗਈ।

ਮਾਂ ਦਾ ਗੀਜਾ ਖਾਲੀ ਹੋਣ ਲੱਗ ਪਿਆ। ਪੁੱਤ ਦੇ ਸਮੈਕ ਨਾਲ ਖੁਸ਼ਕ ਹੁੰਦੇ ਦਿਮਾਗ ਨੇ ਮਾਂ ਦੇ ਸਤਿਕਾਰ ਨੂੰ ਲੱਤ ਮਾਰੀ ਤਾਂ ਬਾਦਸ਼ਾਹ ਪੁੱਤ 'ਚੋਂ ਤਕਦੀਰ ਨੂੰ ਬਦਮਾਸ਼ ਦਿਖਣ ਲੱਗ ਪਿਆ।

'ਸੌ ਫਲਾਣੇ ਤੋਂ ਲਿਆ, ਦੋ ਸੌ ਫਲਾਣੇ ਤੋਂ।' ਮਾਂ ਪੁੱਛਦੀ ਤਾਂ ਜਵਾਬ ਹੁੰਦਾ, 'ਸਿਰ ਨਾ ਭਨਾ ਲਈ ਬੁੜ੍ਹੀਏ।'

ਦਿਨ ਉਹ ਆਏ ਕਿ ਇਲਜ਼ਾਮ ਚੋਰੀਆਂ-ਚਕਾਰੀਆਂ ਦੇ ਵੀ ਆਉਣ ਲੱਗ ਪਏ। ਕਾਲਜ ਦੇ ਦਿਨ ਸੰਗਤ ਖਾ ਗਈ ਤੇ ਫਿਰ 'ਬਾਦਸ਼ਾਹ' ਰਣਜੀਤ ਘਰੇ ਬਹਿ ਗਿਆ।

ਮਾੜੇ ਦਿਨਾਂ ਨੂੰ ਕਿਤੇ ਹੋਰ ਪੁੱਝ ਪਈ ਤਾਂ ਖ਼ਜ਼ਾਨੇ ਦਾ ਢੱਕਣ ਵੀ ਚੁੱਕ ਹੋ ਗਿਆ। ਹਰਜੀਤ ਨੂੰ ਸਮਝਾਉਂਦਿਆਂ ਮਾਂ ਕਹਿਣ ਲੱਗੀ, 'ਪੁੱਤ ਹਟ ਜਾਹ ਏਸ ਰਾਹ 'ਤੋਂ। ਦੇਖ ਲੈ ਰੱਬ ਨੇ ਹੀਲ੍ਹਾਂ ਕਢਾ ਕੇ ਪੁੱਤ ਦਿੱਤਾ ਸੀ। ਹੀਰਿਆਂ ਵਰਗਾ ਪੁੱਤ ਰਾਮੂ ਭਈਏ ਵਰਗਾ ਹੋ ਗਿਐ। ਘਰ 'ਚ ਕਲੇਸ਼। ਮਾਂ ਗੁੱਤ ਪਟਾਉਂਦੀ ਐ ਰੋਜ਼। ਚਾਰ ਕਨਾਲਾਂ ਦੀ ਕਮਾਈ 'ਚੋਂ ਜਿਹੜਾ ਵਿਚਾਰੀ ਨੇ ਮੇਰੇ ਕੋਲ ਪੰਜਾਹ ਹਜ਼ਾਰ ਰੱਖਿਐ, ਉਹੀ ਬਚਿਆ।'

ਤੇ ਲੱਗ ਗਿਆ ਫੀਤੇ ਨੂੰ ਸੇਕ। ਬੋਲ ਪਈ ਸਮੈਕ ਸਿਰ ਚੜ੍ਹ ਕੇ, 'ਬੁੜ੍ਹੀਏ ਪੰਜਾਹ ਹਜ਼ਾਰ ਰੱਖਿਆ ਮੈਥੋਂ ਚੋਰੀ। ਹੁਣ ਮੈਂ ਤੇਰੇ 'ਤੇ ਕੱਫਣ ਪਾਊਂ ਉਹਦਾ। ਤੇ ਗੁੱਤੋਂ ਘਸੀਸ ਹੁੰਦੀ ਮਾਂ ਕਹੇ, 'ਵੇ ਪੁੱਤ ਛੱਡ ਦੇ ਕੱਲ੍ਹ ਲਿਆ ਦਊਂ।'

ਰੱਬ ਵੀ ਦੇਖ ਕੇ ਹਉਕਾ ਤਾਂ ਜ਼ਰੂਰ ਲੈਂਦਾ ਹੋਊ ਕਿ ਕਾਹਨੂੰ ਬਣਾਇਆ ਸੀ ਸ਼ਨਿਚਰ ਗ੍ਰਹਿ।

ਚਾਰ ਛਿੱਲੜਾਂ ਬਚਾਉਣ ਦੇ ਲਾਲਚ 'ਚ ਮਾਂ ਨੇ ਦਿਨ ਤਾਂ ਇਕ ਇਕ ਕਰਕੇ ਲੰਘਾਏ ਕਿ 'ਕੱਲ੍ਹ ਲਿਆਊਂ...ਅੱਜ ਲਿਆਊਂ ਪੰਜਾਹ ਹਜ਼ਾਰ' ਪਰ ਹੱਡ ਬੜੇ ਭਨਾਏ। ਤੇ ਫਿਰ ਪੁੱਤ ਨੇ ਫਤਵਾ ਜਾਰੀ ਕਰ'ਤਾ, 'ਕੱਲ੍ਹ ਆਖਰੀ ਦਿਨ ਐ ਤੇਰਾ, ਦੇਖ ਲੈ...!'

ਤੇ ਡੁੱਬ ਗਏ ਭਾਗ, ਅਗਲੇ ਦਿਨ ਹਰਜੀਤ ਦੀ ਮਾਂ ਨਾ ਮਿਲੀ। ਗੁਆਂਢੀਆਂ ਦੇ ਸੰਦੂਕ ਆਲੇ ਕਮਰੇ 'ਚ ਤਕਦੀਰ ਕੌਰ ਨੇ ਰਾਤ ਕੱਟੀ। ਤੇ ਭੱਜ ਗਈ ਬੁੜੀ, ਤੈਨੂੰ ਤਾਂ ਹੋਣੀ ਦਿਆਂ ਹੱਥਾਂ 'ਚੋਂ ਧੂਹ ਕੇ ਕਢਾਊਂ ਪੈਸੇ...! ਅੱਗ ਦੀ ਨਾਲ ਬਣਿਆ ਪੁੱਤ ਮਾਂ ਲੱਭਦਾ ਫਿਰੇ!

ਲੈ ਆਈ ਵਿਚਾਰੀ ਪੱਲੇ 'ਚ ਹੰਝੂਆਂ ਨਾਲ ਭਿੱਜੀ ਚੁੰਨੀ 'ਚ ਪਾ ਕੇ ਪੰਜਾਹ ਹਜ਼ਾਰ।

ਉਪਰਲੀ ਚੁਗਾਠ ਨਾਲੋਂ ਲਾਹੌਰੀ ਕੁੰਡਾ ਖੋਲਦੀ ਮਾਂ ਪੈ ਗਈ ਨਜ਼ਰੀਂ। ਚੱਕਿਆ ਫੌੜਾ ਤੇ ਦੋਵੇਂ ਹੱਥ ਜੋੜ ਸਿਰ 'ਚ ਮਾਰਦਾ ਸਰਬਣ ਪੁੱਤ ਬੋਲਿਆ, 'ਪੈਸੇ ਤਾਂ ਤੂੰ ਦਿੱਤੇ ਨੀਂ, ਤੇ ਆਹ ਲੈ...।'

ਮਾਂ ਤਾਂ ਸਣੇ ਮਮਤਾ ਦੇ ਗਲੀ 'ਚ ਖਿਲਰ ਗਈ। ਨਾਲ ਹੀ ਨੋਟ ਗਲੀ 'ਚ ਐਂ ਖਿਲਰ ਗਏ, ਜਿਵੇਂ ਬਾਪ, ਪੁੱਤ ਦੀ ਜੰਞ ਤੁਰਨ ਵੇਲੇ ਸਿਰ ਤੋਂ ਭਾਨ ਸੁੱਟਦੈ।

ਤੇ ਜੋਤਿਸ਼ੀ ਦੀ ਗੱਲ ਸੱਚੀ ਨਿਕਲੀ ਕਿ 'ਦੁਨੀਆਂ ਤੋਂ ਵੱਖਰਾ ਹੀ ਹੋਵੇਗਾ ਤਕਦੀਰ ਕੌਰੇ ਤੇਰਾ ਪੁੱਤ...!'

ਜਦੋਂ ਮੋਈ ਮਾਂ ਦੇ ਕੋਲੋਂ ਨੋਟ ਚੁਗਦਾ ਉਹ ਪੁੱਤ ਜੀਹਨੂੰ ਮਾਂ ਪੂਰਨ ਸੱਦਦੀ ਸੀ, ਆਖੇ, 'ਹੁਣ ਵੀ ਤਾਂ ਬੁੜ੍ਹੀਏ ਦਿੱਤੇ ਈ ਆ।'

ਪੁੱਤ ਤੋਂ ਪਾਣੀ ਵਾਰ ਕੇ ਪਾਣੀ ਪੀਣ ਦੀ ਉਡੀਕ ਕਰਦੀ ਮਾਂ ਦੇ ਮੂੰਹ 'ਚ ਗੁਆਂਢਣ ਵੱਲੋਂ ਪਾਇਆ ਘੁੱਟ ਵੀ ਪ੍ਰਾਣ ਨਿਕਲਣ ਦੇ ਨਾਲ ਹੂ ਹੂੰਝੂ ਵਾਂਗ ਔਹ ਨਿਕਲ ਕੇ ਗਿਆ। ਸੋਚਿਓ ਤਾਂ ਜੁਆਬਦੇਹ ਰੱਬ ਐ ਕਿ ਜਤੋਸ਼ੀ?

**ਅੰਤਿਕਾ:**

ਦੋ ਖੇਤਾਂ ਵਿਚ ਕੋਠੀ ਸਾਡੀ,
ਕਾਰ ਮਰਸਰੀ ਥੱਲੇ
ਜਾਣੇ ਕੁੱਲ ਇਲਾਕਾ ਸਾਨੂੰ,
ਸਾਡੀ ਬੱਲੇ ਬੱਲੇ
ਭੀੜੀ ਗਲੀ ਵਿਚ ਘਰ ਗੱਪੀਆਂ ਦਾ
ਖੁੱਲ੍ਹ ਗਿਆ ਸਾਰਾ ਪਾਜ
ਦੁਨੀਆਂ ਬੜੀ ਡਰਾਮੇਬਾਜ਼

*(ਜਸਵੀਰ ਗੁਣਾਚੌਰੀਆ)*

---

## ਅੰਨਾ ਹਜ਼ਾਰੇ

ਇੱਜ਼ਤ ਮਾਣ ਨਾਲ ਜੇਲ੍ਹ ਤੋਂ ਬਾਹਰ ਆਇਆ
ਪਾਇਆ ਲੱਖਾਂ ਪ੍ਰੇਮੀਆਂ ਜ਼ੋਰ ਮੀਆਂ।
ਦੌੜ ਲਾ ਕੇ ਸੜਕ 'ਤੇ ਦੱਸ ਦਿੱਤਾ
ਹੋਇਆ ਮੈਂ ਨਹੀਂ ਅਜੇ ਕਮਜ਼ੋਰ ਮੀਆਂ।

ਲੋਕਪਾਲ ਬਿੱਲ ਇਹ ਪੇਸ਼ ਕੀਤਾ
ਬੇਨਤੀ ਅਸੀਂ ਸਰਕਾਰ ਨੂੰ ਕਰ ਮੀਆਂ।
ਕਰੋ ਇਸ 'ਤੇ ਜ਼ਰਾ ਖਿਆਲ ਭੋਰਾ
ਨਹੀਂ ਤਾਂ ਜੇਲ੍ਹਾਂ ਦੇਵਾਂਗੇ ਭਰ ਮੀਆਂ।

ਸ਼ਕਤੀ ਮਿਲਦੀ ਹੈ ਮੈਨੂੰ ਅਵਾਮ ਵਿਚੋਂ
ਵੱਢ ਦੇਵਾਂਗੇ ਜ਼ੁਲਮ ਦੀ ਡੋਰ ਮੀਆਂ।
ਇਹ ਦੇਸ਼ ਥੋੜਾ ਇਹ ਧਨ ਥੋੜਾ
ਲੁੱਟਣ ਲੱਗਿਆ ਹੈ ਇਸ ਨੂੰ ਚੋਰ ਮੀਆਂ।

ਜੇਬਾਂ ਇਹ ਨੇ ਆਪਣੀਆਂ ਭਰੀ ਜਾਂਦੇ
ਚੁਣ ਕੇ ਭੇਜੇ ਜੋ ਸੇਵਾਦਾਰ ਮੀਆਂ।
ਰੱਖਿਆ ਥੋੜਾ ਨਾ ਇਨ੍ਹਾਂ ਖਿਆਲ ਭੋਰਾ
ਪੈਸਾ ਕਰ'ਤਾ ਸਮੁੰਦਰੋਂ ਪਾਰ ਮੀਆਂ।

ਬਣੋ ਤੂਫਾਨ ਅੱਜ ਜ਼ੁਲਮ ਹਟਾਉਣ ਵਾਲੇ
ਵਾਂਗ ਆਟੇ ਦੇ ਦੇਵਾਂਗੇ ਗੁੰਨ੍ਹ ਮੀਆਂ।
ਫੜ ਫੜ ਕੇ ਘਪਲੇ ਵਾਲਿਆਂ ਨੂੰ
ਵਿਚ ਜੇਲ੍ਹ ਦੇ ਦੇਵਾਂਗੇ ਤੁੰਨ ਮੀਆਂ।

*-ਭੁਪਿੰਦਰ ਸਿੰਘ ਗਿੱਲ*
*ਫੋਨ: 832-298-6642*

# ਬਿੰਦਾਸ ਬੋਲੇ ਤੋ


## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-454-4958


ਪਿਛਲੇ ਦਿਨੀਂ ਮੈਂ ਤਨਦੀਪ ਤਮੰਨਾ ਦੇ ਸਾਹਿਤਕ ਬਲਾਗ 'ਆਰਸੀ' ਵਿਚ ਪੰਜਾਬੀ ਦੇ ਸੰਵੇਦਨਸ਼ੀਲ ਲੇਖਕ ਸੁਰਿੰਦਰ ਸੋਹਲ ਦੀ ਉਰਦੂ ਪੰਜਾਬੀ ਲੇਖਕ ਇਫਤਿਖ਼ਾਰ ਨਸੀਮ ਨਾਲ ਹੋਈ ਮੁਲਾਕਾਤ ਦੇ ਅਨੁਭਵ ਪੜ੍ਹ ਰਿਹਾ ਸਾਂ। ਮੁਲਾਕਾਤ ਲਈ ਨਸੀਮ ਦੇ ਘਰ ਪਹੁੰਚਾ ਸੋਹਲ ਉਸ ਨਾਲ ਗੱਲਬਾਤ ਅਰੰਭ ਕਰਨੀ ਚਾਹ ਰਿਹਾ ਸੀ ਪਰ ਝਿਜਕ ਹੋ ਰਹੀ ਸੀ ਕਿਉਂਕਿ ਉਹ ਕੁਝ ਨੰਗ-ਮੁਨੰਗੀਆਂ ਹਰਕਤਾਂ ਕਰੀ ਜਾ ਰਿਹਾ ਸੀ। ਇਸ ਸਥਿਤੀ ਨੂੰ ਵਰਣਨ ਕਰਦਿਆਂ ਸੋਹਲ ਨੇ ਇਕ ਫਿਕਰਾ ਲਿਖਿਆ ਹੈ, "ਮੈਂ ਉਸ ਨਾਲ ਭੇਦ ਭਰੇ ਪ੍ਰਸ਼ਨ ਕਰਨ ਲਈ ਤਿਆਰ ਹੋ ਕੇ ਆਇਆ ਸਾਂ ਪਰ ਗੱਲ ਸ਼ੁਰੂ ਕਰਨ ਦਾ ਮਾਹੌਲ ਨਹੀਂ ਸੀ ਬਣ ਰਿਹਾ ਤੇ ਉਹ ਉਂਜ ਹੀ ਬੇਬਾਕ, ਬਿੰਦਾਸ, ਨੰਗੀਆਂ ਗੱਲਾਂ ਕਰੀ ਜਾ ਰਿਹਾ ਸੀ।"

ਮੈਂ 'ਬਿੰਦਾਸ' ਸ਼ਬਦ ਪੜ੍ਹ ਕੇ ਕੁਝ ਚੌਂਕ ਜਿਹਾ ਗਿਆ। ਇਹ ਸ਼ਬਦ ਅਸੀਂ ਹਿੰਦੀ ਫਿਲਮਾਂ ਵਿਚ ਸੁਣਦੇ ਹਾਂ ਜਿਨ੍ਹਾਂ ਵਿਚ ਬੰਬਈਆ ਹਿੰਦੀ ਖੂਬ ਰਗੜੀ ਜਾਂਦੀ ਹੈ, 'ਬੋਲੇ ਤੋ' ਅਰਥਾਤ 'ਮਤਲਬ ਕਿ' ਉਕਤੀ ਤਾਂ ਆਮ ਹੀ ਸੁਣੀ ਜਾਂਦੀ ਹੈ। ਮੈਂ ਨੋਟ ਕੀਤਾ ਹੈ ਕਿ ਪਿਛਲੇ ਕੁਝ ਦਹਾਕਿਆਂ ਤੋਂ ਸਾਡੀਆਂ ਅਖ਼ਬਾਰਾਂ ਵਿਚ ਹਿੰਦੀ ਦੇ ਸ਼ਬਦਾਂ ਦੀ ਭਰਮਾਰ ਹੋ ਰਹੀ ਹੈ। ਅੱਜ ਕਲ੍ਹ ਖ਼ਬਰ ਏਜੰਸੀਆਂ ਖ਼ਬਰਾਂ ਹਿੰਦੀ ਵਿਚ ਵੀ ਭੇਜਦੀਆਂ ਹਨ। 'ਜਗਬਾਣੀ' ਵਿਚ ਕੰਮ ਕਰ ਚੁੱਕੇ ਮੇਰੇ ਇਕ ਦੋਸਤ ਨੇ ਦੱਸਿਆ ਕਿ ਖ਼ਬਰ ਬਣਾਉਣ ਵਾਲੇ ਸੰਪਾਦਕਾਂ ਨੂੰ ਅਦਾਰੇ ਵਲੋਂ ਹਦਾਇਤ ਹੁੰਦੀ ਸੀ ਕਿ ਜੇ ਉਨ੍ਹਾਂ ਨੂੰ ਕਿਸੇ ਹਿੰਦੀ ਸ਼ਬਦ ਦੇ ਅਰਥਾਂ ਦਾ ਨਾ ਪਤਾ ਹੋਵੇ ਜਾਂ ਉਸ ਲਈ ਢੁਕਵਾਂ ਪੰਜਾਬੀ ਸ਼ਬਦ ਨਾ ਅਹੁੜਦਾ ਹੋਵੇ ਤਾਂ ਉਹ ਮੌਲਿਕ ਹਿੰਦੀ ਦਾ ਸ਼ਬਦ ਹੀ ਵਰਤ ਲੈਣ। ਹਿੰਦੀ ਦੇ ਸ਼ਬਦ ਧੜਾ ਧੜ ਪੰਜਾਬੀ ਵਿਚ ਆਉਣ ਦਾ ਇਕ ਨਿਗੂਣਾ ਜਿਹਾ ਇਹ ਕਾਰਨ ਵੀ ਹੋ ਸਕਦਾ ਹੈ ਤੇ ਇਸ ਪ੍ਰਵਿਰਤੀ ਵਿਚ ਸਾਡੇ ਨੌਜਵਾਨ ਖ਼ਬਰਚੀਆਂ ਦੀ ਸੁਸਤੀ ਹੀ ਝਲਕਦੀ ਹੈ। ਪਰ ਮੇਰੀ ਜਾਚੇ ਇਸ ਪਿਛੇ ਵੱਡਾ ਕਾਰਨ ਹੈ, ਚੁਫੇਰੇ ਹਿੰਦੀ ਮੀਡੀਆ ਦਾ ਬੋਲਬਾਲਾ। ਪੰਜਾਬ ਦੇ ਪਿੰਡਾਂ ਵਿਚ ਵੀ ਹੁਣ ਪੰਜਾਬੀ ਨਾਲੋਂ ਹਿੰਦੀ ਅਖ਼ਬਾਰਾਂ ਦੀ ਵਿਕਰੀ ਵਧੇਰੇ ਹੁੰਦੀ ਹੈ।

ਪੜਤਾਲ ਕੀਤਿਆਂ ਪਤਾ ਲੱਗਾ ਕਿ ਫਿਲਮਾਂ ਰਾਹੀਂ ਦੇਸ਼ ਭਰ ਵਿਚ ਫੈਲਿਆ 'ਬਿੰਦਾਸ' ਸ਼ਬਦ ਮੁਢਲੇ ਤੌਰ 'ਤੇ ਹਿੰਦੀ ਦਾ ਨਹੀਂ ਬਲਕਿ ਮਰਾਠੀ ਦਾ ਹੈ। ਬੰਬਈ ਫਿਲਮ ਇੰਡਸਟਰੀ ਦਾ ਗੜ੍ਹ ਤਾਂ ਹੈ ਹੀ, ਨਾਲ ਦੀ ਨਾਲ ਵਿੱਤੀ ਕਾਰੋਬਾਰ ਅਤੇ ਕ੍ਰਿਕਟ ਦਾ ਵੀ ਮਰਕਜ਼ ਹੈ। ਇਨ੍ਹਾਂ ਤਿਨਾਂ ਸਰਗਰਮੀਆਂ ਦਾ ਸਾਡੇ ਆਧੁਨਿਕ ਭਾਰਤੀ ਜੀਵਨ ਵਿਚ ਮਹੱਤਵਪੂਰਨ ਦਖ਼ਲ ਹੈ। ਅਜਿਹੀ ਹਾਲਤ ਵਿਚ ਸਿਧੇ ਜਾਂ ਅਸਿਧੇ ਮਹਾਰਾਸ਼ਟਰ ਦੀ ਭਾਸ਼ਾ ਮਰਾਠੀ ਦਾ ਹੋਰ ਭਾਸ਼ਾਵਾਂ ਤੇ ਅਸਰਅੰਦਾਜ਼ ਹੋਣਾ ਕੋਈ ਅਲੋਕਾਰ ਗੱਲ ਨਹੀਂ ਤੇ ਨਾ ਹੀ ਨਿੰਦਣਯੋਗ। ਹਿੰਦੀ ਫਿਲਮਾਂ ਵਿਚ ਪੰਜਾਬੀ ਸ਼ਬਦਾਂ ਦੀ ਵੀ ਖੂਬ ਵਰਤੋਂ ਹੁੰਦੀ ਹੈ ਜਿਸ ਕਾਰਨ ਪੰਜਾਬੀ ਸ਼ਬਦ ਵੀ ਹੋਰ ਭਾਸ਼ਾਵਾਂ ਦੇ ਬੋਲਣਹਾਰਿਆਂ ਲਈ ਪਿਆਰਨਯੋਗ ਬਣ ਗਏ ਹਨ। ਪਰ ਅਸੀਂ ਗੱਲ ਕਰ ਰਹੇ ਹਾਂ ਮਰਾਠੀ ਸ਼ਬਦਾਂ ਦੇ ਪੰਜਾਬੀ ਵਿਚ ਆਉਣ ਦੀ। ਬਹੁਤ ਸਾਰੇ ਪਾਠਕ ਜਾਣਦੇ ਹੋਣਗੇ ਕਿ ਅੱਜ ਤੋਂ ਕੁਝ ਹੀ ਦਹਾਕੇ ਪਹਿਲਾਂ ਕਿਸੇ ਨੇ ਅਖੌਤੀ ਨਿਮਨ ਜਾਤਾਂ ਲਈ ਅੱਜ ਕਲ੍ਹ ਆਮ ਵਰਤਿਆ ਜਾਂਦਾ ਸ਼ਬਦ 'ਦਲਿਤ' ਕਦੇ ਨਹੀਂ ਸੀ ਸੁਣਿਆ; ਪੰਜਾਬੀ ਦਾ ਆਪਣਾ ਠੋਸ ਸ਼ਬਦ 'ਦੱਬੇ-ਕੁਚਲੇ' ਲੋਕ ਹੀ ਚਲਦਾ ਸੀ। ਜਾਣਕਾਰ ਵਿਦਵਾਨ ਦਸਦੇ ਹਨ ਕਿ ਦਲਿਤ ਸ਼ਬਦ ਦੀ ਵਰਤੋਂ ਵੀ ਮਰਾਠੀ ਤੋਂ ਹੀ ਸ਼ੁਰੂ ਹੋਈ ਕਿਉਂਕਿ ਬਾਬਾਸਾਹਿਬ ਅੰਬੇਦਕਰ ਦਾ ਪ੍ਰਾਂਤ ਹੋਣ ਕਾਰਨ ਦਲਿਤ ਲਹਿਰ ਅਤੇ ਦਲਿਤ ਸਾਹਿਤ ਪਹਿਲੋ-ਪਹਿਲ ਮਰਾਠੀ ਵਿਚ ਹੀ ਰਚਿਆ ਜਾਣ ਲੱਗਾ। ਪੰਜਾਬੀ, ਹਿੰਦੀ ਅਖ਼ਬਾਰਾਂ ਵਿਚ ਕ੍ਰਿਕਟ ਖੇਡ ਨਾਲ ਸਬੰਧਤ ਇਕ ਸ਼ਬਦ 'ਨਾਬਾਦ' ਵੀ ਅੱਜ ਕਲ੍ਹ ਆਮ ਹੀ ਪੜ੍ਹਨ ਨੂੰ ਮਿਲਦਾ ਹੈ। ਨਾ ਆਊਟ ਹੋਣ ਵਾਲੇ ਅਰਥਾਤ 'ਨਾਟ-ਆਊਟ' ਗੇਂਦਬਾਜ਼ ਲਈ ਲਿਖਿਆ ਜਾਂਦਾ ਇਹ ਸ਼ਬਦ ਵੀ ਮਰਾਠੀ ਭਾਸ਼ਾ ਤੋਂ ਆਇਆ ਹੈ। ਇਸ ਤਰ੍ਹਾਂ ਧਿਆਨ ਨਾਲ ਘੋਖਿਆਂ ਕਈ ਹੋਰ ਸ਼ਬਦ ਵੀ ਲਭਦੇ ਹਨ ਤੇ ਮੈਂ ਇਸ ਕੰਮ 'ਤੇ ਲੱਗਾ ਹੋਇਆ ਹਾਂ। ਪਰ ਅੱਜ ਅਸੀਂ ਕੇਵਲ ਬਿੰਦਾਸ ਸ਼ਬਦ ਦੀ ਚਰਚਾ ਹੀ ਕਰਾਂਗੇ।

ਮੇਰਾ ਵਿਚਾਰ ਸੀ ਕਿ 'ਬਿੰਦਾਸ' ਵਧੇਰੇ ਕਰਕੇ ਪੰਜਾਬੀ ਮੀਡੀਆ ਦਾ ਹੀ ਸ਼ਿੰਗਾਰ ਹੈ ਇਸ ਲਈ ਅਖ਼ਬਾਰੀ ਜਿਹਾ ਸ਼ਬਦ ਹੈ, ਸਾਹਿਤ ਤੇ ਬੋਲਚਾਲ ਵਿਚ ਇਸ ਦਾ ਪ੍ਰਵੇਸ਼ ਨਹੀਂ ਹੋਇਆ। ਸੋਹਲ ਦੀ ਲਿਖਤ ਵਿਚ ਇਹ ਸ਼ਬਦ ਪੜ੍ਹਨ ਪਿਛੇ ਮੇਰੀ ਹੈਰਾਨੀ ਦਾ ਕਾਰਨ ਏਹੀ ਹੈ। ਹੋ ਸਕਦਾ ਹੈ ਹੋਰ ਪੰਜਾਬੀ ਲੇਖਕਾਂ ਨੇ ਵੀ ਇਹ ਸ਼ਬਦ ਵਰਤਿਆ ਹੋਵੇ ਪਰ ਮੇਰੇ ਗਿਆਨ ਜਾਂ ਘੱਟੋ ਘਟ ਯਾਦਦਾਸ਼ਤ ਵਿਚ ਨਹੀਂ ਹੈ। ਇਹ ਸ਼ਬਦ ਗੁਜਰਾਤੀ ਵਿਚ ਵੀ




ਆਮ ਹੀ ਬੋਲਿਆ ਜਾਂਦਾ ਹੈ, 'ਛੋਕਰੀ ਬਹੁ ਬਿੰਦਾਸ ਛੇ' ਅਰਥਾਤ ਲੜਕੀ ਬਹੁਤ ਬੋਲਡ ਹੈ। ਇਸ ਸ਼ਬਦ ਦਾ ਅਰਥ ਹੈ, ਬੇਫਿਕਰ, ਅਲਬੇਲਾ, ਨਿਰਭੈ, ਨਿਰਸੰਕੋਚ, ਬੇਬਾਕ, ਨਿਧੜਕ। ਬੰਬਈਆ ਦੀ ਭਾਸ਼ਾ ਵਿਚ, 'ਬਿੰਦਾਸ ਬੋਲੇ ਤੋ ਮੁਕਤ ਮਨ ਵਾਲਾ' ਜਾਂ ਸੰਜੇ ਦੱਤ ਦੇ ਮਸ਼ਹੂਰ ਸੰਵਾਦ 'ਟੈਨਸ਼ਨ ਨਹੀਂ ਲੇਨੇ ਕਾ'। ਇਕ ਗੱਲ ਤਾਂ ਸਪੱਸ਼ਟ ਹੈ ਕਿ ਬਿੰਦਾਸ ਬਹੁਤਾ ਮਨੋਰੰਜਨ ਦੀ ਦੁਨੀਆਂ ਵਿਚ ਹੀ ਚੱਲ ਰਿਹਾ ਹੈ। ਪੰਜਾਬੀ ਵਿਚ ਇਹ ਸ਼ਬਦ ਆਮ ਤੌਰ 'ਤੇ ਦਲੇਰ ਜਾਂ ਬੇਝਿਜਕ ਦੇ ਅਰਥਾਂ ਵਿਚ ਹੀ ਵਰਤਿਆ ਜਾ ਰਿਹਾ ਹੈ, ਖਾਸ ਤੌਰ 'ਤੇ ਐਕਟਰਸਾਂ ਦੇ ਸੰਦਰਭ ਵਿਚ। ਕਹਿਣ ਦਾ ਭਾਵ ਕਿ ਜੋ ਐਕਟਰਸਾਂ ਆਪਣੀ ਅਦਾਕਾਰੀ ਵਿਚ ਲਿੰਗਿਕ ਸੰਗ ਨਾ ਰੱਖਣ ਉਹ ਬਿੰਦਾਸ ਹਨ। ਉਨ੍ਹਾਂ ਦੇ ਜੀਵਨ ਵਿਵਿਹਾਰ ਬਾਰੇ ਵੀ ਅਜਿਹਾ ਹੀ ਕਿਹਾ ਜਾ ਸਕਦਾ ਹੈ। ਇਸ ਦ੍ਰਿਸ਼ਟੀ ਤੋਂ ਬਿਪਾਸ਼ਾ ਬਸੂ ਨੂੰ ਆਮ ਹੀ ਬਿੰਦਾਸ ਅਤੇ ਆਜ਼ਾਦਖਿਆਲਾਂ ਵਾਲੀ ਕਿਹਾ ਜਾਂਦਾ ਹੈ। ਮਲਿਕਾ ਸ਼ੇਰਾਵਤ, ਚਿਤਰਾਂਗਦਾ ਸਿੰਘ, ਪ੍ਰਿਅੰਕਾ ਚੋਪੜਾ, ਸੋਹਾ ਅਲੀ ਖਾਨ, ਕਾਜੋਲ ਜਿਹੀਆਂ ਐਕਟਰਸਾਂ ਵੀ ਇਸ ਵਿਸ਼ੇਸ਼ਣ ਦੀਆਂ ਧਾਰਨੀ ਹਨ। ਇਕ ਫਿਲਮ ਦਾ ਤਾਂ ਨਾਂ ਹੀ 'ਬੰਦਾ ਯੇਹ ਬਿੰਦਾਸ ਹੈ' ਰੱਖਿਆ ਗਿਆ ਹੈ। ਇਕ ਮਨੋਰੰਜਨ ਟੀ.ਵੀ. ਚੈਨਲ ਦਾ ਨਾਂ ਯੂ.ਟੀ.ਵੀ. ਬਿੰਦਾਸ ਹੈ। ਮਨੋਰੰਜਨ ਨਾਲ ਸਬੰਧਤ ਕਈ ਵੈਬਸਾਈਟਾਂ ਦੇ ਨਾਂ ਵਿਚ ਇਹ ਸ਼ਬਦ ਆਉਂਦਾ ਹੈ। 'ਪਟਿਆਲਾ ਹਾਊਸ' ਚ ਅਦਾਕਾਰੀ ਦਾ ਜਲਵਾ ਦਿਖਾ ਚੁੱਕੀ 'ਬਿੰਦਾਸ ਕੁੜੀ' ਹਰਦ ਕੌਰ ਆਪਣੀ ਐਲਬਮ 'ਕੁਈਨ ਆਫ ਬਿੰਦਾਸ' ਨੂੰ ਲੈ ਕੇ ਚਰਚਾ ਵਿਚ ਹੈ। ਬਹੁਤ ਸਾਰੀਆਂ ਹੋਰ ਅਦਾਕਾਰਾਂ ਬਿੰਦਾਸ ਬਣਨਾ ਲੋਚਦੀਆਂ ਹਨ। ਕਿੰਨੀਆਂ ਹੀ ਪੰਜਾਬਣਾਂ ਵੀ ਬਿੰਦਾਸ ਬਣਨ ਦੇ ਚੱਕਰ ਵਿਚ ਹਨ। ਫੇਸਬੁਕ 'ਤੇ ਬਿੰਦਾਸ ਨਖਰੋ, ਬਿੰਦਾਸ ਪੰਜਾਬਣ, ਬਿੰਦਾਸ ਕੁੜੀ ਜਿਹੇ ਨਕਲੀ ਨਾਂ ਆਮ ਹੀ ਦੇਖਣ ਨੂੰ ਮਿਲਦੇ ਹਨ। ਅਜਿਹੀ ਬਿਰਤੀ ਵਾਲੀਆਂ ਯੁਵਤੀਆਂ ਨੂੰ ਬਿੰਦਾਸ ਬਾਲਾ ਜਿਹਾ ਲਕਬ ਵੀ ਮਿਲ ਚੁੱਕਾ ਹੈ ਹੈ ਭਾਵੇਂ ਕਿ ਰਵਾਇਤੀ ਪੰਜਾਬੀ ਲੋਕ ਇਨ੍ਹਾਂ ਨੂੰ ਬੇਲੱਜ ਜਾਂ ਨਿਲੱਜ ਹੀ ਆਖਣਗੇ। ਹੁਣ ਤਾਂ ਐਕਟਰ ਵੀ ਬਿੰਦਾਸ ਦੌੜ ਵਿਚ ਲੱਗੇ ਹੋਏ ਹਨ, ਬੁਢਵਰੇਸ ਅਮਿਤਾਭ ਬਚਨ ਨੂੰ 'ਨਿਸ਼ਬਦ' ਵਿਚ ਦੇਖ ਲਓ। ਸਲਮਾਨ ਖਾਨ ਦੀ ਤਾਂ ਭਲਾ ਅਜੇ ਉਮਰ ਹੀ ਕਿਹੜੀ ਹੈ। ਬਿੰਦਾਸ ਸਰੀਰ, ਬਿੰਦਾਸ ਗਾਣੇ, ਬਿੰਦਾਸ ਡਾਂਸ, ਬਿੰਦਾਸ ਅਦਾਵਾਂ, ਬਿੰਦਾਸ ਅੰਦਾਜ਼, ਬਿੰਦਾਸ ਸ਼ਬਦ ਨੇ ਤਾਂ ਸ਼ਰਮ ਲਾਹੀ ਪਈ ਹੈ। ਕਈ ਖਾਸ ਨਾਂਵਾਂ ਵਿਚ ਵੀ ਬਿੰਦਾਸ ਆਮ ਹੁੰਦਾ ਜਾ ਰਿਹਾ ਹੈ। ਮਨੋਰੰਜਨ ਦੀ ਦੁਨੀਆਂ ਵਿਚ ਦਿਨ ਬਦਿਨ ਵਧੇਰੇ ਹੀ ਵਧੇਰੇ ਲਿੰਗਿਕ ਖਿਚ ਦੀ ਵਰਤੋਂ ਕਾਰਨ ਇਸ ਸ਼ਬਦ ਦਾ ਬੋਲਬਾਲਾ ਵਧਦਾ ਜਾ ਰਿਹਾ ਹੈ। ਕੀ ਇਹ ਵੀ ਭਾਰਤੀ ਅਰਥਚਾਰੇ ਵਿਚ ਵਧ ਰਹੀਆਂ ਨਵ-ਉਦਾਰਵਾਦੀ ਆਰਥਕ ਨੀਤੀਆਂ ਦਾ ਨਤੀਜਾ ਤਾਂ ਨਹੀਂ? ਮੇਰਾ ਖਿਆਲ ਹੈ ਅਜਿਹੀਆਂ ਨੀਤੀਆਂ ਨੂੰ ਵੀ ਬਿੰਦਾਸ ਨੀਤੀਆਂ ਕਹਿਣਾ ਅਨੁਚਿਤ ਨਹੀਂ ਹੋਵੇਗਾ।

ਨਿਮਨ-ਸੁਆਦਾਂ 'ਚ ਤਾਂ ਪੈ ਹੀ ਚੁੱਕੇ ਹਾਂ, ਚਲੋ 'ਬਿੰਦਾਸ' ਸ਼ਬਦ ਦਾ ਹੀ ਚੀਰਹਰਨ ਕਰ ਲੈਂਦੇ ਹਾਂ। 'ਬਿੰਦਾਸ' ਮਰਾਠੀ ਸ਼ਬਦ 'ਬਿਨਧਾਸਤ' ਤੋਂ ਬਣਿਆ ਹੈ। ਇਸ ਸ਼ਬਦ ਵਿਚ ਲੱਗਾ 'ਬਿਨ' ਤਾਂ 'ਬਿਨਾ' ਹੀ ਹੈ ਜਿਸ ਦਾ ਅਰਥ ਮੁਕਤ, ਰਹਿਤ ਹੁੰਦਾ ਹੈ ਜਿਵੇਂ 'ਬਿਨਮੁਕਾਬਲਾ' ਸ਼ਬਦ ਵਿਚ। ਇਸ ਦਾ ਸੰਸਕ੍ਰਿਤ ਰੂਪ ਹੈ, 'ਵਿਨ'। ਮਰਾਠੀ ਵਿਚ ਧਾਸਤ ਦਾ ਅਰਥ ਹੁੰਦਾ ਹੈ 'ਭੈਅ'। ਸੋ ਕੁਲ ਮਿਲਾ ਕੇ 'ਬਿਨਧਾਸਤ' ਦਾ ਅਰਥ ਹੋਇਆ, ਨਿਰਭੈਅ, ਨਿਡਰ। ਮਰਾਠੀ 'ਧਾਸਤ' ਸੰਸਕ੍ਰਿਤ ਦੇ 'ਧਵਸਿਤ' ਸ਼ਬਦ ਤੋਂ ਬਣਿਆ ਹੈ ਜੋ ਹੋਰ ਅੱਗੋਂ ਸੰਸਕ੍ਰਿਤ ਮੂਲ 'ਧਵੰਸ' ਤੋਂ ਵਿਉਤਪਤ ਹੋਇਆ। ਪੰਜਾਬੀ ਦੇ 'ਧੱਸਣਾ' ਅਤੇ 'ਧੌਂਸ' ਸ਼ਬਦ ਵੀ ਇਨ੍ਹਾਂ ਸ਼ਬਦਾਂ ਦੇ ਸਕੇ ਹਨ ਜਿਨ੍ਹਾਂ ਬਾਰੇ ਫਿਰ ਕਦੇ ਚਰਚਾ ਕਰਾਂਗੇ।

'ਧਵੰਸ' ਦਾ ਅਰਥ ਹੈ, ਵਿਨਾਸ਼। ਵਿਨਾਸ਼ ਦੀ ਕਲਪਨਾ ਨਾਲ ਹੀ ਅਸੀਂ ਕੰਬਣ ਲੱਗ ਜਾਂਦੇ ਹਾਂ, ਇਕ ਤਰ੍ਹਾਂ ਭੈਅਭੀਤ ਹੋ ਜਾਂਦੇ ਹਾਂ। ਸਪਸ਼ਟ ਹੈ ਅਜਿਹੇ ਭੈਅ ਤੋਂ ਮੁਕਤ ਵਿਅਕਤੀ ਜਾਂ ਸਥਿਤੀ ਨੂੰ ਨਿਰਭੈਅ ਜਾਂ ਨਿਡਰ ਹੀ ਕਿਹਾ ਜਾਵੇਗਾ। ਅਸੀਂ ਪਿਛੇ ਜਿਨ੍ਹਾਂ 'ਕਰਤੂਤਾਂ' ਜਾਂ 'ਕਰਤੂਤੀਆਂ' ਨੂੰ ਬਿੰਦਾਸ ਕਿਹਾ ਹੈ ਉਹ ਅਸਲ ਵਿਚ ਭੈਅਮੁਕਤ ਹੀ ਹਨ ਅਰਥਾਤ ਉਨ੍ਹਾਂ ਨੂੰ ਸਾਡੇ ਸਮਾਜ ਦੀਆਂ ਘੁੱਟੀਆਂ-ਵੱਟੀਆਂ ਕਦਰਾਂ ਕੀਮਤਾਂ ਦਾ ਕੋਈ ਡਰ ਭਉ ਨਹੀਂ ਹੈ। ਇਹ ਹੈ ਬਿੰਦਾਸ ਸ਼ਬਦ ਦੀ ਹੁਣ ਤੱਕ ਦੀ ਪੰਜਾਬੀ ਵੱਲ ਯਾਤਰਾ, ਇਸ ਨੇ ਭਵਿਖ ਵਿਚ ਹੋਰ ਕਿਹੜੇ ਅਰਥ ਗ੍ਰਹਿਣ ਕਰਨੇ ਹਨ, ਇਸ ਦਾ ਇਕ ਪ੍ਰੇਰਕ ਸ਼ਾਇਦ ਭਾਰਤ ਦੀਆਂ ਭਵਿਖੀ ਆਰਥਕ ਨੀਤੀਆਂ ਵੀ ਹੋਣ।

# ਬਥੇਰਾ ਅਜੀਬੋ ਗਰੀਬ ਹੋਇਆ ਅੰਨਾ ਦੇ ਅੰਦੋਲਨ 'ਚ


## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ*

*ਫੋਨ:91-98141-78883


ਦਿੱਲੀ ਦੇ ਰਾਮਲੀਲਾ ਮੈਦਾਨ ਵਿਚ ਲੋਕਾਂ ਦੇ ਨਾਅਰਿਆਂ ਅਤੇ ਮੀਡੀਏ ਦੀਆਂ ਕਸਰਤਾਂ ਦੇ ਚੱਲਦਿਆਂ 74 ਸਾਲਾ ਅੰਨਾ ਹਜ਼ਾਰੇ ਦਾ ਅੰਦੋਲਨ 12 ਦਿਨਾਂ ਦੇ 288 ਘੰਟਿਆਂ ਬਾਅਦ ਜੂਸ ਪੀਣ ਨਾਲ ਟੁੱਟ ਗਿਐ। ਅੰਦੋਲਨ ਦੌਰਾਨ ਉਹ-ਉਹ ਕੁਝ ਹੋਇਆ-ਵਾਪਰਿਆ, ਜਿਸ ਦੀ ਉਮੀਦ ਨਾ ਆਮ ਲੋਕਾਂ ਨੂੰ ਸੀ ਤੇ ਨਾ ਹੀ ਸਰਕਾਰ ਨੂੰ। ਅੰਦੋਲਨ ਦੀ ਸ਼ੁਰੂਆਤ ਤੋਂ ਸਮਾਪਤੀ ਤੱਕ ਲੋਕ ਧਾਰਨਾ ਬਦਲਦੀ ਰਹੀ ਤੇ ਇਸ ਪਿਛੇ ਵੱਡਾ ਹੱਥ ਭਾਵੇਂ ਮੀਡੀਏ ਦਾ ਸੀ ਪਰ ਕੁੱਝ ਕੁ ਸਰਕਾਰ ਦੀਆਂ ਚਤੁਰ-ਚਲਾਕੀਆਂ ਦਾ ਵੀ। ਪਹਿਲੇ ਦਿਨ ਗੱਲਾਂ ਹੋਣ ਲੱਗੀਆਂ, "ਬਾਬਾ ਰਾਮਦੇਵ ਵਾਲੀ ਹੋਊ, ਕੁੱਝ ਕੁ ਦਿਨਾਂ ਬਾਅਦ 'ਆਪਣਿਆਂ' ਕੋਲੋਂ ਵਰਤ ਤੁੜਵਾਉਣ ਦੀ ਮੰਗ ਹੋਣ ਲੱਗੇਗੀ', ਫੇਰ ਗੱਲਾਂ ਤੁਰੀਆਂ, 'ਬੰਦਾ ਵਾਹਵਾ ਚੀੜੈ, ਨਾਲ ਵਾਲੀ ਟੀਮ ਸੋਹਣੀ ਅਗਵਾਈ ਕਰ ਰਹੀ ਏ'।" ਤੇ ਅਖ਼ੀਰ ਤੱਕ ਤਸਵੀਰ ਦਾ ਪਾਸਾ ਬਿਲਕੁਲ ਪਲਟ ਚੁੱਕਾ ਸੀ। ਲੋਕ ਬਾਬਾ ਰਾਮਦੇਵ ਦੀ ਅਸਫ਼ਲਤਾ ਅਤੇ ਅੰਨਾ ਦੀ ਸਫ਼ਲਤਾ ਵਿਚਲਾ ਅੰਤਰ ਲੱਭ ਚੁੱਕੇ ਸਨ ਕਿ ਬਾਬਾ ਜੋਸ਼ ਤੋਂ ਜ਼ਿਆਦਾ ਤੇ ਹੋਸ਼ ਤੋਂ ਘੱਟ ਕੰਮ ਲੈਂਦਾ ਰਿਹੈ, ਪਰ ਜਨ ਲੋਕਪਾਲ ਬਿੱਲ ਵਾਲਾ ਅੰਦੋਲਨ ਹੋਸ਼ ਭਰਿਆ ਵੱਧ ਸੀ, ਜੋਸ਼ ਵਾਲਾ ਘੱਟ।

ਜਨਲੋਕਪਾਲ ਬਿੱਲ ਪਾਸ ਹੋਵੇਗਾ ਜਾਂ ਨਹੀਂ ਤੇ ਜੇ ਹੋ ਗਿਆ ਤਾਂ ਭ੍ਰਿਸ਼ਟਾਚਾਰ ਦਾ ਖ਼ਾਤਮਾ ਹੋਵੇਗਾ ਜਾਂ ਨਹੀਂ, ਇਹ ਗੱਲ ਨਹੀਂ ਪਤਾ, ਪਰ ਇਕ ਗੱਲ ਦਾ ਪਤਾ ਜ਼ਰੂਰ ਲੱਗ ਗਿਐ ਕਿ ਰਿਸ਼ਵਤ ਦੇਣੀ ਤੇ ਲੈਣੀ ਭਾਵੇਂ ਸਾਡੇ ਸਿਸਟਮ ਵਿਚ ਢਲ ਚੁੱਕੀ ਹੈ ਪਰ ਇਸ ਕਾਰਨ ਅੰਦਰੋਂ ਸਾਰੇ ਦੁਖੀ ਨੇ। ਅੰਦੋਲਨ ਨੇ ਇਹ ਵੀ ਸਾਫ਼ ਕਰ ਦਿੱਤਾ ਕਿ ਜੇ ਮਸਲਾ ਰਾਸ਼ਟਰੀ ਹਿੱਤ ਨਾਲ ਜੁੜਿਆ ਹੋਵੇ ਤਾਂ ਲੋਕ ਇੱਕ ਮੰਚ 'ਤੇ ਇਕੱਠੇ ਹੋ ਸਕਦੇ ਨੇ ਤੇ ਹਾਲੇ ਵੀ ਅਜਿਹੇ ਮੁੱਦਿਆਂ ਦੀ ਘਾਟ ਨਹੀਂ, ਜਿਨ੍ਹਾਂ ਲਈ ਲੜਨ ਵੇਲੇ ਜਾਤ-ਪਾਤ, ਛੋਟੇ-ਵੱਡੇ, ਉਚ-ਨੀਚ ਦੇ ਫ਼ਾਸਲੇ ਮਿਟਾ ਸਾਂਝੇ ਕਦਮ ਪੁੱਟੇ ਜਾ ਸਕਦੇ ਨੇ।

ਭਾਰਤੀ ਆਮ ਤੌਰ 'ਤੇ ਅਵਾਜ਼ਾਰੀ ਨਾਲ ਯਾਰੀ ਪਾ ਹਿੱਤਾਂ ਤੇ ਫਰਜ਼ਾਂ ਨੂੰ ਭੁਲਾ ਛੱਡਦੇ ਨੇ ਪਰ ਜੇ ਕੋਈ ਮੂਹਰੇ ਲੱਗ ਤੁਰੇ ਤਾਂ ਮੋਢਾ ਵੀ ਜੋੜ ਖਲੋਂਦੇ ਨੇ। ਹੁਣ ਕਿਉਂਕਿ ਮੀਡੀਏ ਦਾ ਜ਼ਮਾਨਾ ਹੈ, ਇਸ ਕਰਕੇ ਅੰਦੋਲਨਾਂ ਦੀ ਸਫਲਤਾ ਅਸਫਲਤਾ ਵੀ ਮੀਡੀਏ ਦੇ ਰੁਖ 'ਤੇ ਨਿਰਭਰ ਕਰਨ ਲੱਗੀ ਹੈ। ਪਿਛਲੇ ਕੁੱਝ ਸਮੇਂ ਤੋਂ ਜਿੰਨੇ ਵੀ ਸੰਘਰਸ਼ ਹੋ ਰਹੇ ਨੇ, ਉਹ ਭਾਵੇਂ ਸੂਬਾ ਪੱਧਰੀ ਹੋਣ ਜਾਂ ਇਸ ਨਾਲੋਂ ਵੱਡੇ, ਮੀਡੀਏ ਦਾ ਹੁੰਗਾਰਾ



ਉਨ੍ਹਾਂ ਦੇ ਭਵਿੱਖ ਬਾਰੇ ਦੱਸ ਛੱਡਦਾ ਹੈ। ਅੰਨਾ ਹਜ਼ਾਰੇ ਦੇ ਅੰਦੋਲਨ ਵੇਲੇ ਵੀ ਇਹੀ ਹੋਇਆ। ਜਦੋਂ ਬਾਬਾ ਰਾਮਦੇਵ ਦਾ ਅੰਦੋਲਨ ਚੱਲ ਰਿਹਾ ਸੀ ਤਾਂ ਮੀਡੀਆ ਇੱਕ ਪਾਸੇ ਉਸ ਦੀਆਂ ਗਿਆਰਾਂ ਸੌ ਕਰੋੜ ਦੀਆਂ ਜਾਇਦਾਦਾਂ ਦੀ ਗੱਲ ਵੀ ਕਰੀ ਜਾ ਰਿਹਾ ਸੀ ਤੇ ਨਾਲ-ਨਾਲ ਉਸ ਵੱਲੋਂ ਕਾਲਾ ਧਨ ਵਾਪਸ ਲਿਆਉਣ ਦੀ ਮੰਗ ਵੀ ਦੁਹਰਾ ਰਿਹਾ ਸੀ। ਕਈ ਚੈਨਲਾਂ ਵੱਲੋਂ ਇਹ ਵੀ ਦੱਸਿਆ ਜਾ ਰਿਹਾ ਸੀ ਕਿ ਭੁੱਖ ਹੜਤਾਲ ਵਾਲੀ ਥਾਂ ਚਾਰ ਕਰੋੜ ਦਾ ਟੈਂਟ ਲਗਾਇਆ ਗਿਐ, ਭਾਵ ਨਾਲੇ ਪਿੱਠ 'ਤੇ ਲੱਤਾਂ ਵੱਜ ਰਹੀਆਂ ਸਨ, ਨਾਲੇ ਪਿੱਠ 'ਤੇ ਹੱਥ ਫੇਰਿਆ ਜਾ ਰਿਹਾ ਸੀ।

ਪਰ ਅੰਨਾ ਹਜ਼ਾਰੇ ਦੇ ਮਾਮਲੇ ਵਿਚ ਗੱਲ ਸਿਰਫ਼ ਤਿਰੰਗੇ, ਭਾਰਤ ਮਾਤਾ, ਦੇਸ਼ ਹਿੱਤ ਅਤੇ ਹੋਰ ਸਾਂਝੇ ਮੁੱਦਿਆਂ ਦੀ ਹੁੰਦੀ ਰਹੀ। ਲੋਕਾਂ ਦੀ ਹਮਦਰਦੀ ਇਸ ਕਦਰ ਜੁੜਨੀ ਵੀ ਸੀ। ਅੰਨਾ ਹਜ਼ਾਰੇ ਇਸ ਅੰਦੋਲਨ ਦਾ ਮੋਹਰੀ ਹੋਣ ਕਰਕੇ ਚਮਕਿਆ, ਅਸਲ ਗੁੱਸਾ ਤਾਂ ਸਰਕਾਰ ਦੇ ਘੁਟਾਲਿਆਂ 'ਤੇ ਸੀ ਤੇ ਇਸ ਅੰਦੋਲਨ ਦੀ ਅਗਵਾਈ ਜੇ ਕੋਈ ਹੋਰ ਸੱਚਾ-ਸੁੱਚਾ ਬੰਦਾ ਕਰ ਦੇਂਦਾ ਤਾਂ ਉਹਨੇ ਵੀ ਏਦਾਂ ਹੀ ਚਮਕਣਾ ਸੀ।

ਜਿਵੇਂ ਕਿ ਆਮ ਹੁੰਦੈ, ਇਸ ਅੰਦੋਲਨ ਦੌਰਾਨ ਵੀ ਅਜੀਬ-ਅਜੀਬ ਕਾਰਨਾਮੇ ਦੇਖਣ ਨੂੰ ਮਿਲੇ। ਇੱਕ ਦੋ ਹੀਰੋਇਨਾਂ ਨੇ ਗਰਮ ਲੋਹੇ 'ਤੇ ਸੱਟ ਮਾਰਨ 'ਚ ਕੋਈ ਕਸਰ ਨਾ ਛੱਡੀ। ਉਹ ਜਾਣਦੀਆਂ ਸਨ ਕਿ ਅੰਨਾ ਨਾਲ ਜੁੜੀ ਹਰ ਖ਼ਬਰ ਪ੍ਰਮੁੱਖਤਾ ਨਾਲ ਪੇਸ਼ ਹੋਵੇਗੀ, ਸੋ ਕੋਈ ਅਜਿਹੀ ਕਰਤੂਤ ਹੋਵੇ ਕਿ ਖ਼ਬਰ ਬਣ ਜਾਵੇ। ਪੈਂਦੀ ਸੱਟੇ ਮਰਾਠੀ ਹੀਰੋਇਨ ਯੋਗਿਤਾ ਦਾਂਡੇਕਰ ਦਾ ਬਿਆਨ ਆ ਗਿਆ ਕਿ ਜੇ ਜਨ ਲੋਕਪਾਲ ਬਿੱਲ ਪਾਸ ਹੋ ਗਿਆ ਤਾਂ ਉਹ ਆਪਣਾ ਟੌਪ ਉਤਾਰ ਕੇ ਸੜਕ 'ਤੇ ਆ ਜਾਵੇਗੀ। ਜਿਹੜਾ ਬਿੱਲ ਪਾਰਲੀਮੈਂਟ ਮੈਂਬਰਾਂ ਦੀ ਸਹਿਮਤੀ 'ਤੇ ਜੁੜਿਆ ਹੋਵੇ, ਉਹ ਟੌਪ ਪਾਉਣ ਜਾਂ ਲਾਹੁਣ ਨਾਲ ਕਿਵੇਂ ਜੁੜ ਸਕਦੈ ਤੇ ਜੇ ਟੌਪ ਉਹਨੇ ਲਾਹ ਵੀ ਦਿੱਤਾ ਤਾਂ ਭ੍ਰਿਸ਼ਟਾਚਾਰ ਨੂੰ ਕਿਹੜੀ ਨੱਥ ਪੈਣੀ ਹੈ, ਇਹ ਨਹੀਂ ਪਤਾ, ਪਰ ਇਹ ਪਤੈ ਕਿ ਵਿਸ਼ਵ ਕ੍ਰਿਕਟ ਕੱਪ ਮੌਕੇ ਵੀ ਪੂਨਮ ਪਾਂਡੇ ਨਾਂ ਦੀ ਇੱਕ ਸਿਰਫਿਰੀ ਨੇ ਕਿਹਾ ਸੀ ਕਿ ਜੇ ਵਿਸ਼ਵ ਕੱਪ ਭਾਰਤ ਦੀ ਝੋਲੀ ਪੈ ਗਿਆ ਤਾਂ ਉਹ ਉਸ ਅਵਸਥਾ 'ਚ ਮੈਦਾਨ 'ਚ ਆਵੇਗੀ, ਜਿਹੜੀ ਅਵਸਥਾ 'ਚ ਪੈਦਾ ਹੋਈ ਸੀ। ਪਰ ਭਾਰਤ ਦੇ ਜਿੱਤਣ ਮਗਰੋਂ ਉਹਨੇ ਕਿਹਾ, 'ਇਹ ਤਾਂ ਮਜ਼ਾਕ ਸੀ, ਭਾਰਤ 'ਚ ਏਦਾਂ ਦੇ ਕੰਮਾਂ ਦੀ ਇਜਾਜ਼ਤ ਨਹੀਂ।'

ਸਮਰਥਨ ਕਰਨ ਦਾ ਢੰਗ ਝੰਡਾ ਫੜ ਜਾਂ ਸਿਰ 'ਤੇ ਗਾਂਧੀ ਟੋਪੀ ਰੱਖ ਰਾਮਲੀਲਾ ਮੈਦਾਨ 'ਚ ਪਹੁੰਚਣਾ ਹੀ ਨਹੀਂ ਸੀ, ਸਗੋਂ ਕੇਰਲ ਦੇ ਪਿੰਡ ਵੇਲੂਰ ਦੇ ਰਾਜਿੰਦਰ ਨਾਮੀ ਸ਼ਖ਼ਸ ਨੇ 24 ਫੁੱਟ ਉਚੇ ਨਾਰੀਅਲ ਦੇ ਦਰਖ਼ਤ 'ਤੇ ਚੜ੍ਹ ਭੁੱਖ ਹੜਤਾਲ ਕਰ ਅੰਨਾ ਹਜ਼ਾਰੇ ਦਾ ਸਮਰਥਨ ਕੀਤਾ। ਅਜਿਹੇ ਅਵੱਲੇ ਸਮਰਥਨ ਪਿੱਛੇ ਜੇ ਖ਼ਬਰਾਂ ਦੀ ਲਾਲਸਾ ਸੀ ਤਾਂ ਇਹ ਪੂਰੀ ਵੀ ਹੋ ਗਈ। ਉਤਰ ਪ੍ਰਦੇਸ਼ ਦੇ ਚੰਦੌਲੀ ਜ਼ਿਲ੍ਹੇ ਦੇ ਪਿੰਡ ਰੇਮਾ ਵਾਸੀਆਂ ਨੇ ਕਿਹਾ ਕਿ ਉਹ ਆਪਣੇ ਪਿੰਡ ਦਾ ਨਾਂ ਬਦਲ ਕੇ 'ਅੰਨਾ ਪਿੰਡ' ਰੱਖਣਗੇ ਤੇ ਪਿੰਡ ਦਾ ਹਰ ਵਸਨੀਕ ਆਪਣੇ ਨਾਂ ਦੇ ਅੱਗੇ ਜਾਂ ਪਿੱਛੇ 'ਅੰਨਾ' ਜ਼ਰੂਰ ਲਿਖੇਗਾ, ਤਾਂ ਜੁ ਸਾਨੂੰ ਯਾਦ ਰਹੇ ਕਿ ਅਸੀਂ ਭ੍ਰਿਸ਼ਟਾਚਾਰ ਦੀ ਖਿਲਾਫ਼ਤ ਕਰਨ ਵਾਲੇ ਹਾਂ। ਰਿਕਸ਼ਾ ਚਲਾਉਣ ਵਾਲੇ ਹੇਮਪਾਲ ਨੇ ਆਖਿਆ ਕਿ ਜੇ ਭੁੱਖੇ ਰਹਿਣ ਨਾਲ ਅੰਨਾ ਹਜ਼ਾਰੇ ਦੀ ਕਿਡਨੀ 'ਚ ਨੁਕਸ ਪੈ ਗਿਆ ਤਾਂ ਉਹ ਆਪਣੀ ਕਿਡਨੀ ਦਾਨ ਕਰੇਗਾ। ਮਹਾਰਾਸ਼ਟਰ ਦੇ ਸਾਂਗਲੀ ਜ਼ਿਲ੍ਹੇ ਦੀ ਇੱਕ ਔਰਤ ਨੇ ਇਸ ਕਰਕੇ ਆਤਮ ਹੱਤਿਆ ਕਰ ਲਈ ਕਿ ਜਨ ਲੋਕਪਾਲ ਬਿੱਲ ਪਾਸ ਕਰਨ 'ਚ ਸਰਕਾਰ ਏਨੀ ਦੇਰੀ ਕਿਉਂ ਕਰ ਰਹੀ ਹੈ ਤੇ ਅੰਨਾ ਦੀਆਂ ਗੱਲਾਂ 'ਤੇ ਗੌਰ ਕਿਉਂ ਨਹੀਂ ਕੀਤੀ ਜਾ ਰਹੀ? ਮੁੰਬਈ ਦੇ ਦੋ ਲੱਖ ਲੋਕਾਂ ਤੱਕ ਦੁਪਹਿਰ ਦਾ ਖਾਣਾ ਪੁਚਾਉਣ ਵਾਲੇ ਪੰਜ ਹਜ਼ਾਰ ਡੱਬੇ ਵਾਲਿਆਂ ਨੇ ਇੱਕ ਦਿਨ ਹੜਤਾਲ ਕੀਤੀ। ਦੱਸਿਆ ਗਿਆ ਕਿ ਡੱਬੇ ਵਾਲਿਆਂ ਦੀ ਇਹ ਹੜਤਾਲ 120 ਸਾਲਾਂ 'ਚ ਪਹਿਲੀ ਵਾਰ ਏਨੇ ਵੱਡੇ ਪੱਧਰ 'ਤੇ ਹੋਈ। ਕੱਲ੍ਹ ਤੱਕ ਬਾਬਾ ਰਾਮਦੇਵ ਨੂੰ ਵਿਆਹ ਦੀਆਂ ਪੇਸ਼ਕਸ਼ਾਂ ਕਰਨ ਵਾਲੀ ਭਾਰਤ ਦੀ ਸਭ ਤੋਂ 'ਸ਼ਰੀਫ਼' ਕੁੜੀ ਰਾਖੀ ਸਾਵੰਤ ਨੇ ਅਵੱਲੀ ਗੱਲ ਕਹੀ ਕਿ ਅੰਨਾ ਤਾਂ ਦਰਵੇਸ਼ ਹੈ, ਪਰ ਨਾਲ ਫਿਰਦਾ ਅਰਵਿੰਦ ਕੇਜਰੀਵਾਲ 'ਰਾਵਣ' ਹੈ, ਅੰਦੋਲਨ ਮਗਰੋਂ ਉਹ ਸਿਆਸਤ ਵਿਚ ਆ ਜਾਵੇਗਾ ਤੇ 74 ਸਾਲਾ ਬਜ਼ੁਰਗ ਦੇ ਮੋਢੇ ਨੂੰ ਸੋਹਣੇ ਢੰਗ ਨਾਲ ਵਰਤ ਜਾਵੇਗਾ।

ਕਮਾਲ ਦੇਖੋ, ਪੰਜਾਬ ਦੀ ਅਕਾਲੀ ਸਰਕਾਰ ਨੇ ਅੰਨਾ ਦੇ ਹੱਕ 'ਚ ਜ਼ਿਲ੍ਹਾ ਪੱਧਰੀ ਧਰਨੇ ਦਿੱਤੇ ਤੇ ਉਹ ਵੀ ਇਹ ਭੁੱਲ ਕੇ ਕਿ ਕੁੱਝ ਮਹੀਨੇ ਪਹਿਲਾਂ ਹੀ ਉਨ੍ਹਾਂ ਦੇ ਇੱਕ ਐਮ.ਐਲ.ਏ. ਸੋਹਣ ਸਿੰਘ ਠੰਡਲ 'ਤੇ ਕਿਹੜਾ ਮੁਕੱਦਮਾ ਦਰਜ ਹੋਇਐ? ਭਾਜਪਾ ਵਾਲਿਆਂ ਵੀ ਭ੍ਰਿਸ਼ਟਾਚਾਰ ਦੀ ਖਿਲਾਫ਼ਤ ਕਰਨ ਦਾ ਕੋਈ ਮੌਕਾ ਨਹੀਂ ਜਾਣ ਦਿੱਤਾ, ਇਹ ਭੁੱਲ ਕੇ ਕਿ ਥੋੜ੍ਹਾ ਚਿਰ ਪਹਿਲਾਂ ਹੀ ਰਾਜ ਖੁਰਾਣਾ ਏਸੇ ਮੁਕੱਦਮੇ 'ਚ ਫਸਿਐ। ਕੈਪਟਨ ਅਮਰਿੰਦਰ ਸਿੰਘ ਕੇਂਦਰ ਸਰਕਾਰ ਦੇ ਹੱਕ 'ਚ ਭੁਗਤਦਾ ਰਿਹਾ ਤੇ ਅੰਨਾ ਦੇ ਖਿਲਾਫ਼। ਦੂਜੇ ਪਾਸੇ ਰਾਮਲੀਲਾ ਮੈਦਾਨ ਵਾਂਗ ਪੰਜਾਬ ਦੇ ਕਿਸਾਨ ਮਾਨਸੇ ਦੇ ਪਿੰਡ ਗੋਬਿੰਦਪੁਰਾ 'ਚ ਸਰਕਾਰ ਵੱਲੋਂ

(ਬਾਕੀ ਅਗਲੇ ਸਫੇ 'ਤੇ)

# ਹਾਕੀ ਲਈ ਹੁਣ ਹੰਭਲਾ ਮਾਰਨਾ ਪਵੇਗਾ:ਅਜੀਤਪਾਲ ਸਿੰਘ

ਆਮ ਹੀ ਸੁਣਦੇ ਹਾਂ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮਾਹਲਪੁਰ ਨੂੰ ਫੁੱਟਬਾਲ ਦੀ ਨਰਸਰੀ ਕਿਹਾ ਜਾਂਦਾ ਹੈ ਅਤੇ ਸੰਸਰ ਪਿੰਡ ਦੀ ਧਰਤੀ ਨੇ ਘੋਲੂ ਪੈਦਾ ਕੀਤੇ ਹਨ। ਮੇਰਾ ਖਿਆਲ ਹੈ ਕਿ ਹਾਕੀ ਦੇ ਪਿੜ ਵਿਚ ਜਿੰਨੇ ਖਿਡਾਰੀ ਇਕੱਲੇ ਜਲੰਧਰ ਜ਼ਿਲ੍ਹੇ ਨੇ ਪੈਦਾ ਕੀਤੇ ਹਨ, ਅਜਿਹਾ ਮਾਣ ਸ਼ਾਇਦ ਹੀ ਕਿਸੇ ਹੋਰ ਜ਼ਿਲ੍ਹੇ ਨੂੰ ਪ੍ਰਾਪਤ ਹੋਇਆ ਹੋਵੇ। ਮਸਲਨ, ਪਿੰਡ ਸੰਸਾਰਪੁਰ ਤੋਂ ਠਾਕਰ ਸਿੰਘ, ਦਰਸ਼ਨ ਸਿੰਘ, ਊਧਮ ਸਿੰਘ, ਗੁਰਮੀਤ ਸਿੰਘ, ਜਗਜੀਤ ਸਿੰਘ, ਤਰਸੇਮ ਸਿੰਘ, ਬਲਵੀਰ

ਦਲਬਾਰਾ ਸਿੰਘ ਮਾਂਗਟ
ਫੋਨ:269-267-9621

ਸਿੰਘ, ਪਰਮਿੰਦਰ ਸਿੰਘ ਅਤੇ ਬਲਵੀਰ ਸਿੰਘ ਆਦਿ ਆਹਲਾ ਖਿਡਾਰੀ ਨਿਕਲੇ। ਮਾਲਾ ਦੇ ਇਨ੍ਹਾਂ ਮਣਕਿਆਂ ਦਾ ਅਨਮੁੱਲਾ ਮੋਤੀ ਅਜੀਤਪਾਲ ਸਿੰਘ ਵੀ ਹੈ ਜਿਸ ਨੂੰ ਗੁੜ੍ਹਤੀ ਪਿੰਡ ਸੰਸਾਰਪੁਰ ਨੇ ਹੀ ਦਿੱਤੀ। ਜਦੋਂ ਦੁਨੀਆ ਵਿਚ "ਹਾਲ ਆਫ਼ ਫ਼ੇਮ" ਹਾਕੀ ਖਿਡਾਰੀਆਂ ਦੀ ਗੱਲ ਹੁੰਦੀ ਹੈ ਜਿਵੇਂ ਚਾਰਲਸਵਰਥ (ਆਸਟਰੇਲੀਆ), ਅਖ਼ਤਰ ਰਸੂਲ (ਪਾਕਿਸਤਾਨ), ਪਾਲ ਲਿਟੀਜਨ (ਹਾਲੈਂਡ) ਅਤੇ ਟੇਲਰ (ਇੰਗਲੈਂਡ), ਤਾਂ ਆਪਣੇ ਅਜੀਤਪਾਲ ਸਿੰਘ ਦਾ ਨਾਂ ਵੀ ਹਰ ਇਕ ਦੀ ਜ਼ੁਬਾਨ 'ਤੇ ਮੱਲੋ-ਮੱਲੀ ਆ ਜਾਂਦਾ ਹੈ।

ਅਜੀਤਪਾਲ ਸਿੰਘ ਆਪਣੇ ਸਮੇਂ ਦਾ ਬਹੁਤ ਹੀ ਸੂਝਵਾਨ ਅਤੇ ਨਿਖਰਵਾਂ ਖਿਡਾਰੀ ਰਿਹਾ ਹੈ ਜਿਸ ਦਾ ਜਨਮ 1947 ਨੂੰ ਪਿੰਡ ਸੰਸਾਰਪੁਰ ਵਿਖੇ ਹੀ ਹੋਇਆ। ਮੁੱਢਲੀ ਵਿੱਦਿਆ ਉਥੋਂ ਦੇ ਸਕੂਲ ਤੋਂ ਹੀ ਹਾਸਲ ਕੀਤੀ। ਬਾਅਦ ਵਿਚ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਚ ਦਾਖਲਾ ਲੈਂਦਿਆਂ ਹੀ ਹਾਕੀ ਪ੍ਰੇਮੀਆਂ ਦੀਆਂ ਨਜ਼ਰ ਵਿਚ ਆ ਗਿਆ। ਫਿਰ 1966 ਵਿਚ ਪੰਜਾਬ ਅਤੇ 1968 ਵਿਚ ਇੰਡੀਅਨ ਕੰਬਾਈਨ ਯੂਨੀਵਰਸਿਟੀ ਦੀ ਟੀਮ ਲਈ ਚੁਣਿਆ ਗਿਆ। ਉਸੇ ਸਾਲ ਮੈਕਸੀਕੋ ਵਿਚ ਹੋਣ ਵਾਲੀ ਓਲੰਪਿਕ ਲਈ ਭਾਰਤੀ ਟੀਮ ਵਿਚ ਆਪਣੀ ਜਗ੍ਹਾ ਬਣਾ ਲਈ, ਤੇ ਫਿਰ ਲਗਾਤਾਰ ਇਸ ਦਾ ਮੈਂਬਰ ਰਿਹਾ। ਤਿੰਨ ਓਲੰਪਿਕ 1968, 1972 ਤੇ 1976 ਅਤੇ ਤਿੰਨ ਸੰਸਾਰ ਹਾਕੀ ਕੱਪ-1971 ਬਾਰਸੀਲੋਨਾ, 1973 ਐਮਸਟਰਡਮ ਅਤੇ 1975 ਕੁਆਲਾਲਾਮਪੁਰ ਖੇਡੇ ਜਿਸ ਵਿਚ ਆਪਣੀ ਕਪਤਾਨੀ ਹੇਠ ਸੰਸਾਰ ਕੱਪ ਜਿੱਤ ਕੇ ਦੇਸ਼ ਦੀ ਝੋਲੀ ਵਿਚ ਪਾਇਆ। ਇਸ ਤੋਂ ਇਲਾਵਾ 1970 ਅਤੇ 1974 ਤਹਿਰਾਨ ਏਸ਼ੀਆਈ ਖੇਡਾਂ ਵਿਚ ਭਾਰਤੀ ਟੀਮ ਦਾ ਮੈਂਬਰ ਰਿਹਾ।

ਅਜੀਤਪਾਲ "ਆਲ ਏਸ਼ੀਆ ਸਟਾਰ" ਟੀਮ ਦਾ ਵੀ ਮੈਂਬਰ ਸੀ। ਸੰਨ 1970 ਵਿਚ ਉਹਨੂੰ ਅਰਜਨ ਐਵਾਰਡ ਦਿੱਤਾ ਗਿਆ ਜੋ ਖੇਡ ਖੇਤਰ ਵਿਚ ਸਭ ਤੋਂ ਵੱਡਾ ਪੁਰਸਕਾਰ ਮੰਨਿਆ ਜਾਂਦਾ ਹੈ। 1972 ਵਿਚ ਉਹਨੂੰ ਪਦਮਸ੍ਰੀ ਨਾਲ ਸਨਮਾਨਤ ਕੀਤਾ ਗਿਆ। ਰਿਟਾਇਰਮੈਂਟ ਤੋਂ ਬਾਅਦ ਉਹ 1986 ਸਿਓਲ (ਕੋਰੀਆ) ਏਸ਼ੀਆਈ ਖੇਡਾਂ ਅਤੇ ਇੰਗਲੈਂਡ ਸੰਸਾਰ ਕੱਪ ਲਈ ਭਾਰਤੀ ਹਾਕੀ ਟੀਮ ਦੇ ਕੋਚ ਬਣਿਆ। ਹੁਣ ਉਹ ਜਦੋਂ ਪਰਿਵਾਰਕ ਦੌਰੇ 'ਤੇ ਅਮਰੀਕਾ ਆਇਆ ਤਾਂ ਪੰਜਾਬੀ ਭਾਈਚਾਰੇ ਅਤੇ ਬੈਟਲਕਰੀਕ (ਮਿਸ਼ੀਗਨ) ਗੁਰੂ ਘਰ ਦੀਆਂ ਸੰਗਤਾਂ ਵੱਲੋਂ ਉਸ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਅਜੀਤਪਾਲ ਸਿੰਘ ਨਾਲ ਹੋਈ ਵਿਸ਼ੇਸ਼ ਗੱਲਬਾਤ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ:

**ਸਵਾਲ:** ਪਿੰਡ ਸੰਸਾਰਪੁਰ ਹਾਕੀ ਦਾ ਘਰ ਮੰਨਿਆ ਜਾਂਦਾ ਹੈ, ਜਿੱਥੋਂ ਦੇ ਬਹੁਤ ਸਾਰੇ ਖਿਡਾਰੀਆਂ ਨੇ ਦੇਸ਼ ਦਾ ਨਾਂ ਰੌਸ਼ਨ ਕੀਤਾ ਪਰ ਕੁਝ ਸਮੇਂ ਤੋਂ ਇਸ ਪਿੰਡ ਦਾ ਕੋਈ ਵੀ ਖਿਡਾਰੀ ਭਾਰਤੀ ਟੀਮ ਵਿਚ ਨਹੀਂ ਆਇਆ। ਵਜ੍ਹਾ?

**ਉਤਰ:** ਅਸਲ ਵਿਚ ਖਿਡਾਰੀਆਂ ਵਿਚ ਹੁਣ ਪਹਿਲਾਂ ਵਾਲਾ ਸ਼ੌਕ ਅਤੇ ਉਤਸ਼ਾਹ ਹੀ ਨਹੀਂ ਰਹਿ ਗਿਆ। ਸਾਡੇ ਵੇਲੇ ਹਾਕੀ ਖੇਡਣ ਲਈ ਵਾਰੀ ਨਹੀਂ ਸੀ ਆਉਂਦੀ। ਖਿਡਾਰੀਆਂ ਨੂੰ ਦੇਖ ਕੇ ਹੀ ਮੈਦਾਨ ਵਿਚ ਮੁੱਲ ਪੈਂਦੇ ਜਿਨ੍ਹਾਂ ਵਿਚੋਂ ਹੌਲੀ ਹੌਲੀ ਕੋਈ ਨਾ ਕੋਈ ਭਾਰਤੀ ਟੀਮ ਵਿਚ ਆਪਣੀ ਜਗ੍ਹਾ ਬਣਾ ਲੈਂਦਾ। ਹੁਣ ਭਾਵੇਂ ਐਧੀ ਐਸਟਰੋਟਰਫ ਵੀ ਲੱਗ ਗਈ ਹੈ ਜਿਹੜੀ ਖਾਨਾਪੂਰੀ ਕਰਨ ਵਾਲੀ ਗੱਲ ਹੈ, ਫਿਰ ਵੀ ਖਿਡਾਰੀਆਂ ਵਿਚ ਉਤਸ਼ਾਹ ਹੀ ਨਹੀਂ ਨਜ਼ਰ ਆਉਂਦਾ।

**ਸਵਾਲ:** ਭਾਰਤੀ ਹਾਕੀ ਦੀ ਲੰਮਾ ਸਮਾਂ ਸੰਸਾਰ ਵਿਚ ਸਰਦਾਰੀ ਰਹੀ। ਅੱਠ ਓਲੰਪਿਕ ਅਤੇ ਇਕ ਸੰਸਾਰ ਕੱਪ ਵੀ ਜਿੱਤਿਆ, ਪਰ ਅੱਜ ਓਲੰਪਿਕ ਖੇਡਾਂ ਵਿਚ ਪੈਰ ਰੱਖਣ ਲਈ ਤਰਸ ਰਹੇ ਹਾਂ। ਆਖਿਰ ਕਿਉਂ?

**ਉਤਰ:** ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਹਰ ਓਲੰਪਿਕ ਵਿਚ ਆਪਣਾ ਜਿਹੜਾ ਇਕ ਮੈਡਲ ਪੱਕਾ ਹੁੰਦਾ ਸੀ, ਉਹ ਹਾਕੀ ਦਾ ਹੀ ਹੁੰਦਾ ਸੀ। ਅੱਜ ਖਿਡਾਰੀਆਂ ਨੂੰ ਸਹੂਲਤਾਂ ਵੀ ਵੱਧ ਹਨ ਅਤੇ ਨੌਕਰੀਆਂ ਵੀ, ਪਰ ਸੰਸਾਰ ਪੱਧਰ ਦੀ ਟੀਮ ਤਿਆਰ ਕਰਨਾ ਵੱਡੀ ਚੁਣੌਤੀ ਹੈ। ਪਹਿਲਾਂ ਸਰਵਿਸਿਜ਼, ਰੇਲਵੇ, ਪੁਲਿਸ ਅਤੇ ਏਅਰਲਾਈਨਜ਼ ਕੋਲ ਚੋਟੀ ਦੀਆਂ ਟੀਮਾਂ ਹੁੰਦੀਆਂ ਸਨ ਜਿਨ੍ਹਾਂ ਨੇ ਦੇਸ਼ ਲਈ ਬੜਾ ਯੋਗਦਾਨ ਪਾਇਆ। ਹਰ ਟੀਮ ਕੋਲ ਘੱਟੋ-ਘੱਟ ਦੋ-ਤਿੰਨ ਚੋਟੀ ਦੇ ਖਿਡਾਰੀ ਮੌਜੂਦ ਹੁੰਦੇ ਸਨ ਜੋ ਹੁਣ ਨਜ਼ਰ ਨਹੀਂ ਆਉਂਦੇ। ਹਾਂ, ਹੁਣ ਕਾਰਪੋਰੇਟ ਸੈਕਟਰ ਦੀਆਂ ਕੰਪਨੀਆਂ ਹੰਭਲਾ ਮਾਰ ਰਹੀਆਂ ਹਨ। ਦੇਖਦੇ ਹਾਂ ਕਿ ਕਾਮਯਾਬੀ ਕਿੱਥੋਂ ਤੱਕ ਹਾਸਲ ਹੁੰਦੀ ਹੈ, ਪਰ ਮੰਜ਼ਿਲ ਅਜੇ ਦੂਰ ਹੈ।

**ਸਵਾਲ:** ਕੀ ਹਾਕੀ ਦੀ ਖੇਡ ਵਿਚ ਬਦਲਦੇ ਨਿਯਮਾਂ ਅਤੇ ਬਨਾਵਟੀ ਮੈਦਾਨ ਕਰਕੇ ਤਬਦੀਲੀਆਂ ਆਈਆਂ ਹਨ?

**ਉਤਰ:** ਜਿੱਥੋਂ ਤੱਕ ਨਿਯਮਾਂ ਦੇ ਬਦਲਾਓ ਦਾ ਸਬੰਧ ਹੈ, ਇਹ ਤਾਂ ਹਰ ਖੇਡ ਨੂੰ ਬਿਹਤਰੀਨ ਅਤੇ ਖਿਡਾਰੀਆਂ ਦੀ ਸੇਫਟੀ ਤੇ ਨਾਲ ਹੀ ਖੇਡ ਪ੍ਰੇਮੀਆਂ ਦੇ ਮਨੋਰੰਜਨ ਕਰਕੇ ਬਦਲਦੇ ਰਹਿੰਦੇ ਹਨ ਜਿਹੜੇ ਹਰ ਦੇਸ਼ 'ਤੇ ਲਾਗੂ ਹੁੰਦੇ ਹਨ। ਹਾਂ, ਐਸਟਰੋਟਰਫ ਨਾਲ ਇਸ ਖੇਡ ਵਿਚ ਭਾਰੀ ਤਬਦੀਲੀ ਜ਼ਰੂਰ ਆਈ ਹੈ। ਸੰਨ 1976 ਦੀ ਮਾਂਟਰੀਅਲ ਓਲੰਪਿਕ ਵਿਚ ਪਹਿਲੀ ਵਾਰ ਇਸ ਦੀ ਸ਼ੁਰੂਆਤ ਹੋਈ ਜਿਸ ਨੇ ਖੇਡ ਦਾ ਨਕਸ਼ਾ ਹੀ ਬਦਲ ਦਿੱਤਾ, ਜਿਵੇਂ ਤਕਨੀਕੀ ਅਤੇ ਦਾਓ-ਪੇਚ ਆਦਿ। ਇਸ ਖੇਡ ਨੇ ਫੁੱਟਬਾਲ ਦਾ ਰੂਪ ਧਾਰ ਲਿਆ ਹੈ। ਆਪਣੇ ਮੁਲਕ ਵਿਚ ਟਰਫ਼ਾਂ ਦੀ ਬੇਹੱਦ ਲੋੜ ਹੈ; ਖਾਸ ਕਰਕੇ ਆਦਿਵਾਸੀ ਏਰੀਏ ਵਿਚ ਤਾਂ ਕਿ ਨੈਸ਼ਨਲ ਪੱਧਰ ਉਚਾ ਅਤੇ ਵਧੀਆ ਬਣ ਸਕੇ।

**ਸਵਾਲ:** ਕੀ ਹੁਣ ਕੌਮੀ ਟੀਮ ਤਿਆਰ ਕਰਨ ਲਈ ਵਿਦੇਸ਼ੀ ਕੋਚਾਂ ਉਪਰ ਹੀ ਨਿਰਭਰ ਹੋਣ ਪਵੇਗਾ?

**ਉਤਰ:** ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਦਾਓ-ਪੇਚ ਪੁਰਾਣੇ ਹੋ ਗਏ ਹਨ। ਇਸ ਲਈ ਵਿਦੇਸ਼ੀ ਕੋਚਾਂ ਦੀ ਮਦਦ ਲੈਣੀ ਕੋਈ ਮਾੜੀ ਗੱਲ ਨਹੀਂ ਕਿਉਂਕਿ ਹੋਰ ਮੁਲਕ ਆਸਟਰੇਲੀਆ, ਪਾਕਿਸਤਾਨ ਅਤੇ ਹਾਲੈਂਡ ਦੀਆਂ ਟੀਮਾਂ ਵਿਦੇਸ਼ੀ ਕੋਚ ਹੀ ਤਿਆਰ ਕਰਦੇ ਹਨ। ਜਦੋਂ ਤੱਕ ਅਸੀਂ ਲੋੜੀਂਦੇ ਮੁਕਾਮ ਤੱਕ ਨਹੀਂ ਪਹੁੰਚ ਜਾਂਦੇ, ਇਸ ਦੇ ਨਾਲ ਆਪਣੇ ਕੋਚਾਂ ਨੂੰ ਜੋੜੀ ਰੱਖਣਾ ਵੀ ਬਹੁਤ ਜ਼ਰੂਰੀ ਹੈ।

**ਸਵਾਲ:** ਕੀ ਏਸ਼ੀਆਈ ਸਟਾਈਲ ਸਮਾਂ ਵਿਹਾ ਚੁਕਾ ਹੈ? ਪਾਕਿਸਤਾਨ ਜਿਸ ਨੇ ਚਾਰ ਸੰਸਾਰ ਕੱਪ ਜਿੱਤੇ ਹਨ, ਉਹ ਵੀ ਤਾਂ ਉਸੇ ਪੁਰਾਣੇ ਤੌਰ ਤਰੀਕੇ ਨਾਲ ਖੇਡਦਾ ਹੈ। ਫਿਰ ਅਸੀਂ ਕਿਉਂ ਨਹੀਂ?

**ਉਤਰ:** ਏਸ਼ੀਆਈ ਸਟਾਈਲ ਪੁਰਾਣਾ ਨਹੀਂ। ਵਾਰ ਵਾਰ ਤਬਦੀਲੀਆਂ ਕਰਨ ਨਾਲ ਵੀ ਖਿਡਾਰੀ ਅਡਜਸਟ ਨਹੀਂ ਕਰ ਪਾਉਂਦੇ। ਇਸ ਨੂੰ ਭੁਲਾਉਣ ਦੀ ਬਜਾਏ ਇਸ ਉਪਰ ਮਾਸਟਰੀ ਕਰਨੀ ਚਾਹੀਦੀ ਹੈ; ਜਿਵੇਂ ਆਸਟਰੇਲੀਆ, ਪਾਕਿਸਤਾਨ ਅਤੇ ਹਾਲੈਂਡ ਨੇ ਕੀਤਾ ਹੈ। ਟੀਮ ਨੂੰ ਸੁਰਖਿਆਤਮਕ ਦਾਓ-ਪੇਚ ਨਾਲ ਤਿਆਰ ਕਰਨ ਵਿਚ ਸਾਡੀ ਹਮਲਾਵਰ ਸ਼ਕਤੀ ਘਟੀ ਹੈ। ਨਾਲੇ ਹਰ ਜਿੱਤ ਤਾਂ ਸਕੋਰ 'ਤੇ ਨਿਰਭਰ ਹੁੰਦੀ ਹੈ।

**ਸਵਾਲ:** ਹਮੇਸ਼ਾ ਸੁਣਨ ਵਿਚ ਆਇਆ ਹੈ ਕਿ ਭਾਰਤੀ ਅੰਪਾਇਰਾਂ ਦਾ ਮਿਆਰ ਬਹੁਤ ਨੀਂਵਾਂ ਹੈ। ਤੁਸੀਂ ਕੀ ਕਹਿਣਾ ਚਾਹੋਗੇ?

**ਉਤਰ:** ਇਸ ਵਿਚ ਦੋ ਰਾਏ ਨਹੀਂ ਕਿ ਸਾਡੇ ਅੰਪਾਇਰਾਂ ਦਾ ਮਿਆਰ ਵਿਦੇਸ਼ਾਂ ਨਾਲੋਂ ਹਮੇਸ਼ਾ ਮਾੜਾ ਰਿਹਾ ਹੈ ਅਤੇ ਅਸੀਂ ਇਸ ਖੇਤਰ ਵਿਚ ਕਦੇ ਜ਼ਿਆਦਾ ਜ਼ੋਰ ਵੀ ਨਹੀਂ ਦਿੱਤਾ। ਇਹ ਹਾਕੀ ਵਿਚ ਬੜਾ ਵੱਡਾ ਫੈਕਟਰ ਹੈ ਕਿਉਂਕਿ ਜੇਕਰ ਸਾਡੇ ਅੰਪਾਇਰ ਵਧੀਆ ਹੋਣਗੇ ਤਾਂ ਹਾਕੀ ਮਿਆਰ ਵੀ ਅੱਛਾ ਹੋਵੇਗਾ। ਇਸ ਲਈ ਸਮੇਂ ਸਮੇਂ ਕੌਮਾਂਤਰੀ ਪੱਧਰ 'ਤੇ ਸੈਮੀਨਾਰ ਕਰਵਾਉਣੇ ਚੰਗਾ ਉਪਰਾਲਾ ਹੋਵੇਗਾ। ਕੌਮੀ ਕੈਂਪ ਦੌਰਾਨ ਉਚ ਪੱਧਰ ਦੇ ਅੰਪਾਇਰਾਂ ਨੂੰ ਟੀਮ ਨਾਲ ਰੱਖਣਾ ਬਹੁਤ ਜ਼ਰੂਰੀ ਹੈ ਤਾਂ ਕਿ ਖਿਡਾਰੀਆਂ ਦੀਆਂ ਮਾੜੀਆਂ ਆਦਤਾਂ ਵਿਚ ਸੁਧਾਰ ਲਿਆਂਦਾ ਜਾ ਸਕੇ ਅਤੇ ਸਾਡੇ ਖਿਡਾਰੀ ਕੌਮਾਂਤਰੀ ਮਿਆਰਾਂ ਦੇ ਹੋ ਸਕਣ।



ਅਜੀਤਪਾਲ ਸਿੰਘ (ਖੱਬੇ) ਨਾਲ ਇੰਟਰਵਿਊ ਕਰਦੇ ਹੋਏ ਦਲਬਾਰਾ ਸਿੰਘ ਮਾਂਗਟ

**ਸਵਾਲ:** ਭਾਰਤੀ ਹਾਕੀ ਫੈਡਰੇਸ਼ਨ ਅਤੇ ਇੰਡੀਆ ਹਾਕੀ ਵਿਚਾਲੇ ਚੱਲ ਰਹੀ ਖਿੱਚੋਤਾਣ ਦਾ ਖੇਡ ਉਪਰ ਕੀ ਅਸਰ ਪਿਆ ਹੈ ਅਤੇ ਐਫ.ਆਈ.ਐਚ. ਇਸ ਮਸਲੇ 'ਤੇ ਕੀ ਕਰ ਸਕਦੀ ਹੈ?

**ਉਤਰ:** ਦੇਖੋ, ਜਿਸ ਸੰਸਥਾ ਦਾ ਕੋਈ ਵਾਲੀਵਾਰਸ ਹੀ ਨਾ ਹੋਵੇ, ਉਸ ਦੇ ਕੰਮ-ਕਾਜ ਵਿਚ ਤਰੱਕੀ ਦੀ ਕੀ ਉਮੀਦ ਹੋ ਸਕਦੀ ਹੈ ਭਲਾ? ਐਫ.ਆਈ.ਐਚ. ਤਾਂ ਉਹੀ ਕਰੇਗੀ ਜੋ ਉਸ ਦਾ ਸੰਵਿਧਾਨ ਕਹਿੰਦਾ ਹੈ ਪਰ ਬਿਹਤਰੀਨ ਇਹੀ ਹੋਵੇਗਾ, ਜੇ ਜਲਦੀ ਹੀ ਇਸ ਮਾਮਲੇ ਦਾ ਨਿਬੇੜਾ ਹੋ ਜਾਵੇ ਤਾਂ ਕਿ ਜ਼ੋਰ ਕੁਰਸੀ ਦੀ ਬਜਾਏ ਹਾਕੀ ਦੇ ਸੁਧਾਰ ਲਈ ਲਾਇਆ ਜਾਵੇ। ਸਮੇਂ ਦੀ ਮੰਗ ਤਾਂ ਹੁਣ ਇਹੀ ਹੈ।

**ਸਵਾਲ:** ਅਸ਼ਵਨੀ ਕੁਮਾਰ ਭਾਰਤੀ ਹਾਕੀ ਸੰਸਥਾ ਦੇ ਆਪਣੇ ਸਮੇਂ ਦੇ ਮਸ਼ਹੂਰ ਪ੍ਰਧਾਨ ਮੰਨੇ ਜਾਂਦੇ ਸਨ। ਹਾਕੀ ਨਾਲ ਉਨ੍ਹਾਂ ਦਾ ਇੰਨਾ ਲਗਾਓ ਸੀ ਕਿ ਉਹ ਆਪਣੀਆਂ ਲੜਕੀਆਂ ਨੂੰ 'ਹਾਕੀ' ਅਤੇ 'ਬਾਲ' ਕਹਿੰਦੇ ਸਨ। ਉਨ੍ਹਾਂ ਦੇ ਤਬਾਦਲੇ ਮਗਰੋਂ ਭਾਰਤੀ ਹਾਕੀ, ਖਾਸ ਤੌਰ 'ਤੇ ਪੰਜਾਬ ਵਿਚ ਉਨ੍ਹਾਂ ਦੀ ਘਾਟ ਮਹਿਸੂਸ ਕੀਤੀ ਜਾਂਦੀ ਹੈ। ਇਹਦੇ ਬਾਰੇ ਕੁਝ ਦੱਸੋ?

**ਉਤਰ:** ਉਹ ਹਾਕੀ ਦੇ ਥੰਮ੍ਹ ਸਨ ਅਤੇ ਜਿੰਨਾ ਉਤਸ਼ਾਹ, ਹੌਸਲਾ ਅਤੇ ਹੱਲਾਸ਼ੇਰੀ ਉਨ੍ਹਾਂ ਨੇ ਖੇਡਾਂ, ਖਾਸ ਤੌਰ 'ਤੇ ਹਾਕੀ ਨੂੰ ਦਿੱਤੀ, ਉਹ ਅੱਜ ਕਿਤੇ ਨਹੀਂ ਦਿਸਦਾ। ਇਹ ਗੱਲ ਮਸ਼ਹੂਰ ਹੈ ਕਿ ਉਨ੍ਹਾਂ ਦੀ ਪ੍ਰਧਾਨਗੀ ਹੇਠ ਭਾਰਤੀ ਟੀਮ ਕਦੀ ਵੀ ਗੋਲਡ, ਸਿਲਵਰ ਜਾਂ ਕਾਂਸੀ ਦੇ ਤਗਮੇ ਤੋਂ ਖਾਲੀ ਨਹੀਂ ਆਈ। ਚੰਗੇ ਖਿਡਾਰੀ ਨੂੰ ਉਹ ਮੈਦਾਨ ਵਿਚ ਹੀ ਫੀਤੀ ਲਾਉਣ ਤੱਕ ਪਹੁੰਚਦੇ। ਜਦੋਂ ਵੱਡੇ ਦਰਖ਼ਤ ਦੀ ਜੜ੍ਹ ਹੀ ਉਖੜ ਜਾਂਦੀ ਹੈ ਤਾਂ ਟਾਹਣੀਆਂ ਦੀ ਵੀ ਵੁੱਕਤ ਨਹੀਂ ਰਹਿੰਦੀ।

**ਸਵਾਲ:** ਆਪਣੀ ਜ਼ਿੰਦਗੀ ਦਾ ਕੋਈ ਵਧੀਆ ਤਜਰਬਾ ਦੱਸਣਾ ਚਾਹੋਗੇ?

**ਉਤਰ:** "ਵਿਨਿੰਗ ਟਾਰਗਿਟ" ਤੋਂ ਵਧੀਆ ਤਜਰਬਾ ਹੋਰ ਕੀ ਹੋ ਸਕਦਾ ਹੈ।

**ਸਵਾਲ:** ਅੱਜ ਕੱਲ੍ਹ ਕੀ ਸੁਗਲ ਨੇ ਅਤੇ ਹਾਕੀ ਦੇ ਸੁਧਾਰ ਲਈ ਤੁਹਾਡੇ ਸੁਝਾਅ?

**ਉਤਰ:** ਮੈਂ ਭਾਰਤੀ ਹਾਕੀ ਟੀਮ ਦੀ ਚੋਣ ਕਮੇਟੀ ਦਾ ਚੇਅਰਮੈਨ ਰਹਿ ਚੁੱਕਾ ਹਾਂ ਅਤੇ ਹੁਣ ਮੁੜ ਸੱਦਾ ਆਇਆ ਹੈ, ਪਰ ਮੈਂ ਇਸ ਬਾਰੇ ਅਜੇ ਕੋਈ ਫੈਸਲਾ ਨਹੀਂ ਕੀਤਾ। ਉਂਜ, ਕੌਮੀ ਖੇਡ ਹਾਕੀ ਲਈ ਹਮੇਸ਼ਾ ਹੱਥ ਸਾਂਝਾ ਕਰਨ ਦੀ ਇੱਛਾ ਰੱਖਦਾ ਹਾਂ। ਅੱਜ ਕ੍ਰਿਕਟ ਨੇ ਨੰਬਰ ਇਕ ਜਗ੍ਹਾ ਬਣਾ ਲਈ ਹੈ ਅਤੇ ਹੈ ਵੀ, ਕਿਉਂਕਿ ਅਗਲਿਆਂ ਸੰਸਾਰ ਕੱਪ ਜਿੱਤਿਆ ਹੈ। ਹਾਕੀ ਨੂੰ ਦੁਬਾਰਾ ਮੁਕਾਮ ਤੱਕ ਲਿਆਉਣ ਲਈ ਸਭ ਨੂੰ ਇਕੱਠਿਆਂ ਹੰਭਲਾ ਮਾਰਨਾ ਪਵੇਗਾ।

ਫਿਲਮ 'ਲਗਾਨ' ਤੋਂ ਸੰਕੇਤ ਲਏ ਜਾ ਸਕਦੇ ਹਨ। ਸ਼ੁਰੂਆਤ 'ਗਰਾਊਂਡ ਰੂਟ' ਭਾਵ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੋਂ ਕੀਤੀ ਜਾਵੇ। ਨਾਲ ਹੀ ਚੌਕੀਦਾਰ ਵਾਂਗ ਪਹਿਰਾ ਦੇਣਾ ਪਵੇਗਾ ਕਿਉਂਕਿ ਫਿਲਹਾਲ ਹਾਕੀ ਦਾ ਭਵਿੱਖ ਧੁੰਦਲਾ ਨਜ਼ਰ ਆਉਂਦਾ ਹੈ। ਇਹ ਵੇਲਾ ਸੰਭਾਲ ਲਿਆ ਜਾਵੇ ਤਾਂ ਚੰਗਾ ਹੈ; ਨਹੀਂ ਤਾਂ ਵਿਗੜੇ ਹੋਏ ਨੂੰ ਸੰਵਾਰਨ ਲਈ ਕਈ ਗੁਣਾ ਵੱਧ ਤਾਕਤ ਦੀ ਲੋੜ ਪੈਂਦੀ ਹੈ; ਫਿਰ ਵੀ ਪਤਾ ਨਹੀਂ ਕਿ ਯੋਗ ਨਤੀਜੇ ਨਿਕਲਣ ਜਾਂ ਨਾ ਨਿਕਲਣ। ਇਸ ਲਈ ਹਾਕੀ ਨੂੰ ਜ਼ਿੰਦਾ ਰੱਖਣਾ ਸਾਡੇ ਹੱਥ ਵਿਚ ਹੈ। ਵੱਡੀਆਂ ਕੰਪਨੀਆਂ ਜਿਵੇਂ ਰਿਲਾਇੰਸ, ਟਾਟਾ ਆਦਿ ਅੱਗੇ ਆਉਣ ਅਤੇ ਆਪਣਾ ਯੋਗਦਾਨ ਪਾਉਣ ਕਿਉਂਕਿ ਦੇਸ਼ ਵਿਚ ਅਣਗਿਣਤ ਟਰਫਾਂ ਦੀ ਲੋੜ ਹੈ। ਪਰਵਾਸੀਆਂ ਵੱਲੋਂ ਐਨ.ਆਰ.ਆਈ. ਹਾਕੀ ਅਕੈਡਮੀ ਖੋਲ੍ਹਣਾ ਵੀ ਪੁੰਨ ਅਤੇ ਫਲੀਆਂ ਵਾਲੀ ਗੱਲ ਹੋਵੇਗੀ। ਇਸ ਪਾਸੇ ਫਲੋਰਿਡਾ ਤੋਂ ਸੁਖਬੀਰ ਸਿੰਘ ਸੋਹੀ ਅਤੇ ਕੁਲਵਿੰਦਰ ਸਿੰਘ ਗਿੱਲ (ਮਿਸ਼ੀਗਨ) ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ।

## ਕਾਵਿ-ਸੰਸਾਰ

### ਨਜ਼ਮ
### ਵਿਧਵਾ ਰੁੱਤ

ਇਹ ਰੁੱਤ ਕੇਹੀ
ਦੁਸ਼ਮਣ ਬਣਿਆ
ਜਨਮ, ਲੜਕਪਨ, ਜੋਬਨ।
ਪਹਿਰਨ ਵਾਂਗ ਹੀ ਦਿਲਕ ਗਿਆ ਹੈ
ਸੋਗ-ਵਿਗੁੱਤਾ ਤਨ-ਮਨ।
ਚੁਭਨ ਜਿਹੀ ਅਹਿਸਾਸ ਨੂੰ ਡੰਗੇ
ਪਲ-ਪਲ, ਛਿਨ-ਛਿਨ, ਦਿਨ-ਦਿਨ।
ਕੈਸਾ ਇਹ ਸੰਵਿਧਾਨ ਵਿਧਾਤਾ
ਕੀ ਵਿਧਵਾ ਦਾ ਜੀਵਨ?
ਕੌਮੀ ਝੰਡਾ ਛਿੰਦਿਆ-ਛਿੰਦਿਆ
ਕਿੰਵ ਗਾਈਏ ਜਨ-ਗਨ-ਮਨ...।

ਸਖੀਆਂ ਆਖਣ, ਸਾਵਣ ਆਇਆ
ਮੋਰੀ ਲਾਇਆ ਰੁਣ-ਝੁਣ।
ਅੱਖੀਆਂ ਆਖਣ, ਮੇਲਾ ਜੁੜਿਆ
ਹੈ ਹੰਝੂਆਂ ਦੇ ਪੱਤਣ।
ਸੁਰ ਸਾਖੀ ਹੈ ਸ਼ਬਦ ਸਲਾਮਤ
ਉਖੜੀ-ਉਖੜੀ ਸਰਗਮ।
ਬਾਗ਼ਾਂ ਵਿਚ ਬਹਾਰਾਂ ਆਈਆਂ
ਕਲੀਆਂ ਦੇ ਘਰ ਮਾਤਮ।
ਲੋਕੀਂ ਆਖਣ, ਵਕਤ ਹੈ ਹੁੰਦਾ
ਜ਼ਖ਼ਮਾਂ ਦੇ ਲਈ ਮਰਹਮ।
ਵਕਤ ਨਾਲ ਪਰ ਵਧਦਾ ਜਾਵੇ
ਦਰਦ, ਦੁੱਖ, ਬਿਰਹਾ, ਗ਼ਮ।
ਇਕ ਪਾਸੇ ਹੈ 'ਕੱਲ੍ਹੀ ਜਿੰਦੜੀ
ਇਕ ਪਾਸੇ ਹੈ ਆਲਮ।
ਚੱਟਦਾ ਜਾਏ ਸੁਨਹਿਰੀ ਸੁਪਨੇ
ਕਾਲ-ਕਲੂਟਾ ਮੌਸਮ!

ਨਵੀਆਂ ਕਿਰਨਾਂ ਨਵੀਂ ਰੌਸ਼ਨੀ
ਸੂਰਜ ਨਿੱਤ ਲੈ ਆਵੇ।
ਨੂਰੀ ਨੁੱਕਰੇ ਬੈਠੀ ਜਿੰਦੂ
ਕੀਕਣ ਭਰੇ ਕਲਾਵੇ।
ਬੀਤੇ ਦਾ ਇਕ ਜ਼ਖ਼ਮ ਸਦੀਵੀ
ਕੀਕਣ ਕੋਈ ਭੁਲਾਵੇ।
ਜਦ ਇਹ ਦੁਨੀਆਂ ਉਹੀਓ ਸਾਕਾ
ਪਲ-ਪਲ ਯਾਦ ਕਰਾਵੇ।
ਬਣ ਕੇ ਬਿਰਖ, ਨਾਸੂਰ
ਵਕਤ ਦੀ ਮਿੱਟੀ ਵਿਚ ਉੱਗ ਆਵੇ।

ਬੱਚੀ, ਭੈਣ, ਪ੍ਰੇਮਣ, ਪਤਨੀ
ਮਾਂ, ਦਾਦੀ ਜਾਂ ਨਾਨੀ।
ਹਰ ਹਾਲਤ ਵਿਚ ਦੇਸ਼ ਮੇਰੇ ਵਿਚ
ਔਰਤ ਸਿਰਫ਼ ਜਨਾਨੀ।
ਹਰ ਇਕ ਯੁੱਗ ਵਿਚ ਕਰਦੀ ਆਈ
ਔਰਤ ਹਰ ਕੁਰਬਾਨੀ।
ਪਰ ਅਫ਼ਸੋਸ, ਕਿ ਬਦਲ ਸਕੀ ਨਾ
ਇਹ ਫ਼ਿਤਰਤ ਇਨਸਾਨੀ।
ਹਰ ਇਕ ਯੁੱਗ ਨੂੰ ਦਿੱਤੀ ਇਸ ਨੇ
ਸਦਾ ਹੀ ਨਵੀਂ ਨਿਸ਼ਾਨੀ।
ਹਰ ਪੀੜ੍ਹੀ ਨੇ ਕੀਤੀ ਇਸ 'ਤੇ
ਨਵੀਂ ਨਵੀਂ ਮਨ-ਮਾਨੀ।

ਇਕ ਪਤਨੀ ਕਰਮਾਂ ਦੀ ਮਾਰੀ
ਜੇ ਵਿਧਵਾ ਹੋ ਜਾਵੇ।
ਪਤਨੀ ਦੀ ਥਾਂ, ਕੁਝ ਬੱਚਿਆਂ ਦੀ
ਮਾਂ ਬਣ ਕੇ ਰਹਿ ਜਾਵੇ।
ਵਿਧਵਾ ਮਾਂ ਜੇ ਬਾਪ ਦੇ ਸਾਰੇ
ਕਰਤੱਵ ਖੂਬ ਨਿਭਾਵੇ।
ਬੱਚਿਆਂ ਖ਼ਾਤਰ ਕਰੇ ਚਾਕਰੀ
ਆਪਣਾ-ਆਪ ਕੁਹਾਵੇ।
ਨਾ ਆਪਣੀ ਮਰਜ਼ੀ ਦਾ ਪਹਿਨੇ
ਨਾ ਮਰਜ਼ੀ ਦਾ ਖਾਵੇ।
ਬੱਚਿਆਂ ਨੂੰ ਉਹ ਖ਼ੁਸ਼ੀਆਂ ਵੰਡੇ
ਆਪੂੰ ਸੋਗ ਮਨਾਵੇ।
ਮਰਿਆਂ ਦੇ ਸੰਗ ਮਰ ਨਾ ਸਕੀ
ਪਲ-ਪਲ ਮੌਤ ਹੰਢਾਵੇ।
ਵਿਧਵਾ ਰੁੱਤ ਦੀ ਝੋਲੀ ਦੇ ਵਿਚ
ਕੁਝ ਹਉਕੇ, ਕੁਝ ਹਾਵੇ।

ਹਰ ਇਕ ਸਾਹ ਜਿਉਂ ਅੰਤਿਮ ਹਿਚਕੀ
ਪੈਰ-ਪੈਰ 'ਤੇ ਉਲਝਣ।
ਕੰਡਿਆਂ ਦੇ ਸੰਗ ਜ਼ਖ਼ਮੀ ਹੋਇਆ
ਕਲੀਆਂ ਦਾ ਭੋਲਾਪਣ।
ਨਫ਼ਰਤ ਦੇ ਬੀਜਾਂ ਸੰਗ ਵਿੰਨ੍ਹਿਆ
ਇਸ ਮਿੱਟੀ ਦਾ ਕਣ-ਕਣ।
ਕੈਸਾ ਇਹ ਸੰਵਿਧਾਨ ਵਿਧਾਤਾ
ਕੀ ਵਿਧਵਾ ਦਾ ਜੀਵਨ?
ਕੌਮੀ ਝੰਡਾ ਛਿੰਦਿਆ-ਛਿੰਦਿਆ
ਕਿੰਵ ਗਾਈਏ, ਜਨ-ਗਨ-ਮਨ...।

-ਤੇਜਿੰਦਰ ਕੌਰ
ਫੋਨ:916-583-1623

## ਕੀ ਮੈਂ ਝੂਠ ਬੋਲਿਐ...

(ਸਫਾ 36 ਦੀ ਬਾਕੀ)

ਧੱਕੇ ਨਾਲ ਕਿਸਾਨਾਂ ਦੀ ਜ਼ਬਤ ਕੀਤੀ ਜਾ ਰਹੀ ਜ਼ਮੀਨ ਖਿਲਾਫ਼ ਧਰਨਾ ਦਿੰਦੇ ਰਹੇ ਤੇ ਅਕਾਲੀ-ਭਾਜਪਾ ਮੰਤਰੀ-ਸੰਤਰੀ ਚੁੱਪ ਰਹੇ, ਪਰ ਕੈਪਟਨ ਧੜਾ ਧੱਕੇਸ਼ਾਹੀ ਖਿਲਾਫ਼ ਅਵਾਜ਼ ਬੁਲੰਦ ਕਰਦਾ ਰਿਹਾ।

ਲੋਕਪਾਲ ਬਿੱਲ ਨੇ ਅੰਨਾ ਨੂੰ ਨਾਇਕ ਬਣਾ ਦਿੱਤੈ। ਲੋਕਾਂ ਦੀ ਹਮਾਇਤ ਜਿੱਥੇ ਭ੍ਰਿਸ਼ਟਾਚਾਰ ਖਿਲਾਫ਼ ਖੂਬ ਭੁਗਤਦੀ ਰਹੀ, ਉਥੇ 74 ਸਾਲਾ ਅੰਨਾ ਦੀ 79 ਸਾਲਾ ਮਨਮੋਹਨ ਸਿੰਘ ਨਾਲ ਤੁਲਨਾ ਵੀ ਹੁੰਦੀ ਰਹੀ। ਡਾ. ਮਨਮੋਹਨ ਸਿੰਘ ਵੱਲੋਂ ਕੀਤੀਆਂ ਡਿਗਰੀਆਂ, ਵਿੱਤ ਮੰਤਰੀ ਤੋਂ ਲੈ ਕੇ ਪ੍ਰਧਾਨ ਦੇ ਅਹੁਦੇ ਤੱਕ ਬਿਰਾਜਮਾਨ ਹੋ ਕੇ ਨਿਉਂ ਜਾਣਾ ਤੇ ਸੱਤ ਜਮਾਤਾਂ ਪਾਸ ਅੰਨਾ, ਜਿਹੜਾ ਮੰਦਰ ਦੇ ਇਕ ਕਮਰੇ 'ਚ ਰਹਿੰਦੈ, ਫੌਜ 'ਚੋਂ ਸੇਵਾਮੁਕਤ ਹੋਣ ਮਗਰੋਂ ਆਪਣੇ ਪਿੰਡ ਕਦੇ ਨਹੀਂ ਗਿਆ ਤੇ ਸਾਰੀ ਪੈਨਸ਼ਨ ਵੀ ਰਾਲੇਗਾਣ ਸਿੱਧੀ ਪਿੰਡ ਨੂੰ ਦਾਨ ਕਰ ਦਿੰਦੈ, ਦੀਆਂ ਤੁਲਨਾਤਮਕ ਗੱਲਾਂ ਸਭਨਾਂ ਨੂੰ ਚੰਗੀਆਂ ਲੱਗੀਆਂ ਨੇ।

# ਵਿਵਾਦ 'ਚ ਘਿਰੀਆਂ ਫਿਲਮਾਂ ਦਾ ਸੱਚ


ਪ੍ਰਕਾਸ਼ ਝਾਅ ਦੀ ਫਿਲਮ 'ਆਰਕਸ਼ਣ' ਰਿਲੀਜ਼ ਮੌਕੇ ਵਿਵਾਦ ਦਾ ਸ਼ਿਕਾਰ ਹੋ ਗਈ। ਬਹੁਤ ਸਾਰੇ ਦਲਿਤ ਗਰੁੱਪਾਂ ਨੇ ਇਸ ਦਾ ਇਹ ਕਹਿ ਕੇ ਵਿਰੋਧ ਕੀਤਾ ਕਿ ਇਹ ਫਿਲਮ ਦਲਿਤਾਂ ਦੇ ਜਾਂ ਫਿਰ ਰਾਖਵਾਂਕਰਨ ਦੇ ਖ਼ਿਲਾਫ਼ ਹੈ। ਫਿਲਮ ਵਿਚ ਅਮਿਤਾਭ ਬੱਚਨ ਨੇ ਕਾਲਜ ਦੇ ਇਕ ਪ੍ਰਿੰਸੀਪਲ ਦੀ ਭੂਮਿਕਾ ਨਿਭਾਈ ਤੇ ਸੈਫ ਅਲੀ ਖਾਨ ਨੇ ਇਕ ਦਲਿਤ ਦੀ। ਪ੍ਰਕਾਸ਼ ਝਾਅ ਦਾ ਕਹਿਣਾ ਹੈ ਕਿ ਬਹੁਤ ਸਾਰੇ ਦਲਿਤ ਗਰੁੱਪ ਇਸ ਫਿਲਮ ਦੀ ਵਿਰੋਧਤਾ ਇਸ ਨੂੰ ਦੇਖੇ ਬਗੈਰ ਹੀ ਕਰ ਰਹੇ ਹਨ ਜਦੋਂਕਿ ਪਹਿਲਾਂ ਉਨ੍ਹਾਂ ਨੂੰ ਫਿਲਮ ਦੇਖ ਲੈਣੀ ਚਾਹੀਦੀ ਹੈ। ਰਿਲੀਜ਼ ਹੋਣ ਮੌਕੇ ਫਿਲਮ ਦੀ ਰੱਜ ਕੇ ਵਿਰੋਧਤਾ ਹੋਈ ਪਰ ਜਿਉਂ-ਜਿਉਂ ਦਲਿਤ ਗਰੁੱਪਾਂ ਨੇ ਇਹ ਫਿਲਮ ਦੇਖੀ, ਉਹ ਇਸ ਨੂੰ ਰਿਲੀਜ਼ ਕਰਨ ਦੀ ਆਗਿਆ ਦਿੰਦੇ ਰਹੇ। ਸੁਆਲ ਇਹ ਪੈਦਾ ਹੁੰਦਾ ਹੈ ਕਿ ਕੀ ਕਿਸੇ ਫਿਲਮ ਦੇ ਵਿਵਾਦ ਵਿਚ ਫਸਣ ਨਾਲ ਉਸ ਨੂੰ ਪਬਲੀਸਿਟੀ ਮਿਲਦੀ ਹੈ ਜਾਂ ਫਿਰ ਇਹ ਵਿਵਾਦ ਦਰਸ਼ਕਾਂ ਨੂੰ ਸਿਨੇਮਿਆਂ ਵਿਚ ਜਾਣੋਂ ਰੋਕਦਾ ਹੈ। 'ਆਰਕਸ਼ਣ' ਫਿਲਮ ਰੁਕਣ ਦੇ ਬਾਵਜੂਦ ਹੌਲੀ-ਹੌਲੀ ਹਰ ਸੂਬੇ ਵਿਚ ਰਿਲੀਜ਼ ਹੁੰਦੀ ਗਈ। ਦੂਜੇ ਪਾਸੇ ਫਿਲਮ ਦੇ ਰੀਵਿਊ ਵੀ ਕੋਈ ਬਹੁਤੇ ਵਧੀਆ ਨਹੀਂ ਆ ਰਹੇ। ਲੰਬੇ-ਲੰਬੇ



ਫਿਲਮ 'ਨਾਟ ਏ ਲਵ ਸਟੋਰੀ' ਵਿਚ ਮਾਹੀ ਗਿੱਲ।

ਅਕਾਊ ਡਾਇਲਾਗਜ਼ ਨੇ ਅੱਜ ਤੋਂ ਕਈ ਸਾਲ ਪਹਿਲਾਂ ਬਣਨ ਵਾਲੀਆਂ ਫਿਲਮਾਂ ਦੇ ਅੰਦਾਜ਼ ਨੂੰ ਪੇਸ਼ ਕੀਤਾ ਹੈ। ਅੱਜ ਬਣਨ ਵਾਲੀਆਂ ਫਿਲਮਾਂ ਵਿਚ ਇਹ ਸਭ ਕੁਝ ਨਹੀਂ ਹੁੰਦਾ ਤੇ ਉਨ੍ਹਾਂ ਦੀ ਸਪੀਡ ਬੜੀ ਤੇਜ਼ ਹੁੰਦੀ ਹੈ। ਫਿਰ ਵੀ ਕਿਸੇ ਮਸਲੇ ਨੂੰ ਲੈ ਕੇ ਬਣੀ ਕਿਸੇ ਵੀ ਫਿਲਮ ਵਿਚ ਅਜਿਹਾ ਹੋਣਾ ਸੁਭਾਵਿਕ ਹੈ।

ਇਸੇ ਤਰ੍ਹਾਂ ਈਸ਼ਾ ਕੋਪੀਕਰ ਪਿਛਲੇ ਤਿੰਨਾਂ ਵਰ੍ਹਿਆਂ ਤੋਂ ਫਿਲਮ 'ਸ਼ਬਰੀ' ਦੇ ਰਿਲੀਜ਼ ਹੋਣ ਦੀ ਉਡੀਕ ਕਰ ਰਹੀ ਹੈ। ਨਾਲ ਹੀ ਉਸ ਨੇ ਕਿਹਾ ਹੈ ਕਿ ਉਸ ਨੇ ਕੰਨਾਂ ਨੂੰ ਹੱਥ ਲਾਏ ਹਨ ਕਿ ਅੱਗੇ ਤੋਂ ਉਹ ਰਾਮ ਗੋਪਾਲ ਵਰਮਾ ਨਾਲ ਕੰਮ ਨਹੀਂ ਕਰੇਗੀ। ਈਸ਼ਾ ਨੇ ਰਾਮ ਗੋਪਾਲ ਵਰਮਾ



ਫਿਲਮ ਆਰਕਸ਼ਣ 'ਚ ਅਮਿਤਾਭ

ਦੀ ਇਹ ਕਹਿ ਕੇ ਵੀ ਨੁਕਤਾਚੀਨੀ ਕੀਤੀ ਹੈ ਕਿ ਉਨ੍ਹਾਂ ਨੇ ਫਿਲਮ ਦੀ ਪ੍ਰਮੋਸ਼ਨ ਨਹੀਂ ਕੀਤੀ। ਇਹ ਫਿਲਮ ਮੁੰਬਈ ਦੀਆਂ ਔਰਤਾਂ ਗੈਂਗਸਟਰ ਦੇ ਵਿਸ਼ੇ ਨੂੰ ਲੈ ਕੇ ਬਣਾਈ ਗਈ ਤੇ ਇਸ ਵਿਚ ਈਸ਼ਾ ਕੋਪੀਕਰ ਨੇ ਗੈਂਗਸਟਰ ਦਾ ਰੋਲ ਨਿਭਾਇਆ। ਅਸਲ ਵਿਚ ਇਹ ਫਿਲਮ ਨਿਰਦੇਸ਼ਕ ਤੇ ਰਾਮ ਗੋਪਾਲ ਦੇ ਆਪਸੀ ਵਿਵਾਦ ਦਾ ਸ਼ਿਕਾਰ ਹੋ ਗਈ। ਹੁਣ ਪਤਾ ਲੱਗਾ ਹੈ ਕਿ ਇਹ ਫਿਲਮ ਇਸ ਮਹੀਨੇ ਦੇ ਅੰਤ ਤਕ ਰਿਲੀਜ਼ ਹੋਣ ਦੀ ਆਸ ਹੈ।

ਸ਼ਾਹਰੁਖ ਦੀ ਫਿਲਮ 'ਰਾ.ਵਨ' ਵਿਵਾਦ ਵਿਚ ਘਿਰੀ ਹੋਈ ਹੈ ਤੇ ਇਸ ਫਿਲਮ ਤੋਂ ਸ਼ਾਹਰੁਖ ਨੂੰ ਭਰਪੂਰ ਆਸਾਂ ਹਨ। ਇਸ ਫਿਲਮ ਦਾ ਵਿਵਾਦ ਇਹ ਹੈ ਕਿ ਇਸ ਫਿਲਮ ਦੀ ਕਹਾਣੀ ਸ਼ੰਕਰ ਦੀ ਫਿਲਮ 'ਰੋਬੋਟ' ਨਾਲ ਰਲਦੀ-ਮਿਲਦੀ ਹੈ। ਰਜਨੀਕਾਂਤ ਨਾਲ ਬਣਾਈ ਗਈ ਇਹ ਫਿਲਮ ਪਹਿਲਾਂ ਸ਼ਾਹਰੁਖ ਖਾਨ ਨਾਲ ਬਣਾਈ ਜਾਣੀ ਸੀ। ਸ਼ਾਹਰੁਖ ਇਸ ਗੱਲ 'ਤੇ ਦੁਖੀ ਸੀ ਕਿ ਅਰਜੁਨ ਰਾਮਪਾਲ ਨੇ ਬਹੁਤ ਸਾਰੇ ਪੈਸਿਆਂ ਦੀ ਮੰਗ ਕੀਤੀ। ਫਿਰ ਇਸ ਫਿਲਮ ਦਾ ਇਕ ਗੀਤ ਵੀ ਲੀਕ ਹੋ ਗਿਆ। ਇਹ ਵੀ ਕਿਹਾ ਜਾਂਦਾ ਹੈ ਕਿ ਸ਼ਾਹਰੁਖ ਖਾਨ ਅਨੁਭਵ ਸਿਨ੍ਹਾ ਦੇ ਕੰਮ ਤੋਂ ਖੁਸ਼ ਨਹੀਂ।

ਅਨੁਰਾਗ ਕਸ਼ਯਪ ਦੀ ਸ਼ਾਇਦ ਹੀ ਕੋਈ ਅਜਿਹੀ ਫਿਲਮ ਹੋਵੇ ਜੋ ਵਿਵਾਦਾਂ ਵਿਚ ਨਾ ਫਸੀ ਹੋਵੇ। ਉਸ ਨੇ ਆਪਣੀ ਫਿਲਮ 'ਦੈਟ ਗਰਲ ਇਨ ਯੈਲੋ ਬੂਟਸ' ਵਿਚ ਆਪਣੀ ਪਤਨੀ ਕਲਕੀ ਨੂੰ ਹੀਰੋਇਨ ਲਿਆ ਹੈ। ਅਨੁਰਾਗ ਭਾਰਤੀ ਵਿਤਰਕਾਂ ਨਾਲ ਇਸ ਗੱਲ 'ਤੇ ਦੁਖੀ ਹੈ ਕਿ ਉਨ੍ਹਾਂ ਉਸ ਦੀ ਫਿਲਮ ਇਸ ਕਰਕੇ ਰਿਜੈਕਟ ਕਰ ਦਿੱਤੀ ਹੈ ਕਿਉਂਕਿ ਫਿਲਮ ਵਿਚ ਵੱਡੇ ਸਿਤਾਰੇ ਨਹੀਂ ਹਨ। ਉਹ ਕਹਿੰਦਾ ਹੈ ਕਿ ਇਹ ਸਭ ਮੂਰਖ ਹਨ ਜਿਨ੍ਹਾਂ ਨੂੰ ਇਹ ਨਹੀਂ ਪਤਾ ਕਿ ਛੋਟੇ ਸਿਤਾਰਿਆਂ ਦੀਆਂ ਫਿਲਮਾਂ ਵੀ ਚੱਲਦੀਆਂ ਹਨ। ਹੁਣ ਉਹ ਇਸ ਕੋਸ਼ਿਸ਼ ਵਿਚ ਹੈ ਕਿ ਉਸ ਨੂੰ ਗੈਰ-ਭਾਰਤੀ ਵਿਤਰਕ ਮਿਲ ਜਾਣ ਜੋ ਉਸ ਦੀ ਇਸ ਫਿਲਮ ਨੂੰ ਬਾਹਰ ਰਿਲੀਜ਼ ਕਰ ਸਕਣ।

ਨਾਟ ਏ ਲਵ ਸਟੋਰੀ:ਅਸਲ ਪ੍ਰੇਮ ਕਹਾਣੀ, ਫਿਲਮ ਨੀਰਜ ਗਰੋਵਰ ਦੇ ਕਤਲ ਨਾਲ ਸਬੰਧਤ ਹੈ ਜਿਸ ਨੂੰ ਮਾਰੀਆ ਸੁਸਈਰਾਜ ਤੇ ਉਸ ਦੇ ਮਿੱਤਰ ਜੇਰੋਮ ਨੇ ਰਲ ਕੇ ਅੰਜਾਮ ਦਿੱਤਾ ਸੀ। ਇਨ੍ਹਾਂ ਦੋਵਾਂ ਨੇ ਰਾਮ ਗੋਪਾਲ ਵਰਮਾ ਨੂੰ ਨੋਟਿਸ ਦਿੱਤਾ ਹੈ ਕਿ ਫਿਲਮ ਨੂੰ ਉਦੋਂ ਤਕ ਰਿਲੀਜ਼ ਹੋਣੋ ਰੋਕਿਆ ਜਾਏ ਜਦੋਂ ਤਕ ਉਹ ਦੋਵੇਂ ਇਸ ਫਿਲਮ ਨੂੰ ਦੇਖ ਨਹੀਂ ਲੈਂਦੇ। ਦੂਜੇ ਪਾਸੇ ਰਾਮ ਗੋਪਾਲ ਵਰਮਾ ਨੇ ਕਿਹਾ ਹੈ ਕਿ ਇਸ ਫਿਲਮ ਦੀ ਕਹਾਣੀ ਕਲਪਿਤ ਹੈ ਤੇ ਕਿਸੇ ਦੀ ਅਸਲ ਜ਼ਿੰਦਗੀ ਨਾਲ ਮੇਲ ਨਹੀਂ ਖਾਂਦੀ। ਨੋਟਿਸ ਮਿਲਣ 'ਤੇ ਰਾਮ ਗੋਪਾਲ ਵਰਮਾ ਦੀ ਇਹ ਪ੍ਰਤੀਕਿਰਿਆ ਸੀ ਕਿ ਜੇ ਮਾਰੀਆ ਨੇ ਵੈਸੇ ਉਸ ਨੂੰ ਫਿਲਮ ਦਿਖਾਉਣ ਲਈ ਕਿਹਾ ਹੁੰਦਾ ਤਾਂ ਉਹ ਕਦੇ ਨਾਂਹ ਨਾ ਕਰਦੇ।

'ਹੀਰੋਇਨ' ਫਿਲਮ ਲਈ ਮਧੁਰ ਭੰਡਾਰਕਰ ਨੇ ਸਭ ਤੋਂ ਪਹਿਲਾਂ ਕਰੀਨਾ ਕਪੂਰ ਨੂੰ ਸਾਈਨ ਕਰਨਾ ਚਾਹਿਆ ਸੀ ਪਰ ਰੁਝੇਵੇਂ ਦੀ ਵਜ੍ਹਾ ਨਾਲ ਕਰੀਨਾ ਕਪੂਰ ਨੇ ਇਹ ਫਿਲਮ ਨਹੀਂ ਸਾਈਨ ਕੀਤੀ। ਫਿਰ ਇਸ ਫਿਲਮ ਲਈ ਐਸ਼ਵਰਿਆ ਰਾਏ ਬੱਚਨ ਨੂੰ ਲਿਆ ਗਿਆ। ਉਂਝ ਵੀ ਕਰੀਨਾ ਨੂੰ ਫਿਲਮ ਵਿਚਲੇ ਕੁਝ ਬੋਲਡ ਦ੍ਰਿਸ਼ਾਂ 'ਤੇ ਇਤਰਾਜ਼ ਸੀ। ਅਖੀਰ ਐਸ਼ਵਰਿਆ ਨੂੰ ਲੈ ਕੇ ਇਹ ਫਿਲਮ ਆਰੰਭ ਕੀਤੀ ਗਈ ਤੇ ਇਹ ਫਿਲਮ 'ਕੇਨਜ਼' ਵਿਚ ਲਾਂਚ ਕੀਤੀ ਗਈ। ਫਿਰ ਐਸ਼ਵਰਿਆ ਰਾਏ ਦੇ ਗਰਭਵਤੀ ਹੋਣ ਦੀ ਖ਼ਬਰ ਆਈ। ਮਧੁਰ ਭੰਡਾਰਕਰ ਨੂੰ ਆਪਣਾ ਇਹ ਪਿਆਰਾ ਪ੍ਰਾਜੈਕਟ ਰੋਕਣਾ ਪਿਆ। ਉਸ ਕੋਲ




'ਸ਼ਬਰੀ' ਦੇ ਪੋਸਟਰ 'ਚ ਫਿਲਮ ਦੀ ਨਾਇਕਾ ਈਸ਼ਾ ਕੋਪੀਕਰ ਨਾਇਕਾ।

ਕੋਈ ਹੋਰ ਬਦਲ ਨਹੀਂ ਸੀ ਸਿਵਾਏ ਇਸ ਦੇ ਕਿ ਇਕ ਹਫਤੇ ਦੀ ਸ਼ੂਟਿੰਗ ਪਿੱਛੋਂ ਫਿਲਮ ਨੂੰ ਰੋਕ ਦੇਣ ਦੇ ਪਰ ਦੋ ਹਫਤਿਆਂ ਪਿੱਛੋਂ ਮਧੁਰ ਭੰਡਾਰਕਰ ਨੇ ਇਹ ਸਕ੍ਰਿਪਟ ਕਰੀਨਾ ਕਪੂਰ ਦੇ ਹੱਥ ਜਾ ਫੜਾਈ ਕਿ ਹੁਣ ਉਹੀ ਕਰੇਗੀ ਫਿਲਮ।

# ਕੈਟਰੀਨਾ ਕੈਫ ਦਾ ਮਾੜਾ ਦੌਰ



ਕੈਟਰੀਨਾ ਕੈਫ਼ ਨੇ ਆਪਣੀ ਫਿਲਮ 'ਜ਼ਿੰਦਗੀ ਨਾ ਮਿਲੇਗੀ ਦੁਬਾਰਾ' ਲਈ ਬਹੁਤ ਦੁਹਾਈ ਪਾਈ ਸੀ ਪਰ ਜ਼ੋਇਆ ਅਖ਼ਤਰ ਦੀ ਇਸ ਫ਼ਿਲਮ ਨੇ ਕੋਈ ਬਹੁਤੀ ਵਾਹ-ਵਾਹ ਕੈਟਰੀਨਾ ਨੂੰ ਨਹੀਂ ਦਿੱਤੀ। ਸਪੇਨ ਦੀ ਸ਼ੂਟਿੰਗ 'ਚ ਆਖਿਰ ਕੀ ਖ਼ਾਸੀਅਤ ਸੀ ਕਿ ਕੈਟਰੀਨਾ ਵਾਰ-ਵਾਰ ਸਪੇਨ ਦੇ ਫਿਲਮਾਂਕਣ ਦੀਆਂ ਗੱਲਾਂ ਕਰਕੇ ਲੋਕਾਂ ਨੂੰ ਹੈਰਾਨਗੀ 'ਚ ਪਾ ਰਹੀ ਸੀ। ਇਕ ਹੋਰ ਅਸਲੀਅਤ ਇਹ ਵੀ ਹੈ ਕਿ ਕੈਟਰੀਨਾ ਬਹੁਤ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਆਪਣੀ ਦੀਦੀ ਈਸ਼ਾ ਬੇਲਾ ਦਾ ਫ਼ਿਲਮੀ ਕੈਰੀਅਰ ਸ਼ਾਨੋ-ਸ਼ੌਕਤ ਨਾਲ ਸ਼ੁਰੂ ਨਹੀਂ ਕਰਵਾ ਪਾ ਰਹੀ। ਇਕ ਸਾਲ ਤੋਂ ਕੈਟਰੀਨਾ ਦਾ ਅੱਧਾ ਧਿਆਨ ਆਪਣੇ 'ਚ ਤੇ ਅੱਧਾ ਈਸ਼ਾ ਬੇਲਾ 'ਚ ਰਹਿ ਰਿਹਾ ਹੈ। ਨਿਰਮਾਤਾਵਾਂ ਦੀ ਬੇਰੁਖੀ ਤੇ ਉਪਰੋਂ ਅੱਧੀ-ਅੱਧੀ ਵੰਡੀ ਗਈ ਵਾਲੀ ਗੱਲ ਲਗਦਾ ਹੈ। ਦੀਦੀ ਈਸ਼ਾ ਬੇਲਾ ਲਈ ਕੈਟਰੀਨਾ ਕੈਫ਼ ਨੂੰ ਖ਼ੁਦ ਹੀ ਨਿਰਮਾਤਰੀ ਬਣਨਾ ਪੈਣਾ ਹੈ। ਕੈਟਰੀਨਾ ਨੂੰ ਇਕ ਹੋਰ ਮੁਸੀਬਤ ਨੇ ਘੇਰ ਲਿਆ ਹੈ ਕਿ ਕਿਤੇ ਉਹ ਆਖ ਬੈਠੀ ਕਿ 'ਆਈਟਮ ਗਰਲ' ਲਈ ਵੀ ਹਰ ਸਾਲ 'ਨੈਸ਼ਨਲ ਫ਼ਿਲਮ ਐਵਾਰਡ ਸ਼੍ਰੇਣੀ' ਹੋਵੇ ਤਾਂ ਲੋਕਾਂ ਨੇ ਉਸ ਦਾ ਮਜ਼ਾਕ ਉਡਾਇਆ।

ਹੁਣ ਕੈਟਰੀਨਾ ਕਹਿ ਰਹੀ ਹੈ ਕਿ ਉਸ ਦੀ ਹਰ ਗੱਲ ਕਿਉਂ ਗੰਭੀਰਤਾ ਨਾਲ ਲਈ ਜਾਂਦੀ ਹੈ। ਵਿਚਾਰੀ ਅੱਖਾਂ ਭਰ ਕੇ ਕਹਿ ਰਹੀ ਹੈ ਕਿ ਉਸ ਨੂੰ ਪਤਾ ਹੈ ਕਿ ਉਹ ਮੂਲ ਰੂਪ ਵਿਚ ਹਿੰਦੁਸਤਾਨੀ ਨਹੀਂ ਹੈ। ਇਸ ਲਈ ਕਾਹਤੋਂ ਉਹ ਕੌਮੀ ਪੁਰਸਕਾਰ ਲਈ ਗੱਲ ਕਰ ਬੈਠੀ। ਇਕ ਗੱਲ ਖੁਸ਼ੀ ਵਾਲੀ ਹੈ ਕਿ ਚਹੇਤੇ ਸਲਮਾਨ ਖਾਨ ਨਾਲ ਉਸ ਨੂੰ 'ਏਕ ਥਾ ਟਾਈਗਰ' ਫ਼ਿਲਮ ਮਿਲੀ ਹੈ। ਕਬੀਰ ਖਾਨ ਦੀ ਇਸ ਫ਼ਿਲਮ 'ਚ ਕੈਟਰੀਨਾ ਕੈਫ਼ ਦੋ ਵੱਖ-ਵੱਖ ਰੂਪਾਂ 'ਚ ਯਾਨੀ ਲੁਕਸ 'ਚ ਦਿਖਾਈ ਦੇਵੇਗੀ।

# ਅਮੀਸ਼ਾ ਪਟੇਲ ਦਾ ਆਤਮ-ਮੰਥਨ



ਇਨ੍ਹਾਂ ਦਿਨਾਂ 'ਚ ਅਮੀਸ਼ਾ ਪਟੇਲ ਦੋਸਤੀ ਦੇ ਹੋਰ ਚੱਕਰਾਂ ਤੋਂ ਲਾਂਭੇ ਹੋ ਕੇ ਆਪਣੀਆਂ ਪੁਰਾਣੀਆਂ ਗ਼ਲਤੀਆਂ ਦਾ ਆਤਮ-ਮੰਥਨ ਕਰਕੇ ਕੁਝ ਕਰਨ ਲਈ ਤਿਆਰ ਹੈ। ਉਸ ਦੀ ਜ਼ਿੰਦਗੀ ਫਿਰ ਪਟੜੀ 'ਤੇ ਦੌੜ ਪਈ ਹੈ। ਨਵੀਂ ਫ਼ਿਲਮ 'ਚਤਰ ਸਿੰਘ ਟੂ ਸਟਾਰ' ਨੇ ਅਮੀਸ਼ਾ ਦੀ ਵਾਹ-ਵਾਹ ਕਰਵਾਈ ਹੈ। ਅਮੀਸ਼ਾ ਇਸ ਫ਼ਿਲਮ ਦੀ ਕਾਮੇਡੀ ਵਾਲੀ ਪਰ ਅਰਥ-ਭਰਪੂਰ ਕਹਾਣੀ ਤੋਂ ਏਨੀ ਪ੍ਰਭਾਵਿਤ ਹੋਈ ਸੀ ਕਿ ਉਸ ਨੇ ਨਿਰਮਾਤਾ, ਮੁਹੰਮਦ ਅਸਲਮ ਨੂੰ ਹੱਦੋਂ ਵੱਧ ਸਹਿਯੋਗ ਦਿੱਤਾ। ਚਤਰ ਸਿੰਘ ਟੂ ਸਟਾਰ, ਫ਼ਿਲਮ ਨੇ ਅਮੀਸ਼ਾ ਦਾ ਵਿਸ਼ਵਾਸ ਇਸ ਹੱਦ ਤੱਕ ਵਧਾ ਦਿੱਤਾ ਹੈ ਕਿ ਉਹ ਕਹਿ ਰਹੀ ਹੈ ਕਿ ਹੁਣ ਆਉਣ ਵਾਲੇ ਤੀਹ-ਚਾਲੀ ਸਾਲ ਤੱਕ ਅਭਿਨੈ ਕਰਦੀ ਰਹੇਗੀ। ਅਮੀਸ਼ਾ ਨੂੰ ਅਭਿਨੇਤਾ ਸੁਰੇਸ਼ ਮੈਨਨ ਤੇ ਸਤੀਸ਼ ਕੌਸ਼ਿਕ ਨਾਲ ਮਜ਼ਾਹੀਆ ਪਲ ਗੁਜ਼ਾਰਨ ਦਾ ਮਜ਼ਾ ਵੀ ਆਇਆ ਜੋ ਉਸ ਨਾਲ 'ਚਤਰ ਸਿੰਘ ਟੂ ਸਟਾਰ' ਫ਼ਿਲਮ 'ਚ ਹਨ।


ਅਮੀਸ਼ਾ ਕਹਿ ਰਹੀ ਹੈ ਕਿ ਕੰਮ ਇਸ ਤਰ੍ਹਾਂ ਦਾ ਕਰੋ ਕਿ ਕਦੇ ਵੀ ਸ਼ਰਮਿੰਦਗੀ ਨਾ ਉਠਾਉਣੀ ਪਵੇ। ਅਜੇ ਚੰਡੋਕ ਦੇ ਨਿਰਦੇਸ਼ਨ 'ਚ 'ਚਤਰ ਸਿੰਘ ਟੂ ਸਟਾਰ' ਫ਼ਿਲਮ 'ਚ ਨਿਭਾਈ ਸੋਨੀਆ ਦੀ ਭੂਮਿਕਾ ਉਸ ਨੂੰ 'ਦਾ ਗਰੇਟ ਗੈਂਬਲਰ' ਦੀ ਜ਼ੀਨਤ ਅਮਾਨ ਵਰਗੀ ਲਗਦੀ ਹੈ। ਅਮੀਸ਼ਾ ਸਨਮਾਨਾਂ ਤੋਂ ਦੂਰ ਰਹਿਣਾ ਚਾਹੁੰਦੀ ਹੈ ਤੇ ਉਸ ਲਈ ਸਭ ਤੋਂ ਵੱਡਾ ਸਨਮਾਨ ਦਰਸ਼ਕਾਂ ਦਾ ਪਿਆਰ ਹੈ। ਉਹ ਅੱਜਕੱਲ੍ਹ ਸਾਜਿਦ ਵਾਜਿਦ ਦਾ ਸੰਗੀਤ ਬਹੁਤ ਸੁਣਦੀ ਹੈ।

# ਬਾਲੀਵੁੱਡ ਨੂੰ ਨਵੇਂ ਰਾਹ ਤੋਰਨ ਵਾਲਾ ਜਤਿੰਦਰ

ਤਕਰੀਬਨ ਸਵਾ ਦੋ ਸੌ ਫਿਲਮਾਂ ਵਿਚੋਂ 182 ਫਿਲਮਾਂ ਵਿਚ ਨਾਇਕ ਰਹੇ ਜਤਿੰਦਰ ਨੂੰ ਸਿਨੇਮਾ ਦੇ ਵਿਆਕਰਨ ਦੀ ਭਾਵੇਂ ਸਮਝ ਨਾ ਰਹੀ ਹੋਵੇ ਪਰ ਉਹ ਫਿਲਮਾਂ ਜ਼ਰੀਏ ਦਰਸ਼ਕਾਂ ਦਾ ਮਨੋਰੰਜਨ ਕਰਨਾ ਉਹ ਚੰਗੀ ਤਰ੍ਹਾਂ ਜਾਣਦੇ ਸਨ। ਹਿੰਦੀ ਸਿਨੇਮਾ ਦੇ ਪਰਦੇ 'ਤੇ ਜਿਥੇ ਇਕ ਪਾਸੇ ਸ਼ੰਮੀ ਕਪੂਰ 'ਯਾਹੂ' ਦਾ ਨਾਅਰਾ ਲਾਉਂਦੇ ਨੱਚ ਰਹੇ ਸਨ, ਗਾ ਰਹੇ ਸਨ ਤੇ ਹੀਰੋਇਨ ਨੂੰ ਟੱਕਰ ਮਾਰ ਕੇ ਆਪਣੇ ਪਿਆਰ ਦਾ ਇਜ਼ਹਾਰ ਕਰ ਰਹੇ ਸਨ ਤੇ ਦੂਜੇ ਪਾਸੇ ਫਿਲਮ ਅਦਾਕਾਰ ਜਤਿੰਦਰ ਨੇ ਆਪਣਾ ਡਾਂਸਿੰਗ ਸਟਾਈਲ ਈਜਾਦ ਕੀਤਾ।

ਜਤਿੰਦਰ ਨੇ ਏਅਰ ਹੋਸਟੈਸ ਸ਼ੋਭਾ ਨਾਲ ਵਿਆਹ ਕੀਤਾ ਜੋ ਅਭਿਨੇਤਾ ਬੇਟੇ ਤੁਸ਼ਾਰ ਕਪੂਰ ਤੇ ਟੀ. ਵੀ. ਲੜੀਵਾਰਾਂ ਦੀ ਮਹਾਰਾਣੀ ਬੇਟੀ ਏਕਤਾ ਕਪੂਰ ਦੀ ਮਾਂ ਹੈ। ਅੱਜ ਫਿਲਮਾਂ ਤੋਂ ਦੂਰ ਹੋ ਕੇ ਵੀ ਜਤਿੰਦਰ ਨੇ ਖ਼ੁਦ ਨੂੰ ਫਿਟ ਰੱਖਿਆ ਹੋਇਆ ਹੈ। ਸੱਤ ਅਪਰੈਲ, 1942 ਨੂੰ ਜਨਮੇ ਜਤਿੰਦਰ ਆਪਣੀ ਉਮਰ ਨਾਲੋਂ ਘੱਟ ਉਮਰ ਦੇ ਹੀ ਨਜ਼ਰ ਆਉਂਦੇ ਹਨ। ਜਤਿੰਦਰ ਦੀ ਕੰਮ ਦੇ ਪ੍ਰਤੀ ਲਗਨ, ਅਨੁਸ਼ਾਸਨ ਤੇ ਸਮਰਪਣ ਭਾਵਨਾ ਦੇ ਕਾਇਲ ਰਹੇ ਹਨ। ਜਤਿੰਦਰ ਦੀਆਂ 'ਅਪਨਾ ਬਨਾ ਲੋ', 'ਅਪਨਾਪਨ', 'ਆਸ਼ਾ', 'ਭਾਈ ਹੋ ਤੋ ਐਸਾ', 'ਬਿਦਾਈ', 'ਕਾਰਵਾਂ', 'ਧਰਮਵੀਰ', 'ਦੋ ਭਾਈ', 'ਏਕ ਹੀ ਰਾਸਤਾ', 'ਫਰਜ਼', 'ਗਹਿਰੀ ਚਾਲ', 'ਹਿੰਮਤਵਾਲਾ', 'ਹਮਜੋਲੀ', 'ਜਾਨੀ ਦੁਸ਼ਮਨ', 'ਜੈਸੇ ਕੋ ਤੈਸਾ', 'ਜੀਨੇ ਕੀ ਰਾਹ', 'ਜਿਗਰੀ ਦੋਸਤ', 'ਜੁਦਾਈ', 'ਜਸਟਿਸ ਚੌਧਰੀ', 'ਕਠਪੁਤਲੀ', 'ਖਾਨਦਾਨ', 'ਖਿਲੌਨਾ', 'ਖੁਦਗਰਜ਼', 'ਖੁਸ਼ਬੂ', 'ਕਿਨਾਰਾ', 'ਮਾਂਗ ਭਰੋ ਸੱਜਨਾ', 'ਮੇਰੇ ਹਜ਼ੂਰ', 'ਨਾਗਿਨ', 'ਪਰਿਚੈ', 'ਸ਼ਾਰਧਾ', 'ਸੁਹਾਗਰਾਤ', 'ਵਾਰਿਸ', 'ਨਵਰੰਗ', 'ਗੀਤ ਗਾਇਆ ਪੱਥਰੋਂ ਨੇ', 'ਸਿਹਰਾ' ਆਦਿ। ਪ੍ਰਮੁੱਖ ਫਿਲਮਾਂ ਹਨ।

ਫਿਲਮ ਅਦਾਕਾਰ ਜਤਿੰਦਰ ਦੀ ਲੋਕਪ੍ਰਿਅਤਾ ਦਾ ਰਾਜ਼ ਉਨ੍ਹਾਂ ਦੀਆਂ ਫਿਲਮਾਂ ਦੀ ਗਿਣਤੀ ਦਾ ਅੰਕੜਾ ਨਹੀਂ ਹੈ। ਉਨ੍ਹਾਂ ਨੇ ਪਰਦੇ 'ਤੇ ਹੀਰੋ ਬਣ ਕੇ ਸੜਕ ਦੇ ਇਕ ਆਦਮੀ ਦੀ ਭਾਸ਼ਾ ਬੋਲੀ 'ਜਿਗਰੀ ਦੋਸਤ', 'ਹਮਜੋਲੀ' ਤੇ 'ਕਾਰਵਾਂ' ਵਿਚ ਇਸ ਦੇ ਅਕਸ ਬਾਖ਼ੂਬੀ ਦੇਖੇ ਜਾ ਸਕਦੇ ਹਨ।



ਮੁੰਬਈ ਵਿਚ ਬੀ. ਐਸ. ਸੀ. ਕਰਨ ਤੋਂ ਬਾਅਦ ਜਤਿੰਦਰ ਆਪਣੇ ਪਿਆਰੇ ਦੋਸਤਾਂ ਨਾਲ ਸੜਕਾਂ 'ਤੇ ਅਵਾਰਾਗਰਦੀ ਕਰਿਆ ਕਰਦੇ ਸਨ ਜਾਂ ਫਿਰ ਸਟੂਡੀਓ-ਦਰ-ਸਟੂਡੀਓ ਜਾ-ਜਾ ਕੇ ਸ਼ੂਟਿੰਗ ਲਈ ਬਣਾਉਟੀ ਗਹਿਣੇ ਸਪਲਾਈ ਕਰਿਆ ਕਰਦੇ ਸਨ। ਜਤਿੰਦਰ ਦਾ ਅਸਲੀ ਨਾਂ ਰਵੀ ਕਪੂਰ ਉਰਫ ਜਤਿੰਦਰ ਹੈ। ਉਨ੍ਹਾਂ ਦੇ ਪਰਿਵਾਰ ਦਾ ਨਕਲੀ ਗਹਿਣੇ ਬਣਾਉਣ ਦਾ ਕਾਰੋਬਾਰ ਸੀ ਤੇ ਇਹ ਨਕਲੀ ਗਹਿਣੇ ਫਿਲਮ ਦੀ ਸ਼ੂਟਿੰਗ ਸਮੇਂ ਫਿਲਮਾਂ ਦੇ ਕਲਾਕਾਰਾਂ ਦੇ ਪਾਉਣ ਦੇ ਕੰਮ ਆਉਂਦੇ ਸਨ ਤੇ ਮੁੰਬਈ ਦੀ ਗ਼ਰੀਬ ਬਸਤੀ ਦੀ ਇਕ ਚਾਲ ਵਿਚ ਉਹ ਰਹਿੰਦੇ ਸਨ। ਇਸੇ ਦੌਰ ਵਿਚ ਫਿਲਮਾਂ ਵਿਚ ਦਾਖਲੇ ਲਈ ਹੱਥ ਪੈਰ ਮਾਰ ਰਹੇ ਰਾਜੇਸ਼ ਖੰਨਾ ਨਾਲ ਉਨ੍ਹਾਂ ਦੀ ਮੁਲਾਕਾਤ ਹੋਈ।

ਗੁਰੂਦੱਤ ਦੀ 'ਆਰਪਾਰ' ਦੇਖ ਕੇ ਜਤਿੰਦਰ ਦੇ ਮਨ ਵਿਚ ਵੀ ਐਕਟਰ ਬਣਨ ਦੀ ਇੱਛਾ ਜਾਗੀ। ਉਹ ਘਰ ਤੋਂ ਪੈਸੇ ਚੋਰੀ ਕਰਕੇ ਵਾਰ-ਵਾਰ ਫਿਲਮਾਂ ਦੇਖਣ ਲੱਗੇ। ਇਕ ਵਾਰ ਜਤਿੰਦਰ ਦੇ ਅੰਕਲ ਉਨ੍ਹਾਂ ਨੂੰ ਵੀ. ਸ਼ਾਂਤਾਰਾਮ ਦੇ ਕੋਲ ਲੈ ਗਏ ਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਇਸ ਛੋਕਰੇ ਦਾ ਕਲਿਆਣ ਕਰੋ ਤੇ ਉਨ੍ਹੀਂ ਦਿਨੀਂ ਫਿਲਮ 'ਸਿਹਰਾ' ਬਣਨ ਵਾਲੀ ਸੀ। ਇਕ ਛੋਟਾ ਜਿਹਾ ਰੋਲ ਜਤਿੰਦਰ ਨੂੰ ਦਿੱਤਾ ਗਿਆ। ਅਗਲੀ ਫਿਲਮ 'ਗੀਤ ਗਾਇਆ ਪੱਥਰੋਂ ਨੇ' ਵਿਚ ਉਨ੍ਹਾਂ ਨੂੰ ਨੱਚਣ ਦਾ ਰੋਲ ਮਿਲਿਆ ਤੇ ਜਤਿੰਦਰ ਦੀ ਫਿਲਮੀ ਗੱਡੀ ਚਲ ਪਈ। ਜਤਿੰਦਰ ਨੂੰ ਜਦੋਂ ਗੁਲਜ਼ਾਰ ਦਾ ਨਿਰਦੇਸ਼ਨ ਮਿਲਿਆ ਤਾਂ 'ਖੁਸ਼ਬੂ', 'ਪਰਿਚੈ', 'ਕਿਨਾਰਾ' ਵਰਗੀਆਂ ਫਿਲਮਾਂ ਨੇ ਉਨ੍ਹਾਂ ਨੂੰ ਪ੍ਰਸਿੱਧੀ ਦਵਾਈ। ਜਤਿੰਦਰ ਕਈ ਫਿਲਮਾਂ ਵਿਚ ਨਾਇਕ ਬਣੇ। ਕਈ ਸੁਪਰਹਿੱਟ ਫਿਲਮਾਂ ਜਤਿੰਦਰ ਨੇ ਦਿੱਤੀਆਂ।

ਰਾਜ ਕਮਲ ਕਲਾ ਮੰਦਰ ਦੇ ਮਾਲਕ ਤੇ ਫਿਲਮਕਾਰ ਵੀ. ਸ਼ਾਂਤਾਰਾਮ ਨੇ ਉਨ੍ਹਾਂ ਆਪਣੀ ਬੇਟੀ ਰਾਜਸ਼੍ਰੀ ਦੇ ਨਾਲ ਫਿਲਮ 'ਗੀਤ ਗਾਇਆ ਪੱਥਰੋਂ ਨੇ' (1964) ਵਿਚ ਨਾਇਕ ਬਣਾਇਆ। ਇਸ ਫਿਲਮ ਤੋਂ ਬਾਅਦ ਜਦੋਂ ਦੱਖਣ ਭਾਰਤ ਦੇ ਜੇਮਸ ਬਾਂਡ ਸਟਾਈਲ ਵਿਚ ਐਕਸ਼ਨ ਫਿਲਮ ਬਣਾਉਣ ਵਾਲੇ ਰਵੀ ਨਗਾਈਚ ਨੇ ਜਤਿੰਦਰ ਨੂੰ ਫਿਲਮ 'ਫਰਜ਼' (1967) ਵਿਚ ਮੌਕਾ ਦਿੱਤਾ ਤਾਂ ਉਹ ਦੱਖਣ ਤੋਂ ਉਤਰ ਤੱਕ ਤੇ ਪੂਰਬ ਤੋਂ ਪੱਛਮ ਤੱਕ ਹਰਮਨ ਪਿਆਰੇ ਹੋ ਗਏ। 'ਫਰਜ਼' ਫਿਲਮ ਵਿਚ ਜਤਿੰਦਰ ਨੇ ਗਾਣਾ ਗਾਇਆ ਸੀ, 'ਮਸਤ ਬਹਾਰੋਂ ਕਾ ਮੈਂ ਆਸ਼ਿਕ' ਤੇ ਇਸ ਵਿਚ ਜਤਿੰਦਰ ਦੀ ਨਾਇਕਾ ਬਬੀਤਾ ਤੇ ਅਰੁਣਾ ਈਰਾਨੀ ਸੀ।


Vista
CCTV TECHNOLOGY
A leader of worldwide CCTV surveillance
CCTV
Now buy Vista Product
www.eZchase.com
(Division of vista cctv tech.)
(14years old experience in cctv tech.)
WE INSTALL ANYWHERE IN USA
Your Personal Private Eye's
DIRECT ACCESS FROM iPHONE
849 INSTALLED
ezchase.com
SPECIAL OFFER!
1VT-H26404 Pt DVR
1/3 sony super HAD ccd 40-45m
4Pcs Power adapters
8 BNC connectors
$949.00
INSTALLATION INCLUDED.
SPECIAL OFFER!
Just@ $1749.00
8Cameras 4VT-111+
4VT-100 with 8Ch DVR
12 CAMERAS INSTALLATION $2249.00
Call Direct :- Sukhpal@661-586-5080
Customer Services :- 1-800-235-1391
Email :- sales@ezchase.com


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www.markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"


3 Months of FREE Cricket
with your favorite Punjabi Pack
WILLOW CRICKET
TEN CRICKET
NEO CRICKET
Hurry, before this offer ends!
Not only you will get to watch your favorite Punjabi channels, you will also get Cricket Pack featuring Ten Cricket, Willow TV and Neo Cricket FREE for 3 months when you subscribe to the Punjabi Pack.
Don't miss the top-notch cricket action!
England vs. India on Willow Cricket
Australia vs. Sri Lanka on Ten Cricket
England vs. India and West Indies vs. India coming this fall on Neo Cricket.
Call 1-888-242-2276 to sign up for DISH today.
No equipment to buy
Free Standard Professional Installation in up to 6 rooms.
Free DVR Upgrade ($6.00/mo. DVR Service fee applies)
Free Activation
Over 120 top channels including Disney for $29.99/mo. for 12 months
(reg. price $44.99/mo.)
Offer requires a 24-month Agreement.
Punjabi Pack $24.99/mo.
gPunjab
JUS ONE
jus
mh ONE
PTC PUNJABI
punjjabi TV
Khidi Dupehar
Learn More
Visit www.FreeCricketOnDISH.com for more information.
Call 1-888-242-2276
Requires additional $10/mo International Basic package or any America's Top package.
Cricket Pack free for 3 months: customer must activate qualifying DISH Network service between 8/19/11 and 10/06/11 and subscribe to a Punjabi Pack. Must maintain Punjabi Pack for 3-month period to continue to receive Cricket Pack.
Digital Home Advantage plan requires 24-month agreement and credit qualification. Cancellation fee of $17.50/month remaining applies if service is terminated before end of agreement. American programming credits apply during first 12 months. $10/mo HD add-on fee waived for life of current account; requires 24-month agreement, continuous enrollment in AutoPay with Paperless Billing. Standard Professional Installation only. All equipment is leased and must be returned to DISH Network upon cancellation or unreturned equipment fees apply. Limit 6 leased tuners per account; upfront and monthly fees may apply based on type and number of receivers. HD programming requires HD television. Prices, packages and programming subject to change without notice. Offer available for new and qualified former customers, and subject to terms of applicable Promotional and Residential Customer agreements. Additional restrictions may apply. Offer ends 1/31/12.
© 2011, DISH Network L.L.C. All rights reserved.
dish NETWORK